BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page: BigBazaarIndianGrocery

Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400

5425 E. Thompson Rd., Indianapolis IN 46237

You dont marry the person you can live with
You marry the person you can't live without
ROKAA USA.com
Coming Soon

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
CANTON REALTY
Raj S. Shergill
Broker
5820 N Canton Center Rd, Suite 145
734-751-4455 (Cell)
Rajsshergill@Yahoo.com

Twenty-Fourth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 28; July 15, 2023
20451 N. Plum Grove Rd., Palatine, IL 60074
Ph:847-359-0746, Fax:847-705-9388




'ਪੰਜਾਬ ਟਾਈਮਜ਼' ਦੀ 24ਵੀਂ ਵਰ੍ਹੇਗੰਢ ਮੌਕੇ ਬਾਨੀ ਸੰਪਾਦਕ ਸਵ. ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਮਰਹੂਮ ਸਾਥੀਆਂ ਦੀ ਯਾਦ ਵਿਚ ਕਰਵਾਈ ਗਈ ਨਾਈਟ ਮੌਕੇ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਪੁਸਤਕ 'ਅਮੋਲਕ ਹੀਰਾ' ਜਾਰੀ ਕਰਦੇ ਹੋਏ। ਇਸ ਨਾਈਟ ਸਬੰਧੀ ਉੱਘੇ ਲੇਖਕ ਸ. ਵਰਿਆਮ ਸਿੰਘ ਸੰਧੂ ਦੇ ਲਿਖੇ ਅਣਮੁੱਲੇ ਵਿਚਾਰ ਪੜ੍ਹੋ ਪੇਜ ਨੰਬਰ 23 'ਤੇ। ਵਿਸਤ੍ਰਿਤ ਰਿਪੋਰਟ ਅਗਲੇ ਹਫਤੇ।

# ਪੰਜਾਬ ਵਿਚ ਮੀਂਹ ਨਾਲ ਤਬਾਹੀ; ਪ੍ਰਬੰਧਾਂ ਬਾਰੇ ਫਿਰ ਸਵਾਲ ਉਠੇ

**ਚੰਡੀਗੜ੍ਹ:** ਲਗਾਤਾਰ ਪਏ ਮੀਂਹ ਨੇ ਪੰਜਾਬ ਵਿਚ ਤਬਾਹੀ ਮਚਾ ਦਿੱਤੀ ਹੈ। ਘੱਗਰ ਅਤੇ ਸਤਲੁਜ ਦਰਿਆ 'ਚ ਪਾਣੀ ਖਤਰੇ ਦੇ ਨਿਸ਼ਾਨ ਨੂੰ ਪਾਰ ਕਰ ਗਿਆ। ਇਨ੍ਹਾਂ ਦਰਿਆਵਾਂ ਵਿਚ ਕਈ ਥਾਈਂ ਪਾੜ ਪੈਣ ਕਾਰਨ ਵੱਡੀ ਗਿਣਤੀ ਪਿੰਡ ਡੁੱਬ ਗਏ ਹਨ। ਵੱਡੇ ਪੱਧਰ 'ਤੇ ਇਮਾਰਤਾਂ, ਪਸ਼ੂ-ਧਨ, ਫਸਲਾਂ ਅਤੇ ਵਾਹਨਾਂ ਦਾ ਨੁਕਸਾਨ ਹੋਇਆ ਹੈ। ਕਈ ਥਾਵਾਂ 'ਤੇ ਫੌਜ ਸੱਦੀ ਗਈ ਹੈ ਅਤੇ ਐੱਨ.ਡੀ.ਆਰ.ਐਫ. ਦੀਆਂ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਮੀਂਹ ਨੇ ਫਸਲਾਂ ਨੂੰ ਪੂਰੀ ਤਰ੍ਹਾਂ ਝੰਬ ਦਿੱਤਾ ਹੈ। ਸਬਜ਼ੀਆਂ ਦੇ ਭਾਅ ਅਸਮਾਨੀ ਚੜ੍ਹ ਗਏ ਹਨ। ਇਸ ਦੇ ਨਾਲ ਹੀ ਪੰਜਾਬ ਸਰਕਾਰ ਦੇ ਪ੍ਰਬੰਧਾਂ ਬਾਰੇ ਇਕ ਵਾਰ ਸਵਾਲ ਉਠੇ ਹਨ। ਸਵਾਲ ਕੀਤਾ ਜਾ ਰਿਹਾ ਹੈ ਕਿ ਪਾਣੀ ਦੀ ਮਾਰ ਤੋਂ ਬਚਾਅ ਲਈ ਲੋੜੀਂਦੇ ਪ੍ਰਬੰਧ ਅਗਾਊਂ ਕਿਉਂ ਨਾ ਕੀਤੇ ਗਏ।

ਰੋਪੜ, ਪਟਿਆਲਾ, ਫ਼ਤਿਹਗੜ੍ਹ ਸਾਹਿਬ ਅਤੇ ਮੁਹਾਲੀ ਜ਼ਿਲ੍ਹਿਆਂ ਦਾ ਵੱਡਾ ਹਿੱਸਾ ਪਾਣੀ ਵਿਚ ਡੁੱਬ ਗਿਆ। ਮੌਸਮ ਵਿਭਾਗ ਨੇ ਪਟਿਆਲਾ, ਰੋਪੜ, ਮੁਹਾਲੀ ਅਤੇ ਫ਼ਤਿਹਗੜ੍ਹ ਸਾਹਿਬ ਜ਼ਿਲ੍ਹਿਆਂ ਲਈ ਰੈੱਡ ਅਲਰਟ ਜਾਰੀ ਕੀਤਾ ਹੈ। ਵੇਰਵਿਆਂ ਅਨੁਸਾਰ ਪਟਿਆਲਾ, ਸੰਗਰੂਰ, ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਵਿਚ ਕਰੀਬ 200 ਤੋਂ ਜ਼ਿਆਦਾ ਪਿੰਡ ਖਾਲੀ ਕਰਵਾਏ ਜਾ ਰਹੇ ਹਨ। ਕੌਮੀ ਆਫਤ ਪ੍ਰਬੰਧਨ ਬਲ ਦੀਆਂ 14 ਟੀਮਾਂ ਨੂੰ ਤਾਇਨਾਤ ਕਰ ਦਿੱਤਾ ਗਿਆ ਹੈ ਜਦੋਂ ਕਿ ਪਟਿਆਲਾ ਜ਼ਿਲ੍ਹੇ ਵਿਚ ਫੌਜ ਦੀ ਮਦਦ ਲਈ ਗਈ ਹੈ।

ਘੱਗਰ ਅਤੇ ਸਤਲੁਜ ਦਰਿਆਵਾਂ ਕਾਰਨ ਹਜ਼ਾਰਾਂ ਏਕੜ ਫਸਲ ਨੁਕਸਾਨੀ ਗਈ ਹੈ। ਪਟਿਆਲਾ ਦੀ ਵੱਡੀ ਨਦੀ ਨੱਕੋ-ਨੱਕ ਭਰੀ ਹੋਈ ਹੈ। ਘੱਗਰ ਅਤੇ ਸਤਲੁਜ ਦੇ ਨੇੜਲੇ ਇਲਾਕਿਆਂ 'ਚ ਹਜ਼ਾਰਾਂ ਏਕੜ ਰਕਬਾ ਪਾਣੀ ਵਿਚ ਪੂਰੀ ਤਰ੍ਹਾਂ ਡੁੱਬ ਗਿਆ ਹੈ। ਸਤਲੁਜ ਦਰਿਆ ਦੇ ਕਿਨਾਰੇ ਬਣਿਆ ਧੁੱਸੀ ਬੰਨ੍ਹ ਵੀ ਟੁੱਟ ਗਿਆ ਹੈ। ਇਸੇ ਤਰ੍ਹਾਂ ਨਰਵਾਣਾ ਬਰਾਂਚ, ਸਿਸਵਾਂ ਅਤੇ ਮੁਹਾਲੀ ਨੇੜੇ ਟਿਵਾਣਾ 'ਚ ਵੀ ਪਾੜ ਪੈ ਗਿਆ ਹੈ। ਸਤਲੁਜ-ਯਮੁਨਾ ਲਿੰਕ ਨਹਿਰ ਵਿਚ ਕਈ ਥਾਵਾਂ 'ਤੇ ਪਾੜ ਪੈਣ ਕਾਰਨ ਫਸਲਾਂ ਡੁੱਬ ਗਈਆਂ ਹਨ।

ਜ਼ਿਲ੍ਹਾ ਪਟਿਆਲਾ ਅਤੇ ਕੀਰਤਪੁਰ ਸਾਹਿਬ ਵਿਚ ਲੋਕਾਂ ਨੂੰ ਸੁਰੱਖਿਅਤ ਕੱਢਣ ਲਈ ਲਗਾਤਾਰ

*(ਬਾਕੀ ਸਫਾ 6 'ਤੇ)*

India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
Restaurant-Fine Indian Cuisine
12510 N. Meridian St., Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
Best Buy Motors
1805 Elmwood, Lafayette, IN 47904
Ph: 765-449-0490
Www.bestbuymotorsin.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

Buying Or Selling Home In Chicagoland And Suburbs ?
We Can Help You With
Buying
Selling
Investing
Managing
Call For More Info:
+1 847-322-5832
ishowhomes@yahoo.com
20 S Roselle Rd Schaumburg IL 60193
Pradeep Singh
Realtor (14 Years of Experience)

RAJVEER GILL
847-907-1525
Regal Jewels
NEW SPECIALS EVERY MONTH
22KT GOLD & DIAMONDS
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣਾ ਸਟੋਰ
2625 W. Devon Ave. Chicago, IL 60659
773-262-4377 773-517-0574
www.RegalJewels.com

ਸ੍ਰੀ ਹਰਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਏ॥

# ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ ਹੋਵੇ



## ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਸਬੰਧੀ

# ਵਿਸ਼ੇਸ਼ ਸਮਾਗਮ

## ਗੁਰਦੁਆਰਾ ਦੀਵਾਨ ਐਵੇਨਿਊ, ਸ਼ਿਕਾਗੋ

*(2341 W. Devon Ave., Chicago IL 60659)*

ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕੀਤਾ ਜਾ ਰਿਹਾ ਹੈ। ਆਪ ਸਭ ਨੂੰ ਪ੍ਰਕਾਸ਼ ਪੁਰਬ ਸਮਾਗਮ ਵਿਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ ਜੀ

## ਪ੍ਰੋਗਰਾਮ ਦਾ ਵੇਰਵਾ

**14 ਜੁਲਾਈ, 2023 (ਸ਼ੁਕਰਵਾਰ)**

ਅਰੰਭ ਸ੍ਰੀ ਅਖੰਡ ਪਾਠ ਸਵੇਰੇ 8:30 ਵਜੇ

**16 ਜੁਲਾਈ, 2023 (ਐਤਵਾਰ)**

ਭੋਗ ਸ੍ਰੀ ਅਖੰਡ ਪਾਠ ਸਵੇਰੇ 9 ਵਜੇ

**ਕੀਰਤਨ:** 9 ਤੋਂ ਦੁਪਹਿਰ 12 ਵਜੇ ਤਕ

*ਲੰਗਰ ਦੀ ਸੇਵਾ 12:30 ਵਜੇ* , ਸੰਗਤ ਨੂੰ ਹਲਦੀਰਾਮ ਦੀਆਂ ਮਠਿਆਈਆਂ ਦੇ ਡੱਬੇ ਵੰਡੇ ਜਾਣਗੇ



ਭਾਈ ਅਮਰਜੀਤ ਸਿੰਘ ਜੀ, ਭਾਈ ਤੀਰਥ ਸਿੰਘ ਜੀ ਅਤੇ ਭਾਈ ਗੁਰਵਿੰਦਰ ਸਿੰਘ ਜੀ।

## ਪਾਠ, ਕੀਰਤਨ ਅਤੇ ਲੰਗਰ ਦੀ ਸੇਵਾ

ਰਵਿੰਦਰ ਕਪੂਰ, ਪਰਮਜੀਤ ਕਪੂਰ, ਗੁਰਲੀਨ ਕਪੂਰ ਅਤੇ ਅਮਨ ਕਪੂਰ ਵਲੋਂ

## ਹੋਰ ਜਾਣਕਾਰੀ ਲਈ ਸੰਪਰਕ ਕਰੋ:

**ਰਵਿੰਦਰ ਕਪੂਰ ਤੇ ਪਰਮਜੀਤ ਕਪੂਰ**

**ਫੋਨ: 847-387-2923**

Haldiram's

Hawkins

# Biggest wholesaler in the USA



**Prag International:** 1125 Howard Street. Elk Grove Village. IL 60007; Ph:- 847-979-5970

Wholesaler and Distributor Of: Haldiram, Hawkins, Prestige, Milton, Panasonic, Titu Folding Bed And Folding Mattress, Aman Kitchenware, Restaurant Equipment's , Pats And Pans For Home & Restaurants, Religious Items, Wedding Items, Blankets... And Many More...

# ਲੇਖਕ ਹਰਭਜਨ ਸਿੰਘ ਹੁੰਦਲ ਦਾ ਦੇਹਾਂਤ

**ਚੰਡੀਗੜ੍ਹ:** ਪੰਜਾਬੀ ਤੇ ਪ੍ਰਗਤੀਸ਼ੀਲ ਕਵੀ, ਵਾਰਤਕਕਾਰ, ਸਵੈਜੀਵਨੀ ਤੇ ਸਫ਼ਰਨਾਮਾ ਲੇਖਕ, ਅਨੁਵਾਦਕ, ਸੰਪਾਦਕ ਅਤੇ ਸਮੀਖਿਆਕਾਰ ਹਰਭਜਨ ਸਿੰਘ ਹੁੰਦਲ ਦਾ ਦਿਹਾਂਤ ਹੋ ਗਿਆ। ਉਨ੍ਹਾਂ ਦਾ ਜਨਮ ਲਾਇਲਪੁਰ ਦੇ ਇਕ ਸੁਤੰਤਰਤਾ ਸੈਨਾਨੀ ਪਰਿਵਾਰ ਵਿਚ ਹੋਇਆ ਸੀ। ਉਹ ਤਾਉਮਰ ਅਧਿਆਪਕ ਲਹਿਰ, ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਸੰਘਰਸ਼ਾਂ ਵਿਚ ਝੰਡਾਬਰਦਾਰ ਵਾਲੀ ਭੂਮਿਕਾ ਨਿਭਾਉਂਦੇ ਰਹੇ।



ਉਹ ਲੋਕ ਹਿੱਤਾਂ ਨੂੰ ਸਮਰਪਿਤ ਕਵੀ ਅਤੇ ਖੱਬੇ ਪੱਖੀ ਚਿੰਤਕ ਸਨ। ਉਨ੍ਹਾਂ ਨੇ ਕਲਮ ਤੇ ਅਮਲ ਦੋਹਾਂ ਪੱਧਰਾਂ 'ਤੇ ਆਮ ਆਦਮੀ ਦੇ ਸੰਘਰਸ਼ਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ। ਅਧਿਆਪਕ ਜਥੇਬੰਦੀਆਂ ਦੇ ਸੰਘਰਸ਼ ਅਤੇ ਐਮਰਜੈਂਸੀ ਦੌਰਾਨ ਉਹ ਜੇਲ੍ਹ ਵਿਚ ਰਹੇ।

ਉਨ੍ਹਾਂ ਰਚਨਾਤਮਕ ਸਾਹਿਤ ਕਵਿਤਾ, ਜੀਵਨੀ, ਸਵੈ-ਜੀਵਨੀ, ਸਫ਼ਰਨਾਮਾ, ਯਾਦਾਂ ਲਿਖਣ ਦੇ ਨਾਲ-ਨਾਲ ਸੰਸਾਰ ਦੇ ਨਾਮਵਰ ਕਵੀਆਂ ਮਾਇਕੋਵਾਸਕੀ, ਪਾਬਲੋ ਨੈਰੂਦਾ, ਨਾਜ਼ਿਮ ਹਿਕਮਤ, ਮਹਿਮੂਦ ਦਰਵੇਸ਼, ਫੈਜ਼ ਅਹਿਮ ਫੈਜ਼, ਹਬੀਬ ਜਾਲਿਬ ਅਤੇ ਸਾਈਂ ਅਖ਼ਤਰ ਆਦਿ ਦੀ ਕਵਿਤਾ ਦਾ ਪੰਜਾਬੀ ਵਿਚ ਅਨੁਵਾਦ ਕੀਤਾ। ਉਨ੍ਹਾਂ ਦੀਆਂ ਲਿਖਤਾਂ ਦੀ ਗਿਣਤੀ 100 ਦੇ ਕਰੀਬ ਹੈ। ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਹਰਭਜਨ ਸਿੰਘ ਹੁੰਦਲ ਦੇ ਦਿਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।

# ਸਾਬਕਾ ਉਪ ਮੁੱਖ ਮੰਤਰੀ ਓ.ਪੀ. ਸੋਨੀ ਗ੍ਰਿਫਤਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਪੰਜਾਬ ਵਿਜੀਲੈਂਸ ਬਿਊਰੋ ਨੇ ਸਾਬਕਾ ਉਪ ਮੁੱਖ ਮੰਤਰੀ ਓ.ਪੀ. ਸੋਨੀ ਨੂੰ ਸਾਲ 2016 ਤੋਂ ਲੈ ਕੇ 2022 ਤੱਕ ਆਮਦਨ ਦੇ ਸਰੋਤਾਂ ਨਾਲੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ 10 ਅਕਤੂਬਰ 2022 ਨੂੰ ਜਾਂਚ ਸਬੰਧੀ ਜਾਰੀ ਹੁਕਮਾਂ 'ਤੇ ਕੀਤੀ ਗਈ ਪੜਤਾਲ ਦੇ ਆਧਾਰ 'ਤੇ ਓ.ਪੀ. ਸੋਨੀ ਖ਼ਿਲਾਫ਼ ਥਾਣਾ ਵਿਜੀਲੈਂਸ ਬਿਊਰੋ, ਅੰਮ੍ਰਿਤਸਰ ਰੇਂਜ ਵਿਚ 9 ਜੁਲਾਈ 2023 ਨੂੰ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਧਾਰਾਵਾਂ 13 (1) (ਬੀ) ਅਤੇ 13 (2) ਤਹਿਤ ਕੇਸ ਦਰਜ ਕੀਤਾ ਗਿਆ।



ਵਿਜੀਲੈਂਸ ਬਿਊਰੋ ਅਨੁਸਾਰ ਪਹਿਲੀ ਅਪਰੈਲ 2016 ਤੋਂ 31 ਮਾਰਚ 2022 ਤੱਕ ਸਾਬਕਾ ਉਪ ਮੁੱਖ ਮੰਤਰੀ ਤੇ ਉਨ੍ਹਾਂ ਦੇ ਪਰਿਵਾਰ ਦੀ ਆਮਦਨ 4,52,18,771 ਰੁਪਏ ਸੀ, ਜਦੋਂਕਿ ਖਰਚਾ 12,48,42,692 ਰੁਪਏ ਸੀ ਜੋ ਕਿ ਉਨ੍ਹਾਂ ਦੀ ਆਮਦਨ ਦੇ ਸਰੋਤਾਂ ਨਾਲੋਂ 7,96,23,921 ਰੁਪਏ (176.08 ਫ਼ੀਸਦ) ਵੱਧ ਹੈ। ਇਸ ਸਮੇਂ ਦੌਰਾਨ ਓ.ਪੀ. ਸੋਨੀ ਨੇ ਆਪਣੀ ਪਤਨੀ ਸੁਮਨ ਸੋਨੀ ਤੇ ਪੁੱਤਰ ਰਾਘਵ ਸੋਨੀ ਦੇ ਨਾਂ 'ਤੇ ਜਾਇਦਾਦਾਂ ਬਣਾਈਆਂ। ਵਿਜੀਲੈਂਸ ਬਿਊਰੋ ਵੱਲੋਂ ਉਕਤ ਮਾਮਲੇ ਵਿੱਚ ਅਗਲੇਰੀ ਜਾਂਚ ਜਾਰੀ ਹੈ।


## ਟਰੱਕ ਸ਼ਾਪ ਲੀਜ਼ 'ਤੇ ਉਪਲੱਬਧ ਹੈ

ਹਾਈਵੇਅ 10 ਟੈਕਸਸ 'ਤੇ ਇਕੋ ਇਮਾਰਤ ਵਿਚ ਟਰੱਕ ਸ਼ਾਪ, ਦੋ ਪੰਪ, ਟਰੱਕ ਵਾਸ਼ ਅਤੇ ਰੈਸਟੋਰੈਂਟ ਲੀਜ਼ 'ਤੇ ਉਪਲੱਬਧ ਹਨ

ਚਾਹਵਾਨ ਸੰਪਰਕ ਕਰਨ: 469-353-9516

## Truck Shop For Lease

Truck Shop Truck Wash Restaurant with 2 Pump huge building is available for lease on Highway 10 Texas

Contact: 469-353-9516



## SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*

For Emergency
Call anytime at
847-673-3825



*EARLY BIRD SALE!!!!*

*Etihad, Air India, KLM, Lufthansa, Delta, Qatar Airlines.*

Domestic fares available


# Matrimonials

## ਲੜਕੀ ਦੀ ਲੋੜ ਹੈ

Sikh Ahluwalia family Looking for Gursikh girl with educated background for their 36, 5' 8" son.Qualification BTech IT and PG in software development.Working as IT professional in New York based company. He is turbaned Gursikh boy having faith in Guru Granth Sahib ji. Current location- Hartford CT. Please contact us at whatsapp 91-8860131363. US number: 315 849 6562. Emailbid - richiewalia@gmail.com
25-28

Wanted suitable girl for Gursikh, turbuned Arora, divorced boy, 36 yrs., 5'9', MTech engineering. Owns commercial, residential property in India. Settled in US. Caste no bar.
Please Email: utakecare2@yahoo.com or call 1-618-402-4269
20-23

Looking for a suitable match for my Kamboj,Sikh brother height 5'8, 1995 born and raised in USA. Our parents hometown is from Amritsar. My brother has completed studies in criminal justice/business Management. Currently has well established business in Pennsylvania. We are a modern/traditional family looking for someone who will be a great fit for my brother preferably looking in USA only.
Please call or whatsapp 347-920-9033.
20-23

Verma family looking for a suitable match for their son. Age 31, Ht 5'10", USA citizen, divorsed (No Kid), well settled. Caste no bar. Please send biodata/pictures. Whatsapp: (224) 595-9926 inderjeetverma08@gmail.com
17-20

## ਲੜਕੇ ਦੀ ਲੋੜ ਹੈ

Jat Sikh well educated and well settled family seeking suitable match for their September, 2001 US born 5'4" daughter. Turban wearing keshadari boy and compatible humble family is preference but not limited to. She possesses AA degree in management and Supervision. Employed as Federal employee in Bay Area (California). Contact us @ Ph:510-861-6491 or e-mail at: pgrrealty@gmail.com
26-29

Sikh Family is looking for USA Citizen match for their daughter 1988 born, 5'9", divorcee and has one child living with. Family belongs to Punjab Ludhiana. She has completed her nursing associate in India, currently not working as she is preparing for RN/IELTS.
Please contact us at 262-960-7366.
21-24

Ramgarhia,Dhiman Sikh Family looking for a suitable match for their August 10,1990 born, 5'2" daughter , working as a nurse assistant in USA in Michigan. Ghotar- Munday, Virdi. Please contact us at :- 7343532316 or binnumunday@gmail.com

Jatt Sikh family seeks suitable match for their daughter who has her MD and is currently working in the Bay Area (California) as a doctor. 37 yrs old (never married). 5'-5" tall. The boy should be settled in the Bay Area (California) with a university degree and professionally employed. Please contact 408-763-3949
20-23




## UMA TRAVELS

**2541 West Devon Ave., Chicago, IL 60659**

**For Delhi Amritsar-Bombay Ahmedabad, Hydrabad-Madra**

**Call For Special Sale Fares**

**Call: 773-338-5603**

# ਸ਼੍ਰੋਮਣੀ ਕਮੇਟੀ ਸਾਂਝੇ ਸਿਵਲ ਕੋਡ ਖਿਲਾਫ ਖੁੱਲ੍ਹ ਕੇ ਨਿੱਤਰੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਕੇਂਦਰ ਵੱਲੋਂ ਪ੍ਰਸਤਾਵਿਤ ਸਾਂਝਾ ਸਿਵਲ ਕੋਡ (ਯੂ.ਸੀ.ਸੀ.) ਨੂੰ ਦੇਸ਼ ਵਿਚ ਗੈਰ-ਜ਼ਰੂਰੀ ਕਰਾਰ ਦਿੰਦਿਆਂ ਇਸ ਦਾ ਸਖਤ ਵਿਰੋਧ ਕੀਤਾ ਹੈ। ਇਹ ਫੈਸਲਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ 'ਚ ਕੀਤਾ ਗਿਆ।



ਸਿੱਖ ਸੰਸਥਾ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਮੀਟਿੰਗ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਖੁਲਾਸਾ ਕੀਤਾ ਕਿ ਅੰਤ੍ਰਿੰਗ ਕਮੇਟੀ ਵੱਲੋਂ ਯੂ.ਸੀ.ਸੀ. ਬਾਰੇ ਕੀਤੀ ਗਈ ਚਰਚਾ ਮਗਰੋਂ ਇਹ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਦੀ ਦੇਸ਼ ਵਿਚ ਕੋਈ ਲੋੜ ਨਹੀਂ ਹੈ। ਯੂਨੀਫਾਰਮ ਸਿਵਲ ਕੋਡ ਨੂੰ ਲੈ ਕੇ ਘੱਟ ਗਿਣਤੀਆਂ 'ਚ ਖਦਸ਼ਾ ਹੈ ਕਿ ਇਹ ਕਾਨੂੰਨ ਉਨ੍ਹਾਂ ਦੀ ਪਛਾਣ, ਮੌਲਿਕਤਾ ਤੇ ਸਿਧਾਂਤਾਂ ਨੂੰ ਸੱਟ ਮਾਰੇਗਾ। ਸ਼੍ਰੋਮਣੀ ਕਮੇਟੀ ਨੇ ਇਸ ਸਬੰਧ ਵਿਚ ਸਿੱਖ ਬੁੱਧੀਜੀਵੀਆਂ, ਇਤਿਹਾਸਕਾਰਾਂ, ਵਿਦਵਾਨਾਂ ਤੇ ਕਾਨੂੰਨਦਾਨਾਂ ਦੀ ਇਕ ਸਬ-ਕਮੇਟੀ ਗਠਿਤ ਕੀਤੀ ਹੈ, ਜਿਸ ਨੇ ਮੀਟਿੰਗ ਮਗਰੋਂ ਮੁੱਢਲੇ ਤੌਰ 'ਤੇ ਯੂ.ਸੀ.ਸੀ. ਨੂੰ ਘੱਟ ਗਿਣਤੀਆਂ ਦੀ ਹੋਂਦ, ਉਨ੍ਹਾਂ ਦੀਆਂ ਧਾਰਮਿਕ ਰਸਮਾਂ, ਪਰੰਪਰਾਵਾਂ ਅਤੇ ਸੱਭਿਆਚਾਰ ਦਾ ਘਾਣ ਕਰਨ ਵਾਲਾ ਮੰਨਿਆ ਹੈ। ਇਸ ਦੌਰਾਨ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਖੇ ਹੋਈਆਂ ਪ੍ਰਬੰਧਕੀ ਬੇਨੇਮੀਆਂ ਦੇ ਮਾਮਲੇ ਵਿਚ ਮੁਅੱਤਲ ਕੀਤੇ ਮੁਲਾਜ਼ਮਾਂ ਵੱਲੋਂ ਭੇਜੇ ਪੱਖ ਨੂੰ ਵਿਚਾਰਨ ਲਈ ਪ੍ਰਧਾਨ ਵੱਲੋਂ ਪੰਜ ਮੈਂਬਰੀ ਕਮੇਟੀ ਬਣਾ ਦਿੱਤੀ ਗਈ ਹੈ। ਇਸ ਕਮੇਟੀ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਬਲਦੇਵ ਸਿੰਘ ਕਿਆਮਪੁਰ, ਭਾਈ ਗੁਰਚਰਨ ਸਿੰਘ ਗਰੇਵਾਲ, ਬਾਬਾ ਗੁਰਪ੍ਰੀਤ ਸਿੰਘ, ਸ਼ੇਰ ਸਿੰਘ ਮੰਡਵਾਲਾ ਅਤੇ ਸੁਰਜੀਤ ਸਿੰਘ ਤੁਗਲਵਾਲ ਨੂੰ ਸ਼ਾਮਲ ਕੀਤਾ ਹੈ। ਇਸ ਮਾਮਲੇ 'ਚ ਸ਼੍ਰੋਮਣੀ ਕਮੇਟੀ ਵੱਲੋਂ 51 ਕਰਮਚਾਰੀ ਅਤੇ ਅਧਿਕਾਰੀ ਮੁਅੱਤਲ ਕੀਤੇ ਗਏ ਹਨ। ਇਨ੍ਹਾਂ ਬੇਨੇਮੀਆਂ ਕਾਰਨ ਸਿੱਖ ਸੰਸਥਾ ਨੂੰ ਲਗਭਗ ਇਕ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਪ੍ਰਧਾਨ ਨੇ ਕਿਹਾ ਕਿ ਇਸ ਮਾਮਲੇ 'ਚ ਦੋਸ਼ੀਆਂ ਨੂੰ ਵਿੱਤੀ ਜੁਰਮਾਨੇ ਕੀਤੇ ਜਾਣਗੇ।

ਉਨ੍ਹਾਂ ਸਪਸ਼ਟ ਕੀਤਾ ਕਿ ਇਸ ਮਾਮਲੇ ਵਿਚ ਦੋਸ਼ੀ ਕਰਮਚਾਰੀ ਨੌਕਰੀ ਤੋਂ ਬਰਖਾਸਤ ਵੀ ਕੀਤੇ ਜਾ ਸਕਦੇ ਹਨ ਪਰ ਇਸ ਮਾਮਲੇ ਵਿਚ ਸਮੁੱਚੀ ਕਾਰਵਾਈ ਸਿੱਖ ਸੰਸਥਾ ਵੱਲੋਂ ਖੁਦ ਹੀ ਕੀਤੀ ਜਾਵੇਗੀ ਅਤੇ ਇਹ ਮਾਮਲਾ ਪੁਲੀਸ ਨੂੰ ਨਹੀਂ ਸੌਂਪਿਆ ਜਾਵੇਗਾ ਕਿਉਂਕਿ ਇਹ ਘਪਲਾ ਨਹੀਂ ਸਗੋਂ ਬੇਨੇਮੀ ਹੈ।

## ਸਿਆਸੀ ਆਕਾਵਾਂ ਨੂੰ ਖੁਸ਼ ਕੀਤਾ ਜਾ ਰਿਹੈ: ਸਿਰਸਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਯੂ.ਸੀ.ਸੀ. ਦੇ ਵਿਰੋਧ ਦੇ ਕੀਤੇ ਐਲਾਨ 'ਤੇ ਹੈਰਾਨੀ ਪ੍ਰਗਟ ਕਰਦਿਆਂ ਭਾਜਪਾ ਦੇ ਸਿੱਖ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਸ਼੍ਰੋਮਣੀ ਕਮੇਟੀ ਨੂੰ ਆਖਿਆ ਹੈ ਕਿ ਉਹ ਸਪਸ਼ਟ ਕਰੇ ਕਿ ਜਦੋਂ ਕਾਨੂੰਨ ਕਮਿਸ਼ਨ ਨੇ ਯੂ.ਸੀ.ਸੀ. 'ਤੇ ਕੋਈ ਖਰੜਾ ਹੀ ਜਾਰੀ ਨਹੀਂ ਕੀਤਾ ਤਾਂ ਫਿਰ ਇਹ ਹੋਂਦ ਵਿਹੂਣੇ ਯੂ.ਸੀ.ਸੀ. ਦਾ ਵਿਰੋਧ ਕਰਨ ਲਈ ਬਜ਼ਿੱਦ ਕਿਉਂ ਹੈ। ਉਨ੍ਹਾਂ ਇਹ ਵੀ ਆਖਿਆ ਕਿ ਕਿਸੇ ਵੀ ਸਰਕਾਰ ਵਿਚ ਇਹ ਜੁਰਅਤ ਨਹੀਂ ਹੈ ਕਿ ਉਹ ਸਿੱਖਾਂ ਦੀ ਵਿਲੱਖਣ ਪਛਾਣ ਤੇ ਇਸ ਦੀਆਂ ਪਰੰਪਰਾਵਾਂ ਨਾਲ ਛੇੜਖਾਨੀ ਕਰ ਸਕੇ। ਸ਼੍ਰੋਮਣੀ ਕਮੇਟੀ ਹੋਂਦ ਵਿਹੂਣੇ ਯੂ.ਸੀ.ਸੀ. ਦਾ ਵਿਰੋਧ ਕਰ ਰਹੀ ਹੈ ਜਿਸ ਤੋਂ ਸਪਸ਼ਟ ਸੰਕੇਤ ਮਿਲਦਾ ਹੈ ਕਿ ਇਹ ਕਾਰਵਾਈ ਇਸ ਨੇ ਆਪਣੇ ਸਿਆਸੀ ਆਕਾਵਾਂ ਨੂੰ ਖੁਸ਼ ਕਰਨ ਲਈ ਕੀਤੀ ਹੈ।

## ਗੱਲਬਾਤ ਲਈ ਸਿੱਖਾਂ ਦੀ 11 ਮੈਂਬਰੀ ਟੀਮ ਕਾਇਮ

**ਨਵੀਂ ਦਿੱਲੀ:** ਇਥੇ ਕਰਵਾਏ ਕੌਮੀ ਸਿੱਖ ਸਮਾਗਮ ਦੌਰਾਨ ਸਾਂਝੇ ਸਿਵਲ ਕੋਡ (ਯੂ.ਸੀ.ਸੀ.) ਦੇ ਮਾਮਲੇ 'ਤੇ ਸਰਕਾਰ ਨਾਲ ਗੱਲਬਾਤ ਕਰਨ ਲਈ 11 ਮੈਂਬਰੀ ਟੀਮ ਕਾਇਮ ਕੀਤੀ ਗਈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਿੱਖਾਂ ਦੇ ਅਧਿਕਾਰਾਂ ਤੇ ਰਵਾਇਤਾਂ ਨਾਲ ਛੇੜਖਾਨੀ ਨਾ ਹੋ ਸਕੇ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ.ਐਸ.ਜੀ.ਐਮ.ਸੀ.) ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਹਾਲੇ ਯੂ.ਸੀ.ਸੀ. ਖਰੜਾ ਜਾਰੀ ਨਹੀਂ ਕੀਤਾ ਗਿਆ। ਇਸ ਲਈ ਫਿਲਹਾਲ ਇਹ ਨਹੀਂ ਕਿਹਾ ਜਾ ਸਕਦਾ ਕੀ ਯੂ.ਸੀ.ਸੀ. ਦਾ ਸਮਰਥਨ ਕੀਤਾ ਜਾਵੇ ਜਾਂ ਵਿਰੋਧ। ਗੁਰਦੁਆਰਾ ਰਕਾਬਗੰਜ ਵਿਚ ਹੋਏ ਸਿੱਖ ਇਕੱਠ ਤੋਂ ਬਾਅਦ ਸ੍ਰੀ ਕਾਲਕਾ ਨੇ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਯੂ.ਸੀ.ਸੀ. ਸਬੰਧੀ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਲਈ 11 ਮੈਂਬਰੀ ਕਮੇਟੀ ਬਣਾਈ ਗਈ ਹੈ।

# ਦੀਵਾਨ ਟੋਡਰ ਮੱਲ ਹਵੇਲੀ ਦੇ ਸਾਂਭ-ਸੰਭਾਲ ਕਾਰਜਾਂ ਦਾ ਜਾਇਜ਼ਾ

**ਫਤਹਿਗੜ੍ਹ ਸਾਹਿਬ:** ਕੈਬਨਿਟ ਮੰਤਰੀ ਅਮਨ ਅਰੋੜਾ ਨੇ ਇਤਿਹਾਸਕ ਦੀਵਾਨ ਟੋਡਰ ਮੱਲ ਹਵੇਲੀ ਦੀ ਸਾਂਭ-ਸੰਭਾਲ ਦੇ ਚੱਲ ਰਹੇ ਕਾਰਜਾਂ ਦਾ ਜਾਇਜ਼ਾ ਲਿਆ। ਇਸ ਮੌਕੇ ਸ੍ਰੀ ਅਰੋੜਾ ਨੇ ਕਿਹਾ ਕਿ ਦੀਵਾਨ ਟੋਡਰ ਮੱਲ ਦਾ ਨਾਮ ਇਤਿਹਾਸ ਵਿਚ ਸੁਨਹਿਰੀ ਅੱਖਰਾਂ 'ਚ ਲਿਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਧਰਤੀ 'ਤੇ ਸਥਿਤ ਇਮਾਰਤਾਂ ਦੀ ਸਾਂਭ-ਸੰਭਾਲ ਕਰ ਕੇ ਨੌਜਵਾਨ ਪੀੜ੍ਹੀ ਲਈ ਇਕ ਵਿਰਾਸਤ ਵਜੋਂ ਸਾਂਭਿਆ ਜਾ ਰਿਹਾ ਹੈ। ਦੀਵਾਨ ਟੋਡਰ ਮੱਲ ਹਵੇਲੀ ਵਰਗੀਆਂ ਇਤਿਹਾਸਕ ਇਮਾਰਤਾਂ ਸਾਡੇ ਅਮੀਰ ਵਿਰਸੇ ਨੂੰ ਦਰਸਾਉਂਦੀਆਂ ਹਨ, ਜਿਨ੍ਹਾਂ ਦੀ ਸਾਂਭ ਸੰਭਾਲ ਕਰਨਾ ਸਾਡਾ ਫਰਜ਼ ਹੈ। ਸ੍ਰੀ ਫਤਹਿਗੜ੍ਹ ਸਾਹਿਬ ਨੂੰ ਟੂਰਿਜ਼ਮ ਦੇ ਖੇਤਰ ਵਿਚ ਮੋਹਰੀ ਬਣਾਉਣ ਲਈ ਇਥੇ ਸਥਿਤ ਪੁਰਾਤਨ ਇਮਾਰਤਾਂ ਜਿਵੇਂ ਕਿ ਦੀਵਾਨ ਟੋਡਰ ਮੱਲ ਹਵੇਲੀ, ਆਮ ਖਾਸ ਬਾਗ, ਭਗਤਾ ਸਧਨਾ ਜੀ ਦੀ ਮਸੀਤ ਅਤੇ ਹੋਰ ਇਤਿਹਾਸਕ ਇਮਾਰਤਾਂ ਦੀ ਸਾਂਭ ਸੰਭਾਲ ਲਈ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ।

# ਸਿੰਘ ਸਭਾ ਲਹਿਰ ਦੇ 150 ਸਾਲ ਪੂਰੇ ਹੋਣ 'ਤੇ ਗੁਰਮਤਿ ਸਮਾਗਮ ਕਰਵਾਏਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਦੌਰਾਨ ਸਿੰਘ ਸਭਾ ਲਹਿਰ ਦੀ ਆਰੰਭਤਾ ਦੇ 150 ਸਾਲ ਪੂਰੇ ਹੋਣ 'ਤੇ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦਫਤਰ ਵਿਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ 'ਚ ਧਰਮ ਪ੍ਰਚਾਰ ਲਹਿਰ ਨੂੰ ਹੋਰ ਪ੍ਰਚੰਡ ਕਰਨ ਬਾਰੇ ਵੀ ਵਿਚਾਰ-ਚਰਚਾ ਕੀਤੀ ਗਈ। ਮੀਟਿੰਗ ਮਗਰੋਂ ਉਨ੍ਹਾਂ ਦੱਸਿਆ ਕਿ ਸਿੰਘ ਸਭਾ ਲਹਿਰ ਨੇ ਸਿੱਖ ਸਮਾਜ ਅੰਦਰ ਧਾਰਮਿਕ ਚੇਤਨਾ ਫੈਲਾਉਣ ਦੇ ਨਾਲ-ਨਾਲ ਸਿੱਖ ਵਿਰੋਧੀ ਚਾਲਾਂ ਨੂੰ ਵੀ ਰੋਕਿਆ ਸੀ। ਉਨ੍ਹਾਂ ਦੱਸਿਆ ਕਿ ਪਹਿਲੀ ਅਕਤੂਬਰ 1873 ਨੂੰ ਅੰਮ੍ਰਿਤਸਰ ਵਿਚ ਸ੍ਰੀ ਗੁਰੂ ਸਿੰਘ ਸਭਾ ਦੀ ਉਦਘਾਟਨੀ ਬੈਠਕ ਹੋਈ ਸੀ ਅਤੇ ਪਹਿਲੀ ਅਕਤੂਬਰ 2023 ਨੂੰ ਸਿੰਘ ਸਭਾਵਾਂ ਦੇ ਸਹਿਯੋਗ ਨਾਲ 150 ਸਾਲਾ ਸਮਾਗਮ ਕਰਵਾਏ ਜਾਣਗੇ। ਇਸ ਸਬੰਧੀ ਇਕ ਸਬ-ਕਮੇਟੀ ਕਾਇਮ ਕੀਤੀ ਜਾਵੇਗੀ, ਜੋ ਸਮਾਗਮਾਂ ਦੀ ਰੂਪ ਰੇਖਾ ਤਿਆਰ ਕਰੇਗੀ।

# ਸਾਂਝਾ ਸਿਵਲ ਕੋਡ: ਅਕਾਲੀ ਦਲ ਨੇ ਸਬ-ਕਮੇਟੀ ਬਣਾਈ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਤਜਵੀਜ਼ਸ਼ੁਦਾ ਸਾਂਝੇ ਸਿਵਲ ਕੋਡ (ਯੂ.ਸੀ.ਸੀ.) 'ਤੇ ਵਿਚਾਰ-ਵਟਾਂਦਰੇ ਲਈ ਅਤੇ ਕੇਸ ਤਿਆਰ ਕਰ ਕੇ ਕਾਨੂੰਨ ਕਮਿਸ਼ਨ ਨੂੰ ਸੌਂਪਣ ਲਈ ਸਬ-ਕਮੇਟੀ ਕਾਇਮ ਕੀਤੀ ਹੈ। ਇਸ ਸਬੰਧੀ ਫੈਸਲਾ ਪਾਰਟੀ ਦੇ ਹਲਕਾ ਇੰਚਾਰਜਾਂ ਤੇ ਜ਼ਿਲ੍ਹਾ ਪ੍ਰਧਾਨਾਂ ਦੀ ਹੋਈ ਮੀਟਿੰਗ ਵਿਚ ਲਿਆ ਗਿਆ, ਜਿਸ ਦੀ ਪ੍ਰਧਾਨਗੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੀਤੀ। ਇਸ ਦੌਰਾਨ ਕਾਇਮ ਕੀਤੀ ਗਈ ਚਾਰ ਮੈਂਬਰੀ ਸਬ-ਕਮੇਟੀ ਵਿਚ ਪ੍ਰੇਮ ਸਿੰਘ ਚੰਦੂਮਾਜਰਾ, ਮਹੇਸ਼ਇੰਦਰ ਸਿੰਘ ਗਰੇਵਾਲ, ਸਿਕੰਦਰ ਸਿੰਘ ਮਲੂਕਾ ਤੇ ਡਾ. ਦਲਜੀਤ ਸਿੰਘ ਚੀਮਾ ਨੂੰ ਸ਼ਾਮਲ ਕੀਤਾ ਗਿਆ ਹੈ। ਕਮੇਟੀ ਨੂੰ ਸੰਵਿਧਾਨਕ ਮਾਹਿਰਾਂ, ਬੁੱਧੀਜੀਵੀਆਂ ਤੇ ਸਿੱਖ ਕੌਮ ਦੇ ਆਗੂਆਂ ਨਾਲ ਸਲਾਹ-ਮਸ਼ਵਰਾ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।




ਇਸ ਦੌਰਾਨ ਮੀਟਿੰਗ ਨੇ ਇਕ ਮਤਾ ਪਾਸ ਕਰ ਕੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਿਧਾਨ ਸਭਾ ਵਿਚ ਗੁਰਸਿੱਖਾਂ ਦੀ ਦਾੜ੍ਹੀ ਦਾ ਮਖੌਲ ਉਡਾਉਣ ਦੀ ਨਿਖੇਧੀ ਵੀ ਕੀਤੀ ਹੈ। ਮਤੇ ਵਿਚ ਇਹ ਵੀ ਮੰਗ ਕੀਤੀ ਗਈ ਕਿ ਮੁੱਖ ਮੰਤਰੀ ਸਿੱਖਾਂ ਦੇ ਕਕਾਰਾਂ ਦਾ ਅਪਮਾਨ ਕਰਨ ਵਾਸਤੇ ਮੁਆਫੀ ਮੰਗਣ ਅਤੇ ਇਹ ਸਾਰੀਆਂ ਅਪਮਾਨਜਨਕ ਟਿੱਪਣੀਆਂ ਵਿਧਾਨ ਸਭਾ ਦੇ ਰਿਕਾਰਡ ਵਿਚੋਂ ਕੱਢੀਆਂ ਜਾਣ। ਮੀਟਿੰਗ ਵਿਚ ਸਿੱਖ ਗੁਰਦੁਆਰਾ (ਸੋਧ) ਬਿੱਲ 2023 ਨੂੰ ਵੀ ਰੱਦ ਕਰਦਿਆਂ ਕਿਹਾ ਕਿ ਇਹ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਸਿੱਧੀ ਦਖਲਅੰਦਾਜ਼ੀ ਹੈ। ਪੱਖਪਾਤੀ ਪੱਤਰਕਾਰਤਾ ਕਰਨ ਵਾਲੇ ਚੈਨਲਾਂ ਦਾ ਬਾਈਕਾਟ ਕਰਨ ਦੀ ਧਮਕੀ ਵੀ ਦਿੱਤੀ ਗਈ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ 'ਆਪ' ਸਰਕਾਰ ਨੇ ਸਮਾਜ ਦੇ ਹਰ ਵਰਗ ਨਾਲ ਧੋਖਾ ਕੀਤਾ ਹੈ।

# ਟਾਈਟਲਰ ਖਿਲਾਫ ਚਾਰਜਸ਼ੀਟ ਉਤੇ ਫੈਸਲਾ ਰਾਖਵਾਂ



**ਨਵੀਂ ਦਿੱਲੀ:** ਸਥਾਨਕ ਅਦਾਲਤ ਵੱਲੋਂ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਪੁਲ ਬੰਗਸ਼ ਵਿਚ ਕਥਿਤ ਹੱਤਿਆਵਾਂ ਨਾਲ ਜੁੜੇ ਮਾਮਲੇ ਵਿਚ ਕਾਂਗਰਸ ਆਗੂ ਜਗਦੀਸ਼ ਟਾਈਟਲਰ ਖਿਲਾਫ ਚਾਰਜਸ਼ੀਟ 'ਤੇ ਨੋਟਿਸ ਲੈਣ ਬਾਰੇ ਫੈਸਲਾ 19 ਜੁਲਾਈ ਨੂੰ ਕੀਤਾ ਜਾਵੇਗਾ।

ਐਡੀਸ਼ਨਲ ਚੀਫ ਮੈਟਰੋਪੌਲੀਟਨ ਮੈਜਿਸਟਰੇਟ ਵਿਧੀ ਗੁਪਤਾ ਆਨੰਦ ਨੇ ਕੇਂਦਰੀ ਜਾਂਚ ਏਜੰਸੀ (ਸੀ.ਬੀ.ਆਈ.) ਅਤੇ ਸ਼ਿਕਾਇਤਕਰਤਾ ਵੱਲੋਂ ਪੇਸ਼ ਵਕੀਲਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਆਪਣਾ ਆਦੇਸ਼ ਰਾਖਵਾਂ ਰੱਖ ਲਿਆ। ਜੱਜ ਨੇ ਅਦਾਲਤੀ ਅਮਲੇ ਨੂੰ ਇਹ ਇਹ ਚੈੱਕ ਕਰਨ ਦੇ ਨਿਰਦੇਸ਼ ਦਿੱਤੇ ਕਿ ਪਹਿਲੇ ਮਾਮਲੇ ਦੀ ਸੁਣਵਾਈ ਕਰ ਰਹੀ ਅਦਾਲਤ ਤੋਂ ਪ੍ਰਾਪਤ ਮੁਕੱਦਮੇ ਦਾ ਰਿਕਾਰਡ ਪੂਰਾ ਹੈ ਜਾਂ ਨਹੀਂ। ਉਨ੍ਹਾਂ ਮਾਮਲੇ ਸਬੰਧੀ 19 ਜੁਲਾਈ ਨੂੰ ਅਗਲੀ ਸੁਣਵਾਈ ਤੱਕ ਰਿਪੋਰਟ ਦਾਖਲ ਕਰਨ ਦਾ ਆਦੇਸ਼ ਦਿੱਤਾ।

ਰਾਊਜ਼ ਐਵੇਨਿਊ ਅਦਾਲਤ ਦੀ ਜੱਜ ਨੇ ਕਿਹਾ ਕਿ ਕੜਕੜਡੂਮਾ ਅਦਾਲਤ ਦੇ ਅਮਲੇ ਵੱਲੋਂ ਦਾਖਲ ਦਸਤਾਵੇਜ਼ ਕਾਫੀ ਜ਼ਿਆਦਾ ਹਨ ਅਤੇ ਸੱਤ ਨਿਆਇਕ ਫਾਈਲਾਂ ਵਿਚ ਬੰਦ ਹਨ। ਉਨ੍ਹਾਂ ਸੀ.ਬੀ.ਆਈ. ਨੂੰ ਟਾਈਟਲਰ ਦੀ ਆਵਾਜ਼ ਦੇ ਨਮੂਨਿਆਂ ਦੀ ਫੌਰੈਂਸਿਕ ਜਾਂਚ ਸਬੰਧੀ ਫੌਰੈਂਸਿਕ ਸਾਇੰਸ ਲੈਬਾਰਟਰੀ ਦੀ ਰਿਪੋਰਟ ਦਾਇਰ ਕਰਨ ਦਾ ਨਿਰਦੇਸ਼ ਦਿੱਤਾ। ਸੀ.ਬੀ.ਆਈ. ਨੇ ਮਾਮਲੇ ਵਿਚ ਟਾਈਟਲਰ ਖਿਲਾਫ 20 ਮਈ ਨੂੰ ਇਕ ਚਾਰਜਸ਼ੀਟ ਦਾਖਲ ਕੀਤੀ ਸੀ।

ਜ਼ਿਕਰਯੋਗ ਹੈ ਕਿ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦੇ ਇਕ ਦਿਨ ਬਾਅਦ ਨਵੰਬਰ 1984 ਨੂੰ ਪੁਲ ਬੰਗਸ਼ ਇਲਾਕੇ ਵਿਚ ਤਿੰਨ ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਗਈ ਸੀ ਅਤੇ ਇਕ ਗੁਰਦੁਆਰੇ ਨੂੰ ਫੂਕ ਦਿੱਤਾ ਗਿਆ ਸੀ।

## ਸ਼੍ਰੋਮਣੀ ਕਮੇਟੀ ਕੇਸਾਂ ਦੀ ਪੈਰਵੀ ਕਰੇਗੀ: ਧਾਮੀ



**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਦੱਸਿਆ ਕਿ 1984 ਵਿਚ ਦਿੱਲੀ ਦੇ ਪੁਲਬੰਗਸ਼ ਗੁਰਦੁਆਰਾ ਸਾਹਿਬ ਵਿਖੇ ਤਿੰਨ ਸਿੱਖਾਂ ਦੇ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਜਗਦੀਸ਼ ਟਾਈਟਲਰ ਵਿਰੁੱਧ ਸ਼੍ਰੋਮਣੀ ਕਮੇਟੀ ਵੱਲੋਂ ਕੇਸਾਂ ਦੀ ਪੈਰਵੀ ਕੀਤੀ ਜਾਵੇਗੀ। ਇਸ ਮਾਮਲੇ 'ਤੇ ਦਿੱਲੀ ਕਮੇਟੀ ਵੱਲੋਂ ਪੈਰ ਪਿੱਛੇ ਖਿੱਚਣ ਮਗਰੋਂ ਹੁਣ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਕੇਸਾਂ ਦੀ ਪੈਰਵੀ ਕਰਨ ਦਾ ਫੈਸਲਾ ਲਿਆ ਹੈ। ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦੇ ਕੀਰਤਨ ਦੇ ਸਿੱਧੇ ਪ੍ਰਸਾਰਣ ਬਾਰੇ ਪ੍ਰਧਾਨ ਨੇ ਕਿਹਾ ਕਿ ਇਸ ਸਬੰਧ ਵਿਚ ਬਣਾਈ ਗਈ ਸਬ-ਕਮੇਟੀ ਵਿਚਾਰ-ਵਟਾਂਦਰਾ ਕਰ ਰਹੀ ਹੈ ਅਤੇ ਜਲਦ ਹੀ ਸਾਰੀ ਰੂਪ-ਰੇਖਾ ਅਤੇ ਯੋਜਨਾ ਦਾ ਖੁਲਾਸਾ ਕੀਤਾ ਜਾਵੇਗਾ। ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਪੁਰਾਤਨ ਹੱਥ ਲਿਖਤ ਪਾਵਨ ਸਰੂਪਾਂ ਨੂੰ ਡਿਜੀਟਾਈਜ਼ ਕਰਨ ਵਾਸਤੇ ਪ੍ਰੋਜੈਕਟ ਸ਼ੁਰੂ ਕਰਨ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ।

# ਗੁਰਬਾਣੀ ਸੋਧ ਬਿੱਲ: ਸਪਸ਼ਟੀਕਰਨ ਲਈ ਮੁੱਖ ਮੰਤਰੀ ਨੂੰ ਆਖਰੀ ਮੌਕਾ

**ਅੰਮ੍ਰਿਤਸਰ:** ਪੰਜਾਬ ਵਿਧਾਨ ਸਭਾ ਵਿਚ ਗੁਰਬਾਣੀ ਸੋਧ ਬਿੱਲ ਪਾਸ ਕਰਨ ਦੇ ਮਾਮਲੇ ਵਿਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅੱਜ ਦੂਜੀ ਵਾਰ ਵੀ ਮੁਤਵਾਜ਼ੀ ਜਥੇਦਾਰ ਨੂੰ ਕੋਈ ਸਪਸ਼ਟੀਕਰਨ ਨਹੀਂ ਦਿੱਤਾ ਗਿਆ। ਇਸ ਮਾਮਲੇ ਵਿਚ ਮੁੱਖ ਮੰਤਰੀ ਨੂੰ ਸਪਸ਼ਟੀਕਰਨ ਦੇਣ ਲਈ ਤੀਸਰਾ ਤੇ ਆਖਰੀ ਮੌਕਾ ਦਿੰਦਿਆਂ 19 ਜੁਲਾਈ ਨੂੰ ਸ੍ਰੀ ਅਕਾਲ ਤਖਤ 'ਤੇ ਪੇਸ਼ ਹੋਣ ਲਈ ਕਿਹਾ ਗਿਆ ਹੈ।



ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਕਿਹਾ ਕੇ ਮੁੱਖ ਮੰਤਰੀ ਨੂੰ ਅੱਜ 8 ਜੁਲਾਈ ਨੂੰ ਪੇਸ਼ ਹੋਣ ਦਾ ਦੂਜਾ ਮੌਕਾ ਦਿੱਤਾ ਗਿਆ ਸੀ, ਪਰ ਨਾ ਉਹ ਖੁਦ ਆਏ ਤੇ ਨਾ ਹੀ ਸਪਸ਼ਟੀਕਰਨ ਭੇਜਿਆ। ਉਨ੍ਹਾਂ ਕਿਹਾ ਕਿ ਗੁਰੂ ਘਰ ਦਾ ਸਿਧਾਂਤ ਹੈ ਕਿ ਹਰ ਕਿਸੇ ਨੂੰ ਭੁੱਲ ਬਖਸ਼ਾਉਣ ਵਾਸਤੇ ਮੌਕਾ ਦਿੱਤਾ ਜਾਵੇ। ਇਸੇ ਤਹਿਤ ਮੁੱਖ ਮੰਤਰੀ ਨੂੰ ਤੀਜਾ ਤੇ ਆਖਰੀ ਮੌਕਾ ਦਿੰਦਿਆਂ 19 ਜੁਲਾਈ ਨੂੰ ਸੱਦਿਆ ਗਿਆ ਹੈ। ਜੇਕਰ ਹੁਣ ਵੀ ਮੁੱਖ ਮੰਤਰੀ ਪੇਸ਼ ਨਹੀਂ ਹੁੰਦੇ ਤਾਂ 19 ਜੁਲਾਈ ਨੂੰ ਉਨ੍ਹਾਂ ਖਿਲਾਫ ਪੰਥਕ ਰਵਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਸ੍ਰੀ ਮੰਡ ਨੇ ਕਿਹਾ ਕਿ ਮੁੱਖ ਮੰਤਰੀ ਨੇ ਸਿੱਖ ਗੁਰਦੁਆਰਾ ਐਕਟ 1925 ਨਾਲ ਛੇੜਛਾੜ ਕਰਦਿਆਂ ਵਿਧਾਨ ਸਭਾ ਵਿੱਚ ਮਤਾ ਪਾਸ ਕਰ ਕੇ ਗੁਰਦੁਆਰਾ ਕਮੇਟੀ ਦੇ ਪ੍ਰਬੰਧ ਵਿਚ ਸਰਕਾਰੀ ਦਖਲ ਦਾ ਰਾਹ ਪੱਧਰਾ ਕੀਤਾ ਹੈ ਤੇ ਵਿਧਾਨ ਸਭਾ ਵਿਚ ਸਿੱਖਾਂ ਦੇ ਕਕਾਰਾਂ ਬਾਰੇ ਭੱਦੀਆਂ ਟਿੱਪਣੀਆਂ ਕੀਤੀਆਂ ਹਨ। ਇਸੇ ਬਾਰੇ ਉਨ੍ਹਾਂ ਤੋਂ ਸਪਸ਼ਟੀਕਰਨ ਦੀ ਮੰਗ ਕੀਤੀ ਗਈ ਹੈ।

# ਸੁੱਕੇ ਪ੍ਰਸ਼ਾਦਿਆਂ ਦੀ ਵਿਕਰੀ 'ਚ ਬੇਨਿਯਮੀ ਮਾਮਲੇ ਦੀ ਮੁੜ ਜਾਂਚ ਦੇ ਹੁਕਮ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਲੰਗਰ ਘਰ ਵਿਚ ਬਚੇ ਹੋਏ ਸੁੱਕੇ ਪ੍ਰਸਾਦਿਆਂ ਦੀ ਵਿਕਰੀ 'ਚ ਹੋਈ ਬੇਨਿਯਮੀ ਦੇ ਮਾਮਲੇ ਦੀ ਮੁੜ ਜਾਂਚ ਦੇ ਆਦੇਸ਼ ਦਿੱਤੇ ਜਾਣ ਤੋਂ ਬਾਅਦ ਇਸ ਮਾਮਲੇ ਵਿਚ ਫਸੇ ਕਈ ਕਰਮਚਾਰੀਆਂ ਨੇ ਰਾਹਤ ਮਹਿਸੂਸ ਕੀਤੀ ਹੈ। ਇਸ ਨਾਲ ਉਨ੍ਹਾਂ ਨੂੰ ਇਨਸਾਫ ਮਿਲਣ ਦੀ ਆਸ ਬੱਝੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਵਿਚ 51 ਕਰਮਚਾਰੀ ਮੁਅੱਤਲ ਕੀਤੇ ਗਏ ਹਨ, ਜਿਨ੍ਹਾਂ 'ਚ ਸਟੋਰਕੀਪਰ, ਸੁਪਰਵਾਈਜ਼ਰ, ਇੰਸਪੈਕਟਰ ਅਤੇ ਮੈਨੇਜਰ ਪੱਧਰ ਤੇ ਅਧਿਕਾਰੀ ਸ਼ਾਮਲ ਹਨ।



ਇਸ ਮਾਮਲੇ ਵਿਚ ਫਸੇ ਕਰਮਚਾਰੀਆਂ ਵੱਲੋਂ ਹਾਲ ਹੀ ਵਿਚ ਲਿਖਤੀ ਰੂਪ ਵਿਚ ਆਪਣਾ ਰੋਸ ਦਰਜ ਕਰਵਾਇਆ ਗਿਆ ਸੀ। ਸ਼੍ਰੋਮਣੀ ਕਮੇਟੀ ਦੇ ਸਕੱਤਰ ਨੂੰ ਰੋਸ ਪੱਤਰ ਦੇ ਕੇ ਉਨ੍ਹਾਂ ਅਫਸੋਸ ਦਾ ਪ੍ਰਗਟਾਵਾ ਕੀਤਾ ਸੀ ਕਿ ਉਨ੍ਹਾਂ ਦਾ ਪੱਖ ਸੁਣੇ ਬਿਨਾਂ ਹੀ ਸਜਾ ਸੁਣਾ ਦਿੱਤੀ ਗਈ ਹੈ। ਉਹ ਇਸ ਮਾਮਲੇ ਵਿਚ ਸਿੱਧੇ ਰੂਪ ਵਿਚ ਸ਼ਾਮਲ ਨਹੀਂ ਹਨ। ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਲਈ ਇਕ ਸਬ-ਕਮੇਟੀ ਬਣਾਈ ਗਈ ਹੈ, ਜਿਸ 'ਚ ਸ਼੍ਰੋਮਣੀ ਕਮੇਟੀ ਦੇ ਪੰਜ ਮੈਂਬਰ ਸ਼ਾਮਲ ਕੀਤੇ ਗਏ ਹਨ। ਸਬ-ਕਮੇਟੀ ਦੇ ਮੈਂਬਰਾਂ ਵਿਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰ, ਜਰਨਲ ਸਕੱਤਰ ਗੁਰਚਰਨ ਸਿੰਘ ਗਰੇਵਾਲ, ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਰੰਧਾਵਾ, ਸ਼ੇਰ ਸਿੰਘ ਮੰਡ ਵਾਲਾ ਅਤੇ ਸੁਰਜੀਤ ਸਿੰਘ ਤੁਗਲਵਾਲ ਸ਼ਾਮਲ ਹਨ। ਇਸ ਮਾਮਲੇ 'ਚ ਫਸੇ ਮੈਨੇਜਰ ਪੱਧਰ ਦੇ ਕੁਝ ਕਰਮਚਾਰੀਆਂ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦਾ ਪੱਖ ਵੀ ਸੁਣਿਆ ਜਾਵੇਗਾ, ਜਿਸ ਨਾਲ ਉਹ ਰਾਹਤ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਕਾਰਵਾਈ ਨਾਲ ਉਨ੍ਹਾਂ ਨੂੰ ਨਿਆਂ ਮਿਲਣ ਦਾ ਭਰੋਸਾ ਮਿਲਿਆ ਹੈ।

ਦੱਸ ਦਈਏ ਕਿ ਮੁਅੱਤਲ ਕੀਤੇ ਗਏ 51 ਮੁਲਾਜ਼ਮਾਂ ਵਿਚੋਂ ਵੱਡੀ ਗਿਣਤੀ ਨੇ ਸ਼੍ਰੋਮਣੀ ਕਮੇਟੀ ਦੇ ਫੈਸਲਾ ਦਾ ਵਿਰੋਧ ਕਰਦਿਆਂ ਇਹ ਫੈਸਲਾ ਮੁੜ ਵਿਚਾਰਨ ਦੀ ਅਪੀਲ ਕੀਤੀ ਸੀ। ਉਨ੍ਹਾਂ ਇਹ ਮਾਮਲਾ ਸ਼੍ਰੋਮਣੀ ਕਮੇਟੀ ਦੇ ਸਕੱਤਰ ਦੇ ਧਿਆਨ ਵਿਚ ਲਿਆ ਕੇ ਉਕਤ ਕਾਰਵਾਈ ਦਾ ਵਿਰੋਧ ਕੀਤਾ। ਉਨ੍ਹਾਂ ਆਖਿਆ ਕਿ ਉਹ ਸਿੱਧੇ ਤੌਰ 'ਤੇ ਇਸ ਮਾਮਲੇ ਵਿਚ ਸ਼ਾਮਲ ਨਹੀਂ ਹਨ ਜਦੋਂਕਿ ਉਨ੍ਹਾਂ ਨੂੰ ਆਪਣੀ ਸਫਾਈ ਦੇਣ ਦਾ ਮੌਕਾ ਵੀ ਨਹੀਂ ਦਿੱਤਾ ਗਿਆ। ਇਨ੍ਹਾਂ ਮੁਲਾਜ਼ਮਾਂ ਦੇ ਹੱਕ ਵਿਚ ਸ਼੍ਰੋਮਣੀ ਕਮੇਟੀ ਦੀ ਵਿਰੋਧੀ ਧਿਰ ਵੀ ਨਿੱਤਰ ਆਈ ਸੀ। ਵਿਰੋਧੀ ਧਿਰ ਦੇ ਮੈਂਬਰਾਂ ਨੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਨੇ ਕੋਈ ਗੁਨਾਹ ਨਹੀਂ ਕੀਤਾ ਅਤੇ ਸਿਰਫ ਅਣਗਹਿਲੀ ਵਰਤੀ ਹੈ, ਉਨ੍ਹਾਂ ਮੁਲਾਜ਼ਮਾਂ ਨੂੰ ਰਾਹਤ ਦੇਣੀ ਚਾਹੀਦੀ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਮੈਂਬਰ ਗੁਰਪ੍ਰੀਤ ਸਿੰਘ ਰੰਧਾਵਾ, ਜਸਵੰਤ ਸਿੰਘ ਅਤੇ ਸਰਬੰਸ ਸਿੰਘ ਮਾਣਕੀ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਆਖਿਆ ਕਿ ਲੰਗਰ ਘਰ ਦੇ ਪ੍ਰਸਾਦਿਆਂ ਦੀ ਵਿਕਰੀ ਦੇ ਮਾਮਲੇ ਵਿਚ ਹੋਈ ਬੇਨਿਯਮੀ ਖਿਲਾਫ ਕੀਤੀ ਗਈ ਕਾਰਵਾਈ ਸਵਾਗਤ ਯੋਗ ਹੈ। ਮੁਲਜ਼ਮਾਂ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਣਗਹਿਲੀ ਵਰਤਣ ਵਾਲੇ ਮੁਲਾਜ਼ਮਾਂ ਨੂੰ ਰਾਹਤ ਦੇਣੀ ਚਾਹੀਦੀ ਹੈ ਤੇ ਉਨ੍ਹਾਂ ਨੂੰ ਭਵਿੱਖ ਵਾਸਤੇ ਚਿਤਾਵਨੀ ਦਿੱਤੀ ਜਾਵੇ। ਦੱਸਣਯੋਗ ਹੈ ਕਿ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ 51 ਕਰਮਚਾਰੀ ਮੁਅੱਤਲ ਕੀਤੇ ਗਏ ਹਨ ਜਿਨ੍ਹਾਂ ਵਿਚ ਅੱਠ ਮੈਨੇਜਰ ਵੀ ਸ਼ਾਮਲ ਹਨ। ਇਹ ਮੈਨੇਜਰ ਵੱਖ-ਵੱਖ ਸਮਿਆਂ 'ਤੇ ਲੰਗਰ ਘਰ ਦੇ ਪ੍ਰਬੰਧਕ ਰਹੇ ਹਨ। ਪਰ ਕੁਝ ਇਕ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਸਮੇਂ ਵਿਚ ਤਾਂ ਸੁੱਕੇ ਪ੍ਰਸਾਦਿਆਂ ਦੀ ਵਿਕਰੀ ਵੀ ਨਹੀਂ ਹੋਈ ਸੀ। ਪਰ ਕਾਰਵਾਈ ਵਿਚ ਉਨ੍ਹਾਂ ਨੂੰ ਵੀ ਸ਼ਾਮਲ ਕਰ ਦਿੱਤਾ ਗਿਆ।

# ਸਮਾਜਿਕ ਸੁਰੱਖਿਆ ਵਿਭਾਗ ਨੇ ਪੈਨਸ਼ਨਾਂ ਦੀ ਪੜਤਾਲ ਅਰੰਭੀ

**ਚੰਡੀਗੜ੍ਹ:** ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਸੂਬੇ ਦੇ ਸਮੂਹ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਹੈ ਕਿ 15 ਦਿਨਾਂ ਦੇ ਅੰਦਰ-ਅੰਦਰ ਅਸਲ ਬੁਢਾਪਾ ਪੈਨਸ਼ਨ ਲਾਭਪਾਤਰੀਆਂ ਦੀ ਆਮਦਨ ਸਬੰਧੀ ਦਸਤਾਵੇਜ਼ ਹਾਸਲ ਕੀਤੇ ਜਾਣ ਤਾਂ ਜੋ ਬੁਢਾਪਾ ਪੈਨਸ਼ਨ ਦਾ ਲਾਭ ਲੋੜਵੰਦ ਅਤੇ ਯੋਗ ਵਿਅਕਤੀਆਂ ਨੂੰ ਹੀ ਮਿਲ ਸਕੇ। ਉਨ੍ਹਾਂ ਦੱਸਿਆ ਕਿ ਪੈਨਸ਼ਨਾਂ ਸਬੰਧੀ ਅਰੰਭੀ ਕਾਰਵਾਈ ਦੌਰਾਨ ਸਾਹਮਣੇ ਆਇਆ ਕਿ ਜੇ ਫਾਰਮ ਹੋਲਡਰਾਂ ਵਿਚੋਂ 63,424 ਅਜਿਹੇ ਵਿਅਕਤੀ ਹਨ ਜੋ ਵਿਭਾਗ ਵੱਲੋਂ ਬੁਢਾਪਾ ਪੈਨਸ਼ਨ ਲੈ ਰਹੇ ਹਨ ਅਤੇ ਇਨ੍ਹਾਂ ਦੀ ਸਾਲਾਨਾ ਆਮਦਨ 60 ਹਜ਼ਾਰ ਰੁਪਏ ਤੋਂ ਵੱਧ ਹੈ। ਜਦਕਿ ਬੁਢਾਪਾ ਪੈਨਸ਼ਨ ਲਈ ਲਾਭਪਾਤਰੀ ਦੀ ਸਾਲਾਨਾ ਆਮਦਨ 60 ਹਜ਼ਾਰ ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ। ਮੰਤਰੀ ਨੇ ਦੱਸਿਆ ਕਿ ਕਈ ਬੁਢਾਪਾ ਪੈਨਸ਼ਨਰ ਕਿਸਾਨ




ਵਰਗ ਨਾਲ ਸਬੰਧਤ ਹਨ। ਅਜਿਹੇ ਵਿਅਕਤੀਆਂ ਦੀ ਪਛਾਣ ਕਰਨ ਉਪਰੰਤ ਮੰਤਰੀ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਕਿ ਸਬੰਧਤਾਂ ਨੂੰ 15 ਦਿਨਾਂ ਦਾ ਨੋਟਿਸ ਜਾਰੀ ਕੀਤਾ ਜਾਵੇ ਅਤੇ ਲਾਭਪਾਤਰੀ ਆਪਣੀ ਆਮਦਨ ਸਬੰਧੀ ਦਸਤਾਵੇਜ਼ ਲੈ ਕੇ ਆਉਣ।

# ਸ਼੍ਰੋਮਣੀ ਕਮੇਟੀ ਵੱਲੋਂ ਯੂਟਿਊਬ ਚੈਨਲ ਸ਼ੁਰੂ ਕਰਨ ਦੀ ਤਿਆਰੀ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਵਿਚ ਹੁੰਦੇ ਗੁਰਬਾਣੀ ਦੇ ਕੀਰਤਨ ਦਾ ਸਿੱਧਾ ਪ੍ਰਸਾਰਨ ਦੇਸ਼-ਵਿਦੇਸ਼ ਵਿਚ ਵਸਦੇ ਸਰਧਾਲੂਆਂ ਤੱਕ ਸ਼੍ਰੋਮਣੀ ਕਮੇਟੀ ਵੱਲੋਂ ਇਸ ਮਹੀਨੇ ਦੇ ਅਖੀਰਲੇ ਹਫਤੇ ਤੱਕ ਯੂਟਿਊਬ ਚੈਨਲ ਰਾਹੀਂ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਸਬ ਕਮੇਟੀ ਦੀਆਂ ਮੀਟਿੰਗਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਦੱਸਣਯੋਗ ਹੈ ਕਿ ਗੁਰਬਾਣੀ ਦੇ ਸਿੱਧੇ ਪ੍ਰਸਾਰਨ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਇਕ ਨਿੱਜੀ ਚੈਨਲ ਨਾਲ ਕੀਤਾ ਗਿਆ ਸਮਝੌਤਾ ਜੁਲਾਈ ਮਹੀਨੇ ਵਿਚ ਖਤਮ ਹੋ ਰਿਹਾ ਹੈ, ਜਿਸ ਮਗਰੋਂ ਹਾਲ ਦੀ ਘੜੀ ਸ਼੍ਰੋਮਣੀ ਕਮੇਟੀ ਯੂਟਿਊਬ ਚੈਨਲ ਰਾਹੀਂ ਇਹ ਸਿੱਧਾ ਪ੍ਰਸਾਰਨ ਜਾਰੀ ਰੱਖੇਗੀ। ਇਸ ਤਜਰਬੇ ਨੂੰ ਆਧਾਰ ਬਣਾ ਕੇ ਸ਼੍ਰੋਮਣੀ ਕਮੇਟੀ ਵੱਲੋਂ ਭਵਿੱਖ ਵਿਚ ਆਪਣਾ ਸੈਟੇਲਾਈਟ ਚੈਨਲ ਸ਼ੁਰੂ ਕਰਨ ਦੀ ਯੋਜਨਾ ਘੜੀ ਜਾਵੇਗੀ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੀਡੀਆ ਸਾਹਮਣੇ ਸਪਸ਼ਟ ਕੀਤਾ ਸੀ ਕਿ ਸ਼੍ਰੋਮਣੀ ਕਮੇਟੀ ਵੱਲੋਂ



ਆਪਣਾ ਸੈਟੇਲਾਈਟ ਚੈਨਲ ਸ਼ੁਰੂ ਕਰਨ ਬਾਰੇ ਵੀ ਵਿਚਾਰ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਯੂਟਿਊਬ ਚੈਨਲ ਰਾਹੀਂ ਫਿਲਹਾਲ ਨਿੱਜੀ ਚੈਨਲ ਵਾਂਗ ਹੀ ਸਵੇਰੇ ਅਤੇ ਸ਼ਾਮ ਨਿਰਧਾਰਿਤ ਸਮੇਂ 'ਤੇ ਗੁਰਬਾਣੀ ਦੇ ਕੀਰਤਨ ਦਾ ਸਿੱਧਾ ਪ੍ਰਸਾਰਨ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਯੂਟਿਊਬ ਚੈਨਲ 'ਤੇ ਕਿਸੇ ਕਿਸਮ ਦਾ ਇਸ਼ਤਿਹਾਰ ਨਹੀਂ ਦਿਖਾਇਆ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਹੀ ਯੂਟਿਊਬ ਚੈਨਲ ਚਲਾਇਆ ਜਾ ਰਿਹਾ ਹੈ ਜਿਸ ਉੱਪਰ ਸਿੱਖ ਸੰਸਥਾ ਦੀਆਂ ਵੱਖ-ਵੱਖ ਗਤੀਵਿਧੀਆਂ ਨੂੰ ਦਿਖਾਇਆ ਜਾ ਰਿਹਾ ਹੈ ਅਤੇ ਕਈ ਪ੍ਰੋਗਰਾਮਾਂ ਦਾ ਸਿੱਧਾ ਪ੍ਰਸਾਰਨ ਵੀ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦਾ ਇਹ ਤਜਰਬਾ ਗੁਰਬਾਣੀ ਦੇ ਕੀਰਤਨ ਦੇ ਸਿੱਧੇ ਪ੍ਰਸਾਰਨ ਵਿੱਚ ਵੀ ਸਹਾਈ ਸਾਬਤ ਹੋਵੇਗਾ।

# ਈ.ਟੀ.ਟੀ. ਪ੍ਰੀਖਿਆ ਵਿਚ ਪੰਜਾਬੀ ਵਿਚੋਂ 27 ਫੀਸਦੀ ਉਮੀਦਵਾਰ ਫੇਲ੍ਹ

**ਚੰਡੀਗੜ੍ਹ:** ਪੰਜਾਬ ਵਿਚ ਸਕੂਲ ਸਿੱਖਿਆ ਵਿਭਾਗ ਵੱਲੋਂ ਪ੍ਰਾਇਮਰੀ ਅਧਿਆਪਕਾਂ ਦੀ ਭਰਤੀ ਕਰਨ ਵਾਸਤੇ ਲਈ ਗਈ ਈ.ਟੀ.ਟੀ. ਪ੍ਰੀਖਿਆ ਵਿਚ 27 ਫੀਸਦੀ ਉਮੀਦਵਾਰ ਪੰਜਾਬੀ ਵਿਸ਼ੇ 'ਚ ਫੇਲ੍ਹ ਹੋ ਗਏ ਹਨ। ਇਹ ਨਤੀਜਾ ਸਕੂਲ ਸਿੱਖਿਆ ਵਿਭਾਗ ਪੰਜਾਬ ਨੇ ਆਪਣੀ ਵੈਬਸਾਈਟ ਰਾਹੀਂ ਜਾਰੀ ਕੀਤਾ ਹੈ। ਜਾਣਕਾਰੀ ਅਨੁਸਾਰ ਈ.ਟੀ.ਟੀ. ਦੀ ਪ੍ਰੀਖਿਆ ਦੇਣ ਲਈ ਸੂਬੇ ਦੇ 22,358 ਉਮੀਦਵਾਰਾਂ ਨੇ ਫਾਰਮ ਭਰੇ ਸਨ।

ਇਸ ਵਿਚੋਂ ਕੁੱਲ 19,855 ਉਮੀਦਵਾਰ ਲਿਖਤੀ ਪ੍ਰੀਖਿਆ ਵਿਚ ਬੈਠੇ ਸਨ ਜਿਨ੍ਹਾਂ ਵਿਚੋਂ




14,360 ਉਮੀਦਵਾਰਾਂ ਨੇ 50 ਫ਼ੀਸਦ ਅੰਕ ਹਾਸਲ ਕਰਕੇ ਪੰਜਾਬੀ ਭਾਸ਼ਾ ਦੀ ਪ੍ਰੀਖਿਆ ਪਾਸ ਕਰ ਲਈ ਹੈ ਜਦੋਂਕਿ 5,495 ਉਮੀਦਵਾਰ ਪੰਜਾਬੀ ਭਾਸ਼ਾ ਦੀ ਪਹਿਲੀ ਪ੍ਰੀਖਿਆ ਵਿਚੋਂ 50 ਫ਼ੀਸਦ ਅੰਕ ਵੀ ਹਾਸਲ ਕਰਨ 'ਚ ਨਾਕਾਮ ਰਹੇ ਹਨ ਜਿਨ੍ਹਾਂ ਦੀ ਦਰ 27 ਫ਼ੀਸਦੀ ਬਣਦੀ ਹੈ। ਈ.ਟੀ.ਟੀ. ਦੇ ਨਤੀਜਿਆਂ 'ਤੇ ਨਜ਼ਰ ਮਾਰਨ 'ਤੇ ਸਾਹਮਣੇ ਆਉਂਦਾ ਹੈ ਕਿ ਪੰਜਾਬੀ ਦੀ ਪ੍ਰੀਖਿਆ ਵਿਚੋਂ ਫੇਲ੍ਹ ਹੋਣ ਵਾਲੇ 5,495 ਉਮੀਦਵਾਰਾਂ ਵਿਚੋਂ 1,666 ਉਮੀਦਵਾਰਾਂ ਦੇ ਨੰਬਰ 40 ਫ਼ੀਸਦ ਤੋਂ ਘੱਟ ਆਏ ਹਨ। ਇਸੇ ਤਰ੍ਹਾਂ 132 ਉਮੀਦਵਾਰਾਂ ਦੇ ਨੰਬਰ 30 ਫ਼ੀਸਦ ਅਤੇ 20 ਉਮੀਦਵਾਰਾਂ ਦੇ ਨੰਬਰ 25 ਤੋਂ ਵੀ ਘੱਟ ਆਏ ਹਨ। ਗੌਰਤਲਬ ਹੈ ਕਿ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਲਈ ਕੱਢੀਆਂ ਜਾਣ ਵਾਲੀਆਂ ਅਸਾਮੀਆਂ ਵਿਚ ਪੰਜਾਬੀ ਵਿਸ਼ੇ ਦੀ ਪ੍ਰੀਖਿਆ ਲਾਜ਼ਮੀ ਕਰ ਦਿੱਤੀ ਗਈ ਹੈ। ਇਸ ਪ੍ਰੀਖਿਆ ਵਿਚੋਂ ਘੱਟੋ-ਘੱਟ ਪੰਜਾਹ ਫ਼ੀਸਦੀ ਅੰਕ ਹਾਸਲ ਕਰਨੇ ਲਾਜ਼ਮੀ ਹਨ ਜਦੋਂਕਿ 50 ਫ਼ੀਸਦ ਅੰਕ ਹਾਸਲ ਨਾ ਕਰਨ ਵਾਲੇ ਉਮੀਦਵਾਰ ਅੱਗੇ ਈ.ਟੀ.ਟੀ. ਦੀ ਪ੍ਰੀਖਿਆ ਵਿਚ ਨਹੀਂ ਬੈਠ ਸਕਦੇ। ਇਸ ਤੋਂ ਪਹਿਲਾਂ ਵੀ ਆਬਕਾਰੀ ਤੇ ਕਰ ਇੰਸਪੈਕਟਰਾਂ ਦੀ ਭਰਤੀ ਵਾਸਤੇ ਹੋਈ ਪ੍ਰੀਖਿਆ ਵਿਚ ਵੀ 38 ਫ਼ੀਸਦ ਦੇ ਕਰੀਬ ਉਮੀਦਵਾਰ ਪੰਜਾਬੀ ਭਾਸ਼ਾ ਵਿਚੋਂ ਫੇਲ੍ਹ ਹੋ ਗਏ ਸਨ। ਇਸੇ ਤਰ੍ਹਾਂ ਅਧੀਨ ਸੇਵਾਵਾਂ ਬੋਰਡ ਵੱਲੋਂ ਸਟੈਨੋ ਟਾਈਪਿਸਟਾਂ ਦੀਆਂ ਅਸਾਮੀਆਂ ਵਾਸਤੇ ਲਈ ਗਈ ਲਿਖਤੀ ਪ੍ਰੀਖਿਆ ਵਿਚ 4627 ਉਮੀਦਵਾਰਾਂ ਵਿਚੋਂ 2038 ਉਮੀਦਵਾਰ ਪੰਜਾਬੀ ਵਿਚੋਂ ਫੇਲ੍ਹ ਹੋ ਗਏ ਸਨ।

# 50 ਸਾਲਾ ਅਧਿਕਾਰੀਆਂ ਨੂੰ 'ਸੇਵਾਮੁਕਤ' ਕਰਨ ਦੀ ਤਿਆਰੀ

**ਜਗਰਾਉਂ:** ਕਿਸਾਨ ਵਿਰੋਧੀ ਫੈਸਲਿਆਂ ਕਰਕੇ ਚਰਚਾ 'ਚ ਰਹਿਣ ਵਾਲੇ ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਦੇ ਤਾਜ਼ਾ ਪੱਤਰ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਪੰਜਾਬ ਖਿੱਤੇ ਦੇ 50 ਸਾਲ ਦੀ ਉਮਰ ਟੱਪ ਚੁੱਕੇ ਦਰਜਨਾਂ ਅਧਿਕਾਰੀਆਂ ਨੂੰ ਸੇਵਾਮੁਕਤੀ ਵਾਲੇ ਪੱਤਰ ਮਿਲੇ ਹਨ। ਅਚਨਚੇਤ ਇਹ ਪੱਤਰ ਮਿਲਣ ਨਾਲ ਅਧਿਕਾਰੀਆਂ ਨੂੰ ਝਟਕਾ ਲੱਗਿਆ ਹੈ। ਐਫ.ਸੀ.ਆਈ. ਦੇ ਪੱਤਰ 'ਚ ਪੰਜਾਬ ਖਿੱਤੇ ਨਾਲ ਸਬੰਧਤ ਪੰਜਾਹ ਸਾਲ ਤੋਂ ਉੱਪਰ ਵਾਲੇ ਡਿਪੂ ਮੈਨੇਜਰਾਂ ਤੇ ਹੋਰਨਾਂ ਅਧਿਕਾਰੀਆਂ ਨੂੰ ਸੇਵਾਮੁਕਤ ਕਰਨ ਬਾਰੇ ਸਪਸ਼ਟ ਲਿਖਿਆ ਗਿਆ ਹੈ। ਨਿਗਮ ਦੇ ਐਗਜ਼ੀਕਿਊਟਿਵ ਡਾਇਰੈਕਟਰ (ਨਾਰਥ ਜ਼ੋਨ) ਸਚੇਂਦਰ ਪਟਨਾਇਕ ਦੇ ਦਸਤਖਤਾਂ ਹੇਠ ਇਹ ਪੱਤਰ 5 ਜੁਲਾਈ ਨੂੰ ਜਾਰੀ ਹੋਇਆ ਹੈ। ਐੱਫ.ਸੀ.ਆਈ. ਦੇ ਸੂਤਰਾਂ ਨੇ ਦੱਸਿਆ ਕਿ ਪੰਜਾਬ ਦੇ ਕਈ ਜ਼ਿਲ੍ਹਿਆਂ ਦੇ ਦਰਜਨਾਂ ਅਧਿਕਾਰੀਆਂ ਨੂੰ ਇਸ ਪੱਤਰ ਰਾਹੀਂ ਸੇਵਾਮੁਕਤ ਕਰਨ ਦਾ ਫਰਮਾਨ ਜਾਰੀ ਕਰ ਦਿੱਤਾ ਗਿਆ ਹੈ ਜਿਸ ਵੀ ਅਧਿਕਾਰੀ ਦੀ ਉਮਰ ਪੰਜਾਹ ਸਾਲ ਤੋਂ ਭਾਵੇਂ ਕੁਝ ਮਹੀਨੇ ਜਾਂ ਹਫ਼ਤੇ ਵੀ ਉੱਪਰ ਹੈ ਉਸ ਨੂੰ ਸੇਵਾਮੁਕਤ ਕੀਤਾ ਜਾ ਰਿਹਾ ਹੈ। ਅਜਿਹਾ ਪੱਤਰ ਪ੍ਰਾਪਤ ਕਰਨ ਵਾਲੇ ਇਕ ਅਧਿਕਾਰੀ ਨੇ ਦੱਸਿਆ ਕਿ ਹਾਲੇ ਕਈ ਸਾਲ ਦੀ ਨੌਕਰੀ ਰਹਿੰਦੀ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਘਰੀਂ ਕਿਉਂ ਤੋਰਿਆ ਜਾ ਰਿਹਾ ਹੈ। ਬੀ.ਕੇ.ਯੂ. ਏਕਤਾ (ਡਕੌਂਦਾ) ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਕਿਹਾ ਕਿ ਐਫ.ਸੀ.ਆਈ. ਦਾ ਇਹ ਪੱਤਰ ਮੋਦੀ ਹਕੂਮਤ ਦੇ ਇਸ਼ਾਰੇ 'ਤੇ ਜਾਰੀ ਹੋਇਆ ਹੈ। ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਦਾ ਕਹਿਣਾ ਸੀ ਕਿ ਐਫ.ਸੀ.ਆਈ. ਵੀ ਆਪਣੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਜਬਰਨ ਘਰ ਤੋਰਨ ਦੇ ਰਾਹ ਪੈ ਗਈ ਹੈ।

Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

**Punjab Times**

**Established in 2000**
**24th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਵਿਜੀਲੈਂਸ ਨੇ ਇਕ ਹੋਰ ਸੇਵਾਮੁਕਤ ਪਟਵਾਰੀ ਕਾਬੂ ਕੀਤਾ

**ਮੁਹਾਲੀ:** ਸੂਬੇ ਵਿਚ ਭ੍ਰਿਸ਼ਟਾਚਾਰ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਪੰਜਾਬ ਵਿਜੀਲੈਂਸ ਬਿਊਰੋ ਨੇ ਸੇਵਾਮੁਕਤ ਪਟਵਾਰੀ ਸੁਰਿੰਦਰਪਾਲ ਨੂੰ ਅਮਰੂਦਾਂ ਦੇ ਬੂਟਿਆਂ ਦੇ ਮੁਆਵਜ਼ੇ ਵਿਚ ਹੋਏ ਕਰੋੜਾਂ ਰੁਪਏ ਦੇ ਕਥਿਤ ਘਪਲੇ ਸਬੰਧੀ ਗ੍ਰਿਫ਼ਤਾਰ ਕੀਤਾ ਹੈ। ਪਟਵਾਰੀ ਕਥਿਤ ਘਪਲੇ ਸਮੇਂ ਲੈਂਡ ਐਕੁਜ਼ੀਸ਼ਨ ਕੁਲੈਕਟਰ (ਐੱਲ.ਏ.ਸੀ.) ਗਰੇਟਰ ਮੁਹਾਲੀ ਏਰੀਆ ਡਿਵੈੱਲਪਮੈਂਟ ਅਥਾਰਟੀ (ਗਮਾਡਾ) ਦੇ ਦਫਤਰ ਵਿਚ ਤਾਇਨਾਤ ਸੀ। ਇਸ ਮਾਮਲੇ ਵਿਚ ਇਹ 19ਵੀਂ ਗ੍ਰਿਫਤਾਰੀ ਹੈ। ਜ਼ਿਲ੍ਹਾ ਐਸ.ਏ.ਐਸ. ਨਗਰ (ਮੁਹਾਲੀ) ਦੇ ਪਿੰਡ ਬਾਕਰਪੁਰ ਵਿਚ ਗਮਾਡਾ ਵੱਲੋਂ ਗ੍ਰਹਿਣ ਕੀਤੀ ਜ਼ਮੀਨ ਦੇ ਬਦਲੇ ਜਾਰੀ ਕੀਤੇ ਕਰੋੜਾਂ ਰੁਪਏ ਦੇ ਮੁਆਵਜ਼ੇ ਵਿਚ ਇਹ ਘਪਲਾ ਹੋਇਆ ਸੀ। ਇਸ ਮੁਲਜ਼ਮ ਦੇ ਸਾਥੀ ਪਟਵਾਰੀ ਸੁਰਿੰਦਰਪਾਲ ਸਿੰਘ ਨੂੰ ਸ੍ਰੀ ਮੁਕਤਸਰ ਸਾਹਿਬ ਤੋਂ ਗ੍ਰਿਫਤਾਰ ਕੀਤਾ ਗਿਆ ਸੀ।

ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸੁਰਿੰਦਰਪਾਲ ਨੇ ਗਲਤ ਲਾਭਪਾਤਰੀਆਂ ਨੂੰ ਮੁਆਵਜ਼ੇ ਦਾ ਲਾਭ ਦਿਵਾਉਣ ਲਈ ਗਲਤ ਸੂਚਨਾ ਦੇਣ ਵਿਚ ਕਥਿਤ ਤੌਰ 'ਤੇ ਅਹਿਮ ਭੂਮਿਕਾ ਨਿਭਾਈ ਸੀ। ਬਾਗਬਾਨੀ ਵਿਭਾਗ ਵੱਲੋਂ ਮੁਆਵਜ਼ੇ ਦੀ ਸਿਫਾਰਸ਼ ਲਈ ਐੱਲ.ਏ.ਸੀ. ਗਮਾਡਾ ਨੂੰ ਭੇਜੀ ਗਈ ਮੁਲਾਂਕਣ ਰਿਪੋਰਟ ਵਿਚ



ਕੁਝ ਜ਼ਮੀਨ ਮਾਲਕਾਂ ਦੇ ਨਾਂ ਅਤੇ ਜ਼ਮੀਨ ਦਾ ਹਿੱਸਾ ਮਾਲ ਰਿਕਾਰਡ ਦੇ ਹਿਸਾਬ ਨਾਲ ਸਹੀ ਨਹੀਂ ਸੀ ਪਰ ਇਸ ਪਟਵਾਰੀ ਨੇ ਇਸ ਬਾਰੇ ਇਤਰਾਜ਼ ਉਠਾਉਣ ਬਜਾਏ ਬਾਗ਼ਬਾਨੀ ਵਿਭਾਗ ਦੀ ਇਸ ਰਿਪੋਰਟ ਅਨੁਸਾਰ ਮੁਆਵਜ਼ਾ ਰਾਸ਼ੀ ਜਾਰੀ ਕਰਨ ਦੀ ਰਿਪੋਰਟ ਕਰ ਦਿੱਤੀ। ਪਟਵਾਰੀ ਦੀ ਰਿਪੋਰਟ ਦੇ ਆਧਾਰ 'ਤੇ ਨਾਇਬ-ਤਹਿਸੀਲਦਾਰ ਨੇ ਇਹ ਕੇਸ ਤਤਕਾਲੀ ਐੱਲ.ਏ.ਸੀ. ਨੂੰ ਅੱਗੇ ਭੇਜ ਦਿੱਤਾ, ਜਿਸ ਵੱਲੋਂ ਬਾਅਦ ਵਿਚ ਮੁਆਵਜ਼ੇ ਦੀਆਂ ਅਦਾਇਗੀਆਂ ਜਾਰੀ ਕਰ ਦਿੱਤੀਆਂ ਗਈਆਂ।

# ਭਾਰਤੀ ਮੂਲ ਦੀਆਂ ਚਾਰ ਔਰਤਾਂ ਫੋਰਬਸ ਦੀ ਸੂਚੀ ਵਿਚ ਸ਼ਾਮਲ

**ਨਿਊ ਯਾਰਕ:** ਭਾਰਤੀ ਮੂਲ ਦੀਆਂ ਚਾਰ ਔਰਤਾਂ ਫੋਰਬਸ ਦੀ 'ਆਪਣਾ ਮੁਕਾਮ ਖੁਦ ਹਾਸਲ ਕਰਨ ਵਾਲੀਆਂ' 100 ਸਭ ਤੋਂ ਅਮੀਰ ਔਰਤਾਂ ਦੀ ਸੂਚੀ ਵਿਚ ਜਗ੍ਹਾ ਬਣਾਉਣ 'ਚ ਸਫਲ ਰਹੀਆਂ ਹਨ। ਇਨ੍ਹਾਂ ਚਾਰ ਔਰਤਾਂ ਵਿਚ ਜੈਸ਼੍ਰੀ ਉੱਲਾਲ ਤੇ ਇੰਦਰਾ ਨੂਈ ਵੀ ਸ਼ਾਮਲ ਹਨ। ਭਾਰਤੀ ਮੂਲ ਦੀਆਂ ਇਨ੍ਹਾਂ ਚਾਰੋਂ ਔਰਤਾਂ ਦੀ ਸੰਪਤੀ ਸਮੂਹਿਕ ਤੌਰ 'ਤੇ 4.06 ਅਰਬ ਡਾਲਰ ਹੈ।

ਫੋਰਬਸ ਦੀ ਇਸ ਸੂਚੀ ਵਿਚ ਕੰਪਿਊਟਰ ਨੈੱਟਵਰਕਿੰਗ ਫਰਮ ਅਰਿਸਟਾ ਨੈੱਟਵਰਕਸ ਦੀ ਪ੍ਰਧਾਨ ਤੇ ਸੀ.ਈ.ਓ. ਜੈਸ਼੍ਰੀ ਉੱਲਾਲ, ਆਈ.ਟੀ. ਕੰਸਲਟਿੰਗ ਤੇ ਆਊਟਸੋਰਸਿੰਗ ਫਰਮ ਸਿੰਟੈਲ ਦੀ ਸਹਿ-ਸੰਸਥਾਪਕ ਨੀਰਜਾ ਸੇਠੀ, ਕਲਾਊਡ ਕੰਪਨੀ ਕੌਨਫਲਿਊਂਟ ਦੀ ਸਹਿ-ਸੰਸਥਾਪਕ ਤੇ ਸਾਬਕਾ ਚੀਫ ਟੈਕਨੌਲੋਜੀ ਅਫਸਰ (ਸੀ.ਟੀ.ਓ.) ਨੇਹਾ ਨਾਰਖੇੜੇ ਅਤੇ ਪੈਪਸਿਕੋ ਦੀ ਸਾਬਕਾ ਚੇਅਰਮੈਨ ਤੇ ਸੀ.ਈ.ਓ. ਇੰਦਰਾ ਨੂਈ ਸ਼ਾਮਲ ਹਨ। ਸ਼ੇਅਰ ਬਜ਼ਾਰਾਂ ਵਿਚ ਜਾਰੀ ਤੇਜੀ ਵਿਚਾਲੇ



ਫੋਰਬਸ ਦੀਆਂ 100 ਅਮੀਰ ਔਰਤਾਂ ਦੀ ਸੂਚੀ ਵਿਚ ਸ਼ਾਮਲ ਮਹਿਲਾ ਉੱਦਮੀਆਂ ਦੀ ਕੁੱਲ ਸੰਪਤੀ ਇਕ ਸਾਲ ਪਹਿਲਾਂ ਦੇ ਮੁਕਾਬਲੇ 12 ਫੀਸਦ ਵਧ ਕੇ 124 ਅਰਬ ਡਾਲਰ 'ਤੇ ਪਹੁੰਚ ਗਈ ਹੈ। ਉੱਲਾਲ ਸੂਚੀ ਵਿਚ 15ਵੇਂ ਸਥਾਨ 'ਤੇ ਹੈ ਅਤੇ ਉਨ੍ਹਾਂ ਦੀ ਕੁੱਲ ਸੰਪਤੀ 2.4 ਅਰਬ ਡਾਲਰ ਹੈ। ਉਹ 2008 ਤੋਂ ਜਨਤਕ ਤੌਰ 'ਤੇ ਕਾਰੋਬਾਰ ਕਰਨ ਵਾਲੇ ਅਰਿਸਟਾ ਨੈੱਟਵਰਕਸ ਦੀ ਪ੍ਰਧਾਨ ਤੇ ਸੀ.ਈ.ਓ. ਹੈ। ਅਰਿਸਟਾ ਨੇ 2022 ਵਿੱਚ ਲਗਭਗ 4.4 ਅਰਬ ਡਾਲਰ ਦਾ ਮਾਲੀਆ ਦਰਜ ਕੀਤਾ। ਉਹ ਕਲਾਊਡ ਕੰਪਿਊਟਿੰਗ ਕੰਪਨੀ ਸਨੋਫਲੇਕ ਦੇ ਬੋਰਡ ਆਫ ਡਾਇਰੈਕਟਰਜ ਵਿੱਚ ਵੀ ਸ਼ਾਮਲ ਹੈ।

ਸੂਚੀ ਵਿਚ 25ਵੇਂ ਸਥਾਨ 'ਤੇ ਮੌਜੂਦ 68 ਸਾਲਾ ਸੇਠੀ ਦੀ ਕੁੱਲ ਸੰਪਤੀ 99 ਕਰੋੜ ਡਾਲਰ ਹੈ। ਸੇਠੀ ਤੇ ਉਨ੍ਹਾਂ ਦੇ ਪਤੀ ਭਰਤ ਦੇਸਾਈ ਵੱਲੋਂ 1980 ਵਿਚ ਸਹਿ ਸਥਾਪਤ ਸਿੰਟੈਲ ਨੂੰ ਅਕਤੂਬਰ 2018 ਵਿਚ ਫਰਾਂਸਿਸੀ ਆਈਟੀ ਫਰਮ ਐਟੋਸ ਐੱਸ.ਈ ਨੇ 3.4 ਅਰਬ ਡਾਲਰ ਵਿਚ ਖਰੀਦਿਆ ਸੀ।

# ਕੁੱਟਮਾਰ ਦੇ ਮਾਮਲੇ ਵਿਚ ਤਿਰਮਿੰਦਰ ਸਿੰਘ ਲਾਲੀ ਨੂੰ ਜੇਲ੍ਹ

**ਲੰਡਨ:** ਇੰਗਲੈਂਡ ਦੇ ਵੈਸਟ ਮਿਡਲੈਂਡਜ ਵਿਚ ਕਾਰ ਦੀ ਟੱਕਰ ਦੌਰਾਨ ਕੁੱਟਮਾਰ ਦੇ ਦੋਸ਼ ਹੇਠ 37 ਸਾਲਾ ਬ੍ਰਿਟਿਸ਼ ਸਿੱਖ ਵਿਅਕਤੀ ਨੂੰ ਇਕ ਸਾਲ ਦੀ ਸਜ਼ਾ ਸੁਣਾਈ ਗਈ ਹੈ। ਇਹ ਘਟਨਾ ਅਗਸਤ 2021 ਨੂੰ ਵਾਪਰੀ ਸੀ। ਤਿਰਮਿੰਦਰ ਸਿੰਘ ਲਾਲੀ ਨੂੰ ਲੱਗਿਆ ਕਿ ਦੂਸਰੇ ਵਿਅਕਤੀ ਨੇ ਉਸ 'ਤੇ ਨਸਲੀ ਟਿੱਪਣੀ ਕੀਤੀ ਹੈ। ਇਸ ਦੇ ਜਵਾਬ ਵਿਚ ਲਾਲੀ ਨੇ ਉਸ ਵਿਅਕਤੀ 'ਤੇ ਲਗਾਤਾਰ ਮੁੱਕੇ ਜੜੇ। ਵੁਲਵਰਹੈਂਪਟਨ ਕਰਾਊਨ ਕੋਰਟ 'ਚ ਅਦਾਲਤ ਵਿਚ ਸੁਣਵਾਈ ਦੌਰਾਨ ਲਾਲੀ ਨੇ ਕਬੂਲ ਕੀਤਾ ਕਿ ਉਹ 'ਲੋੜ ਤੋਂ ਵੱਧ ਸਵੈ-ਰੱਖਿਅਕ' ਹੋ ਗਿਆ ਸੀ।

# ਪੰਜਾਬੀ ਨੌਜਵਾਨ ਦੀ ਇਟਲੀ ਵਿਚ ਮੌਤ

**ਮਾਛੀਵਾੜਾ:** ਪਿੰਡ ਨੂਰਪੁਰ ਬੇਟ ਦੇ ਵਾਸੀ ਧਿਆਨ ਸਿੰਘ ਦੇ ਪੁੱਤਰ ਨਾਨਕ ਸਿੰਘ ਦੀ ਇਟਲੀ ਵਿਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਨਾਨਕ ਸਿੰਘ, ਇਟਲੀ ਦੇ ਸ਼ਹਿਰ ਕਰੇਮੋਨਾ ਨੇੜੇ ਫੇਸੇ ਵਿਚ ਪ੍ਰਾਈਵੇਟ ਫੈਕਟਰੀ ਵਿਚ ਕੰਮ ਕਰਦਾ ਸੀ। ਉਹ ਪਿਛਲੇ ਕਈ ਸਾਲਾਂ ਤੋਂ ਇਟਲੀ ਰਹਿ ਰਿਹਾ ਸੀ ਅਤੇ ਕੁਝ ਸਮਾਂ ਪਹਿਲਾਂ ਹੀ ਉਸ ਨੇ ਆਪਣੀ ਪਤਨੀ ਅਤੇ ਬੱਚਿਆਂ ਨੂੰ ਉੱਥੇ ਬੁਲਾਇਆ ਸੀ।

# ਅਧਿਆਪਕਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨਾ ਗੈਰ ਜਮਹੂਰੀ: ਬਾਜਵਾ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸੋਸ਼ਲ ਮੀਡੀਆ 'ਤੇ ਵਿਰੋਧ ਦਰਜ ਕਰਵਾਉਣ ਲਈ ਦੋ ਅਧਿਆਪਕਾਂ ਨੂੰ ਜਾਰੀ ਕੀਤੇ ਗਏ ਕਾਰਨ ਦੱਸੋ ਨੋਟਿਸਾਂ ਨੂੰ ਗੈਰ ਜਮਹੂਰੀ ਕਰਾਰ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਆਪਣੇ ਝੂਠ ਅਤੇ ਅਸਫਲਤਾਵਾਂ ਨੂੰ ਦਬਾਉਣ ਲਈ ਅਸਹਿਮਤੀ ਦੀਆਂ ਆਵਾਜ਼ਾਂ ਦਾ ਹਮਲਾਵਰ ਢੰਗ ਨਾਲ ਗਲਾ ਘੁੱਟ ਰਹੀ ਹੈ। ਸ. ਬਾਜਵਾ ਨੇ ਕਿਹਾ ਕਿ ਮੁੱਖ ਮੰਤਰੀ ਨੇ ਉਨ੍ਹਾਂ ਲੋਕਾਂ ਨਾਲ ਕੋਈ ਹਮਦਰਦੀ ਨਹੀਂ ਦਿਖਾਈ ਜੋ ਦੇਸ ਤੇ ਖ਼ਾਸ ਕਰ ਕੇ ਪੰਜਾਬ ਦੇ ਭਵਿੱਖ ਦੇ ਨਿਰਮਾਣ ਲਈ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਇਕ ਅਧਿਆਪਕਾ ਮਨਪ੍ਰੀਤ ਕੌਰ ਦੀ ਵੀਡੀਓ ਸੋਸਲ ਮੀਡੀਆ 'ਤੇ ਵਾਇਰਲ ਹੋਈ ਸੀ, ਜਿਸ ਵਿਚ ਉਹ ਆਪਣੇ ਵਿਦਿਆਰਥੀਆਂ ਨੂੰ ਇਹ ਕਹਿੰਦੀ ਨਜ਼ਰ ਆ ਰਹੀ ਹੈ ਕਿ ਪੰਜਾਬ ਦੀ 'ਆਪ' ਸਰਕਾਰ ਉਸ ਵਰਗੇ ਅਸਥਾਈ ਅਧਿਆਪਕਾਂ ਨੂੰ ਰੈਗੂਲਰ ਨਹੀਂ ਕਰ ਰਹੀ।

# ਚੀਨ ਨਾਲ ਗੱਲਬਾਤ ਲਈ ਹਮੇਸ਼ਾ ਤਿਆਰ: ਦਲਾਈਲਾਮਾ

**ਧਰਮਸ਼ਾਲਾ:** ਤਿੱਬਤ ਦੇ ਅਧਿਆਤਮਕ ਆਗੂ ਦਲਾਈਲਾਮਾ ਨੇ ਪੇਈਚਿੰਗ ਨਾਲ ਗੱਲਬਾਤ ਦੀ ਇੱਛਾ ਜਤਾਉਂਦਿਆਂ ਸਾਫ ਕੀਤਾ ਕਿ ਉਹ ਚੀਨ ਤੋਂ ਤਿੱਬਤ ਦੀ ਆਜ਼ਾਦੀ ਦੀ ਮੰਗ ਨਹੀਂ ਕਰ ਰਹੇ। ਦਿੱਲੀ ਜਾਣ ਤੋਂ ਪਹਿਲਾਂ ਕਾਂਗੜਾ ਹਵਾਈ ਅੱਡੇ 'ਤੇ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ, "ਚੀਨ ਬਦਲ ਰਿਹਾ ਹੈ। ਹੁਣ ਉਸ ਨੂੰ ਅਹਿਸਾਸ ਹੋ ਗਿਆ ਹੈ ਕਿ ਤਿੱਬਤ ਦੇ ਲੋਕ ਬਹੁਤ ਮਜ਼ਬੂਤ ਹਨ ਅਤੇ ਤਿੱਬਤੀ ਸਮੱਸਿਆਵਾਂ ਨਾਲ ਨਜਿੱਠਣ ਦੇ ਸਮਰੱਥ ਹਨ, ਉਹ ਮੇਰੇ ਨਾਲ ਸੰਪਰਕ ਕਰਨਾ ਚਾਹੁੰਦੇ ਹਨ ਅਤੇ ਮੈਂ ਵੀ ਤਿਆਰ ਹਾਂ।"

# ਪੰਜਾਬ ਵਿਚ ਮੀਂਹ ਨਾਲ ਤਬਾਹੀ; ਪ੍ਰਬੰਧਾਂ ਬਾਰੇ ਫਿਰ ਸਵਾਲ ਉਠੇ

*(ਪਹਿਲੇ ਸਫੇ ਦੀ ਬਾਕੀ)*

ਅਪਰੇਸ਼ਨ ਚੱਲ ਰਹੇ ਹਨ। ਪਠਾਨਕੋਟ, ਫ਼ਿਰੋਜ਼ਪੁਰ, ਤਰਨਤਾਰਨ, ਫ਼ਰੀਦਕੋਟ ਅਤੇ ਹੁਸ਼ਿਆਰਪੁਰ ਵਿਚ ਵੱਡੀ ਗਿਣਤੀ ਵਿਚ ਕੱਚੇ ਤੇ ਪੱਕੇ ਘਰ ਡਿੱਗ ਗਏ ਹਨ। ਹੜ੍ਹਾਂ ਨਾਲ ਸਿੱਝਣ ਲਈ ਐਨ.ਡੀ.ਆਰ.ਐਫ. ਦੀਆਂ 39 ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਦੱਸਿਆ ਕਿ ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਫੋਨ 'ਤੇ ਗੱਲਬਾਤ ਕੀਤੀ ਹੈ ਅਤੇ ਕੇਂਦਰ ਸਰਕਾਰ ਨੂੰ ਸੂਬੇ ਦੇ ਮੌਜੂਦਾ ਹਾਲਾਤ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ ਹੈ। ਸੂਬੇ ਵਿਚ ਇਕੋ ਰਾਤ 'ਚ ਹੋਈ 270 ਐਮ.ਐਮ. ਬਾਰਸ਼ ਨੇ 'ਫਲੱਡ ਮਾਡਲ' ਹੀ ਤਹਿਸ-ਨਹਿਸ ਕਰ ਦਿੱਤਾ। ਆਮ ਤੌਰ 'ਤੇ ਜੁਲਾਈ ਵਿਚ ਔਸਤਨ 170 ਐਮ.ਐਮ. ਮੀਂਹ ਦਾ ਪੈਟਰਨ ਹੈ। ਮੀਂਹ ਨਾਲ ਸ਼ਹਿਰਾਂ ਦੇ ਨਿਕਾਸੀ ਪ੍ਰਬੰਧ ਪੂਰੀ ਤਰ੍ਹਾਂ ਡਗਮਗਾ ਗਏ ਹਨ। ਘੱਗਰ 'ਚ 19 ਸਾਲਾਂ ਮਗਰੋਂ ਪਾਣੀ ਦਾ ਇੰਨਾ ਤੇਜ਼ ਵਹਾਅ ਦੇਖਣ ਨੂੰ ਮਿਲਿਆ ਹੈ।



ਸ਼ਾਹੀ ਪਰਿਵਾਰ ਨੇ ਵੱਡੀ ਨਦੀ 'ਚ ਨੱਥ-ਚੂੜਾ ਚੜ੍ਹਾਇਆ: ਚਿਰਾਂ ਦੀ ਰਵਾਇਤ ਦੇ ਮੱਦੇਨਜ਼ਰ ਪਟਿਆਲਾ ਦੇ ਸ਼ਾਹੀ ਪਰਿਵਾਰ ਦੀ ਤਰਫੋਂ ਸਾਬਕਾ ਕੇਂਦਰੀ ਮੰਤਰੀ ਪਰਨੀਤ ਕੌਰ ਅਤੇ ਉਨ੍ਹਾਂ ਦੀ ਧੀ ਬੀਬਾ ਜੈ ਇੰਦਰ ਕੌਰ ਨੇ ਇਥੇ ਪਟਿਆਲਾ ਨਦੀ ਵਿਚ ਨੱਥਾ-ਚੂੜਾ ਚੜ੍ਹਾਇਆ। ਰੀਤ ਚੱਲੀ ਆ ਰਹੀ ਹੈ ਕਿ ਜਦੋਂ ਵੱਡੀ ਨਦੀ ਦੇ ਵਿਚ ਪਾਣੀ ਚੜ੍ਹ ਜਾਂਦਾ ਹੈ ਤਾਂ ਸ਼ਾਹੀ ਪਰਿਵਾਰ ਦੀ ਤਰਫੋਂ ਨਦੀ ਵਿਚ ਨੱਥ-ਚੂੜਾ ਚੜ੍ਹਾਇਆ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਹ ਰਸਮ ਅਦਾ ਕਰਨ ਤੋਂ ਬਾਅਦ ਪਾਣੀ ਉਤਰਨ ਲੱਗ ਜਾਂਦਾ ਹੈ।

**ਬਿਪਤਾ ਮਾਰਿਆਂ ਦੀ ਮਦਦ ਲਈ ਅੱਗੇ ਆਈ ਸ਼੍ਰੋਮਣੀ ਕਮੇਟੀ**

ਭਾਰੀ ਮੀਂਹ ਕਾਰਨ ਪੈਦਾ ਹੋਏ ਹਾਲਾਤ ਨੂੰ ਦੇਖਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਪੀੜਤਾਂ ਲਈ ਰਿਹਾਇਸ਼, ਲੰਗਰ ਅਤੇ ਹੋਰ ਲੋੜੀਂਦੀਆਂ ਵਸਤਾਂ ਮੁਹੱਈਆ ਕਰਨ ਲਈ ਪ੍ਰਬੰਧ ਕੀਤੇ ਜਾ ਰਹੇ ਹਨ। ਇਸ ਸਬੰਧੀ ਵੱਖ-ਵੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀਆਂ ਸਰਾਵਾਂ ਵਿਚ ਪੀੜਤਾਂ ਨੂੰ ਮੁਫਤ ਕਮਰੇ ਮੁਹੱਈਆ ਕਰਵਾਉਣ ਦੇ ਨਾਲ-ਨਾਲ ਪ੍ਰਭਾਵਿਤ ਇਲਾਕਿਆਂ ਵਿਚ ਲੰਗਰ ਅਤੇ ਹੋਰ ਵਸਤਾਂ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਵੱਖ-ਵੱਖ ਜ਼ਿਲ੍ਹਿਆਂ ਵਿਚ 25 ਤੋਂ ਵੱਧ ਗੁਰਦੁਆਰਿਆਂ ਵਿਚ ਰਾਹਤ ਕੇਂਦਰ ਸਥਾਪਤ ਕੀਤੇ ਗਏ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ
ਅੰਮ੍ਰਿਤਪਾਲ ਸਿੰਘ ਸੰਘਾ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਦੋ ਲੱਖ ਤੋਂ ਵੱਧ ਅਣਵਰਤੇ ਗ੍ਰੀਨ ਕਾਰਡ ਵਾਪਸ ਲੈਣ ਦੀ ਤਿਆਰੀ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਸਲਾਹਕਾਰ ਕਮਿਸ਼ਨ ਨੇ ਪਰਿਵਾਰ ਤੇ ਰੁਜ਼ਗਾਰ ਵਰਗਾਂ ਲਈ ਜਾਰੀ ਅਤੇ 1992 ਤੋਂ ਅਣਵਰਤੇ ਪਏ ਗ੍ਰੀਨ ਕਾਰਡਾਂ ਨੂੰ ਵਾਪਸ ਲੈਣ ਦੀ ਸਿਫਾਰਸ਼ ਮਨਜ਼ੂਰ ਕਰ ਲਈ ਹੈ। ਕਮਿਸ਼ਨ ਦੀ ਇਸ ਪਹਿਲਕਦਮੀ ਦਾ ਉਨ੍ਹਾਂ ਹਜ਼ਾਰਾਂ ਭਾਰਤੀ-ਅਮਰੀਕੀਆਂ ਨੂੰ ਫਾਇਦਾ ਹੋਵੇਗਾ, ਜੋ ਲੰਮੇ ਸਮੇਂ ਤੋਂ ਗ੍ਰੀਨ ਕਾਰਡ ਦੀ ਉਡੀਕ ਵਿਚ ਹਨ।




ਗ੍ਰੀਨ ਕਾਰਡ ਅਸਲ ਵਿਚ ਮੁਲਕ ਵਿਚ ਪੱਕੀ ਰਿਹਾਇਸ਼ ਦਾ ਦਸਤਾਵੇਜ਼ ਹੈ, ਜੋ ਪਰਵਾਸੀਆਂ ਨੂੰ ਜਾਰੀ ਕੀਤਾ ਜਾਂਦਾ ਹੈ। ਭਾਰਤੀ-ਅਮਰੀਕੀ ਉੱਦਮੀ ਅਜੈ ਭੁਟੋਰੀਆ, ਜੋ ਏਸ਼ਿਆਈ ਅਮਰੀਕੀ, ਨੇਟਿਵ ਹਵਾਇਨਜ ਤੇ ਪੈਸੇਫਿਕ ਆਇਲੈਂਡਰਜ ਬਾਰੇ ਰਾਸ਼ਟਰਪਤੀ ਬਾਇਡਨ ਦੇ ਐਡਵਾਈਜਰੀ ਕਮਿਸ਼ਨ ਦੇ ਮੈਂਬਰ ਹਨ, ਨੇ ਕਿਹਾ ਕਿ ਜਿਨ੍ਹਾਂ 2.30 ਲੱਖ ਤੋਂ ਵੱਧ ਅਣਵਰਤੇ ਰੁਜ਼ਗਾਰ ਅਧਾਰਿਤ ਗ੍ਰੀਨ ਕਾਰਡਾਂ ਨੂੰ ਵਾਪਸ ਲੈਣ ਦੀ ਸਿਫਾਰਿਸ਼ ਕੀਤੀ ਗਈ ਹੈ, ਉਹ 1992 ਤੋਂ 2022 ਦੇ ਅਰਸੇ ਨਾਲ ਸਬੰਧਤ ਹਨ। ਭੁਟੋਰੀਆ ਨੇ ਕਿਹਾ, ''ਅਣਵਰਤੇ ਗ੍ਰੀਨ ਕਾਰਡਾਂ ਨੂੰ ਵਾਪਸ ਲੈਣ ਤੇ ਭਵਿੱਖ ਵਿਚ ਗ੍ਰੀਨ ਕਾਰਡ ਵੇਸਟ ਤੋਂ ਬਚਾਅ' ਦਾ ਮੁੱਖ ਨਿਸ਼ਾਨਾ ਗ੍ਰੀਨ ਕਾਰਡ ਅਰਜ਼ੀਆਂ ਦੇ ਅਮਲ ਵਿਚਲੀਆਂ ਦਫਤਰੀ ਰੁਕਾਵਟਾਂ ਨੂੰ ਮੁਖ਼ਾਤਬ ਹੋਣਾ ਤੇ ਬਕਾਇਆ ਅਰਜ਼ੀਆਂ ਨੂੰ ਲੈ ਕੇ ਫੈਸਲੇ ਦੀ ਉਡੀਕ ਕਰ ਰਹੇ ਵਿਅਕਤੀ ਵਿਸ਼ੇਸ਼ ਨੂੰ ਰਾਹਤ ਦੇਣਾ ਹੈ।''

ਉਨ੍ਹਾਂ ਕਿਹਾ ਕਿ ਸੰਸਦ ਨੇ ਸਾਲਾਨਾ ਨਿਰਧਾਰਿਤ ਗਿਣਤੀ ਵਿਚ ਪਰਿਵਾਰ ਤੇ ਰੁਜ਼ਗਾਰ ਅਧਾਰਿਤ ਪਰਵਾਸੀ ਵੀਜ਼ੇ ਜਾਰੀ ਕਰਨ ਲਈ ਹੋਮਲੈਂਡ ਸਕਿਓਰਿਟੀ ਵਿਭਾਗ (ਡੀ.ਐਚ.ਐਸ.) ਦੀ ਜ਼ਿੰਮੇਵਾਰੀ ਲਾਈ ਹੋਈ ਹੈ। ਹਾਲਾਂਕਿ ਦਫਤਰੀ ਦੇਰੀ ਕਰਕੇ ਇਨ੍ਹਾਂ ਵਿਚੋਂ ਵੱਡੀ ਗਿਣਤੀ ਗ੍ਰੀਨ ਕਾਰਡ ਪਿਛਲੇ ਕਈ ਸਾਲਾਂ ਤੋਂ ਅਣਵਰਤੇ ਪਏ ਹਨ।

# ਅਮਰੀਕੀ ਨਾਗਰਿਕਤਾ ਟੈਸਟ ਵਿਚ ਫੇਰਬਦਲ ਦੀ ਤਿਆਰੀ

**ਸੇਂਟ ਪੌਲ:** ਬਾਇਡਨ ਪ੍ਰਸ਼ਾਸਨ ਵੱਲੋਂ ਅਮਰੀਕੀ ਨਾਗਰਿਕਤਾ ਟੈਸਟ ਵਿਚ ਫੇਰਬਦਲ ਦੀ ਤਿਆਰੀ ਕੀਤੀ ਜਾ ਰਹੀ ਹੈ। ਕੁਝ ਪਰਵਾਸੀ ਤੇ ਵਕੀਲ ਫਿਕਰਮੰਦ ਹਨ ਕਿ ਇਨ੍ਹਾਂ ਬਦਲਾਵਾਂ ਦਾ ਪ੍ਰੀਖਿਆ ਦੇਣ ਦੇ ਉਨ੍ਹਾਂ ਚਾਹਵਾਨਾਂ 'ਤੇ ਅਸਰ ਪਏਗਾ ਜਿਨ੍ਹਾਂ ਦਾ ਅੰਗਰੇਜ਼ੀ 'ਚ ਹੱਥ ਥੋੜ੍ਹਾ ਤੰਗ ਹੈ। ਦੱਸ ਦਈਏ ਕਿ ਅਮਰੀਕੀ ਨਾਗਰਿਕਤਾ ਲੈਣ ਲਈ ਨੈਚੁਰਲਾਈਜੇਸ਼ਨ ਟੈਸਟ ਅੰਤਿਮ ਪੜਾਵਾਂ 'ਚੋਂ ਇਕ ਹੈ। ਕਈ ਮਹੀਨਿਆਂ ਤੱਕ ਚੱਲਣ ਵਾਲੇ ਇਸ ਅਮਲ ਲਈ ਅਪਲਾਈ ਕਰਨ ਵਾਸਤੇ ਸਬੰਧਤ ਵਿਅਕਤੀ ਕੋਲ ਲੀਗਲ ਪੀ.ਆਰ. (ਸਥਾਈ ਨਾਗਰਿਕਤਾ) ਹੋਣਾ ਜਰੂਰੀ ਹੈ। ਸਾਬਕਾ ਰਿਪਬਲਿਕਨ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਾਲ 2020 ਵਿਚ ਨਾਗਰਿਕਤਾ ਟੈਸਟ ਵਿਚ ਫੇਰਬਦਲ ਕਰਦਿਆਂ ਇਸ ਅਮਲ ਨੂੰ ਵਧੇਰੇ ਲੰਮਾ ਤੇ ਪਾਸ ਕਰਨ ਲਈ ਵਧੇਰੇ ਮੁਸ਼ਕਲ ਬਣਾ ਦਿੱਤਾ ਸੀ। ਡੈਮੋਕਰੈਟ ਰਾਸ਼ਟਰਪਤੀ ਜੋਅ ਬਾਇਡਨ ਦੇ ਅਹੁਦਾ ਸੰਭਾਲਣ ਦੇ ਕੁਝ ਮਹੀਨਿਆਂ ਅੰਦਰ ਇਕ ਸਰਕਾਰੀ ਹੁਕਮ ਪਾਸ ਕੀਤਾ ਗਿਆ, ਜੋ ਨਾਗਰਿਕਤਾ ਦੇ ਰਾਹ ਵਿਚਲੇ ਅੜਿੱਕਿਆਂ ਨੂੰ ਖਤਮ ਕਰਨ ਵੱਲ ਸੇਧਤ ਸੀ। ਹੁਕਮਾਂ ਮੁਤਾਬਕ ਟਰੰਪ ਪ੍ਰਸ਼ਾਸਨ ਵੱਲੋਂ ਨਾਗਰਿਕਤਾ ਟੈਸਟ ਵਿਚ ਕੀਤੇ ਗਏ ਫੇਰਬਦਲ ਨੂੰ ਖਤਮ ਕਰਕੇ ਇਸ ਨੂੰ ਪੁਰਾਣੇ ਸੰਸਕਰਨ ਵਾਲਾ ਰੂਪ ਦੇ ਦਿੱਤਾ ਗਿਆ। ਨਾਗਰਿਕਤਾ ਟੈਸਟ ਆਖਰੀ ਵਾਰੀ ਸਾਲ 2008 ਵਿਚ ਨਵਿਆਇਆ ਗਿਆ ਸੀ। ਅਮਰੀਕੀ ਅਥਾਰਿਟੀਜ ਨੇ ਦਸੰਬਰ ਵਿਚ ਕਿਹਾ ਸੀ ਕਿ 15 ਸਾਲਾਂ ਦੇ ਅਰਸੇ ਮਗਰੋਂ ਟੈਸਟ ਨੂੰ ਨਵਿਆਉਣ ਦੀ ਲੋੜ ਪੈਂਦੀ ਹੈ। ਟੈਸਟ ਦਾ ਨਵਾਂ ਸੰਸਕਰਨ ਅਗਲੇ ਸਾਲ ਦੇ ਅਖੀਰ 'ਚ ਆਉਣ ਦੀ ਉਮੀਦ ਹੈ।

## ਆਸਟਰੇਲੀਆ: ਪੰਜਾਬੀ ਵਿਦਿਆਰਥਣ ਨੂੰ ਜ਼ਿੰਦਾ ਦਫ਼ਨ ਕਰ ਕੇ ਮਾਰਿਆ

**ਮੈਲਬਰਨ:** ਆਸਟਰੇਲੀਆ ਵਿਚ 21 ਸਾਲਾ ਭਾਰਤੀ ਵਿਦਿਆਰਥਣ, ਜਿਸ ਦਾ 2021 ਵਿਚ ਕਤਲ ਕੀਤਾ ਗਿਆ ਸੀ, ਨੂੰ ਉਸ ਦੇ ਸਾਬਕਾ ਮਿੱਤਰ ਨੇ ਬਦਲਾ ਲੈਣ ਲਈ ਤਾਰਾਂ ਨਾਲ ਬੰਨ੍ਹ ਕੇ ਜ਼ਿੰਦਾ ਦਫ਼ਨ ਕਰ ਦਿੱਤਾ ਸੀ। 23 ਸਾਲਾ ਜਸਮੀਨ ਕੌਰ ਨੂੰ ਤਾਰਿਕਜੋਤ ਸਿੰਘ ਨੇ ਉੱਤਰੀ ਪਲਿੰਪਟਨ 'ਚ ਉਸ ਦੇ ਕੰਮ ਵਾਲੀ ਥਾਂ ਤੋਂ ਅਗਵਾ ਕਰ ਲਿਆ ਸੀ ਅਤੇ ਉਸ ਨੂੰ ਫਲਿੰਡਰਜ ਰੇਂਜ ਵਿਚ ਲਿਜਾ ਕੇ ਹੱਤਿਆ ਕਰ ਦਿੱਤੀ ਸੀ ਅਤੇ ਕਬਰ 'ਚ ਦਫ਼ਨਾ ਦਿੱਤਾ ਸੀ। ਪੀੜਤਾ ਦੀ ਮਾਂ ਅਨੁਸਾਰ ਤਾਰਿਕਜੋਤ ਨੇ ਇਸ ਸਾਲ ਫਰਵਰੀ 'ਚ ਕਤਲ ਦਾ ਦੋਸ਼ ਕਬੂਲ ਕੀਤਾ ਸੀ, ਜਸਮੀਨ ਨਾਲ ਵਿਆਹ ਕਰਨਾ ਚਾਹੁੰਦਾ ਸੀ। ਕਤਲ ਤੋਂ ਕੁਝ ਘੰਟੇ ਪਹਿਲਾਂ ਤਾਰਿਕਜੋਤ ਸਟੋਰ ਤੋਂ ਦਸਤਾਨੇ, ਕੇਬਲ ਤੇ ਹੋਰ ਸਾਮਾਨ ਖਰੀਦਦਾ ਸੀ.ਸੀ.ਟੀ.ਵੀ. ਵਿਚ ਕੈਦ ਹੋ ਗਿਆ ਸੀ।

Dhillon Travel Plaza
Dhillon Road Service
Interstate 40, exit 356, San Jon, NM




ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph: 571-606-0829, 317-242-9936



Davenport Family Funeral Homes and Crematory

Lake Zurich (847) 550-4221
Crystal Lake (815) 459-3411

- On-Site Crematory
- Viewing Room Available
- Large, Beautiful Chapels
- Competitive Prices

Serving the Sikh Community with Dignity and Care

Please call or visit our website at www.davenportfamily.com

Davenport
FAMILY FUNERAL HOMES
And Crematory
Serving Families As We Would Want Ours Served
Barrington/Crystal Lake/Lake Zurich

# ਗ੍ਰੇਟਰ ਡੇਅਟਨ ਵਿਖੇ ਮਨਾਇਆ ਅਮਰੀਕਾ ਦਾ ਆਜ਼ਾਦੀ ਦਿਹਾੜਾ

**ਗ੍ਰੇਟਰ ਡੇਅਟਨ:** ਦੁਨੀਆ ਦੇ ਸਭ ਤੋਂ ਵੱਧ ਸ਼ਕਤੀਸ਼ਾਲੀ ਗਿਣੇ ਜਾਂਦੇ ਅਮਰੀਕਾ, ਜਿਸਨੂੰ ਗ੍ਰੇਟ ਬ੍ਰਿਟੇਨ ਤੋਂ 4 ਜੁਲਾਈ 1776 ਵਿਚ ਆਜ਼ਾਦੀ ਮਿਲੀ ਸੀ, ਦਾ ਆਜ਼ਾਦੀ ਦਿਹਾੜਾ ਉਤਸ਼ਾਹ ਨਾਲ ਮਨਾਇਆ ਗਿਆ। ਅਮਰੀਕਾ ਦੇ ਵੱਖੋ-ਵੱਖਰੇ ਹਿੱਸਿਆਂ 'ਚ ਸਰਕਾਰੀ, ਗੈਰ-ਸਰਕਾਰੀ ਸਮਾਗਮ ਹੋਏ, ਪਰੇਡਾਂ ਕੱਢੀਆਂ ਗਈਆਂ, ਰੌਸ਼ਨੀਆਂ ਕੀਤੀਆਂ ਗਈਆਂ।

ਓਹਾਇਓ ਦੇ ਸ਼ਹਿਰ ਗ੍ਰੇਟਰ ਡੇਅਟਨ ਵਿਚ ਵਿਸ਼ਾਲ ਪੱਧਰ 'ਤੇ ਆਜ਼ਾਦੀ ਦਿਹਾੜਾ ਮਨਾਇਆ ਗਿਆ, ਜਿਸ ਵਿਚ ਸਾਰੇ ਵਰਗਾਂ, ਧਰਮਾਂ, ਰੰਗ, ਨਸਲ ਦੇ ਲੋਕਾਂ ਨੇ ਹਿੱਸਾ ਲਿਆ ਅਤੇ ਜਸ਼ਨ ਮਨਾਏ। ਸਿੱਖ ਭਾਈਚਾਰੇ ਦੇ ਲੋਕਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ, ਜਿਸ ਵਿਚ ਪੰਜਾਬੀ ਕਾਰੋਬਾਰੀ, ਵਪਾਰੀ, ਪ੍ਰੋਫੈਸ਼ਨਲ ਅਤੇ ਪੰਜਾਬੀ, ਭਾਰਤੀ, ਅਮਰੀਕਨਾਂ ਨੇ ਅਮਰੀਕੀ ਝੰਡੇ, ਬੈਨਰ, ਪੋਸਟਰ ਚੁੱਕੇ ਹੋਏ ਸਨ ਅਤੇ ਪਰਿਵਾਰਾਂ ਸਮੇਤ ਪਰੇਡ 'ਚ ਹਿੱਸਾ ਲੈ ਰਹੇ ਸਨ। ਸਿੱਖ ਭਾਈਚਾਰਾ ਪਿਛਲੇ ਛੇ ਸਾਲਾਂ ਤੋਂ ਸਿੱਖ ਸੁਸਾਇਟੀ ਆਫ਼ ਡੇਅਟਨ ਦੇ ਬੈਨਰ ਹੇਠ ਭਾਗ ਲੈ ਰਿਹਾ ਹੈ। ਇਸ ਪਰੇਡ ਦੀ ਸ਼ੁਰੂਆਤ ਬੀਵਰਕਰੀਕ ਪੁਲਿਸ ਅਤੇ ਸਮੁੰਦਰੀ ਫੌਜ ਵਲੋਂ ਕੀਤੀ ਗਈ। ਇਸ ਵੱਡੇ ਮਾਰਚ ਦਾ ਲੋਕ ਹੈਪੀ ਫੌਰਥ ਜੁਲਾਈ, ਹੈਪੀ ਇੰਡੀਪੈਂਡੈਂਸ ਡੇਅ ਕਹਿ ਕੇ ਸਵਾਗਤ ਕਰ ਰਹੇ ਸਨ। ਇਸ ਪਰੇਡ 'ਚ ਸਿੱਖ ਆਪਣੀ ਨਿਵੇਕਲੀ ਪਛਾਣ ਕਾਰਨ ਵਿਸ਼ੇਸ਼ ਖਿੱਚ ਦਾ ਕੇਂਦਰ ਸਨ।

ਪ੍ਰਸਿੱਧ ਕਾਰੋਬਾਰੀ ਅਵਤਾਰ ਸਿੰਘ ਸਪਰਿੰਗਫੀਲਡ ਨੇ ਦੱਸਿਆ ਕਿ ਇਸ ਪਰੇਡ 'ਚ ਸਿੱਖ ਸੁਸਾਇਟੀ ਡੇਅਟਨ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਠੰਢੇ ਪਾਣੀ ਦੀਆਂ ਬੋਤਲਾਂ ਨਾਲ ਲੋਕਾਂ ਦੀ ਸੇਵਾ ਕੀਤੀ ਗਈ। ਉਨ੍ਹਾਂ ਕਿਹਾ ਕਿ ਪਰੇਡ ਵਿਚ ਮੇਲੇ ਵਰਗਾ ਮਾਹੌਲ ਸੀ ਅਤੇ ਸਮਾਜ ਸੇਵੀ, ਧਾਰਮਿਕ ਸੰਸਥਾਵਾਂ ਨੇ ਇਸ ਪਰੇਡ 'ਚ ਸ਼ਾਮਲ ਹੋ ਕੇ ਆਜ਼ਾਦੀ ਜਸ਼ਨ ਮਨਾਉਣ ਲਈ ਵਰਣਨਯੋਗ ਹਿੱਸਾ ਪਾਇਆ। ਆਜ਼ਾਦੀ ਦਿਹਾੜੇ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ 2 ਜੁਲਾਈ ਐਤਵਾਰ ਨੂੰ ਅਮਰੀਕੀ ਝੰਡਾ ਵੀ ਹਰ ਸਾਲ ਦੀ ਤਰ੍ਹਾਂ ਲਹਿਰਾਇਆ ਗਿਆ, ਜਿਸ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਥਾਨਕ ਪ੍ਰਸ਼ਾਸਨ ਨੇ ਹਿੱਸਾ ਲਿਆ। ਗੁਰਦੁਆਰਾ ਸਾਹਿਬ ਵਿਖੇ ਕਰਵਾਏ ਸਮਾਗਮ ਦੀ ਅਗਵਾਈ ਪਿਆਰਾ ਸਿੰਘ ਅਤੇ ਡਾ. ਸਾਹਿਬੀ ਨੇ ਕੀਤੀ। ਦੋਵੇਂ ਦਿਨ ਸਮਾਗਮ ਦੀ ਫੋਟੋਗ੍ਰਾਫੀ ਸੁਨੀਲ ਮੱਲੀ ਨੇ ਕੀਤੀ। ਅਮਰੀਕੀ ਆਜ਼ਾਦੀ ਦਿਹਾੜੇ ਦੇ 4 ਜੁਲਾਈ ਦੇ ਸਮਾਗਮ ਉਪਰੰਤ ਲੋਕਾਂ ਨੇ ਰਾਤ ਦੇ ਖਾਣੇ ਦਾ ਆਨੰਦ ਮਾਹਾਰਾਜੇ ਦੇ ਰੈਸਟੋਰੈਂਟ ਵਿਚ ਮਾਣਿਆ।





























# ਆਜ਼ਾਦੀ ਦਿਹਾੜੇ ਦੀਆਂ ਯਾਦਗਾਰੀ ਤਸਵੀਰਾਂ












# ਰਾਇ ਬਿਲਾਲ ਅਕਰਮ ਭੱਟੀ ਦੀ ਸਿਨਸਿਨੈਟੀ ਗੁਰਦੁਆਰਾ ਫੇਰੀ

## ਮੁਸਲਿਮ-ਸਿੱਖ ਭਾਈਚਾਰੇ ਲਈ ਸਦਭਾਵਨਾ ਦਾ ਸੁਨੇਹਾ

ਰਸ਼ਪਾਲ ਸਿੰਘ ਸਹੋਤਾ

ਪਿਛਲੇ ਐਤਵਾਰ, ਰਾਇ ਬੁਲਾਰ ਭੱਟੀ ਦੀ ਉਂਨੀਵੀਂ ਪੀੜ੍ਹੀ ਵਿਚੋਂ, ਉਨ੍ਹਾਂ ਦੇ ਇੱਕ ਨੌਜਵਾਨ ਵਾਰਸ, ਰਾਇ ਬਿਲਾਲ ਅਕਰਮ ਭੱਟੀ ਸਿਨਸਿਨੈਟੀ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਨੂੰ ਮਿਲਣ ਆਏ। ਅਜਿਹੀਆਂ ਜਾਣੀਆਂ ਪਛਾਣੀਆਂ ਮੁਸਲਮਾਨ ਹਸਤੀਆਂ ਵੱਲੋਂ ਸਿੱਖਾਂ ਦੇ ਧਾਰਮਿਕ ਅਸਥਾਨਾਂ ਦੀਆਂ ਯਾਤਰਾਵਾਂ, ਵਿਲੱਖਣ ਮੌਕਾ ਪ੍ਰਦਾਨ ਕਰਦੀਆਂ ਹਨ, ਜਿਸ ਨਾਲ ਮੁਸਲਮਾਨਾਂ ਤੇ ਸਿੱਖਾਂ ਵਿਚਕਾਰਲੇ ਇਤਿਹਾਸਕ ਗਿਲੇ ਸ਼ਿਕਵਿਆਂ ਅਤੇ ਗਲਤ ਫਹਿਮੀਆਂ ਉੱਤੇ ਵਾਰਤਾਲਾਪ ਕੀਤਾ ਜਾ ਸਕਦਾ ਹੈ।

ਇਹ ਰਾਇ ਬਿਲਾਲ ਭੱਟੀ ਦੀ ਪਹਿਲੀ ਸਿੱਖ ਗੁਰਦੁਆਰਾ ਫੇਰੀ ਨਹੀਂ ਸੀ; ਇਸ ਤੋਂ ਪਹਿਲਾਂ ਵੀ ਉਹ ਕਈ ਗੁਰਦੁਆਰਿਆਂ ਵਿਚ ਜਾ ਚੁੱਕੇ ਹਨ ਅਤੇ ਜਿੱਥੇ ਵੀ ਉਹ ਗਏ, ਸਿੱਖ ਸੰਗਤਾਂ ਨੇ ਉਨ੍ਹਾਂ ਨੂੰ ਅੱਖਾਂ 'ਤੇ ਬਿਠਾਇਆ, ਬਹੁਤਾ ਇਸ ਕਰਕੇ ਕਿ ਉਹ ਰਾਇ ਬੁਲਾਰ ਸਾਹਿਬ ਦੇ ਵਾਰਿਸ ਹਨ, ਅਤੇ ਇਸ ਹਕੀਕਤ 'ਤੇ ਸਾਨੂੰ ਗ਼ੌਰ ਕਰਨੀ ਬਣਦੀ ਹੈ।



ਬਹੁਤੇ ਸਿੱਖਾਂ ਲਈ, ਸਿੱਖ-ਮੁਸਲਮਾਨ ਵਿਰਾਸਤ ਜਿਵੇਂ ਦੋ ਹਿੱਸਿਆਂ ਵਿੱਚ ਵੰਡੀ ਹੋਈ ਹੈ; ਇੱਕ ਪਾਸੇ ਸ਼ਖਸੀਅਤਾਂ ਹਨ ਜਿਹੜੀਆਂ ਸਾਡੇ ਗੁਰੂਆਂ ਦੇ ਬਹੁਤ ਨਜ਼ਦੀਕੀ ਰਹੀਆਂ ਹਨ-ਰਾਇ ਬੁਲਾਰ ਭੱਟੀ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਗੁਰੂ ਨਾਨਕ ਜੀ ਦੀ ਰੂਹਾਨੀਅਤ ਨੂੰ ਪਛਾਣਿਆ ਤੇ 750 ਮੁਰੱਬੇ (18,750 ਕਿੱਲੇ) ਜ਼ਮੀਨ, ਗੁਰੂ ਨਾਨਕ ਸਾਹਿਬ ਦੇ ਨਾਂ ਕਰਵਾ ਦਿੱਤੀ; ਭਾਈ ਮਰਦਾਨਾ ਜੀ ਜਿਹੜੇ ਗੁਰੂ ਨਾਨਕ ਜੀ ਦੇ ਉਮਰ ਭਰ ਦੇ ਮਿੱਤਰ ਅਤੇ ਸਾਥੀ ਰਹੇ, ਜਿਨ੍ਹਾਂ ਨੇ ਗੁਰੂ ਸਾਹਿਬ ਦੇ ਇੱਕ ਇੱਕ ਸ਼ਬਦ ਨੂੰ ਆਪਣੀ ਰਬਾਬ ਦੇ ਸੰਗੀਤ ਵਿਚ ਪਰੋਅ ਦਿੱਤਾ; ਮੀਆਂ ਮੀਰ ਵਰਗੀਆਂ ਹਸਤੀਆਂ ਜਿਨ੍ਹਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਮੰਦਰ ਸਾਹਿਬ ਦੀ ਨੀਂਹ ਰੱਖਣ ਲਈ ਬੁਲਾਇਆ ਤੇ ਨਬੀ ਖਾਨ ਅਤੇ ਗਨੀ ਖਾਨ ਵਰਗੇ ਸੂਰਮੇ, ਜਿਨ੍ਹਾਂ ਨੇ ਆਪਣੀਆਂ ਜਾਨਾਂ ਦੀ ਪ੍ਰਵਾਹ ਕੀਤੇ ਬਿਨਾਂ, ਗੁਰੂ ਗੋਬਿੰਦ ਸਿੰਘ ਜੀ ਦੀ ਚਮਕੌਰ ਦੀ ਗੜੀ ਨੂੰ ਛੱਡਣ ਵਿਚ ਮਦਦ ਕੀਤੀ। ਅਸੀਂ ਜਦੋਂ ਅਜਿਹੀਆਂ ਸ਼ਖਸੀਅਤਾਂ ਦੀ ਗੱਲ ਕਰਦੇ ਹਾਂ ਤਾਂ ਸਾਡਾ ਮਨ ਮਾਣ ਨਾਲ ਭਰ ਜਾਂਦਾ ਹੈ, ਅਸੀਂ ਖੁੱਲ੍ਹ ਕੇ ਦੱਸਦੇ ਹਾਂ ਕਿ ਕਿਵੇਂ ਅਸੀਂ ਚੰਗੇ ਇਨਸਾਨਾਂ ਦੀ ਕਦਰ ਕਰਦੇ ਹਾਂ।

ਪਰ ਇਸੇ ਇਤਿਹਾਸ ਦਾ ਇੱਕ ਦੂਜਾ ਪੱਖ ਹੈ। ਅਸੀਂ ਗੱਲ ਕਰਦੇ ਹਾਂ ਸਿੰਘਾਂ ਸਿੰਘਣੀਆਂ ਦੇ ਚਰਖੜੀਆਂ 'ਤੇ ਚੜ੍ਹਾਏ



ਜਾਣ ਦੀ, ਬੰਦ ਬੰਦ ਕਟਵਾਏ ਜਾਣ ਦੀ, ਖੋਪੜੀਆਂ ਲੁਹਾਏ ਜਾਣ ਦੀ-ਜਦੋਂ ਅਸੀਂ ਪੋਸਟਰਾਂ ਉੱਤੇ ਉਨ੍ਹਾਂ ਤਸ਼ੱਦਦਕਾਰਾਂ ਦੀਆਂ ਫੋਟੋਆਂ ਵੇਖਦੇ ਹਾਂ, ਤਾਂ ਸਾਡੇ ਸਾਹਮਣੇ ਮੁਸਲਮਾਨ ਚਿਹਰਾ ਇੱਕ ਜ਼ਾਲਮ ਦੇ ਤੌਰ 'ਤੇ ਉੱਭਰ ਕੇ ਆਉਂਦਾ ਹੈ। ਨਿੱਕੇ ਹੁੰਦਿਆਂ ਤੋਂ ਅਸੀਂ ਰਾਇ ਬੁਲਾਰ ਤੇ ਗਨੀ ਖਾਨ, ਨਬੀ ਖਾਨ ਨਾਲੋਂ ਕਈ ਗੁਣਾ ਜ਼ਿਆਦਾ, ਉਨ੍ਹਾਂ ਤਸ਼ੱਦਦ ਕਰਨ ਵਾਲਿਆਂ ਬਾਰੇ ਸੁਣਦੇ ਆ ਰਹੇ ਹਾਂ, ਜਿਸ ਕਾਰਨ ਸਾਡੇ ਮਨਾਂ ਵਿੱਚ ਮੁਸਲਮਾਨਾਂ ਲਈ ਇੱਕ ਅਣਕਹੀ ਨਫਰਤ ਜਿਹੀ ਭਰੀ ਗਈ ਹੈ।

ਮੈਂ ਕਈਆਂ ਨੂੰ ਇਨ੍ਹਾਂ ਦੋਹਾਂ ਇਤਿਹਾਸਕ ਪੱਖਾਂ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕਰਦੇ ਵੀ ਵੇਖਿਆ ਹੈ-”ਵੇਖਿਆ, ਅਸੀਂ ਉਨ੍ਹਾਂ ਸਾਰਿਆਂ ਦਾ ਸਤਿਕਾਰ ਕਰਦੇ ਹਾਂ ਜਿਨ੍ਹਾਂ ਨੇ ਸਾਡੇ ਗੁਰੂਆਂ ਦੀ ਮਦਦ ਕੀਤੀ ਸੀ,”—ਇੱਕ ਖਾੜਕੂ ਕਿਸਮ ਦੇ ਨੌਜਵਾਨ ਨੇ ਮਾਣ ਨਾਲ ਮੈਨੂੰ ਕਿਹਾ। ਉਹਦੇ ਬਿਆਨ ਵਿਚ ਕੁੱਝ ਵੀ ਗਲਤ ਨਹੀਂ ਸੀ, ਪਰ ਪਤਾ ਨਹੀਂ ਕਿਓਂ ਮੇਰੇ ਕੰਨਾਂ ਨੇ ਕੁੱਝ ਇਸ ਤਰ੍ਹਾਂ ਸੁਣਿਆ: “ਬੇਸ਼ੱਕ ਮੁਸਲਮਾਨ ਚੰਗੇ ਨਹੀਂ, ਤੇ ਸਾਨੂੰ ਉਨ੍ਹਾਂ ਨਾਲ ਨਫਰਤ ਹੈ, ਪਰ ਇਸ ਦੇ ਬਾਵਜੂਦ ਵੀ ਅਸੀਂ ਉਨ੍ਹਾਂ ਮੁਸਲਮਾਨਾਂ ਨੂੰ ਨਹੀਂ ਭੁੱਲਦੇ ਜਿਨ੍ਹਾਂ ਨੇ ਸਾਡੇ ਗੁਰੂਆਂ ਦੀ ਮਦਦ ਕੀਤੀ ਸੀ।”

ਅਸਲੀਅਤ ਇਹ ਹੈ ਕਿ ਸਿੱਖਾਂ ਉੱਤੇ ਤਸ਼ੱਦਦ ਢਾਹੁਣ ਵਾਲੇ ਮੁਸਲਮਾਨ ਹੋਣ ਦੇ ਬਾਵਜੂਦ ਵੀ ਮੁਸਲਮਾਨ ਨਹੀਂ ਸਨ, ਬਿਲਕੁਲ ਉਸੇ ਤਰ੍ਹਾਂ ਜਿਵੇਂ ਖਾਲਿਸਤਾਨ ਮੰਗ ਵਾਲ਼ੇ ਖਾੜਕੂ ਦੌਰ ਦੌਰਾਨ, ਅਣਗਿਣਤ ਸਿੱਖ ਨੌਜਵਾਨਾਂ ਨੂੰ ਕੋਹ ਕੋਹ ਕੇ ਮਾਰਨ ਵਾਲੇ, ਸਿੱਖ ਹੋਣ ਦੇ ਬਾਵਜੂਦ ਸਿੱਖ ਨਹੀਂ ਸਨ। ਦੋਵਾਂ ਹਾਲਤਾਂ ਵਿਚ ਮਾਰਨ ਵਾਲੇ ਸਿਰਫ ਸਰਕਾਰੀ ਨੁਮਾਇੰਦੇ ਸਨ - ਨਾ ਉਹ ਮੁਸਲਮਾਨ ਸਨ ਤੇ ਨਾ ਹੀ ਸਿੱਖ। ਜਦੋਂ ਆਪਾਂ ਚਰਖੜੀਆਂ 'ਤੇ ਚੜ੍ਹਾਉਣ ਜਾਂ ਖੋਪੜੀਆਂ ਲਾਹੁਣ ਦੀ ਗੱਲ ਕਰਦੇ ਹਾਂ, ਫੋਟੋਆਂ ਵੇਖਦੇ ਹਾਂ, ਤਾਂ ਅਸੀਂ ਮੁਸਲਮਾਨ ਭਾਈਚਾਰੇ ਦੀ ਨਹੀਂ, ਬਲਕਿ ਮੁਗ਼ਲ ਤਾਨਾਸ਼ਾਹੀ ਦੀ ਅਤੇ ਉਨ੍ਹਾਂ ਦੀ ਸਰਕਾਰੀ ਮਸ਼ੀਨ ਦੀ ਗੱਲ ਕਰਦੇ ਹਾਂ। 1947 ਦੀ ਵੰਡ ਤੋਂ ਪਹਿਲਾਂ ਦਾ ਸਾਹਿਤ ਪੜ੍ਹੀਏ ਤਾਂ ਪਤਾ ਲੱਗਦਾ ਹੈ ਕਿ ਕਿਵੇਂ ਸਾਰੇ ਹਿੰਦੂ, ਮੁਸਲਮਾਨ ਤੇ ਸਿੱਖ, ਖੁਸ਼ੀ ਖੁਸ਼ੀ ਇਕੱਠੇ ਰਹਿੰਦੇ ਸਨ, ਨਹੁੰ ਤੇ ਮਾਸ ਵਾਂਗ।

1947 ਦੀ ਵੰਡ ਤੋਂ ਬਾਅਦ, ਮੁਸਲਮਾਨ ਸਾਡੇ ਕੋਲੋਂ ਪਰੇ ਚਲੇ ਗਏ ਤੇ ਫੌਜਾ ਸਿੰਘ ਵਰਗੇ ਕਿਸੇ ਬਹੁਤ ਹੀ ਪੁਰਾਣੇ ਬਜ਼ੁਰਗ ਤੋਂ ਬਿਨਾਂ, ਕਿਸੇ ਕੋਲ ਵੀ ਉਸ ਪੁਰਾਣੇ ਭਾਈਚਾਰੇ ਦਾ, ਉਸ ਗੂੜ੍ਹੇ ਪਿਆਰ ਦਾ, ਉਸ ਫੈਜ਼ਲ ਤੇ ਮੰਗਲ ਵਰਗੇ, ਭੱਜੇ ਫਿਰਦੇ ਨਿੱਕੇ ਨਿੱਕੇ ਭੱਜੇ ਬਾਲੜਾਂ ਦੀਆਂ ਦੋਸਤੀਆਂ ਦਾ, ਚਿੱਤਰ ਨਹੀਂ ਬਣਦਾ। ਹੌਲੀ ਹੌਲੀ ਅਸੀਂ ਮੁਗ਼ਲ ਤਾਨਾਸ਼ਾਹੀ ਦੇ ਕੀਤੇ ਤਸ਼ੱਦਦਾਂ ਨੂੰ ਮਦਮਾਤੇ ਹੀ, ਮੁਸਲਮਾਨ ਧਰਮ ਨਾਲ ਜੋੜਨਾ ਸ਼ੁਰੂ ਕਰ ਦਿੱਤਾ। ਦੂਜੇ ਪਾਸੇ, ਮੁਸਲਮਾਨ ਵੀਰਾਂ ਭੈਣਾਂ ਨੂੰ ਸਿੱਖ ਰਾਜ ਪ੍ਰਤੀ ਅਜਿਹੀਆਂ ਤਸ਼ੱਦਦ ਦੀਆਂ ਕਹਾਣੀਆਂ ਵਿਰਾਸਤ ਵਿਚ ਨਹੀਂ ਮਿਲ਼ੀਆਂ, ਤੇ ਉਨ੍ਹਾਂ 'ਚੋਂ ਬਹੁਤੇ ਅੱਜ ਵੀ ਉਸ ਵਿਛੋੜੇ ਨੂੰ ਵਿਛੋੜੇ ਵਾਂਗ ਹੀ ਯਾਦ ਕਰਦੇ ਹਨ। ਮੈਨੂੰ, ਲਾਹੌਰੋਂ ਹੋ ਕੇ ਆਏ ਕਿੰਨੇ ਹੀ ਸਿੱਖ ਵੀਰਾਂ ਤੋਂ, ਸੁਣਨ ਨੂੰ ਮਿਲ਼ਿਆ ਹੈ ਕਿ ਉੱਥੇ ਅੱਜ ਵੀ ਬਾਹਰੋਂ ਆਏ ਸਿੱਖ ਭਰਾਵਾਂ ਨੂੰ ਬਹੁਤ ਇੱਜ਼ਤ ਮਿਲ਼ਦੀ ਹੈ। ਕਈ ਟੈਕਸੀਆਂ ਵਾਲੇ ਉਨ੍ਹਾਂ ਤੋਂ ਕਿਰਾਇਆ ਨਹੀਂ ਲੈਣਗੇ, ਤੇ ਕਈ ਵਾਰੀ ਢਾਬਿਆਂ ਵਾਲੇ ਖਾਣੇ ਦੇ ਪੈਸੇ ਨਹੀਂ।

ਰਾਇ ਬਿਲਾਲ ਅਕਰਮ ਭੱਟੀ ਦਾ ਸਿਨਸਿਨੈਟੀ ਆਉਣਾ ਸਾਡੇ ਲਈ ਬਹੁਤ ਮਹੱਤਵਪੂਰਨ ਹੈ, ਕਿਉਂਕਿ ਉਹ ਸਾਡੇ ਲਈ ਮੁਸਲਮਾਨ-ਸਿੱਖ ਭਾਈਚਾਰੇ ਦੀ ਸਦਭਾਵਨਾ ਨਾਲ ਲੈ ਕੇ ਆਏ ਹਨ, ਅਤੇ ਇਹ ਉਨ੍ਹਾਂ ਦੀ ਪਹਿਲ-ਕਦਮੀ ਹੈ। ਸਾਡੇ ਲਈ ਇਹੋ ਜਿਹੀਆਂ ਸੰਭਾਵਨਾਵਾਂ ਪੈਦਾ ਕਰਨਾ ਬਹੁਤਾ ਜ਼ਰੂਰੀ ਹੈ। ਉਹ ਜਾਂਦੇ ਹੋਏ ਸੰਗਤ ਨੂੰ ਸੱਦਾ ਦੇ ਕੇ ਗਏ ਸਨ, ਨਨਕਾਣਾ ਸਾਹਿਬ ਆਉਣ ਦਾ, ਜਿੱਥੇ ਉਨ੍ਹਾਂ ਦਾ ਪਰਿਵਾਰ ਹਾਲਾਂ ਵੀ ਜ਼ਿਮੀਂਦਾਰੀ ਦਾ ਕੰਮ ਕਰਦਾ ਹੈ। “ਜਿੰਨੀ ਵੱਧੋ ਵੱਧ ਤੁਹਾਡੀ ਮਹਿਮਾਨ ਨਿਵਾਜ਼ੀ ਅਸੀਂ ਕਰ ਸਕੇ, ਕਰਾਂਗੇ,” ਉਨ੍ਹਾਂ ਵਾਅਦਾ ਕੀਤਾ। ਸਿੱਖਾਂ ਦੀ ਪਾਕਿਸਤਾਨ ਜਾਣ ਲਈ ਪ੍ਰੇਰਨਾ ਦਾ ਕਾਰਨ ਬੇਸ਼ੱਕ ਆਪਣੇ ਧਾਰਮਿਕ ਅਸਥਾਨਾਂ ਦੀ ਯਾਤਰਾ ਕਰਨਾ ਹੁੰਦਾ ਹੈ, ਪਰ ਪਾਕਿਸਤਾਨ ਯਾਤਰਾਵਾਂ ਸਿੱਖ-ਮੁਸਲਮਾਨ ਸਦਭਾਵਨਾ ਨੂੰ ਪ੍ਰਫੁਲੱਤ ਕਰਨ ਲਈ ਅਤੇ ਪੁਰਾਣੀਆਂ ਗਲਤ ਫਹਿਮੀਆਂ ਨੂੰ ਦੂਰ ਕਰਨ ਲਈ ਬਹੁਤ ਲਾਹੇਵੰਦ ਸਾਬਤ ਹੋ ਸਕਦੀਆਂ ਹਨ।

# ਕੇਂਦਰੀ ਸਕੂਲ ਸਿੱਖਿਆ ਦਰਜਾਬੰਦੀ ਵਿਚ ਚੰਡੀਗੜ੍ਹ ਤੇ ਪੰਜਾਬ ਮੋਹਰੀ

**ਚੰਡੀਗੜ੍ਹ:** ਕੇਂਦਰੀ ਸਿੱਖਿਆ ਮੰਤਰਾਲੇ ਨੇ ਸੂਬਿਆਂ ਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਦੀ ਸਕੂਲੀ ਸਿੱਖਿਆ ਦੀ ਦਰਜਾਬੰਦੀ ਪਰਫਾਰਮੈਂਸ ਗਰੇਡਿੰਗ ਇੰਡੈਕਸ 2.0 (ਪੀ.ਜੀ.ਆਈ.) ਦੀ ਸਾਲ 2021-22 ਦੀ ਰਿਪੋਰਟ ਜਾਰੀ ਕਰ ਦਿੱਤੀ ਹੈ, ਜਿਸ ਵਿਚ ਚੰਡੀਗੜ੍ਹ 659 ਅੰਕ ਲੈ ਕੇ ਸਿਖਰ 'ਤੇ ਹੈ, ਜਦਕਿ ਪੰਜਾਬ ਦੇ 647.4 ਅੰਕ ਆਏ ਹਨ।

ਸੂਚੀ ਵਿਚ ਦੋਵਾਂ ਨੂੰ ਇਕ ਹੀ ਵਰਗ ਵਿਚ ਰੱਖਿਆ ਗਿਆ ਹੈ, ਜਦਕਿ ਅਰੁਣਾਚਲ ਪ੍ਰਦੇਸ਼, ਮਿਜ਼ੋਰਮ ਤੇ ਮੇਘਾਲਿਆ ਦਰਜਾਬੰਦੀ 'ਚ ਫਾਡੀ ਰਹੇ ਹਨ। ਕੇਂਦਰ ਵੱਲੋਂ ਇਹ ਰਿਪੋਰਟ ਸਿੱਖਿਆ ਪ੍ਰਣਾਲੀ ਦਾ ਵਿਆਪਕ ਮੁਲਾਂਕਣ ਕਰ ਕੇ ਜਾਰੀ ਕੀਤੀ ਗਈ ਹੈ। ਕੇਂਦਰ ਵੱਲੋਂ ਪਰਫਾਰਮੈਂਸ ਗਰੇਡਿੰਗ ਇੰਡੈਕਸ ਰਿਪੋਰਟ ਸਭ ਤੋਂ ਪਹਿਲਾਂ ਸਾਲ 2017 ਵਿਚ ਜਾਰੀ ਕੀਤੀ ਗਈ ਸੀ, ਪਰ ਨਵੀਂ ਸਿੱਖਿਆ ਨੀਤੀ ਆਉਣ ਮਗਰੋਂ ਇਸ ਦੇ ਮੁਲਾਂਕਣ ਦੇ ਢੰਗ ਵਿਚ ਤਬਦੀਲੀ ਲਿਆਂਦੀ ਗਈ ਹੈ।



ਯੂਟੀ ਦੇ ਡਾਇਰੈਕਟਰ ਸਕੂਲ ਐਜੂਕੇਸ਼ਨ ਹਰਸੁਹਿੰਦਰ ਪਾਲ ਸਿੰਘ ਬਰਾੜ ਨੇ ਦੱਸਿਆ ਕਿ ਇਸ ਵਾਰ ਚੰਡੀਗੜ੍ਹ ਨੂੰ ਉਸ ਦੇ ਆਧਾਰੀ ਸਿੱਖਿਆ ਢਾਂਚੇ, ਪੜ੍ਹਾਉਣ ਦੇ ਤਰੀਕੇ, ਨਤੀਜੇ ਤੇ ਵਿਦਿਆਰਥੀਆਂ ਦਾ ਭਾਸ਼ਾਵਾਂ, ਗਣਿਤ ਤੇ ਹੋਰ ਵਿਸ਼ਿਆਂ ਦੇ ਗਿਆਨ ਕਰ ਕੇ ਮੋਹਰੀ ਸਥਾਨ ਮਿਲਿਆ ਹੈ। ਕੇਂਦਰ ਵੱਲੋਂ ਯੂਡਾਈਸ ਪਲੱਸ 'ਤੇ ਸਕੂਲਾਂ ਦੇ ਉਪਲਬਧ ਅੰਕੜਿਆਂ ਦੀ ਘੋਖ ਮਗਰੋਂ ਇਹ ਦਰਜਾਬੰਦੀ ਜਾਰੀ ਕੀਤੀ ਗਈ ਹੈ। ਵਿਭਾਗ ਦੇ ਇਕ ਹੋਰ ਅਧਿਕਾਰੀ ਨੇ ਦੱਸਿਆ ਕਿ ਇਸ ਵਾਰ ਦੀ ਦਰਜਾਬੰਦੀ ਦੀ ਪਿਛਲੇ ਸਾਲ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ ਕਿਉਂਕਿ ਇਸ ਵਾਰ ਨਵੀਂ ਸਿੱਖਿਆ ਨੀਤੀ ਕਾਰਨ ਦਰਜਾਬੰਦੀ ਦੇ ਸੂਚਕ ਬਦਲੇ ਗਏ ਹਨ, ਜਿਸ ਨੂੰ ਇਸ ਵਾਰ ਪਰਫਾਰਮੈਂਸ ਗਰੇਡਿੰਗ ਇੰਡੈਕਸ 2.0 ਨਾਂ ਦਿੱਤਾ ਗਿਆ ਹੈ।

ਪਿਛਲੇ ਸਾਲ ਦੀ ਪਰਫਾਰਮੈਂਸ ਗਰੇਡਿੰਗ ਇੰਡੈਕਸ ਰਿਪੋਰਟ ਵਿਚ ਕੇਰਲਾ ਤੇ ਮਹਾਰਾਸ਼ਟਰ ਨੇ ਮੋਹਰੀ ਸਥਾਨ ਹਾਸਲ ਕੀਤਾ ਸੀ, ਪਰ ਇਹ ਸੂਬੇ ਇਸ ਵਾਰ ਦੂਜੇ ਵਰਗ ਵਿਚ ਆਏ ਹਨ। ਇਸ ਵਰਗ ਵਿਚ ਕੁਲ ਛੇ ਸੂਬੇ ਸ਼ਾਮਲ ਹਨ। ਸਿੱਖਿਆ ਵਿਭਾਗ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਕੇਂਦਰ ਦਾ ਟੀਚਾ ਸਭ ਤੋਂ ਉੱਚ ਤੇ ਸਭ ਤੋਂ ਹੇਠਲੇ ਵਰਗ ਦੀ ਦਰਜਾਬੰਦੀ ਦੇ ਪਾੜੇ ਨੂੰ ਘੱਟ ਕਰਨਾ ਹੈ, ਜਿਸ ਵਿਚ ਇਸ ਵਾਰ ਕਾਫੀ ਹੱਦ ਤੱਕ ਸੁਧਾਰ ਵੀ ਆਇਆ ਹੈ। ਇਸ ਦਰਜਾਬੰਦੀ ਨਾਲ ਸੂਬਿਆਂ ਦੀਆਂ ਸਿੱਖਿਆ ਪ੍ਰਣਾਲੀ ਵਿਚ ਖਾਮੀਆਂ ਨੂੰ ਦੂਰ ਕਰਨ ਵਿਚ ਮਦਦ ਮਿਲੇਗੀ ਤੇ ਕੇਂਦਰ ਵੱਖ-ਵੱਖ ਸੂਬਿਆਂ ਦੀਆਂ ਉਨ੍ਹਾਂ ਦੀ ਕਾਰਗੁਜ਼ਾਰੀ ਅਨੁਸਾਰ ਹੀ ਨੀਤੀਆਂ ਬਣਾਏਗਾ।

### ਇਸ ਵਾਰ ਮੁਲਾਂਕਣ ਦੇ ਢੰਗ ਵਿਚ ਤਬਦੀਲੀ ਲਿਆਂਦੀ

**ਚੰਡੀਗੜ੍ਹ:** ਇਸ ਵਾਰ ਕੇਂਦਰ ਵੱਲੋਂ ਸੂਬਿਆਂ ਦੀ ਸਿੱਖਿਆ ਪ੍ਰਣਾਲੀ ਦਾ 73 ਸੂਚਕਾਂ 'ਤੇ 1000 ਅੰਕਾਂ ਨਾਲ ਮੁਲਾਂਕਣ ਕੀਤਾ ਗਿਆ ਹੈ, ਜਿਸ ਨੂੰ ਅੱਗੇ ਦੋ ਵਰਗਾਂ ਵਿਚ ਵੰਡ ਕੇ ਦਰਜਾਬੰਦੀ ਕੀਤੀ ਗਈ ਹੈ। ਕੇਂਦਰ ਨੇ ਸੂਬਿਆਂ ਨੂੰ ਉਨ੍ਹਾਂ ਦੇ ਨਤੀਜਿਆਂ ਤੇ ਸ਼ਾਸਨ ਪ੍ਰਬੰਧਨ ਅਨੁਸਾਰ ਅੰਕ ਦਿੱਤੇ ਹਨ, ਜਿਨ੍ਹਾਂ ਨੂੰ ਅੱਗੇ ਛੇ ਭਾਗਾਂ ਵਿਚ ਵੰਡਿਆ ਗਿਆ ਹੈ। ਇਨ੍ਹਾਂ ਵਿਚ ਸਿੱਖਣ ਦੇ ਢੰਗ ਤੇ ਨਤੀਜੇ, ਆਧੁਨਿਕ ਸਿੱਖਿਆ ਉਪਕਰਨਾਂ ਦੀ ਵਿਦਿਆਰਥੀਆਂ ਤੱਕ ਪਹੁੰਚ, ਆਧਾਰੀ ਢਾਂਚਾ, ਪੜ੍ਹਨ ਦੇ ਬਰਾਬਰ ਮੌਕੇ, ਸ਼ਾਸਨ ਪ੍ਰਬੰਧਨ ਤੇ ਅਧਿਆਪਕਾਂ ਦੀ ਸਿੱਖਿਆ ਤੇ ਸਿਖਲਾਈ ਸ਼ਾਮਲ ਹਨ।

## ਹੁਣ ਨੌਜਵਾਨ ਮਿਲਣੀ ਪ੍ਰੋਗਰਾਮ ਆਰੰਭੇਗਾ ਅਕਾਲੀ ਦਲ

**ਚੰਡੀਗੜ੍ਹ:** ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਐਲਾਨ ਕੀਤਾ ਹੈ ਕਿ ਯੂਥ ਅਕਾਲੀ ਦਲ ਪੰਜਾਬ ਦੇ ਸਾਰੇ ਵਿਧਾਨ ਸਭਾ ਹਲਕਿਆਂ ਵਿਚ ਨੌਜਵਾਨ ਮਿਲਣੀ ਪ੍ਰੋਗਰਾਮ ਆਰੰਭੇਗਾ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਪੰਜਾਬ ਤੇ ਪੰਜਾਬੀਅਤ ਲਈ ਕੰਮ ਕਰਨ ਵਾਸਤੇ ਯੂਥ ਅਕਾਲੀ ਦਲ ਦੀ ਹਮਾਇਤ ਕੀਤੀ ਜਾਵੇ।

ਸਰਬਜੀਤ ਝਿੰਜਰ ਨੇ ਕਿਹਾ ਕਿ ਨੌਜਵਾਨ ਮਿਲਣੀ ਪ੍ਰੋਗਰਾਮ ਦਾ ਉਦੇਸ਼ ਨੌਜਵਾਨ ਵਰਗ ਦੀਆਂ ਸ਼ਿਕਾਇਤਾਂ ਸੁਣਨਾ ਤੇ ਉਨ੍ਹਾਂ ਦੇ ਸੁਝਾਅ ਨੋਟ ਕਰਨਾ ਹੈ। ਇਸ ਸਬੰਧੀ ਉਨ੍ਹਾਂ ਸਾਰੇ ਹਲਕਿਆਂ ਵਿਚ ਤਿੰਨ ਮਹੀਨੇ ਲਈ ਇਸ ਮੁਹਿੰਮ ਤਹਿਤ ਮੀਟਿੰਗਾਂ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਇਸ ਮਗਰੋਂ ਨੌਜਵਾਨਾਂ ਦੇ ਮਸਲੇ ਹੱਲ ਕਰਨ ਲਈ ਐਕਸ਼ਨ ਪ੍ਰੋਗਰਾਮ ਉਲੀਕਿਆ ਜਾਵੇਗਾ। ਸ੍ਰੀ ਝਿੰਜਰ ਨੇ ਇਸ ਤਹਿਤ ਨਸ਼ਿਆਂ ਦੇ ਪਾਸਾਰ ਨੂੰ ਠੱਲ੍ਹਣ ਅਤੇ ਵਾਤਾਵਰਨ ਸਬੰਧੀ ਸਮੱਸਿਆਵਾਂ ਵੀ ਹੱਲ ਕੀਤੀਆਂ ਜਾਣਗੀਆਂ। ਝਿੰਜਰ ਨੇ ਕਿਹਾ ਕਿ ਯੂਥ ਅਕਾਲੀ ਦਲ 'ਆਪ' ਸਰਕਾਰ ਵੱਲੋਂ ਨੌਜਵਾਨਾਂ ਨਾਲ ਕੀਤੇ ਗਏ ਝੂਠੇ ਵਾਅਦਿਆਂ ਦੇ ਵੀ ਜਵਾਬ ਮੰਗੇਗਾ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਵਾਅਦਾ ਕੀਤਾ ਸੀ ਕਿ ਲੱਖਾਂ ਦੀ ਗਿਣਤੀ ਵਿਚ ਨੌਕਰੀਆਂ ਕੱਢੀਆਂ ਜਾਣਗੀਆਂ, ਪਰ ਅੱਜ ਤੱਕ ਇਹ ਵਾਅਦਾ ਵਫ਼ਾ ਨਹੀਂ ਕੀਤਾ ਗਿਆ, ਜਿਸ ਕਾਰਨ ਨੌਜਵਾਨ ਵਰਗ ਨਿਰਾਸ਼ਾ ਵੱਲ ਵੱਧ ਰਿਹਾ ਹੈ। ਯੂਥ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਅਸਲੀਅਤ ਇਹ ਹੈ ਕਿ ਪੰਜਾਬ ਵਿਚ ਜਦੋਂ ਵੀ ਨੌਜਵਾਨ ਆਪਣੀਆਂ ਮੰਗਾਂ ਦੇ ਹੱਕ ਵਿਚ ਆਵਾਜ਼ ਚੁੱਕਦੇ ਹਨ ਤਾਂ ਉਨ੍ਹਾਂ 'ਤੇ ਤਸ਼ੱਦਦ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਇਸ਼ਾਰੇ 'ਤੇ ਪੰਜਾਬ ਤੋਂ ਬਾਹਰਲਿਆਂ ਨੂੰ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ।

## ਸਨਅਤੀ ਖੇਤਰ ਨੂੰ ਹੁਲਾਰੇ ਲਈ ਸੁਝਾਅ ਲਵੇਗੀ ਸਰਕਾਰ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਵਿਚ ਸਨਅਤੀ ਖੇਤਰ ਨੂੰ ਹੁਲਾਰਾ ਦੇਣ ਅਤੇ ਕਾਰੋਬਾਰ ਅਨੁਕੂਲ ਮਾਹੌਲ ਮੁਹੱਈਆ ਕਰਵਾਉਣ ਲਈ ਉਦਯੋਗਪਤੀਆਂ ਤੋਂ ਫੀਡਬੈਕ ਲੈਣ ਦਾ ਫੈਸਲਾ ਕੀਤਾ ਹੈ।

ਇਸ ਤਹਿਤ ਮੁੱਖ ਮੰਤਰੀ ਨੇ ਵਟਸਐਪ ਨੰਬਰ 81948-91948 ਜਾਰੀ ਕਰਦਿਆਂ ਸਨਅਤਕਾਰਾਂ ਨੂੰ ਇਸ 'ਤੇ ਆਪਣੀ ਫੀਡਬੈੱਕ ਦੇਣ ਲਈ ਕਿਹਾ ਹੈ। ਇਕ ਵੀਡੀਓ ਸੰਦੇਸ਼ ਰਾਹੀਂ ਸੂਬੇ ਦੇ ਸਨਅਤਕਾਰਾਂ ਨੂੰ ਮੁਖ਼ਾਤਬ ਹੁੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਕੋਈ ਵੀ ਸਨਅਤਕਾਰ ਪੰਜਾਬ ਵਿਚ ਸਨਅਤੀ ਵਿਕਾਸ ਨੂੰ ਹੋਰ ਅੱਗੇ ਲਿਜਾਣ ਸਬੰਧੀ ਆਪਣਾ ਸੁਝਾਅ ਸਾਂਝਾ ਕਰ ਸਕਦਾ ਹੈ।



ਉਨ੍ਹਾਂ ਕਿਹਾ ਕਿ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਸਰਕਾਰ ਵੱਲੋਂ ਸੂਬਾ ਵਾਸੀਆਂ ਦੇ ਸੁਝਾਅ ਲੈ ਕੇ ਨੀਤੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ। ਇਸੇ ਤਹਿਤ ਹੁਣ ਸਨਅਤ ਦੇ ਖੇਤਰ ਵਿਚ ਸਨਅਤਕਾਰਾਂ ਦੇ ਸੁਝਾਅ ਲਏ ਜਾਣਗੇ। ਉਨ੍ਹਾਂ ਕਿਹਾ ਕਿ ਸੂਬੇ ਵਿਚ ਨਵੇਂ ਪ੍ਰੋਜੈਕਟ ਲਿਆਉਣ ਦੇ ਨਾਲ-ਨਾਲ ਸੂਬਾ ਸਰਕਾਰ ਮੌਜੂਦਾ ਉਦਯੋਗਿਕ ਇਕਾਈਆਂ ਨੂੰ ਉਦਯੋਗ ਪੱਖੀ ਮਾਹੌਲ ਵੀ ਮੁਹੱਈਆ ਕਰਵਾਏਗੀ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸੁਝਾਅ ਸੂਬਾ ਸਰਕਾਰ ਨੂੰ ਪੰਜਾਬ ਵਿਚ ਉਦਯੋਗ ਨੂੰ ਉਤਸ਼ਾਹਿਤ ਕਰਨ ਲਈ ਨੀਤੀਆਂ ਘੜਨ 'ਚ ਮਦਦ ਕਰਨਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਨੂੰ ਉਦਯੋਗਿਕ ਵਿਕਾਸ ਵਿੱਚ ਮੋਹਰੀ ਸੂਬਾ ਬਣਾਉਣ ਲਈ ਵਚਨਬੱਧ ਹੈ।

## ਕਾਂਗਰਸ ਵੱਲੋਂ ਪੰਜਾਬ ਭਰ ਵਿਚ ਭਾਜਪਾ ਖਿਲਾਫ ਰੋਸ ਮੁਜ਼ਾਹਰੇ

**ਚੰਡੀਗੜ੍ਹ:** ਕਾਂਗਰਸੀ ਆਗੂਆਂ ਨੇ ਭਾਜਪਾ ਖ਼ਿਲਾਫ਼ ਸਾਰੇ ਜ਼ਿਲ੍ਹਾ ਹੈਡਕੁਆਰਟਰਾਂ ਉਤੇ ਧਰਨੇ ਦਿੱਤੇ। ਇਸ ਤਹਿਤ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਪਾਰਟੀ ਲੀਡਰਸ਼ਿਪ, ਵਰਕਰਾਂ ਤੇ ਸਮਰਥਕਾਂ ਵੱਲੋਂ ਚੰਡੀਗੜ੍ਹ 'ਚ ਧਰਨਾ ਦਿੱਤਾ ਗਿਆ। ਇਸ ਦੌਰਾਨ ਵੜਿੰਗ ਨੇ ਕਿਹਾ ਕਿ ਦੇਸ ਦਾ ਕਾਨੂੰਨ ਸਭ ਲਈ ਬਰਾਬਰ ਹੈ ਪਰ ਭਾਜਪਾ ਦੇ ਦਾਗ਼ੀ ਆਗੂਆਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਜਿਨ੍ਹਾਂ ਆਗੂਆਂ ਖ਼ਿਲਾਫ਼ ਅਪਰਾਧਿਕ ਮਾਮਲੇ ਦਰਜ ਹਨ, ਉਹ ਆਗੂ ਆਜ਼ਾਦ ਘੁੰਮ ਰਹੇ ਹਨ।

ਅਪਮਾਨਜਨਕ ਅਤੇ ਪੱਖਪਾਤੀ ਸ਼ਬਦਾਂ ਦੀ ਵਰਤੋਂ ਕਰਨ ਲਈ ਭਾਜਪਾ ਦੇ ਕਿਸੇ ਆਗੂ 'ਤੇ ਮੁਕੱਦਮਾ ਨਹੀਂ ਚੱਲਦਾ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਵੀ ਨਿਆਂ ਦੇ ਘੇਰੇ ਵਿਚ ਲਿਆਂਦਾ ਜਾਣਾ ਚਾਹੀਦਾ ਹੈ। ਗੁਜਰਾਤ ਹਾਈ ਕੋਰਟ ਵੱਲੋਂ ਕਾਂਗਰਸ ਆਗੂ ਰਾਹੁਲ ਗਾਂਧੀ ਖ਼ਿਲਾਫ਼ ਦਿੱਤੇ ਗਏ ਫੈਸਲੇ ਸਬੰਧੀ ਰਾਜਾ ਵੜਿੰਗ ਨੇ ਕਿਹਾ ਕਿ ਇਹ ਫ਼ੈਸਲਾ ਅਸੰਤੁਸ਼ਟੀਜਨਕ ਹੈ। ਰਾਜਾ ਵੜਿੰਗ ਨੇ ਕਿਹਾ ਕਿ ਉਨ੍ਹਾਂ ਨੂੰ ਮਾਣਹਾਨੀ ਦੇ ਅਜਿਹੇ ਕਿਸੇ ਕੇਸ ਬਾਰੇ ਨਹੀਂ ਪਤਾ ਜਿੱਥੇ ਮੁਲਜ਼ਮ ਖ਼ਿਲਾਫ਼ ਅਜਿਹਾ ਸਖ਼ਤ ਫ਼ੈਸਲਾ ਦਿੱਤਾ ਗਿਆ ਹੋਵੇ।

ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਕਾਨੂੰਨੀ ਅਤੇ ਸਿਆਸੀ ਲੜਾਈ ਲੜੇਗੀ ਅਤੇ ਭਾਜਪਾ ਨੂੰ ਢੁਕਵਾਂ ਜਵਾਬ ਦੇਵੇਗੀ। ਵੜਿੰਗ ਨੇ ਕਿਹਾ ਕਿ ਸੱਤਾਧਾਰੀ ਪਾਰਟੀ ਅਤੇ ਇਸ ਦੇ ਆਗੂ ਰਾਹੁਲ ਗਾਂਧੀ ਤੋਂ ਡਰੇ ਹੋਏ ਹਨ। ਉਹ ਦੇਸ ਦੇ ਸੰਘੀ ਢਾਂਚੇ ਅਤੇ ਸੰਵਿਧਾਨ ਦੀ ਆਵਾਜ਼ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਰਾਹੁਲ ਗਾਂਧੀ ਯੋਧਾ ਹੈ। ਉਹ ਤਾਨਾਸ਼ਾਹੀ ਸਰਕਾਰ ਵਿਰੁੱਧ ਲੜਦਾ ਰਹੇਗਾ ਅਤੇ ਭਾਜਪਾ ਦੇ ਝੂਠ ਦਾ ਪਰਦਾਫਾਸ਼ ਕਰਦਾ ਰਹੇਗਾ।

## ਹਾਈ ਕੋਰਟ ਵੱਲੋਂ ਕਿਸਾਨਾਂ ਦੀ ਜ਼ਮੀਨ ਬਾਰੇ ਜਵਾਬ ਤਲਬ

**ਪਾਇਲ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਈਸੜੂ ਵਿਚ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਕਬਜ਼ਾ ਕਰਨ ਦੇ ਮਾਮਲੇ 'ਚ ਪ੍ਰਸ਼ਾਸਨ ਤੋਂ ਜਵਾਬ ਮੰਗਿਆ ਹੈ। ਪ੍ਰਸ਼ਾਸਨ ਨੇ ਪਿੰਡ ਈਸੜੂ ਦੀ 86 ਏਕੜ ਪੰਚਾਇਤੀ ਜਮੀਨ 'ਤੇ 27 ਜੂਨ ਨੂੰ ਵੱਡੀ ਗਿਣਤੀ ਪੁਲਿਸ ਦੀ ਮਦਦ ਨਾਲ ਕਬਜ਼ਾ ਕਰਨ ਦਾ ਦਾਅਵਾ ਕੀਤਾ ਸੀ। ਇਸ ਸਬੰਧੀ ਪੀੜਤ ਪਰਿਵਾਰਾਂ ਨੇ ਹਾਈ ਕੋਰਟ ਦਾ ਰੁਖ ਕੀਤਾ ਤੇ ਹਾਈ ਕੋਰਟ ਦੇ ਡਬਲ ਬੈਂਚ ਨੇ 7 ਜੁਲਾਈ ਨੂੰ ਕਿਸਾਨਾਂ ਦੇ ਵਕੀਲ ਕੁਲਵੰਤ ਸਿੰਘ ਬੋਪਾਰਾਏ ਦੀਆਂ ਦਲੀਲਾਂ ਸੁਣਨ ਅਤੇ ਰਿਕਾਰਡ ਵਾਚਣ ਤੋਂ ਬਾਅਦ ਸਰਕਾਰ ਅਤੇ ਪੰਚਾਇਤ ਵਿਭਾਗ ਨੂੰ 25 ਸਤੰਬਰ ਤੱਕ ਜਵਾਬ ਦੇਣ ਤੇ ਹਲਫੀਆ ਬਿਆਨ ਪੇਸ਼ ਕਰਨ ਦੇ ਹੁਕਮ ਕੀਤੇ ਹਨ। ਅਦਾਲਤ ਨੇ ਨੋਟਿਸ ਕਰਦੇ ਹੋਏ ਪਹਿਲਾਂ ਕੀਤੇ ਸਾਰੇ ਹੁਕਮਾਂ 'ਤੇ ਸਟੇਅ ਜਾਰੀ ਕਰ ਦਿੱਤੀ ਹੈ।

ਜਥੇਦਾਰ ਅਮਰੀਕ ਸਿੰਘ ਈਸੜੂ ਤੇ ਕੇਸਰ ਸਿੰਘ ਨੇ ਦੱਸਿਆ ਕਿ ਪਿੰਡ ਦੇ ਸਰਪੰਚ ਨੇ ਉਨ੍ਹਾਂ ਦੀ ਜਮੀਨ ਨੂੰ ਪੰਚਾਇਤੀ ਜਮੀਨ ਦੱਸ ਕੇ ਕੇਸ ਦਾਇਰ ਕੀਤਾ ਸੀ ਜਿਸ ਤੋਂ ਬਾਅਦ ਪ੍ਰਸ਼ਾਸਨ ਨੇ 27 ਜੂਨ ਨੂੰ ਵੱਡੀ ਗਿਣਤੀ 'ਚ ਪੰਜਾਬ ਪੁਲਿਸ ਨੂੰ ਨਾਲ ਲੈ ਕੇ ਤੇ ਖੜ੍ਹੀ ਝੋਨੇ ਦੀ ਫਸਲ ਵਾਹ ਦਿੱਤੀ। ਉਨ੍ਹਾਂ ਦੱਸਿਆ ਕਿ ਪਿੰਡ ਈਸੜੂ ਦੇ ਸਰਪੰਚ ਵੱਲੋਂ ਪੰਚਾਇਤ ਵਿਭਾਗ ਨਾਲ ਮਿਲ ਕੇ 7 ਜੁਲਾਈ ਨੂੰ ਬੀ.ਡੀ.ਪੀ.ਓ. ਦਫਤਰ ਖੰਨਾ 'ਚ ਖੁੱਲ੍ਹੀ ਬੋਲੀ ਰੱਖੀ ਗਈ ਸੀ, ਜੇ ਹਾਈ ਕੋਰਟ 'ਚੋਂ ਉਨ੍ਹਾਂ ਨੂੰ ਇਨਸਾਫ ਨਾ ਮਿਲਦਾ ਤਾਂ ਕਿਸਾਨਾਂ ਦਾ ਸਦਾ ਲਈ ਉਜਾੜਾ ਹੋ ਜਾਣਾ ਸੀ। ਇਸ ਸਬੰਧੀ ਬੀ.ਡੀ.ਪੀ.ਓ. ਕੁਲਵਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਉਨ੍ਹਾਂ ਨੂੰ ਹਾਲੇ ਸਟੇਅ ਆਰਡਰ ਦੀ ਕਾਪੀ ਨਹੀਂ ਮਿਲੀ ਤੇ ਸਟੇਅ ਆਰਡਰ ਮਿਲਣ ਤੋਂ ਬਾਅਦ ਹੀ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

## ਯੂ.ਪੀ.ਐਸ.ਸੀ. ਦੀ ਤਿਆਰੀ ਲਈ ਅੱਠ ਮੁਫਤ ਸੈਂਟਰ ਖੋਲ੍ਹੇਗੀ ਪੰਜਾਬ ਸਰਕਾਰ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ-ਨਵੇਂ ਸਾਧਨ ਪੈਦਾ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਆਈ.ਏ.ਐਸ. ਦੀ ਪ੍ਰੀਖਿਆ ਦੀ ਤਿਆਰੀ ਲਈ ਸਿਖਲਾਈ ਸੈਂਟਰ ਮਹਿੰਗੇ ਹਨ, ਜਿਸ ਕਰ ਕੇ ਨੌਜਵਾਨ ਯੂ.ਪੀ.ਐਸ.ਸੀ. ਦੀ ਤਿਆਰੀ ਕਰਨ ਤੋਂ ਰਹਿ ਜਾਂਦੇ ਹਨ। ਇਸ ਮੌਕੇ ਉਨ੍ਹਾਂ ਐਲਾਨ ਕੀਤਾ ਕਿ ਪੰਜਾਬ ਸਰਕਾਰ ਸੂਬੇ ਵਿਚ ਯੂ.ਪੀ.ਐਸ.ਸੀ. ਦੀ ਪ੍ਰੀਖਿਆ ਦੀ ਤਿਆਰੀ ਲਈ 8 ਮੁਫ਼ਤ ਹਾਈ-ਟੈੱਕ ਕੋਚਿੰਗ ਸੈਂਟਰ ਖੋਲ੍ਹੇਗੀ। ਜਿੱਥੇ ਪੰਜਾਬ ਦੇ ਨੌਜਵਾਨਾਂ ਨੂੰ ਮੁਫ਼ਤ ਸਿਖਲਾਈ ਦਿੱਤੀ ਜਾਵੇਗੀ। ਇਹ ਐਲਾਨ ਮੁੱਖ ਮੰਤਰੀ ਨੇ ਚੰਡੀਗੜ੍ਹ ਦੇ ਸੈਕਟਰ-35 ਸਥਿਤ ਮਿਉਂਸਪਲ ਭਵਨ ਵਿਚ ਸਿਹਤ ਤੇ ਪਰਿਵਾਰ ਭਲਾਈ, ਬਿਜਲੀ ਅਤੇ ਮੈਡੀਕਲ ਖੋਜ ਵਿਭਾਗ ਵਿਚ ਨਵੇਂ ਭਰਤੀ ਹੋਏ 252 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪਣ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਸਿਖਲਾਈ ਸੈਂਟਰਾਂ



ਨਾਲ ਰਹਿਣ ਲਈ ਹੋਸਟਲ ਤੇ ਪੜ੍ਹਨ ਲਈ ਲਾਇਬ੍ਰੇਰੀ ਵੀ ਬਣਾਈ ਜਾਵੇਗੀ।

ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਹੁਣ ਤੱਕ 29,936 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਜਿਹੜੇ ਲੋਕ ਸੱਤਾ 'ਚ ਰਹਿੰਦਿਆਂ ਲੋਕਾਂ ਦੀ ਸੇਵਾ ਕਰਨ ਦੀ ਥਾਂ ਆਲੀਸ਼ਾਨ ਘਰਾਂ ਵਿਚ ਰਹਿ ਰਹੇ ਸਨ, ਉਨ੍ਹਾਂ ਨੂੰ ਲੋਕਾਂ ਨੇ ਸੂਬੇ ਦੇ ਰਾਜਨੀਤਿਕ ਨਕਸ਼ੇ ਤੋਂ ਬਾਹਰ ਕਰ ਦਿੱਤਾ ਹੈ। ਹੁਣ ਇਹ ਨਕਾਰੇ ਹੋਏ ਆਗੂ ਉਨ੍ਹਾਂ ਵਿਰੁੱਧ ਨਵੇਂ ਗੱਠਜੋੜ ਬਣਾ ਰਹੇ ਹਨ ਜਾਂ ਪੁਰਾਣੇ ਗੱਠਜੋੜ ਬਹਾਲ ਕਰਨ ਲਈ ਜੋੜ-ਤੋੜ ਲਾ ਰਹੇ ਹਨ। ਅਜਿਹੇ ਗੱਠਜੋੜਾਂ ਦਾ ਇੱਕੋ-ਇਕ ਮਕਸਦ ਕਿਸੇ ਵੀ ਢੰਗ ਨਾਲ ਸੂਬੇ ਦੀ ਸਿਆਸੀ ਸੱਤਾ ਹਥਿਆਉਣਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਦੀ ਸੋਚ ਦੇ ਉਲਟ ਉਹ ਲੋਕਾਂ ਦੀ ਭਲਾਈ ਲਈ ਅਣਥੱਕ ਮਿਹਨਤ ਕਰ ਰਹੇ ਹਨ ਅਤੇ ਆਪਣੇ ਅਹੁਦੇ ਦੀ ਵਰਤੋਂ ਜਨਤਾ ਦੀ ਸੇਵਾ ਲਈ ਕਰ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਜਦੋਂ ਪੰਜਾਬ ਸਰਕਾਰ ਕੋਲਾ ਆਧਾਰਿਤ ਬਿਜਲੀ ਉਤਪਾਦਨ ਨੂੰ ਵਧਾਉਣ ਲਈ ਸੂਬੇ ਵਿੱਚ ਪ੍ਰਾਈਵੇਟ ਥਰਮਲ ਪਲਾਂਟ ਖਰੀਦਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਛਵਾੜਾ ਕੋਲਾ ਖਾਣ ਤੋਂ ਕੋਲੇ ਦੀ ਸਪਲਾਈ ਮੁੜ ਸ਼ੁਰੂ ਹੋਣ ਨਾਲ ਸੂਬੇ ਕੋਲ ਵਾਧੂ ਕੋਲਾ ਉਪਲਬਧ ਹੈ।

## ਪੰਜਾਬ: ਕਾਂਗਰਸ ਵੱਲੋਂ ਸਿਆਸੀ ਮਾਮਲੇ ਕਮੇਟੀ ਬਣਾਉਣ ਨੂੰ ਮਨਜ਼ੂਰੀ

**ਨਵੀਂ ਦਿੱਲੀ:** ਕਾਂਗਰਸ ਨੇ ਪੰਜਾਬ ਵਿਚ ਸਿਆਸੀ ਮਾਮਲੇ ਕਮੇਟੀ ਬਣਾਉਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕਮੇਟੀ ਵਿਚ ਪਾਰਟੀ ਦੇ ਸੂਬਾਈ ਮਾਮਲਿਆਂ ਦੇ ਇੰਚਾਰਜ ਹਰੀਸ਼ ਚੌਧਰੀ ਤੇ ਪਾਰਟੀ ਦੇ ਸੂਬਾਈ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਸ਼ਾਮਲ ਕੀਤਾ ਗਿਆ ਹੈ। ਕਾਂਗਰਸ ਸੰਸਦੀ ਪਾਰਟੀ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਸੀਨੀਅਰ ਆਗੂ ਅੰਬਿਕਾ ਸੋਨੀ, ਨਵਜੋਤ ਸਿੰਘ ਸਿੱਧੂ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਸਾਬਕਾ ਉਪ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਵੀ ਪੈਨਲ ਵਿਚ ਸ਼ਾਮਲ ਹਨ। ਇਸੇ ਤਰ੍ਹਾਂ ਸੰਸਦ ਮੈਂਬਰ ਮਨੀਸ਼ ਤਿਵਾੜੀ, ਰਵਨੀਤ ਸਿੰਘ ਬਿੱਟੂ, ਗੁਰਜੀਤ ਸਿੰਘ ਔਜਲਾ, ਡਾ. ਅਮਰ ਸਿੰਘ ਤੇ ਮੁਹੰਮਦ ਸਦੀਕ ਵੀ ਇਸ ਵਿਚ ਸ਼ਾਮਲ ਹਨ।

# ਝੋਨੇ ਦੀ ਸਿੱਧੀ ਬਿਜਾਈ 'ਚ ਪੰਜਾਬ ਪੱਛੜਿਆ, ਹਰਿਆਣਾ ਨੇ ਰਿਕਾਰਡ ਤੋੜੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਇਸ ਵਾਰ ਹਰ ਜ਼ਿਲ੍ਹੇ ਨੂੰ ਸਿੱਧੀ ਬਿਜਾਈ ਵਾਸਤੇ ਟੀਚੇ ਦਿੱਤੇ ਸਨ, ਪਰ ਸਾਹਮਣੇ ਆਏ ਨਤੀਜਿਆਂ ਅਨੁਸਾਰ ਬਹੁਤੇ ਜ਼ਿਲ੍ਹੇ ਤਾਂ ਇਨ੍ਹਾਂ ਟੀਚਿਆਂ ਦੇ ਨੇੜੇ ਵੀ ਨਹੀਂ ਪੁੱਜ ਸਕੇ ਹਨ। ਸਮੁੱਚੇ ਪੰਜਾਬ ਵਿਚ ਸਿੱਧੀ ਬਿਜਾਈ ਹੇਠ ਕਰੀਬ ਪੰਜ ਲੱਖ ਏਕੜ ਰਕਬਾ ਲਿਆਉਣ ਦਾ ਟੀਚਾ ਤੈਅ ਕੀਤਾ ਗਿਆ ਸੀ। ਮਿਥੇ ਟੀਚਿਆਂ ਦੇ ਉਲਟ ਸਿਰਫ 1.49 ਲੱਖ ਏਕੜ ਰਕਬੇ ਵਿੱਚ ਹੀ ਝੋਨੇ ਦੀ ਸਿੱਧੀ ਬਿਜਾਈ ਹੋਈ ਹੈ, ਜੋ ਸਿਰਫ 29.83 ਫੀਸਦ ਹੀ ਬਣਦਾ ਹੈ। ਸੂਬਾ ਸਰਕਾਰ ਵੱਲੋਂ ਸਿੱਧੀ ਬਿਜਾਈ ਬਦਲੇ ਪ੍ਰਤੀ ਏਕੜ 1500 ਰੁਪਏ ਵਿੱਤੀ ਮਦਦ ਦੇਣ ਦਾ ਐਲਾਨ ਵੀ ਰੰਗ ਨਹੀਂ ਲਿਆ ਸਕਿਆ। ਦੂਜੇ ਪਾਸੇ ਹਰਿਆਣਾ ਵਿਚ ਕਿਸਾਨਾਂ ਨੇ ਝੋਨੇ ਦੀ ਸਿੱਧੀ ਬਿਜਾਈ ਦੇ ਮਿਥੇ ਟੀਚਿਆਂ ਦੇ ਉਲਟ ਰਿਕਾਰਡ ਤੋੜ ਦਿੱਤੇ ਹਨ। ਹਰਿਆਣਾ ਵਿਚ ਇਸ ਵਾਰ 2.25 ਲੱਖ ਏਕੜ ਰਕਬੇ ਵਿਚ ਸਿੱਧੀ ਬਿਜਾਈ ਦਾ ਟੀਚਾ ਤੈਅ ਕੀਤਾ ਗਿਆ ਸੀ, ਜਦਕਿ ਹਰਿਆਣਾ ਦੇ ਕਿਸਾਨਾਂ ਨੇ 3.11 ਲੱਖ ਏਕੜ ਰਕਬੇ ਵਿਚ ਸਿੱਧੀ ਬਿਜਾਈ ਕੀਤੀ ਹੈ।

ਹਰਿਆਣਾ ਸਰਕਾਰ ਵੱਲੋਂ ਸਿੱਧੀ ਬਿਜਾਈ ਵਾਲੇ ਕਿਸਾਨਾਂ ਨੂੰ ਪ੍ਰਤੀ ਏਕੜ 4000 ਰੁਪਏ




ਦੀ ਵਿੱਤੀ ਮਦਦ ਦਿੱਤੀ ਜਾਂਦੀ ਹੈ। ਪੰਜਾਬ ਦੇ ਕਿਸਾਨਾਂ ਦੇ ਮਨਾਂ ਵਿਚ ਉਭਰੇ ਤੌਖਲੇ ਵੀ ਖੇਤੀ ਮਹਿਕਮਾ ਦੂਰ ਨਹੀਂ ਸਕਿਆ ਹੈ। ਖੇਤੀ ਮਹਿਕਮਾ ਤਰਕ ਦਿੰਦਾ ਹੈ ਕਿ ਬੇਮੌਸਮੇ ਮੀਂਹ ਕਰਕੇ ਸਿੱਧੀ ਬਿਜਾਈ ਦਾ ਟੀਚਾ ਪ੍ਰਭਾਵਿਤ ਹੋਇਆ ਹੈ, ਜਦਕਿ ਕਿਸਾਨ ਆਖਦੇ ਹਨ ਕਿ ਇਹ ਮੁਸ਼ਕਲਾਂ ਬੇਲੋੜੇ ਨਦੀਨਾਂ ਕਰ ਕੇ ਪੈਦਾ ਹੁੰਦੀਆਂ ਹਨ, ਜਿਸ ਕਰਕੇ ਮਿਹਨਤ ਜ਼ਿਆਦਾ ਕਰਨੀ ਪੈਂਦੀ ਹੈ ਅਤੇ ਝਾੜ ਵੀ ਪ੍ਰਭਾਵਿਤ ਹੁੰਦਾ ਹੈ। ਪੰਜਾਬ ਵਿੱਚ ਇਸ ਵਾਰ ਦੂਸਰਾ ਸਾਲ ਹੈ ਜਦੋਂ ਸਰਕਾਰ ਸਿੱਧੀ ਬਿਜਾਈ ਵਿੱਚ ਮੱਲ ਨਹੀਂ ਮਾਰ ਸਕੀ ਹੈ। ਪੰਜਾਬ ਦੇ 11 ਜ਼ਿਲ੍ਹਿਆਂ ਨੇ ਮਿਥੇ ਟੀਚੇ ਦੇ ਮੁਕਾਬਲੇ ਸਿਰਫ 10 ਫੀਸਦ ਸਿੱਧੀ ਬਿਜਾਈ ਹੀ ਕੀਤੀ ਹੈ।

## ਮੁੱਖ ਮੰਤਰੀ ਦੇ ਜੱਦੀ ਜ਼ਿਲ੍ਹੇ ਨੇ ਸਿੱਧੀ ਬਿਜਾਈ ਤੋਂ ਪਾਸਾ ਵੱਟਿਆ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਦੇ ਜੱਦੀ ਜ਼ਿਲ੍ਹੇ ਸੰਗਰੂਰ ਨੇ ਵੀ ਮਿਥੇ ਟੀਚੇ 33290 ਏਕੜ ਦੇ ਮੁਕਾਬਲੇ ਸਿਰਫ 4523 ਏਕੜ ਰਕਬੇ ਵਿਚ ਹੀ ਝੋਨੇ ਦੀ ਸਿੱਧੀ ਬਿਜਾਈ ਕੀਤੀ ਹੈ। ਪਿਛਲੇ ਸਾਲ ਪੰਜਾਬ ਵਿਚ 1.69 ਲੱਖ ਏਕੜ ਰਕਬੇ ਵਿਚ ਝੋਨੇ ਦੀ ਸਿੱਧੀ ਬਿਜਾਈ ਹੋਈ ਸੀ ਪਰ ਇਸ ਸਾਲ ਇਹ ਅੰਕੜਾ ਕਾਫੀ ਘੱਟ ਰਿਹਾ ਹੈ। 'ਆਪ' ਸਰਕਾਰ ਨੇ ਆਪਣੇ ਕਾਰਜਕਾਲ ਦੇ ਪਹਿਲੇ ਵਰ੍ਹੇ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ 30,553 ਕਿਸਾਨਾਂ ਨੂੰ 25.25 ਕਰੋੜ ਰੁਪਏ ਦੀ ਮਾਲੀ ਮਦਦ ਦਿੱਤੀ ਸੀ ਤੇ ਇਸ ਵਾਰ ਇਹ ਮਦਦ ਹਾਲੇ ਦਿੱਤੀ ਜਾਣੀ ਬਾਕੀ ਹੈ।

ਸਿੱਧੀ ਬਿਜਾਈ ਵਿਚ ਸਭ ਤੋਂ ਵੱਧ ਫਤਹਿਗੜ੍ਹ ਸਾਹਿਬ, ਹੁਸ਼ਿਆਰਪੁਰ, ਕਪੂਰਥਲਾ ਅਤੇ ਰੋਪੜ ਜ਼ਿਲ੍ਹਾ ਪੱਛੜੇ ਹਨ, ਜਿਥੇ ਸਿੱਧੀ ਬਿਜਾਈ ਦਾ ਸਿਰਫ ਪੰਜ ਫੀਸਦ ਟੀਚਾ ਹੀ ਪੂਰਾ ਹੋ ਸਕਿਆ ਹੈ। ਪੰਜ ਤੋਂ ਦਸ ਫੀਸਦ ਟੀਚਾ ਪੂਰਾ ਕਰਨ ਵਾਲੇ ਜ਼ਿਲ੍ਹਿਆਂ ਵਿਚ ਬਰਨਾਲਾ, ਗੁਰਦਾਸਪੁਰ, ਜਲੰਧਰ, ਮੋਗਾ, ਪਠਾਨਕੋਟ, ਨਵਾਂ ਸ਼ਹਿਰ ਤੇ ਤਰਨ ਤਾਰਨ ਸ਼ਾਮਲ ਹਨ। ਇਸ ਮਾਮਲੇ ਵਿੱਚ ਸਾਰੇ ਸੂਬੇ 'ਚੋਂ ਸਭ ਤੋਂ ਪਿੱਛੇ ਹੁਸ਼ਿਆਰਪੁਰ ਜ਼ਿਲ੍ਹਾ ਹੈ, ਜਿਸ ਨੂੰ 18300 ਏਕੜ ਸਿੱਧੀ ਬਿਜਾਈ ਦਾ ਟੀਚਾ ਦਿੱਤਾ ਗਿਆ ਸੀ, ਪਰ ਇਥੇ ਸਿਰਫ 587 ਏਕੜ ਰਕਬੇ 'ਤੇ ਹੀ ਸਿੱਧੀ ਬਿਜਾਈ ਹੋਈ ਹੈ।

ਪੰਜਾਬ ਦੇ ਦੋ ਜ਼ਿਲ੍ਹੇ ਅਜਿਹੇ ਹਨ, ਜਿਨ੍ਹਾਂ ਨੇ ਝੋਨੇ ਦੀ ਸਿੱਧੀ ਬਿਜਾਈ ਦੇ ਮਾਮਲੇ ਵਿਚ ਸਭ ਨੂੰ ਪਿੱਛੇ ਛੱਡ ਦਿੱਤਾ ਹੈ। ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਤੇ ਫਾਜ਼ਿਲਕਾ ਨੇ ਦਿੱਤੇ ਟੀਚਿਆਂ ਤੋਂ ਕਿਤੇ ਜ਼ਿਆਦਾ ਰਕਬੇ ਵਿਚ ਸਿੱਧੀ ਬਿਜਾਈ ਕੀਤੀ ਹੈ। ਜ਼ਿਲ੍ਹਾ ਫਾਜ਼ਿਲਕਾ ਨੂੰ 32710 ਏਕੜ ਰਕਬੇ ਵਿਚ ਸਿੱਧੀ ਬਿਜਾਈ ਦਾ ਟੀਚਾ ਦਿੱਤਾ ਗਿਆ ਸੀ, ਜਦਕਿ ਇਥੇ 42,630 ਏਕੜ ਵਿਚ ਸਿੱਧੀ ਬਿਜਾਈ ਹੋਈ ਹੈ। ਇਸੇ ਤਰ੍ਹਾਂ ਮੁਕਤਸਰ ਜ਼ਿਲ੍ਹੇ ਨੇ 38930 ਏਕੜ ਦੇ ਟੀਚੇ ਦੇ ਮੁਕਾਬਲੇ 45857 ਏਕੜ ਰਕਬੇ ਵਿਚ ਸਿੱਧੀ ਬਿਜਾਈ ਕੀਤੀ ਹੈ।

# ਸੰਗਰੂਰ ਵਿਚ 11 ਆਇਲੈਟਸ ਤੇ ਇਮੀਗ੍ਰੇਸ਼ਨ ਕੇਂਦਰ ਸੀਲ ਕੀਤੇ



**ਸੰਗਰੂਰ:** ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਸਿਵਲ ਪ੍ਰਸ਼ਾਸਨ ਤੇ ਪੁਲਿਸ ਦੀਆਂ ਵੱਖ-ਵੱਖ ਟੀਮਾਂ ਵੱਲੋਂ ਸੰਗਰੂਰ ਸਬ ਡਵੀਜ਼ਨ ਵਿਚ ਚੱਲ ਰਹੇ ਵੱਖ-ਵੱਖ ਆਇਲੈਟਸ ਕੇਂਦਰਾਂ ਅਤੇ ਇਮੀਗ੍ਰੇਸ਼ਨ ਕੇਂਦਰਾਂ ਦੀ ਚੈਕਿੰਗ ਕੀਤੀ ਗਈ। ਐਸ.ਡੀ.ਐਮ. ਨਵਰੀਤ ਕੌਰ ਸੇਖੋਂ ਅਤੇ ਡੀ.ਐਸ.ਪੀ. ਅਜੈਪਾਲ ਸਿੰਘ ਦੀ ਅਗਵਾਈ ਵਾਲੀਆਂ ਤਿੰਨ ਟੀਮਾਂ ਬਣਾਈਆਂ ਗਈਆਂ, ਜਿਨ੍ਹਾਂ ਵੱਲੋਂ ਕੀਤੀ ਚੈਕਿੰਗ ਦੌਰਾਨ ਲਾਇਸੈਂਸ ਤੇ ਹੋਰ ਦਸਤਾਵੇਜ਼ਾਂ ਦੀ ਜਾਂਚ ਕੀਤੀ ਗਈ।

ਵੱਖ-ਵੱਖ ਤਰੁੱਟੀਆਂ ਸਾਹਮਣੇ ਆਉਣ 'ਤੇ ਕੇਂਦਰਾਂ ਨੂੰ ਸੀਲ ਕਰਵਾਇਆ ਗਿਆ। ਐਸ.ਡੀ.ਐਮ. ਨਵਰੀਤ ਕੌਰ ਸੇਖੋਂ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਜਤਿੰਦਰ ਜ਼ੋਰਵਾਲ ਦੀਆਂ ਹਦਾਇਤਾਂ 'ਤੇ ਸੰਗਰੂਰ ਸਬ ਡਵੀਜ਼ਨ ਵਿਚ ਚੱਲ ਰਹੇ ਵੱਖ-ਵੱਖ ਕੇਂਦਰਾਂ ਦੇ ਦਸਤਾਵੇਜ਼ਾਂ ਦੀ ਅਚਨਚੇਤ ਜਾਂਚ ਕਰਨ ਲਈ ਮੁਹਿੰਮ ਚਲਾਈ ਗਈ। ਇਸ ਦੌਰਾਨ ਇਨ੍ਹਾਂ ਕੇਂਦਰਾਂ ਦੇ ਮਾਲਕਾਂ ਤੇ ਨੁਮਾਇੰਦਿਆਂ ਤੋਂ ਆਇਲੈਟਸ ਕੇਂਦਰਾਂ ਦੇ ਲਾਇਸੈਂਸ ਦੀ ਸਥਿਤੀ ਦਾ ਜਾਇਜ਼ਾ ਲਿਆ ਗਿਆ ਅਤੇ ਤਰੁੱਟੀਆਂ ਸਾਹਮਣੇ ਆਉਣ 'ਤੇ ਮੌਕੇ 'ਤੇ ਹੀ 11 ਕੇਂਦਰਾਂ ਨੂੰ ਸੀਲ ਕਰਵਾਇਆ ਗਿਆ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਕਿਸੇ ਵੀ ਆਇਲੈਟਸ ਜਾਂ ਇਮੀਗ੍ਰੇਸ਼ਨ ਸੈਂਟਰ ਨੂੰ ਲੋਕਾਂ ਦੇ ਭਵਿੱਖ ਨਾਲ ਖੇਡਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਜਾਂਚ ਟੀਮਾਂ ਵਿਚ ਨਾਇਬ ਤਹਿਸੀਲਦਾਰ ਅਵਤਾਰ ਸਿੰਘ ਤੇ ਥਾਣਾ ਸਿਟੀ ਇੰਚਾਰਜ ਮਾਲਵਿੰਦਰ ਸਿੰਘ ਮੌਜੂਦ ਸਨ।

## ਵਿਦੇਸ਼ਾਂ ਵਿਚ ਫਸੇ ਪੰਜਾਬੀ ਵਾਪਸ ਲਿਆਂਦੇ ਜਾਣਗੇ: ਧਾਲੀਵਾਲ

**ਚੰਡੀਗੜ੍ਹ:** ਐਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਆਖਿਆ ਕਿ ਪੰਜਾਬ ਸਰਕਾਰ ਵਿਦੇਸ਼ਾਂ ਵਿਚ ਫਸੇ ਹਰੇਕ ਪੰਜਾਬੀ ਨੂੰ ਸੁਰੱਖਿਅਤ ਵਾਪਸ ਲਿਆਉਣ ਲਈ ਹਰ ਲੋੜੀਂਦਾ ਕਦਮ ਚੁੱਕੇਗੀ। ਇਸ ਦੇ ਨਾਲ ਹੀ ਵਿਦਿਆਰਥੀਆਂ ਨਾਲ ਠੱਗੀਆਂ ਮਾਰਨ ਵਾਲੇ ਟਰੈਵਲ ਏਜੰਟਾਂ ਖ਼ਿਲਾਫ਼ ਸਖ਼ਤੀ ਵਰਤੀ ਜਾਵੇਗੀ। ਸ੍ਰੀ ਧਾਲੀਵਾਲ ਨੇ ਕਿਹਾ ਕਿ ਸਰਕਾਰ ਨੌਜਵਾਨ ਵਰਗ ਨੂੰ ਇਨਸਾਫ ਦਿਵਾਉਣ ਲਈ ਦ੍ਰਿੜ੍ਹ ਹੈ ਅਤੇ ਏਜੰਟਾਂ ਦੀ ਠੱਗੀ ਕਾਰਨ ਵਿਦੇਸ਼ਾਂ ਵਿਚ ਫਸੇ ਹੋਏ ਲੜਕੇ ਲੜਕੀਆਂ ਨੂੰ ਘਰ ਵਾਪਸ ਲਿਆਉਣ ਲਈ ਸਰਕਾਰ ਵੱਲੋਂ ਹਰ ਸੰਭਵ ਮਦਦ ਕੀਤੀ ਜਾਵੇਗੀ। ਉਨ੍ਹਾਂ ਅਪੀਲ ਕੀਤੀ ਕਿ ਪੀੜਤ ਪਰਿਵਾਰ ਪੰਜਾਬ ਸਰਕਾਰ ਦੇ ਐਨ.ਆਰ.ਆਈ. ਵਿਭਾਗ ਨਾਲ ਸੰਪਰਕ ਕਰਨ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਸ੍ਰੀ ਧਾਲੀਵਾਲ ਦੇ ਯਤਨਾਂ ਸਦਕਾ ਇਰਾਕ 'ਚ ਫਸੀ ਇਕ ਔਰਤ ਨੂੰ ਸੁਰੱਖਿਅਤ ਵਾਪਸ ਲਿਆਂਦਾ ਗਿਆ ਸੀ। ਉਕਤ ਮਹਿਲਾ ਆਪਣੇ ਪਰਿਵਾਰ ਦੀ ਆਰਥਿਕ ਸਥਿਤੀ ਨੂੰ ਸੁਧਾਰਨ ਲਈ ਅੰਮ੍ਰਿਤਸਰ ਤੋਂ ਇਰਾਕ ਗਈ ਸੀ, ਪਰ ਗੁਰਦਾਸਪੁਰ ਦੇ ਇਕ ਏਜੰਟ ਦੇ ਜਾਲ ਵਿਚ ਫਸ ਗਈ।

# ਸੁਖਬੀਰ ਤੇ ਮਜੀਠੀਆ ਨੇ ਪੇਸ਼ੀ ਭੁਗਤੀ



**ਜ਼ੀਰਾ:** ਇਥੋਂ ਦੀ ਸਿਵਲ ਕੋਰਟ ਵਿਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨੇ ਪੇਸ਼ੀ ਭੁਗਤੀ। 2017 ਵਿਚ ਨੈਸ਼ਨਲ ਹਾਈਵੇਅ ਨੰਬਰ 54 ਜਾਮ ਕਰਨ ਨੂੰ ਲੈ ਕੇ ਥਾਣਾ ਮੱਖੂ ਵਿਚ ਸੁਖਬੀਰ ਤੋਂ ਇਲਾਵਾ ਕਈ ਹੋਰ ਆਗੂਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਪੇਸ਼ੀ ਭੁਗਤਣ ਲਈ ਸੁਖਬੀਰ ਸਿਵਲ ਅਦਾਲਤ ਪੁੱਜੇ। ਪੇਸ਼ੀ ਭੁਗਤਣ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਫੋਕੀ ਸ਼ੋਹਰਤ ਖੱਟਣ ਵਿਚ ਲੱਗੀ ਹੋਈ ਹੈ। ਸਰਕਾਰ ਵੱਲੋਂ ਮਿਆਦ ਪੁਗਾ ਚੁੱਕੇ ਟੋਲ ਪਲਾਜ਼ਿਆਂ ਨੂੰ ਬੰਦ ਕਰਨ ਦਾ ਡਰਾਮਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਹਤ ਸਹੂਲਤਾਂ ਦੇ ਨਾਮ 'ਤੇ ਬਣਾਏ ਗਏ ਮੁਹੱਲਾ ਕਲੀਨਿਕਾਂ ਵਿਚ ਸਿਹਤ ਸਹੂਲਤਾਂ ਨਹੀਂ ਮਿਲ ਰਹੀਆਂ ਅਤੇ ਹਸਪਤਾਲਾਂ ਵਿਚ ਵੀ ਮਰੀਜ਼ ਖੱਜਲ-ਖੁਆਰ ਹੋ ਰਹੇ ਹਨ। ਸਰਕਾਰ ਵੱਲੋਂ ਮੱਕੀ ਤੇ ਮੂੰਗੀ ਦੀਆਂ ਫਸਲਾਂ ਦੀ ਐਮ.ਐਸ.ਪੀ. 'ਤੇ ਖਰੀਦ ਨਹੀਂ ਕੀਤੀ ਜਾ ਰਹੀ। ਦੂਜੇ ਪਾਸੇ ਸ੍ਰੀ ਮਜੀਠੀਆ ਨੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਪੰਜਾਬ ਵਾਸੀਆਂ ਦੀ ਕੋਈ ਸਾਰ ਨਹੀਂ ਲਈ ਜਾ ਰਹੀ, ਜਿਸ ਕਾਰਨ ਮੁਲਾਜ਼ਮ, ਕਿਸਾਨ, ਵਪਾਰੀ ਤੇ ਦੁਕਾਨਦਾਰ ਸਰਕਾਰ ਤੋਂ ਅੱਕ ਚੁੱਕੇ ਹਨ।

# ਪੀੜਤ ਐਨ.ਆਰ.ਆਈ. ਪਰਿਵਾਰਾਂ ਵੱਲੋਂ ਧਾਲੀਵਾਲ ਨਾਲ ਮੁਲਾਕਾਤ

**ਚੰਡੀਗੜ੍ਹ:** ਐਨ.ਆਰ.ਆਈ. ਪਰਿਵਾਰਾਂ ਦੇ ਵਫ਼ਦ ਨੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨਾਲ ਮੁਲਾਕਾਤ ਕੀਤੀ। ਉਨ੍ਹਾਂ ਜਲੰਧਰ ਜ਼ਿਲ੍ਹੇ ਦੇ ਬਲਾਕ ਮਹਿਤਪੁਰ ਦੇ ਪਿੰਡ ਉਧੋਵਾਲ ਦੇ ਕਾਂਗਰਸੀ ਸਰਪੰਚ ਮਨਪ੍ਰੀਤ ਸਿੰਘ ਵੱਲੋਂ ਆਪਣੇ ਪਰਿਵਾਰ ਨਾਲ ਮਿਲ ਕੇ ਕੈਨੇਡਾ ਵਿਚ ਵਸਦੇ ਗੁਰਪ੍ਰੀਤ ਸਿੰਘ ਮਾਨ ਦੇ ਪਰਿਵਾਰ ਦੀ ਮਾਲਕੀ ਵਾਲੀ ਜਮੀਨ ਦੀ ਦੀਵਾਰ ਢਾਹ ਕੇ ਆਪਣੇ ਨਾਲ ਲੱਗਦੀ ਕੋਠੀ ਵਿਚ ਮਿਲਾਉਣ 'ਤੇ ਸਰਪੰਚ ਵਿਰੁੱਧ ਕੇਸ ਦਰਜ ਕਰਨ ਦੀ ਮੰਗ ਕੀਤੀ। ਉਨ੍ਹਾਂ ਨਾਜਾਇਜ਼ ਕਬਜ਼ਾ ਕਰਨ ਵਾਲੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਅਤੇ ਜਮੀਨ ਵਿਦੇਸ਼ ਰਹਿੰਦੇ ਪਰਿਵਾਰ ਦੇ ਸਪੁਰਦ ਕਰਨ ਦੀ ਮੰਗ ਕੀਤੀ। ਇਸ ਸਬੰਧੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਦੀ ਅਗਵਾਈ ਹੇਠ ਦਰਜਨ ਐਨ.ਆਰ.ਆਈ. ਪਰਿਵਾਰਾਂ ਨੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਕੈਬਨਿਟ ਮੰਤਰੀ ਧਾਲੀਵਾਲ ਨੇ ਐਸ.ਐਸ.ਪੀ. ਜਲੰਧਰ ਨੂੰ ਲਿਖਤੀ ਦਰਖਾਸਤ ਭੇਜਦਿਆਂ ਮੌਕੇ 'ਤੇ ਪੜਤਾਲ ਕਰਕੇ ਸਖ਼ਤ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ। ਵਫ਼ਦ ਨੇ ਕਿਹਾ ਕਿ ਗੁਰਪ੍ਰੀਤ ਸਿੰਘ ਮਾਨ ਦਾ ਪਰਿਵਾਰ ਲੰਮੇ ਸਮੇਂ ਤੋਂ ਕੈਨੇਡਾ ਵਿਚ ਵਸਿਆ ਹੋਇਆ ਹੈ। ਉਸ ਦੀ ਗੈਰਹਾਜ਼ਰੀ ਦਾ ਫਾਇਦਾ ਚੁੱਕ ਕੇ ਕਾਂਗਰਸੀ ਸਰਪੰਚ ਨੇ ਆਪਣੇ ਅਹੁਦੇ ਤੇ ਸਿਆਸੀ ਰਸੂਖ ਦੀ ਦੁਰਵਰਤੋਂ ਕਰਦਿਆਂ ਨਾਜਾਇਜ਼ ਕਬਜ਼ੇ ਦੀ ਥਾਂ 'ਤੇ ਰਾਤੋਂ ਰਾਤ ਸ਼ੈਡ ਉਸਾਰ ਦਿੱਤਾ। ਤਰਸੇਮ ਪੀਟਰ ਨੇ ਕਿਹਾ ਕਿ ਹੁਣ ਸਰਪੰਚ ਬੀ.ਡੀ.ਪੀ.ਓ ਮਹਿਤਪੁਰ ਦੀ ਮਿਲੀਭੁਗਤ ਨਾਲ ਨਾਜਾਇਜ਼ ਕਬਜ਼ੇ ਵਾਲੀ ਥਾਂ ਅੱਗੇ ਸਰਕਾਰੀ ਇੰਟਰਲਾਕ ਟਾਈਲਾਂ ਲਾ ਕੇ ਨਾਜਾਇਜ਼ ਕਬਜ਼ੇ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

# ਭਗਵੰਤ ਮਾਨ ਨੇ ਕੇਂਦਰ ਅੱਗੇ ਮਨਰੇਗਾ ਕਾਮਿਆਂ ਦੀ ਮਜ਼ਦੂਰੀ ਵਧਾਉਣ ਦਾ ਮੁੱਦਾ ਚੁੱਕਿਆ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮਹਾਤਮਾ ਗਾਂਧੀ ਕੌਮੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ (ਮਨਰੇਗਾ) ਤਹਿਤ ਨੋਟੀਫਾਈ ਕੀਤੀ ਮਜ਼ਦੂਰੀ ਦਰ ਨੂੰ ਵਧਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਦਰ ਗੈਰਹੁਨਰਮੰਦ ਖੇਤੀਬਾੜੀ ਕਾਮਿਆਂ ਲਈ ਪੰਜਾਬ ਵੱਲੋਂ ਅਧਿਕਾਰਤ ਕੀਤੀ ਦਰ 381.06 ਰੁਪਏ ਦੇ ਬਰਾਬਰ ਕੀਤੀ ਜਾਵੇ।

ਕੇਂਦਰੀ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਮੰਤਰੀ ਗਿਰੀਰਾਜ ਸਿੰਘ ਨੂੰ ਲਿਖੇ ਪੱਤਰ ਵਿਚ ਮੁੱਖ ਮੰਤਰੀ ਨੇ ਇਸ ਸਕੀਮ ਤਹਿਤ ਮਜ਼ਦੂਰਾਂ ਲਈ ਨੋਟੀਫਾਈ ਕੀਤੀਆਂ ਦਰਾਂ ਵਿਚ ਵਾਧਾ ਕਰਨ ਦੀ ਮੰਗ ਕੀਤੀ ਹੈ ਕਿਉਂਕਿ ਮੌਜੂਦਾ ਦਰਾਂ ਬਹੁਤ ਘੱਟ ਹਨ। ਉਨ੍ਹਾਂ ਕਿਹਾ ਕਿ ਗੁਆਂਢੀ ਰਾਜ ਹਰਿਆਣਾ ਲਈ 357 ਰੁਪਏ ਦੇ ਮੁਕਾਬਲੇ ਪੰਜਾਬ ਰਾਜ ਲਈ 303 ਰੁਪਏ ਮਜ਼ਦੂਰੀ ਦਰ ਤੈਅ ਕੀਤੀ ਗਈ ਹੈ। ਭਗਵੰਤ ਮਾਨ ਨੇ ਕਿਹਾ ਕਿ ਦੋਵੇਂ ਰਾਜਾਂ ਦੀਆਂ ਭੂਗੋਲਿਕ ਅਤੇ ਆਰਥਿਕ ਸਥਿਤੀਆਂ ਇਕੋ ਜਿਹੀਆਂ ਹਨ ਪਰ ਇਸ ਦੇ ਬਾਵਜੂਦ ਦੋਵਾਂ ਸੂਬਿਆਂ ਵਿਚ ਦਰਾਂ ਇਸ ਸਕੀਮ



ਦੇ ਸ਼ੁਰੂ ਹੋਣ ਤੋਂ ਹੀ ਵੱਖ-ਵੱਖ ਰੱਖੀਆਂ ਗਈਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਰਾਜ ਕਿਰਤ ਵਿਭਾਗ ਵੱਲੋਂ ਨੋਟੀਫਾਈਡ ਗ਼ੈਰ-ਹੁਨਰਮੰਦ ਖੇਤੀ ਮਜ਼ਦੂਰਾਂ ਦੀ 381.06 ਰੁਪਏ ਉਜਰਤ ਦਰ, ਮਨਰੇਗਾ ਦੀ ਮਜ਼ਦੂਰੀ ਦਰ ਨਾਲੋਂ ਵੀ ਵੱਧ ਹੈ। ਇਸ ਤੋਂ ਪਤਾ ਚੱਲਦਾ ਹੈ ਕਿ ਇਸ ਸਕੀਮ ਦੇ ਲਾਭਪਾਤਰੀਆਂ ਨੂੰ ਉਨ੍ਹਾਂ ਦਾ ਬਣਦਾ ਹੱਕ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ, ਜੋ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਵੇਰਵਿਆਂ ਅਨੁਸਾਰ ਮਨਰੇਗਾ ਤਹਿਤ ਦੇਸ਼ ਭਰ ਵਿਚੋਂ ਸਭ ਤੋਂ ਵੱਧ ਹਰਿਆਣਾ 'ਚ 357 ਰੁਪਏ ਮਜ਼ਦੂਰੀ ਦਰ ਹੈ। ਦੋ ਸਾਲ ਪਹਿਲਾਂ ਹਰਿਆਣਾ 'ਚ ਇਹ ਦਰ 315 ਰੁਪਏ ਸੀ। ਪੰਜਾਬ ਵਿਚ ਦੋ ਸਾਲ ਪਹਿਲਾਂ ਇਹੋ ਮਜ਼ਦੂਰੀ ਦਰ 269 ਰੁਪਏ ਜੋ ਕਿ ਹੁਣ 303 ਰੁਪਏ ਹੋਈ ਹੈ। ਰਾਜਸਥਾਨ ਵਿਚ ਐਤਕੀਂ ਮਜ਼ਦੂਰੀ ਦਰਾਂ ਵਿਚ ਵਾਧਾ 24 ਰੁਪਏ ਕੀਤਾ ਗਿਆ ਹੈ ਜਦੋਂ ਕਿ ਪੰਜਾਬ ਦਾ ਵਾਧਾ ਪਿਛਲੇ ਵਰ੍ਹੇ ਦੇ ਮੁਕਾਬਲੇ 21 ਰੁਪਏ ਹੈ। ਬਿਹਾਰ ਵਿਚ ਮਨਰੇਗਾ ਤਹਿਤ ਮਜ਼ਦੂਰੀ ਦਰ ਹੁਣ 228 ਰੁਪਏ ਹੈ ਜਦੋਂ ਕਿ ਪਿਛਲੇ ਸਾਲ ਇਹ ਦਰ 210 ਰੁਪਏ ਸੀ। ਇਸੇ ਤਰ੍ਹਾਂ ਹੀ ਝਾਰਖੰਡ ਵਿਚ ਮਜ਼ਦੂਰੀ ਵਿਚ 18 ਰੁਪਏ ਦਾ ਵਾਧਾ, ਗੁਜਰਾਤ ਵਿਚ 17 ਰੁਪਏ, ਮੱਧ ਪ੍ਰਦੇਸ਼ ਵਿਚ 17 ਰੁਪਏ, ਉੱਤਰ ਪ੍ਰਦੇਸ਼ ਵਿਚ 17 ਰੁਪਏ ਅਤੇ ਪੱਛਮੀ ਬੰਗਾਲ ਵਿਚ 14 ਰੁਪਏ ਦਾ ਵਾਧਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਗੋਆ ਵਿਚ 322 ਰੁਪਏ, ਕਰਨਾਟਕਾ ਵਿਚ 316 ਰੁਪਏ, ਲਕਸ਼ਦੀਪ ਵਿਚ 304 ਰੁਪਏ, ਅੰਡੇਮਾਨ ਨਿਕੋਬਾਰ ਵਿਚ 328 ਰੁਪਏ ਮਜ਼ਦੂਰੀ ਦਰ ਹੈ।

## ਪੰਜਾਬ ਦੇ ਕਾਮਿਆਂ ਨਾਲ ਸਰਾਸਰ ਬੇਇਨਸਾਫ਼ੀ: ਮਾਨ

**ਚੰਡੀਗੜ੍ਹ:** ਭਗਵੰਤ ਮਾਨ ਨੇ ਕਿਹਾ ਕਿ ਇਹ ਮੰਦਭਾਗਾ ਹੈ ਕਿ ਹਰਿਆਣਾ ਵਿਚ ਗੈਰ-ਹੁਨਰਮੰਦ ਕਾਮਿਆਂ ਨੂੰ ਪੰਜਾਬ ਦੇ ਮੁਕਾਬਲੇ ਇਕੋ ਜਿਹੇ ਕੰਮ ਲਈ ਵੱਧ ਅਦਾਇਗੀ ਮਿਲਦੀ ਹੈ, ਜੋ ਕਾਮਿਆਂ ਨਾਲ ਸਰਾਸਰ ਬੇਇਨਸਾਫ਼ੀ ਹੈ। ਉਨ੍ਹਾਂ ਕਿਹਾ ਕਿ ਉਜਰਤਾਂ ਵਿਚ ਵਾਧਾ ਲਾਭਪਾਤਰੀਆਂ ਦੀ ਰੋਜ਼ੀ-ਰੋਟੀ ਦੇ ਆਧਾਰ ਨੂੰ ਬਿਹਤਰ ਬਣਾਉਣ ਸਣੇ ਉਨ੍ਹਾਂ ਨੂੰ ਇਸ ਯੋਜਨਾ ਤਹਿਤ ਉਤਸ਼ਾਹ ਨਾਲ ਕੰਮ ਕਰਨ ਲਈ ਪ੍ਰੇਰਿਤ ਕਰੇਗਾ। ਉਨ੍ਹਾਂ ਉਮੀਦ ਜਤਾਈ ਕਿ ਕੇਂਦਰੀ ਮੰਤਰੀ ਪੰਜਾਬ ਦੇ ਜਾਇਜ਼ ਦਾਅਵੇ 'ਤੇ ਹਮਦਰਦੀ ਨਾਲ ਵਿਚਾਰ ਕਰਦਿਆਂ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਜਾਰੀ ਕਰਨਗੇ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 15 ਜੁਲਾਈ, 2023*

# ਕੁਦਰਤ ਦੀ ਮਾਰ ਜਾਂ...?

ਚਾਰ ਦਿਨਾਂ ਦੇ ਲਗਾਤਾਰ ਮੀਂਹ ਪਿੱਛੋਂ ਪੰਜਾਬ 'ਚ ਮੌਸਮ ਤਾਂ ਭਾਵੇਂ ਸਾਫ ਹੋ ਗਿਆ ਪਰ ਘੱਗਰ ਅਤੇ ਸਤਲੁਜ ਦਰਿਆ ਦੀ ਤਬਾਹੀ ਦਾ ਕਹਿਰਜਿਉਂ ਦਾ ਤਿਉਂ ਹੈ। ਜਲੰਧਰ ਜ਼ਿਲ੍ਹੇ ਵਿਚ ਧੁੱਸੀ ਬੰਨ੍ਹ 'ਚ ਦੋ ਜਗ੍ਹਾ ਤੋਂ ਪਾੜ ਪੈਣ ਨਾਲ ਸ਼ਾਹਕੋਟ ਅਤੇ ਲੋਹੀਆ ਇਲਾਕੇ 'ਚ ਸੈਂਕੜੇ ਪਿੰਡ ਮਾਰ ਹੇਠ ਆ ਗਏ ਹਨ। ਉਧਰ, ਘੱਗਰ 'ਚ ਸਮਾਣਾ ਨੇੜਲੇ ਪਿੰਡ ਬਾਦਸ਼ਾਹਪੁਰ ਲਾਗੇ ਇੱਕ ਹੋਰ ਪਾੜ ਪੈਣ ਨਾਲ ਪੰਜਾਬ ਅਤੇ ਹਰਿਆਣਾ ਦੇ ਸੈਂਕੜੇ ਪਿੰਡਾਂ ਲਈ ਸੰਕਟ ਖੜ੍ਹਾ ਹੋ ਗਿਆ ਹੈ। ਖਬਰਾਂ ਹਨ ਕਿ ਘੱਗਰ ਅਤੇ ਸਤਲੁਜ ਵਿਚ ਪਾਣੀ ਦਾ ਪੱਧਰ ਹੁਣ ਕੁਝ ਘਟ ਰਿਹਾ ਹੈ। ਮੀਂਹ ਕਾਰਨ ਸੈਂਕੜੇ ਏਕੜ ਫ਼ਸਲ ਪਾਣੀ 'ਚ ਡੁੱਬ ਚੁੱਕੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਅਧਿਕਾਰੀਆਂ ਨੂੰ ਨੁਕਸਾਨ ਦਾ ਜਾਇਜ਼ਾ ਲੈਣ ਦੀ ਹਦਾਇਤ ਕੀਤੀ ਹੈ ਪਰ ਨਾਲ ਹੀ ਇਹ ਸਵਾਲ ਉੱਠ ਖੜ੍ਹਾ ਹੋਇਆ ਹੈ ਕਿ ਮੀਂਹ ਤੋਂ ਪਹਿਲਾਂ ਨਦੀਆਂ-ਨਾਲਿਆਂ ਦੀ ਲੋੜੀਂਦੀ ਸਫਾਈ ਕਿਉਂ ਨਾ ਕਰਵਾਈ ਗਈ?ਮੌਸਮ ਵਿਗਿਆਨੀਆਂ ਮੁਤਾਬਕ ਸੰਕਟ ਵਾਲਾ ਸਮਾਂ ਹੁਣ ਲੰਘ ਚੁੱਕਾ ਹੈ ਪਰ ਜੋ ਲੋਕ ਘਰੋਂ ਬੇਘਰ ਹੋ ਗਏ ਅਤੇ ਜਿਨ੍ਹਾਂ ਦਾ ਸਮਾਨ ਬਰਬਾਦ ਹੋ ਗਿਆ, ਉਸ ਤੋਂ ਬਚਿਆ ਜਾ ਸਕਦਾ ਸੀ।

ਇਹ ਗੱਲ ਵਿਚਾਰਨ ਵਾਲੀ ਹੈ ਕਿ ਬਰਸਾਤਾਂ ਦੌਰਾਨ ਹਰ ਸਾਲ ਘੱਗਰ ਅਤੇ ਹੋਰ ਦਰਿਆਵਾਂ ਵਿਚ ਪਾਣੀ ਦਾ ਪੱਧਰ ਵਧਣ ਕਾਰਨ ਫਸਲਾਂਅਤੇ ਘਰਾਂ ਦਾ ਨੁਕਸਾਨ ਹੁੰਦਾ ਹੈ। ਸਰਕਾਰ ਕਿਸੇ ਵੀ ਪਾਰਟੀ ਦੀ ਹੋਵੇ, ਹਰ ਵਾਰ ਇਹ ਐਲਾਨ ਕੀਤੇ ਜਾਂਦੇ ਹਨ ਕਿ ਹੜ੍ਹਾਂ ਦੇ ਟਾਕਰੇ ਲਈ ਲੋੜੀਂਦੇ ਪ੍ਰਬੰਧ ਕਰ ਲਏ ਗਏ ਹਨ ਪਰ ਜਿਉਂ ਹੀ ਬਰਸਾਤਾਂ ਸ਼ੁਰੂ ਹੁੰਦੀਆਂ ਹਨ, ਇਹ ਪ੍ਰਬੰਧ ਧਰੇ-ਧਰਾਏਰਹਿਜਾਂਦੇ ਹਨ।ਪੰਜਾਬ ਅਤੇ ਭਾਰਤ ਵਿਚ ਦਰਿਆਵਾਂ ਨਾਲ ਸਬੰਧਿਤ ਦਸਤਾਵੇਜ਼ਾਂ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਹੜ੍ਹ ਇਤਿਹਾਸ ਦੀ ਕੋਈ ਅਨਿਯਮਤ ਘਟਨਾ ਨਹੀਂ ਹੁੰਦੇ ਸਗੋਂ ਇਹ ਕਿਸੇ ਨਾ ਕਿਸੇ ਘਟਨਾਕ੍ਰਮ ਅਤੇ ਖੁਦ ਸਿਰਜੇ ਹਾਲਾਤ ਅਨੁਸਾਰ ਵਾਪਰਦੇ ਹਨ। ਬਹੁਤ ਸਾਰੇ ਜਲ ਮਾਹਿਰਾਂ ਨੇ ਇਹ ਤੱਥ ਨੋਟ ਕੀਤਾ ਹੈ ਕਿ ਹੜ੍ਹਾਂ ਵਰਗੀਆਂ ਕੁਦਰਤੀ ਆਫਤਾਂ ਕੁਦਰਤ ਨਾਲ ਬੇਕਿਰਕ ਛੇੜਛਾੜ ਦਾ ਸਿੱਟਾ ਹੁੰਦੀਆਂ ਹਨ। ਇਹ ਠੀਕ ਹੈ ਕਿ ਹੜ੍ਹ ਕੁਦਰਤੀ ਤ੍ਰਾਸਦੀ ਹੈ ਪਰ ਇਹ ਮਨੁੱਖੀ ਲਾਲਸਾਵਾਂ, ਗੈਰ-ਯੋਜਨਾਬੱਧ ਵਿਕਾਸ ਅਤੇ ਸਰਕਾਰਾਂ ਦੀਆਂ ਨਾਲਾਇਕੀਆਂ ਕਾਰਨ ਵਾਪਰਦੀ ਹੈ।

ਫਾਲਤੂ ਜਾਂ ਮੀਂਹ ਦਾ ਪਾਣੀ ਕੁਦਰਤੀ ਜਾਂ ਮਸਨੂਈ ਜਲਕੁੰਡਾਂ 'ਚ ਸਾਂਭਿਆ ਜਾ ਸਕਦਾ ਹੈ। ਹਕੀਕਤ ਇਹ ਵੀ ਹੈ ਕਿ ਪੰਜਾਬ ਵਿਚ ਹੜ੍ਹਾਂ ਅਤੇ ਜਲਸੰਕਟ ਦਾ ਮਾਮਲਾ ਉਦੋਂ ਹੀ ਸ਼ੁਰੂ ਹੋਇਆ, ਜਦੋਂ ਅਸੀਂ ਕੁਦਰਤੀ ਟੋਏ, ਢਾਬਾਂ ਅਤੇ ਛੰਬ ਤਬਾਹ ਕਰਨੇ ਸ਼ੁਰੂ ਕਰ ਦਿੱਤੇ; ਜਲਵਹਿਣਾਂ ਅਤੇ ਜਲਕੁੰਡਾਂ ਉੱਤੇ ਕਬਜ਼ੇ ਕਰ ਲਏ;ਜੰਗਲ ਉਜਾੜ ਦਿੱਤੇ ਗਏ। ਮਾਹਿਰ ਦੱਸਦੇ ਹਨ ਕਿ ਜੰਗਲ ਵਗਦੇ ਪਾਣੀ ਨੂੰ ਰੋਕਣ ਜਾਂ ਇਸ ਦੀ ਗਤੀ ਘਟਾਉਣ ਵਿਚ ਮਦਦ ਕਰਦੇ ਹਨ ਜਿਸ ਨਾਲ ਭਾਰੀ ਹੜ੍ਹਾਂ ਦਾ ਮੁਕਾਬਲਾ ਕੀਤਾ ਜਾ ਸਕਦਾ ਹੈ। ਰਿਕਾਰਡ ਦੱਸਦਾ ਹੈ ਕਿ ਜੰਗਲਾਂ ਦੀ ਕਟਾਈ ਕਾਰਨ ਭਾਰਤ ਦੀ 43 ਕਰੋੜ ਏਕੜ ਤੋਂ ਵੀ ਵੱਧ ਧਰਤੀ ਹੜ੍ਹਾਂ ਦੀ ਮਾਰ ਹੇਠ ਆ ਚੁੱਕੀ ਹੈ। ਜੰਗਲਾਂ ਦੀ ਕਟਾਈ ਹੀ ਨਹੀਂ ਕੀਤੀ ਗਈ, ਮਨੁੱਖ ਨੇ ਆਪਣੀਆਂ ਲਾਲਸਾਵਾਂ ਕਾਰਨ ਪਹਾੜ ਤੱਕ ਹਿਲਾ ਦਿੱਤੇ। ਪਹਾੜੀ ਇਲਾਕਿਆਂ ਵਿਚ ਜਿਸ ਢੰਗ ਨਾਲ ਪਹਾੜ ਕੱਟ ਕੇ ਅਖੌਤੀ ਵਿਕਾਸ ਦੀ ਹਨੇਰੀ ਲਿਆਂਦੀ ਜਾ ਰਹੀ ਹੈ, ਉਸ ਨੇ ਹੜ੍ਹਾਂ ਵਰਗੀਆਂ ਕੁਦਰਤੀ ਆਫਤਾਂ ਨੂੰ ਹੀ ਸੱਦਾ ਦਿੱਤਾ ਹੈ।

ਅਸਲ ਵਿਚ 20ਵੀਂ ਸਦੀ ਦੌਰਾਨ ਪੂੰਜੀਵਾਦ ਤਹਿਤ ਜਿਸ ਤਰ੍ਹਾਂ ਦਾ ਵਿਕਾਸ ਮਾਡਲ ਸਾਹਮਣੇ ਆਇਆ ਹੈ, ਉਸ ਨੇ ਕੁਦਰਤੀ ਸੋਮਿਆ ਨੂੰ ਬਹੁਤ ਵੱਡੀ ਪੱਧਰ 'ਤੇ ਉਜਾੜਨਾ ਸ਼ੁਰੂ ਕਰ ਦਿੱਤਾ। ਤਿੰਨ ਸਾਲ ਪਹਿਲਾਂ ਜਦੋਂ ਸੰਸਾਰ ਭਰ ਵਿਚ ਕਰੋਨਾ ਵਾਇਰਸ ਦਾ ਕਹਿਰ ਵਾਪਰਿਆ ਸੀ ਤਾਂ ਕੁਦਰਤ ਨਾਲ ਛੇੜਛਾੜ ਦਾ ਮਸਲਾ ਵੱਡੀ ਪੱਧਰ 'ਤੇ ਉਠਿਆ ਸੀ ਅਤੇ ਇਸ ਬਾਰੇ ਗਹਿ-ਗੱਚ ਵਿਚਾਰਾਂ ਵੀ ਆਰੰਭ ਹੋਈਆਂ ਸਨ ਪਰ ਅਜੇ ਤੱਕ ਵਿਕਸਤ ਦੇਸ਼ ਇਹ ਵੀ ਮੰਨਣ ਲਈ ਤਿਆਰ ਨਹੀਂ ਕਿ ਉਨ੍ਹਾਂ ਦੀਆਂ ਵੱਡੇ ਮੁਨਾਫਿਆਂ ਦੀ ਲਾਲਸਾਵਾਂ ਕਾਰਨ ਕੁਦਰਤ ਦਾ ਉਜਾੜਾ ਹੋ ਰਿਹਾ ਹੈ। ਹਰ ਸਾਲ ਅੰਕੜੇ ਨਸ਼ਰ ਹੁੰਦੇ ਹਨ ਕਿ ਚੱਲ ਰਹੇ ਵਿਕਾਸ ਮਾਡਲ ਕਾਰਨ ਆਲਮੀ ਤਪਸ਼ ਤੇਜ਼ੀ ਨਾਲ ਵਧ ਰਹੀ ਹੈ ਅਤੇ ਕੁਦਰਤ ਅੰਦਰ ਬਹੁਤ ਸਾਰੇ ਵਿਗਾੜ ਪੈਦਾ ਹੋ ਰਹੇ ਹਨ ਪਰ ਇਹ ਅੰਕੜੇ ਸਿਰਫ ਕਾਗਜ਼ਾਂ ਵਿਚ ਹੀ ਰਹਿ ਜਾਂਦੇ ਹਨ।

ਅੱਜ ਦੀ ਹਕੀਕਤ ਇਹ ਹੈ ਕਿ ਸੰਸਾਰ ਦਾ ਕੋਈ ਵੀ ਖਿੱਤਾ ਕੁਦਰਤੀ ਆਫਤਾਂ ਦੀ ਮਾਰ ਤੋਂ ਬਚਿਆ ਹੋਇਆ ਨਹੀਂ। ਅਖੌਤੀ ਵਿਕਾਸ ਮਾਡਲ ਇਸ ਪੱਖ ਤੋਂ ਲਗਾਤਾਰ ਮਾਰ ਕਰ ਰਿਹਾ ਹੈ। ਪਿਛਲੇ ਸਾਢੇ ਤਿੰਨ ਦਹਾਕਿਆਂ ਤੋਂ ਜਦੋਂ ਤੋਂ ਨਵੀਂ ਆਰਥਿਕ ਨੀਤੀਆਂ ਲਾਗੂ ਹੋਈਆਂ ਹਨ, ਕੁਦਰਤ ਦੀ ਤਬਾਹੀ ਹੋਰ ਤੇਜ਼ੀ ਨਾਲ ਹੋ ਰਹੀ ਹੈ। ਮਾਹਿਰਾਂ ਦੀ ਚਿਤਾਵਨੀ ਹੈ ਕਿ ਜੇ ਹੁਣ ਵੀ ਰਲ ਕੇ ਇਸ ਦਾ ਹੱਲ ਨਾ ਕੱਢਿਆ ਗਿਆ ਤਾਂ ਉਹ ਦਿਨ ਬਹੁਤਾ ਦੂਰ ਨਹੀਂ ਜਦੋਂ ਸਮੁੰਦਰੀ ਕੰਢੇ ਵਸੇ ਬਹੁਤ ਸਾਰੇ ਮੁਲਕ ਆਉਂਦੇ ਸਾਲਾਂ ਦੌਰਾਨ ਸੰਸਾਰ ਦੇ ਨਕਸ਼ੇ ਤੋਂ ਲੋਪ ਹੋ ਜਾਣਗੇ। ਇਸੇ ਕਰ ਕੇ ਮਾਹਿਰ ਵਿਕਾਸ ਮਾਡਲ ਉਤੇ ਲਗਾਤਾਰ ਸਵਾਲੀਆ ਨਿਸ਼ਾਨ ਲਾ ਰਹੇ ਹਨ ਅਤੇ ਹੋਕਾ ਦੇ ਰਹੇ ਹਨ ਕਿ ਕੁਦਰਤ ਨਾਲ ਛੇੜਛਾੜ ਤੁਰੰਤ ਬੰਦ ਕੀਤੀ ਜਾਵੇ। ਬਹੁਤੀ ਦੂਰ ਜਾਣ ਦੀ ਲੋੜ ਨਹੀਂ, ਆਪੋ-ਆਪਣੇ ਖਿੱਤਿਆਂ ਉਤੇ ਨਿਗ੍ਹਾ ਮਾਰਨ ਨਾਲ ਸਪਸ਼ਟ ਹੋ ਜਾਂਦਾ ਹੈ ਕਿ ਮਨੁੱਖ ਕਿਸ ਤਰ੍ਹਾਂ ਕੁਦਰਤ ਨੂੰ ਉਜਾੜ ਰਿਹਾ ਹੈ ਅਤੇ ਖੁਦ ਦੀ ਕਬਰ ਤਿਆਰ ਕਰ ਰਿਹਾ ਹੈ।ਇਸ ਲਈ ਹੁਣ ਹਰ ਸ਼ਖਸ ਨੂੰ ਕੁਦਰਤ ਦੀ ਤਬਾਹੀ ਬਾਰੇ ਸੋਚਣਾ ਚਾਹੀਦਾ ਹੈ। ਇਸ ਪ੍ਰਸੰਗ ਵਿਚ ਸਭ ਤੋਂ ਵੱਡਾ ਕਾਰਜ ਸਰਕਾਰਾਂ ਦਾ ਹੈ। ਆਮ ਲੋਕ ਸਰਕਾਰਾਂ ਨੂੰ ਕੁਦਰਤ ਨੂੰ ਉਜਾੜਨ ਤੋਂ ਰੋਕਣ ਲਈ ਕੀ ਲਾਮਬੰਦੀ ਕਰਨ, ਇਸ ਬਾਰੇ ਵਿਚਾਰਨਾ ਬਣਦਾ ਹੈ ਕਿਉਂਕਿ ਸਮਾਂ ਦੱਸ ਰਿਹਾ ਹੈ ਕਿ ਕੁਦਰਤ ਨਾਲ ਸਾਂਝ ਪਾਉਣ ਦਾ ਏਜੰਡਾ ਕਿਸੇ ਵੀ ਸਰਕਾਰ ਦਾ ਨਹੀਂ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਗੱਠ-ਜੋੜ ਲਈ ਕਾਹ.ਲੇ*

'ਘਰ ਦਿਆਂ' ਦੀ ਕੋਈ 'ਸਲਾਹ' ਹੈ ਨਹੀਂ ਪ੍ਰਾਹੁਣੇ ਆਪ ਹੀ ਬਹਿਣ ਲਈ ਤਿਆਰ ਹੋਏ।
ਕੱਢ ਦਿੱਤੇ ਹਨ ਪੰਥ ਨੇ ਦਿਲਾਂ ਵਿਚੋਂ ਹੁਣ ਫਿਰਦੇ ਹਨ ਬਹੁਤ ਲਾਚਾਰ ਹੋਏ।
ਕੀਤਾ 'ਸਕਿਆਂ' ਦਾ ਕਿਹਾ ਅਣਡਿੱਠ ਦੇਖੋ 'ਸੱਤ ਬਿਗਾਨੇ' ਦੇ ਖੜ੍ਹੇ ਜਾ ਦੁਆਰ ਹੋਏ।
ਜੁੰਡਲੀ ਯਾਰਾਂ ਦੀ ਹਾਲੇ ਵੀ ਸੋਚਦੀ ਨਹੀਂ 'ਕਿਹਦੇ ਕਾਰਨੇ' ਐਥੇ ਤੱਕ ਖੁਆਰ ਹੋਏ।
ਸਾਥੀ ਕਿਹਾ ਸੀ 'ਹਾਥੀ' ਦੀ ਪੂਛ ਫੜਕੇ ਉਹਨੂੰ ਛੱਡਣ ਦੇ ਬਣੇ ਆਸਾਰ ਹੋਏ।
ਜੜ੍ਹੋਂ ਟੁੱਟਣ ਦਾ ਬਿਨਾਂ 'ਇਲਾਜ' ਕਰਿਆਂ 'ਗੱਠ-ਜੋੜ' ਲਈ ਪੱਬਾਂ ਦੇ ਭਾਰ ਹੋਏ!

# ਜਾਖੜ ਨੂੰ ਪ੍ਰਧਾਨ ਬਣਾਉਣ ਪਿੱਛੇ ਭਾਜਪਾ ਦੀ ਮਨਸ਼ਾ

***ਕਾਂਗਰਸ ਛੱਡ ਕੇ ਜਾਣ ਪਿੱਛੇ ਸੁਨੀਲ ਜਾਖੜ ਦਾ ਆਪਣੀ ਪਾਰਟੀ ਜਾਂ ਕਿਸੇ ਲੀਡਰ ਨਾਲ ਕੋਈ ਸਿਧਾਂਤਕ ਵਖਰੇਵਾਂ ਨਹੀਂ ਸੀ। ਉਸ ਦੀ ਇੱਛਾ ਸੀ ਕਿ ਕਾਂਗਰਸ ਕੈਪਟਨ ਅਮਰਿੰਦਰ ਸਿੰਘ ਨੂੰ ਪਾਸੇ ਕਰ ਕੇ ਉਸ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਏਗੀ ਪਰ ਕਾਂਗਰਸ ਨੇ ਆਪਣੀਆਂ ਸਿਆਸੀ ਗਿਣਤੀਆਂ-ਮਿਣਤੀਆਂ 'ਚੋਂ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾ ਦਿੱਤਾ। ਜਾਖੜ ਭਾਜਪਾ ਖਿਲਾਫ ਤਾਂ ਬੜੀ ਤਿੱਖੀ ਬਿਆਨਬਾਜ਼ੀ ਕਰਦਾ ਰਿਹਾ ਹੈ। ਹੁਣ ਭਾਜਪਾ ਉਸ ਰਾਹੀਂ ਪੰਜਾਬ ਵਿਚ ਆਪਣਾ ਦਾਅ ਖੇਡਣਾ ਚਾਹੁੰਦੀ ਹੈ।***

ਭਾਰਤੀ ਜਨਤਾ ਪਾਰਟੀ ਨੇ ਸਾਬਕਾ ਕਾਂਗਰਸੀ ਆਗੂ ਸੁਨੀਲ ਜਾਖੜ ਨੂੰ ਪੰਜਾਬ ਇਕਾਈ ਦਾ ਪ੍ਰਧਾਨ ਬਣਾ ਦਿੱਤਾ ਹੈ। ਮੋਦੀ-ਅਮਿਤ ਸ਼ਾਹ ਜੋੜੀ ਵੱਲੋਂ ਸੁਨੀਲ ਜਾਖੜ ਦੀ ਨਿਯੁਕਤੀ ਤੋਂ ਭਾਜਪਾ ਦੀ ਸੂਬਾਈ ਲੀਡਰਸ਼ਿਪ ਖਾਸੀ ਨਾਰਾਜ਼ ਨਜ਼ਰ ਆ ਰਹੀ ਹੈ। ਭਾਜਪਾ ਦੇ ਅਸ਼ਵਨੀ ਸ਼ਰਮਾ, ਹਰਜੀਤ ਸਿੰਘ ਗਰੇਵਾਲ ਵਰਗੇ ਲੀਡਰ ਵਰਕਰਾਂ ਅੱਗੇ ਇਹ ਦਾਅਵਾ ਕਰਦੇ ਰਹੇ ਹਨ ਕਿ ਭਾਜਪਾ ਸਿਧਾਂਤਕ ਅਤੇ ਦੁਨੀਆ ਦੀ ਸਭ ਤੋਂ ਵੱਧ ਮੈਂਬਰਸ਼ਿਪ ਵਾਲੀ ਪਾਰਟੀ ਹੈ ਪਰ ਹੁਣ ਵਰਕਰਾਂ ਵਿਚ ਇਹਨਾਂ ਦੇ ਫੋਕੇ ਦਾਅਵੇ ਦੀ ਹਵਾ ਨਿੱਕਲ ਗਈ ਕਿ ਚਾਰ ਦਿਨ ਪਹਿਲਾਂ ਪਾਰਟੀ ਵਿਚ ਆਇਆ ਬੰਦਾ ਇਹਨਾਂ ਦਾ ਪ੍ਰਧਾਨ ਬਣਾ ਕੇ ਬਿਠਾ ਦਿੱਤਾ ਹੈ। ਇਸੇ




**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਰੰਜ਼ ਕਾਰਨ ਸਾਬਕਾ ਭਾਜਪਾ ਵਿਧਾਇਕ ਆਰੁਣ ਨਾਰੰਗ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਗਿਆ ਹੈ।

ਇਹ ਤੱਥ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਹਿ ਚੁੱਕੇ ਸੁਨੀਲ ਜਾਖੜ ਦੋ ਦਹਾਕੇ ਤੋਂ ਜ਼ਿਆਦਾ ਸਮਾਂ ਭਾਜਪਾ ਖਿਲਾਫ ਤਿੱਖੀ ਬਿਆਨਬਾਜ਼ੀ ਕਰਦੇ ਰਹੇ ਹਨ। ਉਹ ਭਾਜਪਾ ਨੂੰ ਫਿਰਕੂ ਪਾਰਟੀ ਦੱਸਦੇ ਸਨ। ਭਾਜਪਾ ਨੇ ਵੀ ਜਾਖੜ ਨੂੰ ਖੂੰਜੇ ਲਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਭਾਜਪਾ ਨੇ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਸੁਨੀਲ ਜਾਖੜ ਨੂੰ ਗੁਰਦਾਸਪੁਰ ਤੋਂ ਹਰਾਉਣ ਲਈ ਬਾਲੀਵੁੱਡ ਅਦਾਕਾਰ ਸਨੀ ਦਿਓਲ ਨੂੰ ਚੋਣ ਮੈਦਾਨ ਵਿਚ ਉਤਾਰਿਆ ਸੀ। ਸੁਨੀਲ ਜਾਖੜ ਅਬੋਹਰ ਤੋਂ ਤਿੰਨ ਵਾਰ ਵਿਧਾਇਕ ਰਹੇ ਪਰ 2017 ਦੀ ਚੌਥੀ ਚੋਣ ਵਿਚ ਉਹ ਭਾਜਪਾ ਆਗੂ ਅਰੁਣ ਨਾਰੰਗ ਤੋਂ ਹਾਰ ਗਏ ਸਨ। ਅੱਜ ਸੁਨੀਲ ਜਾਖੜ ਨਾ ਤਾਂ ਵਿਧਾਇਕ ਹੈ ਤੇ ਨਾ ਹੀ ਸੰਸਦ ਮੈਂਬਰ ਹੈ; ਇਸ ਦਾ ਮੁੱਖ ਕਾਰਨ ਇਹੀ ਹੈ ਕਿ ਭਾਜਪਾ ਨੇ ਉਸ ਨੂੰ ਅਬੋਹਰ ਅਤੇ ਗੁਰਦਾਸਪੁਰ ਤੋਂ ਹਰਾਉਣ ਲਈ ਪੂਰੀ ਵਾਹ ਲਾਈ ਸੀ।

ਕਾਂਗਰਸ ਛੱਡ ਕੇ ਜਾਣ ਪਿੱਛੇ ਜਾਖੜ ਦਾ ਪਾਰਟੀ ਜਾਂ ਕਿਸੇ ਲੀਡਰ ਨਾਲ ਕੋਈ ਸਿਧਾਂਤਕ ਵਖਰੇਵਾਂ ਨਹੀਂ ਸੀ ਬਲਕਿ ਮੁੱਖ ਮੰਤਰੀ ਦੀ ਕੁਰਸੀ 'ਤੇ ਬਿਠਾਏ ਜਾਣ ਦੀ ਲਾਲਸਾ ਪੂਰੀ ਨਾ ਕਰਨਾ ਸੀ। ਜਾਖੜ ਕਾਂਗਰਸ ਹਾਈ ਕਮਾਂਡ ਦੇ ਖਾਸਾ ਨੇੜੇ ਸਮਝਿਆ ਜਾਂਦਾ ਸੀ, ਉਸ ਦੀ ਇੱਛਾ ਸੀ ਕਿ ਕਾਂਗਰਸ ਕੈਪਟਨ ਅਮਰਿੰਦਰ ਸਿੰਘ ਨੂੰ ਪਾਸੇ ਕਰ ਕੇ ਉਸ ਨੂੰ ਪੰਜਾਬ ਦੇ ਮੁੱਖ ਮੰਤਰੀ ਦੀ ਕੁਰਸੀ 'ਤੇ ਬਿਠਾਏਗੀ ਪਰ ਕਾਂਗਰਸ ਵੱਲੋਂ ਆਪਣੀਆਂ ਸਿਆਸੀ ਗਿਣਤੀਆਂ-ਮਿਣਤੀਆਂ ਦੇ ਮੱਦੇਨਜ਼ਰ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਉਣ ਤੋਂ ਸੁਨੀਲ ਜਾਖੜ ਖਫਾ ਹੋ ਗਿਆ ਸੀ ਤੇ ਵਿਧਾਨ ਸਭਾ ਚੋਣਾਂ ਵਿਚ 'ਆਪ' ਦੀ ਜਿੱਤ ਤੋਂ ਬਾਅਦ ਮਈ 2022 ਵਿਚ ਜਾਖੜ ਕਾਂਗਰਸ ਛੱਡ ਭਾਜਪਾ ਵਿਚ ਚਲਾ ਗਿਆ ਸੀ। ਚੰਨੀ ਨੂੰ ਮੁੱਖ ਮੰਤਰੀ ਉਮੀਦਵਾਰ ਐਲਾਨੇ ਜਾਣ ਦੇ ਰੋਸ ਵਜੋਂ ਹੀ ਜਾਖੜ ਨੇ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਖੁਦ ਦੀ ਥਾਂ ਅਬੋਹਰ ਹਲਕੇ ਤੋਂ ਆਪਣੇ ਭਤੀਜੇ ਸੰਦੀਪ ਜਾਖੜ ਨੂੰ ਚੋਣ ਮੈਦਾਨ ਵਿਚ ਉਤਾਰਿਆ ਸੀ। ਇਹ ਜਾਖੜ ਪਰਿਵਾਰ ਦੀ ਸਿਆਸੀ ਮੌਕਾਪ੍ਰਸਤੀ ਹੀ ਕਹੀ ਜਾ ਸਕਦੀ ਹੈ ਕਿ ਉਹ ਸੁਨੀਲ ਜਾਖੜ ਖੁਦ ਭਾਜਪਾ ਦਾ ਪ੍ਰਧਾਨ ਤਾਂ ਬਣ ਗਿਆ ਪਰ ਉਸ ਦਾ ਸਿਆਸੀ ਵਾਰਿਸ ਸੰਦੀਪ ਜਾਖੜ ਵਿਧਾਨ ਸਭਾ ਮੈਂਬਰਸ਼ਿਪ ਖੁੱਸਣ ਦੇ ਡਰੋਂ ਅਜੇ ਵੀ ਕਾਂਗਰਸ ਵਿਚ ਬੈਠਾ ਹੈ।

ਇਹ ਸਿਆਸੀ ਮੌਕਾਪ੍ਰਸਤੀ ਹੀ ਕਹੀ ਜਾ ਸਕਦੀ ਹੈ ਕਿ 2020 ਵਿਚ ਮੋਦੀ ਸਰਕਾਰ ਵੱਲੋਂ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਚੱਲੇ ਸੰਘਰਸ਼ ਦੌਰਾਨ ਜਾਖੜ, ਕੈਪਟਨ ਵਰਗੇ ਜਿਹੜੇ ਲੀਡਰ ਭਾਜਪਾ ਖਿਲਾਫ ਬਿਆਨ ਦਿੰਦੇ ਨਹੀਂ ਥੱਕਦੇ ਸਨ, ਉਹ ਅੱਜ ਭਾਜਪਾ ਦੀ ਝੋਲੀ ਜਾ ਪਏ ਤੇ ਭਾਜਪਾ ਚਾਈਂ-ਚਾਈਂ ਉਹਨਾਂ ਨੂੰ ਲੀਡਰ ਬਣਾ ਰਹੀ ਹੈ।



ਪੰਜਾਬ ਦਾ ਸੱਭਿਆਚਾਰ ਸਾਮਰਾਜੀ-ਜਗੀਰੂ ਸੱਭਿਆਚਾਰ ਹੈ ਜਿੱਥੇ ਜਾਤੀ ਦਾਬਾਂ ਅਜੇ ਵੀ ਬਰਕਰਾਰ ਹੈ। ਪੰਜਾਬ ਦੀਆਂ ਸਿਆਸੀ ਪਾਰਟੀਆਂ ਦੀ ਪ੍ਰਧਾਨਗੀ ਮੁੱਖ ਰੂਪ ਵਿਚ ਅਖੌਤੀ ਜੱਟਾਂ ਕੋਲ ਰਹੀ ਹੈ। ਪੰਜਾਬ ਦੇ ਅੱਜ ਤੱਕ ਦੇ ਮੁੱਖ ਮੰਤਰੀ ਮੁੱਖ ਰੂਪ ਵਿਚ ਅਖੌਤੀ ਉੱਚ ਜਾਤੀ ਜੱਟਾਂ ਵਿਚੋਂ ਬਣੇ ਹਨ। ਭਾਜਪਾ ਦੀ ਮਨੂੰਵਾਦੀ ਸਿਆਸਤ ਦਾ ਮੁੱਖ ਏਜੰਡਾ ਹੀ ਲੋਕਾਂ ਦਾ ਜਾਤ-ਪਾਤ ਤੇ ਧਰਮ ਦੇ ਆਧਾਰ 'ਤੇ ਧਰੁਵੀਕਰਨ ਕਰ ਕੇ ਸੱਤਾ ਹਾਸਲ ਕਰਨਾ ਹੈ। ਪੰਜਾਬ ਵਿਚ ਭਾਜਪਾ ਵੱਲੋਂ ਅਕਾਲੀ ਦਲ ਨਾਲ ਕੀਤੇ ਜਾਂਦੇ ਮੌਕਾਪ੍ਰਸਤ ਗੱਠਜੋੜ ਦਾ ਆਧਾਰ ਹੀ ਇਹ ਸੀ ਕਿ ਭਾਜਪਾ ਹਿੰਦੂ ਵੋਟ ਹਾਸਲ ਕਰਦੀ ਸੀ ਤੇ ਅਕਾਲੀ ਦਲ ਸਿੱਖ ਵੋਟ ਹਾਸਲ ਕਰਦਾ ਸੀ; ਦੋਵਾਂ ਦੀਆਂ ਸੀਟਾਂ ਮਿਲਾ ਕੇ ਸਰਕਾਰ ਬਣ ਜਾਂਦੀ ਸੀ।

ਕਾਂਗਰਸ ਨੇ ਵੀ ਇਸ ਤਰ੍ਹਾਂ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿਉਂਕਿ ਜਦ ਜਾਖੜ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਿਆ ਸੀ ਤਾਂ ਉਸ ਸਮੇਂ ਪੰਜਾਬ ਵਿਚ ਕਾਂਗਰਸ ਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸੀ ਤੇ ਕੈਪਟਨ ਸਰਕਾਰ ਅਤੇ ਕਾਂਗਰਸ 'ਤੇ ਇਸ ਕਦਰ ਭਾਰੂ ਸੀ ਕਿ ਜਾਖੜ ਸਿਰਫ ਨਾਮ ਦਾ ਪ੍ਰਧਾਨ ਬਣਾਇਆ ਗਿਆ ਸੀ।

ਪੰਜਾਬ ਭਾਰਤ ਦਾ ਕਈ ਪੱਖਾਂ ਤੋਂ ਬਹੁਤ ਮਹੱਤਵਪੂਰਨ ਸੂਬਾ ਹੈ। ਭਾਜਪਾ ਨੇ ਪਿਛਲੇ ਸਮੇਂ ਤੋਂ ਪੰਜਾਬ ਦੀ ਸੱਤਾ ਹਾਸਲ ਕਰਨ ਲਈ ਪੂਰੀ ਵਾਹ ਲਾਈ ਹੋਈ ਹੈ ਪਰ ਅਜੇ ਤੱਕ ਪੰਜਾਬ ਵਿਚ ਭਾਜਪਾ ਦੀ ਫਿਰਕਾਪ੍ਰਸਤ ਸਿਆਸਤ ਦੇ ਪੈਰ ਨਹੀਂ ਲੱਗ ਸਕੇ ਹਨ। ਭਾਜਪਾ ਹਰ ਉਹ ਹੱਥਕੰਡਾ ਆਪਣਾ ਰਹੀ ਹੈ ਜਿਸ ਨਾਲ ਉਸ ਦੇ ਪੰਜਾਬ ਵਿਚ ਪੈਰ ਲੱਗ ਸਕਣ।

ਸੁਨੀਲ ਜਾਖੜ ਨੂੰ ਪ੍ਰਧਾਨ ਬਣਾਉਣ ਦੇ ਚਾਰ ਮੁੱਖ ਕਾਰਨ ਹਨ: ਪਹਿਲਾ ਇਹ ਕਿ ਭਾਜਪਾ ਆਪਣੇ 'ਕਾਂਗਰਸ ਮੁਕਤ ਭਾਰਤ' ਦੇ ਨਾਅਰੇ ਨੂੰ ਲਾਗੂ ਕਰਦਿਆਂ ਕਾਂਗਰਸ ਨੂੰ ਵੱਧ ਤੋਂ ਵੱਧ ਖੋਰਾ ਲਾਉਣਾ ਚਾਹੁੰਦੀ ਹੈ। ਕਾਂਗਰਸੀ ਪਿਛੋਕੜ ਵਾਲੇ ਲੀਡਰ ਨੂੰ ਭਾਜਪਾ ਦੀ ਕਮਾਂਡ ਸੌਂਪ ਕੇ ਕਾਂਗਰਸ ਨੂੰ ਹੋਰ ਵੱਧ ਖੋਰਾ ਲਾਉਣ ਦੀ ਨੀਤੀ ਨਜ਼ਰ ਆ ਰਹੀ ਹੈ। ਜਾਖੜ ਦੀ ਨਿਯੁਕਤੀ ਦਾ ਦੂਸਰਾ ਪੱਖ ਇਹ ਹੈ ਕਿ ਜਿਸ ਦਿਨ ਜਾਖੜ ਦੀ ਨਿਯੁਕਤੀ ਹੋਈ, ਉਸੇ ਦਿਨ ਭਾਜਪਾ ਵੱਲੋਂ ਅਕਾਲੀ ਦਲ ਨਾਲ ਸਾਂਝ ਭਿਆਲੀ ਦੀਆਂ ਅੰਦਰਖਾਤੇ ਕੋਸ਼ਿਸ਼ਾਂ ਜੱਗ-ਜ਼ਾਹਿਰ ਹੋਣੀਆਂ ਸ਼ੁਰੂ ਹੋ ਗਈਆਂ ਸਨ; ਭਾਵ, ਇਹਨਾਂ ਦੇ ਮੁੜ ਗੱਠਜੋੜ ਦੀ ਗੁੰਜਾਇਸ਼ ਅਜੇ ਵੀ ਹੈ ਅਤੇ ਜਾਖੜ-ਬਾਦਲ ਜੋੜੀ ਨੂੰ ਮੂਹਰੇ ਲਗਾ ਕੇ ਅਕਾਲੀ-ਭਾਜਪਾ ਵੱਲੋਂ ਮੁੜ ਹਿੰਦੂ-ਸਿੱਖ ਵੋਟ ਇਕੱਠੀ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਜੇ ਕਿਸੇ ਕਾਰਨ ਇਹਨਾਂ ਦਾ ਗੱਠਜੋੜ ਸਿਰੇ ਨਾ ਚੜ੍ਹਿਆ ਤਾਂ ਚੋਣਾਂ ਤੋਂ ਪਹਿਲਾਂ ਜਾਖੜ ਦੀ ਥਾਂ ਕੋਈ ਸਿੱਖ ਚਿਹਰਾ ਵੀ ਪੇਸ਼ ਕੀਤਾ ਜਾ ਸਕਦਾ ਹੈ।

ਵੈਸੇ ਵੀ ਅਕਾਲੀ ਦਲ ਨਾਲ ਭਾਜਪਾ ਦਾ ਮੌਕਾਪ੍ਰਸਤ ਰਿਸ਼ਤਾ ਕਿਸੇ ਤੋਂ ਲੁਕਿਆ ਨਹੀਂ। ਪ੍ਰਕਾਸ਼ ਸਿੰਘ ਬਾਦਲ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਭਾਜਪਾ ਦੀ ਚੋਟੀ ਦੀ ਲੀਡਰਸ਼ਿਪ ਦੇ ਆਉਣ ਦਾ ਕਾਰਨ ਇਹ ਸੀ ਕਿ ਉਹ ਵੱਡੇ ਬਾਦਲ ਸਾਹਿਬ ਹੀ ਸਨ ਜਿਨ੍ਹਾਂ 1997-98 ਵਿਚ ਭਾਜਪਾ ਦੇ ਉਭਾਰ ਸਮੇਂ ਉਸ ਨੂੰ ਸਭ ਤੋਂ ਪਹਿਲਾਂ ਬਿਨਾਂ ਸ਼ਰਤ ਹਮਾਇਤ ਦੇਣ ਦਾ ਐਲਾਨ ਕੀਤਾ ਸੀ। ਭਾਜਪਾ 'ਤੇ ਦੁਨੀਆ ਭਰ ਵਿਚ ਧਾਰਮਿਕ ਘੱਟ ਗਿਣਤੀ ਭਾਈਚਾਰਿਆਂ ਨੂੰ ਦਬਾਉਣ ਦੇ ਇਲਜ਼ਾਮ ਲੱਗ ਰਹੇ ਹਨ ਤਾਂ ਭਾਜਪਾ ਅਕਾਲੀ ਦਲ ਨਾਲ ਸਾਂਝ ਪਾ ਕੇ ਇਹ ਸੰਕੇਤ ਦੇਣ ਦੀ ਕੋਸ਼ਿਸ਼ ਕਰਦੀ ਹੈ ਕਿ ਸਿੱਖਾਂ ਦੀ ਪਾਰਟੀ ਸਾਡੇ ਨਾਲ ਹੈ; ਹਾਲਾਂਕਿ ਇਹ ਵੀ ਸਚਾਈ ਹੈ ਕਿ ਅਕਾਲੀ ਦਲ ਪੰਜਾਬ ਜਾਂ ਸਿੱਖਾਂ ਨਾਲ ਸਬੰਧਿਤ ਇੱਕ ਵੀ ਮੰਗ ਭਾਜਪਾ ਤੋਂ ਮਨਵਾਉਣ ਵਿਚ ਸਫਲ ਨਹੀਂ ਹੋਇਆ ਹੈ।

ਤੀਸਰਾ, ਭਾਜਪਾ ਨੂੰ ਭਲੀਭਾਂਤ ਪਤਾ ਹੈ ਕਿ ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ ਦਾ ਵੱਡਾ ਹਿੱਸਾ ਉਸ ਨੂੰ ਮੂੰਹ ਨਹੀਂ ਲਾਉਂਦਾ ਹੈ। ਉਂਝ, ਭਾਜਪਾ ਆਪਣੇ ਪੁਰਾਣੇ ਹਿੰਦੂ ਵੋਟ ਬੈਂਕ ਨੂੰ ਵੀ ਖੋਰਾ ਨਹੀਂ ਲੱਗਣ ਦੇਣਾ ਚਾਹੁੰਦੀ ਤੇ ਸੂਬੇ ਦੇ ਵੱਡੇ ਹਿੱਸੇ ਨੂੰ ਕਲਾਵੇ ਵਿਚ ਵੀ ਲੈਣਾ ਚਾਹੁੰਦੀ ਹੈ। ਇਸ ਸੂਰਤ ਵਿਚ ਲਿਬਰਲ ਹਿੰਦੂ ਚਿਹਰਾ ਲੋਕਾਂ ਅੱਗੇ ਪੇਸ਼ ਕੀਤਾ ਗਿਆ ਹੈ।


ਚੌਥਾ, ਭਾਜਪਾ ਨੇ ਪਿਛਲੀਆਂ ਦੋ ਲੋਕ ਸਭਾ ਚੋਣਾਂ ਮੋਦੀ ਦੇ ਚਿਹਰੇ 'ਤੇ ਲੜੀਆਂ ਹਨ ਪਰ ਪੰਜਾਬ ਵਿਚ ਮੋਦੀ ਦਾ ਜਾਦੂ ਨਹੀਂ ਚੱਲ ਸਕਿਆ ਹੈ। ਭਾਜਪਾ ਪੰਜਾਬ ਵਿਚ ਖੁਦ ਦੇ ਪੈਰ ਜਮਾਉਣ ਲਈ ਦੂਜੀਆਂ ਪਾਰਟੀਆਂ 'ਤੇ ਟੇਕ ਰੱਖ ਕੇ ਚੱਲ ਰਹੀ ਹੈ, ਇਸ ਲਈ ਸੁਨੀਲ ਜਾਖੜ ਨੂੰ ਪ੍ਰਧਾਨ ਬਣਾ ਕੇ ਇਹ ਸੰਕੇਤ ਦੇਣ ਦੀ ਕੋਸ਼ਿਸ਼ ਹੈ ਕਿ ਭਾਜਪਾ ਵਿਚ ਪੈਰਾਸ਼ੂਟ ਰਾਹੀਂ ਉੱਤਰੇ ਲੀਡਰਾਂ ਦਾ ਵੀ ਬਹੁਤ 'ਮਾਣ-ਸਤਿਕਾਰ' ਹੈ।

ਉਂਝ ਭਾਜਪਾ ਬਹੁਤ ਯੋਜਨਾਬੱਧ ਤਰੀਕੇ ਨਾਲ ਚੱਲਦੀ ਹੈ। ਇਸ ਨੇ ਮਹਾਰਾਸ਼ਟਰ ਵਿਚ ਏਕਨਾਥ ਸ਼ਿੰਦੇ ਨੂੰ ਇੱਕ ਵਾਰ ਮੁੱਖ ਮੰਤਰੀ ਤਾਂ ਬਣਾ ਦਿੱਤਾ ਪਰ ਹੁਣ ਐਨ.ਸੀ.ਪੀ. ਵਿਚ ਤੋੜ-ਫੋੜ ਕਰ ਕੇ ਉਸ ਨੂੰ ਬੇਅਸਰ ਬਣਾ ਦਿੱਤਾ ਹੈ। ਸੰਭਵ ਹੈ ਕਿ ਜਲਦੀ ਉਸ ਦੀ ਛੁੱਟੀ ਹੋ ਜਾਵੇ। ਇਹੋ ਨੀਤੀ ਭਾਜਪਾ ਪੰਜਾਬ ਵਿਚ ਅਪਣਾਏਗੀ ਕਿ ਦੂਜੀਆਂ ਪਾਰਟੀਆਂ ਵਿਚੋਂ ਆਉਣ ਵਾਲਿਆਂ ਨੂੰ ਉਸ ਸਮੇਂ ਤੱਕ ਹੀ ਲੀਡਰਸ਼ਿਪ ਵਿਚ ਬਰਦਾਸ਼ਤ ਕਰੇਗੀ ਜਦ ਤੱਕ ਉਹ ਹੋਰ ਢੰਗਾਂ ਰਾਹੀਂ ਖੁਦ ਪੈਰਾਂ ਸਿਰ ਨਹੀਂ ਹੋ ਜਾਂਦੀ।

ਕਾਂਗਰਸ ਤੋਂ ਹੋਰ ਜ਼ਿਆਦਾ ਵੱਡੇ ਲੀਡਰ ਖਿੱਚਣ ਦੀ ਨੀਅਤ ਨਾਲ ਇੱਕ ਵਾਰ ਤਾਂ ਭਾਜਪਾ ਜਾਖੜ ਵਾਂਗ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਕਿਸੇ ਸੂਬੇ ਦਾ ਰਾਜਪਾਲ ਲਾ ਸਕਦੀ ਹੈ। ਹਕੀਕਤ ਤਾਂ ਇਹ ਹੈ ਕਿ ਭਾਜਪਾ ਨੇ ਦੇਸ਼ ਦੀ ਮੁੱਖ ਧਾਰਾ ਨਾਲ ਸਬੰਧਿਤ ਸ਼ਾਇਦ ਕੋਈ ਪਾਰਟੀ ਨਹੀਂ ਛੱਡੀ ਜਿਸ ਨੂੰ ਖੋਰਾ ਨਾ ਲਾਇਆ ਹੋਵੇ। ਇਨ੍ਹੀਂ ਦਿਨੀਂ ਮਹਾਰਾਸ਼ਟਰ ਵਿਚ ਭਾਜਪਾ ਨੇ ਸ਼ਰਦ ਪਵਾਰ ਦੀ ਅਗਵਾਈ ਵਾਲੀ ਐਨ.ਸੀ.ਪੀ. ਵਿਚ ਸੰਨ੍ਹ ਮਾਰੀ ਹੈ। ਇਸ ਤੋਂ ਪਹਿਲਾਂ ਸ਼ਿਵ ਸੈਨਾ ਵਿਚ ਦੁਫਾੜ ਪਾਇਆ ਗਿਆ। ਮੱਧ ਪ੍ਰਦੇਸ਼ ਨਾਲ ਸਬੰਧਿਤ ਕਾਂਗਰਸ ਆਗੂ ਜਯੋਤਿਰਦਿੱਤਿਆ ਸਿੰਧੀਆ ਸਮੇਤ 21 ਵਿਧਾਇਕ ਸ਼ਾਮਲ ਕਰਵਾਏ ਗਏ। 2019 ਵਿਚ ਕਰਨਾਟਕ 'ਚ ਕਾਂਗਰਸ ਦੇ 14 ਅਤੇ ਜਨਤਾ ਦਲ (ਸੈਕੂਲਰ) ਦੇ ਤਿੰਨ ਵਿਧਾਇਕਾਂ ਤੋਂ ਅਸਤੀਫੇ ਦਿਵਾਉਣ ਦੀ ਕਾਰਵਾਈ ਇਸੇ ਲੜੀ ਦਾ ਹਿੱਸਾ ਸੀ। ਸੋ ਭਾਜਪਾ ਦੀ ਮੌਕਾਪ੍ਰਸਤ ਸਿਆਸਤ ਨੂੰ ਸਮਝਣ ਦੀ ਲੋੜ ਹੈ।

# ਕੀ ਕਲਾਸਰੂਮਾਂ ਨੂੰ ਹੁਣ ਵਿਚਾਰ ਅਤੇ ਵਿਚਾਰ ਪ੍ਰਗਟਾਵੇ ਦੀ ਜੇਲ੍ਹ ਬਣਾਇਆ ਜਾ ਰਿਹੈ?

ਕੋਲਹਾਪੁਰ ਦੀ ਪ੍ਰੋਫੈਸਰ ਤੇਜਸਵਿਨੀ ਦੇਸਾਈ ਨਾਲ ਜੋ ਹੋਇਆ, ਉਹ ਅਧਿਆਪਨ ਭਾਈਚਾਰੇ ਵਿਚ ਕਿਸੇ ਨਾਲ ਵੀ ਹੋ ਸਕਦਾ ਹੈ। ਇਹ ਸਾਡੇ ਸਮਿਆਂ ਦੇ ਭਾਰਤ ਵਿਚ ਅਧਿਆਪਕ ਹੋਣ ਦੇ ਖ਼ਤਰਿਆਂ ਦੀ ਦੱਸ ਪਾਉਂਦਾ ਹੈ। ਅਧਿਆਪਕ ਹੁਣ ਇਹ ਨਹੀਂ ਮੰਨ ਸਕਦੇ ਕਿ ਕਲਾਸ 55 ਜਾਂ 60 ਮਿੰਟ ਦੇ ਨਿਰਧਾਰਤ ਸਮੇਂ ਤੋਂ ਬਾਅਦ ਖ਼ਤਮ ਹੋ ਗਈ ਹੈ। ਕਲਾਸ ਵਿਚ ਜੋ ਵੀ ਵਾਪਰਦਾ ਹੈ, ਉਸ ਨੂੰ ਕਈ ਦਿਨਾਂ ਤੱਕ ਸੋਸ਼ਲ ਮੀਡੀਆ ਉੱਪਰ ਚਲਾਇਆ ਜਾ ਸਕਦਾ ਹੈ, ਅਤੇ ਅਕਸਰ ਅਧਿਆਪਕ ਨੂੰ ਇਸ ਦੀ ਜਾਣਕਾਰੀ ਵੀ ਨਹੀਂ ਹੁੰਦੀ।



**ਅਪੂਰਵਾਨੰਦ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਅਧਿਆਪਕ ਨੂੰ ਉਨ੍ਹਾਂ ਲੋਕਾਂ ਦੁਆਰਾ ਜਵਾਬਦੇਹ ਠਹਿਰਾਇਆ ਜਾ ਸਕਦਾ ਹੈ ਜੋ ਕਦੇ ਉਨ੍ਹਾਂ ਦੀ ਜਮਾਤ ਦਾ ਹਿੱਸਾ ਨਹੀਂ ਰਹੇ, ਉਹ ਲੋਕ ਜਿਨ੍ਹਾਂ ਨੂੰ ਉਸ ਨੇ ਕਦੇ ਨਹੀਂ ਜਾਣਿਆ ਅਤੇ ਜਿਨ੍ਹਾਂ ਦੇ ਵਿਚਾਰਾਂ ਦਾ ਉਸ ਨੂੰ ਹੁਣ ਸਾਹਮਣਾ ਕਰਨਾ ਪਵੇਗਾ।

ਮਹਾਰਾਸ਼ਟਰ ਦੇ ਕੋਲਹਾਪੁਰ ਇੰਸਟੀਚਿਊਟ ਆਫ ਟੈਕਨਾਲੋਜੀ ਕਾਲਜ ਆਫ ਇੰਜਨੀਅਰਿੰਗ ਵਿਚ ਭੌਤਿਕ ਵਿਗਿਆਨ ਦੀ ਐਸੋਸੀਏਟ ਪ੍ਰੋਫੈਸਰ ਤੇਜਸਵਿਨੀ ਦੇਸਾਈ ਨੂੰ ਉਸ ਦੇ ਵਿਰੁੱਧ ਜਾਂਚ ਪੂਰੀ ਹੋਣ ਤੱਕ ਛੁੱਟੀ 'ਤੇ ਭੇਜ ਦਿੱਤਾ ਗਿਆ ਹੈ।

**ਪ੍ਰੋ. ਦੇਸਾਈ ਨੇ ਗ਼ਲਤ ਕੀ ਕੀਤਾ?**

ਪ੍ਰੋਫੈਸਰ ਦੇਸਾਈ ਮਨੁੱਖੀ ਕਦਰਾਂ-ਕੀਮਤਾਂ ਉੱਪਰ ਕਲਾਸ ਲੈ ਰਹੀ ਸੀ। ਇਹ ਉਸ ਦੀ ਨਿਯਮਤ ਕਲਾਸ ਨਹੀਂ ਸੀ; ਉਹ ਪਿਛਲੇ ਲੈਕਚਰਾਰ ਦੇ ਅਸਤੀਫ਼ੇ ਤੋਂ ਬਾਅਦ ਇਹ ਜ਼ਿੰਮੇਵਾਰੀ ਸੰਭਾਲ ਰਹੀ ਸੀ। ਵਿਦਿਆਰਥੀਆਂ ਨੇ ਉਸ ਨੂੰ ਦੱਸਿਆ ਕਿ ਕਲਾਸ ਵਿਚ ਵਿਤਕਰੇ ਦੇ ਵਿਚਾਰ ਉੱਪਰ ਚਰਚਾ ਕੀਤੀ ਜਾ ਰਹੀ ਸੀ ਅਤੇ ਉਹ ਚਾਹੁੰਦੇ ਹਨ ਕਿ ਉਸੇ ਉੱਪਰ ਗੱਲਬਾਤ ਜਾਰੀ ਰੱਖੀ ਜਾਵੇ। ਪ੍ਰੋਫੈਸਰ ਨੇ ਸਹਿਮਤੀ ਪ੍ਰਗਟਾਈ ਅਤੇ ਲਿੰਗ ਵਿਤਕਰੇ ਉੱਪਰ ਚਰਚਾ ਦੀ ਤਜਵੀਜ਼ ਪੇਸ਼ ਕੀਤੀ ਜਦਕਿ ਵਿਦਿਆਰਥੀਆਂ ਨੇ ਇਸ ਦੀ ਬਜਾਇ ਧਾਰਮਿਕ ਵਿਤਕਰੇ ਉੱਪਰ ਚਰਚਾ ਕਰਨ ਦੀ ਜ਼ਿੱਦ ਕੀਤੀ ਜਿਸ ਲਈ ਉਹ ਸਹਿਮਤ ਹੋ ਗਈ।

ਪ੍ਰੋਫੈਸਰ ਦੇਸਾਈ ਚਰਚਾ ਦੇ ਪ੍ਰਸੰਗ ਤੋਂ ਜਾਣੂ ਸੀ। ਕੋਲਹਾਪੁਰ ਅਜੇ ਫਿਰਕੂ ਹਿੰਸਾ ਦੀਆਂ ਘਟਨਾਵਾਂ 'ਚੋਂ ਬਾਹਰ ਆ ਰਿਹਾ ਸੀ ਜੋ ਕਿਸੇ ਵੱਲੋਂ ਔਰੰਗਜ਼ੇਬ ਦੀ ਤਸਵੀਰ ਨੂੰ ਆਪਣੇ ਸੋਸ਼ਲ ਮੀਡੀਆ ਅਕਾਊਂਟ ਦਾ ਸਟੇਟਸ ਬਣਾਉਣ ਤੋਂ ਬਾਅਦ ਭੜਕ ਉੱਠੀ ਸੀ। ਇਸ ਨੂੰ ਦੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਇਸ ਵਿਸ਼ੇ ਉੱਪਰ ਚਰਚਾ ਕਰਨ ਲਈ ਸਹਿਮਤ ਹੋਣਾ ਪ੍ਰੋ. ਦੇਸਾਈ ਦੀ ਦਲੇਰੀ ਸੀ। ਸਾਰੇ ਅਧਿਆਪਕਾਂ ਵਾਂਗ ਉਸ ਨੇ ਵੀ ਮਹਿਸੂਸ ਕੀਤਾ ਹੋਵੇਗਾ ਕਿ ਜੇ ਵਿਦਿਆਰਥੀ ਉਸ ਵਿਸ਼ੇ ਬਾਰੇ ਸਿੱਖਣਾ ਚਾਹੁੰਦੇ ਹਨ ਤਾਂ ਉਨ੍ਹਾਂ ਨਾਲ ਇਹ ਚਰਚਾ ਕਰਨ 'ਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ।

ਚਰਚਾ ਦੌਰਾਨ ਕੁਝ ਵਿਦਿਆਰਥੀਆਂ ਨੇ ਮੁਸਲਮਾਨਾਂ ਸਬੰਧੀ ਉਨ੍ਹਾਂ ਤੁਅੱਸਬਾਂ ਅਤੇ ਝੂਠੇ ਦਾਅਵਿਆਂ ਨੂੰ ਦੁਹਰਾਉਣਾ ਸ਼ੁਰੂ ਕਰ ਦਿੱਤਾ ਜੋ ਅੱਜ ਹਿੰਦੂ ਸਮਾਜ ਵਿਚ ਪ੍ਰਚਲਤ ਹਨ। ਉਨ੍ਹਾਂ ਨੇ ਦਾਅਵਾ ਕੀਤਾ ਕਿ ਸਾਰੇ ਮੁਸਲਮਾਨ ਬਲਾਤਕਾਰੀ, ਹਿੰਸਕ ਅਤੇ ਹਿੰਦੂ ਤਿਉਹਾਰਾਂ ਵਿਚ ਰੁਕਾਵਟ ਪਾਉਣ ਵਾਲੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਬਾਬਰੀ ਮਸਜਿਦ ਨੂੰ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਢਾਹ ਦਿੱਤਾ ਗਿਆ ਸੀ।

ਪ੍ਰੋਫੈਸਰ ਦੇਸਾਈ ਇਹ ਵਿਚਾਰ ਸੁਣ ਕੇ ਹੈਰਾਨ ਰਹਿ ਗਈ। ਉਸ ਨੇ ਇਹ ਦੱਸਦੇ ਹੋਏ ਜਵਾਬ ਦਿੱਤਾ ਕਿ ਬਲਾਤਕਾਰ ਜੁਰਮ ਹੈ ਜੋ ਕਿਸੇ ਵੀ ਧਰਮ ਦੇ ਮਰਦਾਂ ਦੁਆਰਾ ਕੀਤਾ ਜਾ ਸਕਦਾ ਹੈ, ਦੇਸ਼ਮੁਖ ਜਾਂ ਪਾਟਿਲ ਭਾਈਚਾਰਿਆਂ ਦੇ ਮਰਦ ਵੀ ਇਸ ਤੋਂ ਬਾਹਰ ਨਹੀਂ ਹਨ (ਜੋ ਮਹਾਰਾਸ਼ਟਰ ਵਿਚ ਪ੍ਰਮੁੱਖ ਜਾਤੀ ਸਮੂਹ ਹੈ)।

ਪ੍ਰੋਫੈਸਰ ਦੇਸਾਈ ਨੂੰ ਨਹੀਂ ਸੀ ਪਤਾ ਕਿ ਕੁਝ ਵਿਦਿਆਰਥੀ ਕਲਾਸਰੂਮ ਵਿਚ ਹੋ ਰਹੀ ਗੱਲਬਾਤ ਰਿਕਾਰਡ ਕਰ ਰਹੇ ਸਨ। ਕਲਾਸ ਤੋਂ ਲਗਭਗ ਇਕ ਹਫ਼ਤੇ ਬਾਅਦ ਉਸ ਨੂੰ ਪ੍ਰਿੰਸੀਪਲ ਦੇ ਦਫ਼ਤਰ ਬੁਲਾਇਆ ਗਿਆ ਜਿੱਥੇ ਇਕ ਪੁਲਿਸ ਅਧਿਕਾਰੀ ਵੀ ਮੌਜੂਦ ਸੀ। ਉਸ ਨੂੰ ਸੂਚਿਤ ਕੀਤਾ ਗਿਆ ਕਿ ਗੱਲਬਾਤ ਦਾ ਇਕ ਸੰਪਾਦਤ ਵੀਡੀਓ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ਉੱਪਰ ਘੁੰਮ ਰਿਹਾ ਹੈ। ਵੀਡੀਓ ਵਿਚ ਦੋਸ਼ ਲਗਾਇਆ ਗਿਆ ਹੈ ਕਿ ਉਸ ਨੇ ਪਾਟਿਲਾਂ ਅਤੇ ਦੇਸ਼ਮੁਖਾਂ ਨੂੰ ਬਲਾਤਕਾਰੀ ਦੱਸਦੇ ਹੋਏ ਔਰੰਗਜ਼ੇਬ ਨੂੰ ਚੰਗਾ ਬੰਦਾ ਕਿਹਾ ਸੀ। ਪ੍ਰੋਫੈਸਰ ਦੇਸਾਈ ਇਹ ਦੇਖ ਕੇ ਹੈਰਾਨ ਰਹਿ ਗਈ ਕਿ ਉਸ ਦੀਆਂ ਟਿੱਪਣੀਆਂ ਨੂੰ ਪੂਰੀ ਤਰ੍ਹਾਂ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਸੀ।

ਪੁਲਿਸ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਸੋਸ਼ਲ ਮੀਡੀਆ ਉੱਪਰ ਸ਼ੇਅਰ ਹੋ ਰਹੀ ਵੀਡੀਓ ਦੇਖੀ ਹੈ ਅਤੇ ਉਸ ਤੋਂ ਪੁੱਛਗਿੱਛ ਕਰਨ ਲਈ ਕਾਲਜ ਵਿਚ ਆਏ ਹਨ। ਪੁਲਿਸ ਦੀ ਏਨੀ ਫੁਰਤੀਲੀ ਕਾਰਵਾਈ ਦੇਖ ਕੇ ਹੈਰਾਨੀ ਹੁੰਦੀ ਹੈ! ਕਾਲਜ ਪ੍ਰਸ਼ਾਸਨ ਨੇ ਪ੍ਰੋਫੈਸਰ ਦੇਸਾਈ ਨੂੰ ਮੁਆਫ਼ੀ ਮੰਗ ਕੇ ਮਾਮਲਾ ਸੁਲਝਾਉਣ ਲਈ ਕਿਹਾ ਪਰ ਉਹ ਆਪਣੀ ਗੱਲ 'ਤੇ ਡਟੀ ਰਹੀ ਅਤੇ ਮੁਆਫ਼ੀ ਮੰਗਣ ਤੋਂ ਇਨਕਾਰ ਕਰ ਦਿੱਤਾ। ਨਤੀਜੇ ਵਜੋਂ ਇਸ ਮਾਮਲੇ ਦੀ ਜਾਂਚ ਲਈ ਕਮੇਟੀ ਬਣਾਈ ਗਈ ਹੈ ਅਤੇ ਉਸ ਨੂੰ ਉਦੋਂ ਤੱਕ ਛੁੱਟੀ 'ਤੇ ਜਾਣ ਲਈ ਕਿਹਾ ਗਿਆ ਹੈ।

ਅਸੀਂ ਪ੍ਰੋਫੈਸਰ ਦੇਸਾਈ ਦੀ ਉਸ ਹਿੰਮਤ ਦੀ ਦਾਦ ਦੇ ਸਕਦੇ ਹਾਂ ਪਰ ਅਧਿਆਪਕਾਂ ਨੂੰ ਆਪਣੀ ਵਿਦਿਆਰਥੀਆਂ ਨੂੰ ਪੜ੍ਹਾਉਣ ਦੀ ਆਮ ਡਿਊਟੀ ਨਿਭਾਉਣ ਲਈ ਅਜਿਹੀ ਅਸਧਾਰਨ ਹਿੰਮਤ ਦੀ ਲੋੜ ਨਹੀਂ ਹੋਣੀ ਚਾਹੀਦੀ। ਇਕ ਅਧਿਆਪਕ ਵਜੋਂ ਆਪਣੀ ਡਿਊਟੀ ਨਿਭਾਉਂਦੇ ਹੋਏ ਬਿਲਕੁਲ ਇਹੀ ਤਾਂ ਪ੍ਰੋਫੈਸਰ ਦੇਸਾਈ ਕਰ ਰਹੀ ਸੀ। ਉਹ ਉਹੀ ਤਾਂ ਕਰ ਰਹੀ ਸੀ ਜੋ ਸਾਰੇ ਅਧਿਆਪਕਾਂ ਨੂੰ ਕਰਨਾ ਚਾਹੀਦਾ ਹੈ। ਜਿਵੇਂ ਪ੍ਰੋਫੈਸਰ ਦੇਸਾਈ ਨੇ ਕਿਹਾ ਹੈ, ਉਸ ਨੇ ਆਪਣੇ ਵਿਦਿਆਰਥੀਆਂ ਨੂੰ ਆਪਣੇ ਵਿਚਾਰਾਂ ਉੱਪਰ ਵਿਚਾਰ ਕਰਨ, ਪੜਚੋਲੀਆ ਹੋ ਕੇ ਆਪਣੇ ਆਪ ਨੂੰ ਘੋਖਣ ਅਤੇ ਉਨ੍ਹਾਂ ਵਿਚਾਰਾਂ ਜਾਂ ਰਾਵਾਂ ਉੱਪਰ ਸਵਾਲ ਕਰਨ



ਪ੍ਰੋਫੈਸਰ ਤੇਜਸਵਿਨੀ ਦੇਸਾਈ

ਲਈ ਕਿਹਾ ਸੀ ਜਿਨ੍ਹਾਂ ਨੂੰ ਉਨ੍ਹਾਂ ਦੇ ਪਰਿਵਾਰ ਬਹੁਤ ਮਹੱਤਵ ਦਿੰਦੇ ਹਨ। ਇਹ ਵਿਦਿਆਰਥੀਆਂ ਲਈ ਅਮੁੱਕ ਪ੍ਰਕਿਰਿਆ ਹੈ ਪਰ ਇਹੀ ਤਾਂ ਅਧਿਆਪਕਾਂ ਨੂੰ ਕਰਨਾ ਚਾਹੀਦਾ ਹੈ: ਵਿਦਿਆਰਥੀਆਂ ਨੂੰ ਸੁਤੰਤਰ ਤੌਰ 'ਤੇ ਸੋਚਣ ਲਈ ਵੰਗਾਰਨਾ ਅਤੇ ਤਿਆਰ ਕਰਨਾ। ਇਸ ਤੋਂ ਇਲਾਵਾ, ਵਿਦਿਆਰਥੀਆਂ ਨੂੰ ਇਹ ਸਿਖਾਉਣ ਦੀ ਜ਼ਰੂਰਤ ਹੁੰਦੀ ਹੈ ਕਿ ਉਹ ਜੋ ਵੀ ਕਰਦੇ ਹਨ ਉਹ ਦੂਜਿਆਂ ਲਈ ਹਮਦਰਦੀ ਨਾਲ ਲਬਰੇਜ਼ ਹੋਣਾ ਚਾਹੀਦਾ ਹੈ। ਜੇ ਇਹ ਮਨੁੱਖੀ ਕਦਰਾਂ-ਕੀਮਤਾਂ ਦੀ ਸਿੱਖਿਆ ਦੇਣ ਵਾਲੀ ਜਮਾਤ ਵਿਚ ਨਹੀਂ ਸਿਖਾਇਆ ਜਾਣਾ ਤਾਂ ਹੋਰ ਕਿੱਥੇ ਸਿਖਾਇਆ ਜਾਵੇਗਾ?

ਮੁਸਲਮਾਨਾਂ ਪ੍ਰਤੀ ਆਪਣੇ ਵਿਦਿਆਰਥੀਆਂ 'ਚ ਬਣੇ ਤੁਅੱਸਬਾਂ ਉੱਪਰ ਸਵਾਲ ਉਠਾ ਕੇ ਪ੍ਰੋਫੈਸਰ ਦੇਸਾਈ ਦਰਅਸਲ ਉਸ ਬੁਨਿਆਦੀ ਸੋਚ ਨੂੰ ਦੂਰ ਕਰਨ ਵਿਚ ਮਦਦ ਕਰ ਰਹੀ ਸੀ ਜੋ ਤੱਥਾਂ 'ਤੇ ਆਧਾਰਿਤ ਨਹੀਂ ਹੈ ਕਿ ਮੁਸਲਮਾਨਾਂ ਤੋਂ ਇਲਾਵਾ ਹੋਰ ਭਾਈਚਾਰਿਆਂ ਵਿਚ ਕੋਈ ਬਲਾਤਕਾਰੀ ਜਾਂ ਅਪਰਾਧੀ ਨਹੀਂ ਹੁੰਦਾ। ਇਹ ਕਿਵੇਂ ਸੰਭਵ ਹੈ ਕਿ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਇਹ ਨਹੀਂ ਪਤਾ ਕਿ ਬਲਾਤਕਾਰੀ ਉਨ੍ਹਾਂ ਦੇ ਆਪਣੇ ਭਾਈਚਾਰੇ ਸਮੇਤ ਸਾਰੇ ਭਾਈਚਾਰਿਆਂ ਵਿਚ ਮਿਲ ਸਕਦੇ ਹਨ? ਉਹ ਕੀ ਪੜ੍ਹ ਰਹੇ ਹਨ? ਉਹ ਕਿਸ ਨੂੰ ਸੁਣਦੇ ਰਹੇ ਹਨ? ਉਨ੍ਹਾਂ ਦੀਆਂ ਅਜਿਹੀਆਂ ਗ਼ਲਤ ਧਾਰਨਾਵਾਂ ਕਿਵੇਂ ਬਣਾਈਆਂ ਗਈਆਂ ਹਨ?

ਵਿਦਿਆਰਥੀਆਂ ਨੂੰ ਕੱਟੜਪੰਥੀ ਬੋਲੀ ਬੋਲਦਿਆਂ ਦੇਖਣਾ ਅਤੇ ਬਸ ਸ਼ਾਂਤੀ ਬਣਾਈ ਰੱਖਣ ਲਈ ਚੁੱਪ ਰਹਿਣਾ ਅਧਿਆਪਨ ਦੇ ਕਿੱਤੇ ਨਾਲ ਧੋਖਾ ਹੈ। ਉਨ੍ਹਾਂ ਦੀਆਂ ਗ਼ਲਤ ਧਾਰਨਾਵਾਂ ਨੂੰ ਦਰੁਸਤ ਕਰ ਕੇ ਪ੍ਰੋਫੈਸਰ ਦੇਸਾਈ ਨਾ ਸਿਰਫ਼ ਉਨ੍ਹਾਂ ਨੂੰ ਕੱਟੜਪੰਥੀ ਵਿਚਾਰਾਂ ਤੋਂ ਆਜ਼ਾਦ ਕਰਾ ਰਹੀ ਸੀ ਸਗੋਂ ਉਨ੍ਹਾਂ ਦਾ ਮਾਨਵੀਕਰਨ ਵੀ ਕਰ ਰਹੀ ਸੀ। ਇਸ ਸਮੇਂ ਸਾਰੇ ਅਧਿਆਪਕ ਇਹੀ ਕਰ ਰਹੇ ਹੋਣੇ ਚਾਹੀਦੇ ਹਨ। ਬਦਕਿਸਮਤੀ ਨਾਲ ਸੱਤਾ 'ਚ ਬੈਠੇ ਲੋਕ ਨਹੀਂ ਚਾਹੁੰਦੇ ਕਿ ਅਜਿਹਾ ਹੋਵੇ।

ਨਿਚੋੜ ਇਹ ਹੈ ਕਿ ਇਹ ਪ੍ਰੋਫੈਸਰ ਦੇਸਾਈ ਨਹੀਂ ਸਗੋਂ ਉਨ੍ਹਾਂ ਦੇ ਕੁਝ ਵਿਦਿਆਰਥੀ ਸਨ ਜਿਨ੍ਹਾਂ ਨੇ ਕਲਾਸਰੂਮ ਦੇ ਨਿਯਮਾਂ ਦੀ ਉਲੰਘਣਾ ਕੀਤੀ। ਕਲਾਸਰੂਮ ਜਨਤਕ ਫੋਰਮ ਨਹੀਂ ਹੈ; ਇਹ ਅਧਿਆਪਕ ਅਤੇ ਵਿਦਿਆਰਥੀਆਂ ਵਿਚਕਾਰ ਉਨ੍ਹਾਂ ਵੱਲੋਂ ਬਣਾਈ ਖ਼ਾਸ ਥਾਂ ਹੈ। ਇਹ ਗਲੀ ਨਾਲੋਂ ਵਧੇਰੇ ਖੁੱਲ੍ਹੀ ਅਤੇ ਸੁਰੱਖਿਅਤ ਹੈ, ਇਹ ਵਿਚਾਰਾਂ ਦੇ ਸੁਤੰਤਰ ਪ੍ਰਗਟਾਵੇ ਦੀ ਇਜਾਜ਼ਤ ਦਿੰਦੀ ਹੈ ਜੋ ਹੋਰ ਕਿਤੇ ਸੰਭਵ ਨਹੀਂ ਹੈ। ਇੱਥੇ ਉਹ ਵਿਚਾਰ ਸਾਂਝੇ ਕੀਤੇ ਜਾ ਸਕਦੇ ਹਨ ਜੋ ਬਾਹਰ ਮੁਸੀਬਤ ਖੜ੍ਹੀ ਕਰ ਸਕਦੇ ਹਨ। ਇਸੇ ਕਰ ਕੇ ਅਧਿਆਪਕ ਜਮਾਤ ਵਿਚ ਵਿਦਿਆਰਥੀਆਂ ਵੱਲੋਂ ਪ੍ਰਗਟਾਏ ਵਿਚਾਰਾਂ ਨੂੰ ਕਦੇ ਵੀ ਜਨਤਕ ਨਹੀਂ ਕਰਦੇ ਅਤੇ ਨਾ ਹੀ ਉਨ੍ਹਾਂ ਦੇ ਨਾਵਾਂ ਦਾ ਖ਼ੁਲਾਸਾ ਕਰਦੇ ਹਨ। ਕਲਾਸਰੂਮ ਵਿਦਿਆਰਥੀਆਂ ਅਤੇ ਅਧਿਆਪਕਾਂ ਦੋਵਾਂ ਲਈ ਸੁਰੱਖਿਅਤ ਥਾਂ ਹੋਣੀ ਚਾਹੀਦੀ ਹੈ।

ਕੈਂਪਸ ਅਤੇ ਕਲਾਸਰੂਮ ਵਿਚਾਰਾਂ ਦੀਆਂ ਪ੍ਰਯੋਗਸ਼ਾਲਾਵਾਂ ਵਜੋਂ ਕੰਮ ਕਰਦੇ ਹਨ। ਅਧਿਆਪਕ ਇੱਥੇ ਵਿਦਿਆਰਥੀਆਂ ਨੂੰ ਆਪਣੇ ਮਨ ਦੀ ਗੱਲ ਕਹਿਣ ਲਈ ਉਤਸ਼ਾਹਤ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਅਜਿਹਾ ਮੌਕਾ ਹੋਰ ਕਿੱਥੇ ਮਿਲੇਗਾ? ਪਰਿਵਾਰ ਤੋਂ ਸ਼ੁਰੂ ਹੋ ਕੇ ਸਮਾਜ ਦੇ ਹਰ ਪਹਿਲੂ ਵਿਚ ਰੋਕਾਂ ਅਤੇ ਸੈਂਸਰਸ਼ਿਪ ਮੌਜੂਦ ਹੈ।

ਕਲਾਸਰੂਮ ਆਪਸੀ ਵਿਸ਼ਵਾਸ ਦੇ ਆਧਾਰ 'ਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚਕਾਰ ਅਣਕਹੇ ਸਮਝੌਤੇ ਉੱਪਰ ਬਣਾਇਆ ਗਿਆ ਹੈ। ਜਿਸ ਤਰ੍ਹਾਂ ਵਿਦਿਆਰਥੀਆਂ ਨੂੰ ਖੁੱਲ੍ਹ ਕੇ ਆਪਣੇ ਵਿਚਾਰ ਪੇਸ਼ ਕਰਨ ਦੀ ਇਜਾਜ਼ਤ ਹੈ, ਉਸੇ ਤਰ੍ਹਾਂ ਅਧਿਆਪਕ ਵੀ ਆਪਣੇ ਵਿਚਾਰ ਪੇਸ਼ ਕਰਨ ਲਈ ਆਜ਼ਾਦ ਹਨ। ਇਹ ਸਿਖਾਉਣਾ ਉਨ੍ਹਾਂ ਦਾ ਫ਼ਰਜ਼ ਹੈ ਕਿ ਵਿਦਿਆਰਥੀ ਕਿਵੇਂ ਸੋਚਣ ਅਤੇ ਜ਼ਿੰਮੇਵਾਰੀ ਨਾਲ ਕਿਵੇਂ ਸੋਚਣ। ਪ੍ਰੋਫੈਸਰ ਦੇਸਾਈ ਬਿਲਕੁਲ ਇਹੀ ਕਰ ਰਹੀ ਸੀ।

**ਸਵੈ-ਸੈਂਸਰਸ਼ਿਪ ਦਾ ਅਧਿਆਪਨ ਅਤੇ ਸਿੱਖਣ ਉੱਪਰ ਅਸਰ ਪਵੇਗਾ**

ਜਿਨ੍ਹਾਂ ਵਿਦਿਆਰਥੀਆਂ ਨੇ ਕਲਾਸਰੂਮ ਵਿਚਲੀ ਚਰਚਾ ਨੂੰ ਰਿਕਾਰਡ ਕੀਤਾ ਅਤੇ ਇਸ ਦਾ ਵੱਢਿਆ-ਟੁੱਕਿਆ ਰੂਪ ਜਨਤਕ ਕੀਤਾ, ਉਨ੍ਹਾਂ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚਕਾਰ ਇਕਰਾਰਨਾਮੇ ਦੀ ਉਲੰਘਣਾ ਕੀਤੀ ਹੈ ਜਿਸ ਤੋਂ ਬਿਨਾਂ ਕੋਈ ਵੀ ਕਲਾਸ ਕੰਮ ਨਹੀਂ ਕਰ ਸਕਦੀ। ਅਜਿਹਾ ਕਰ ਕੇ ਉਨ੍ਹਾਂ ਨੇ ਨਾ ਸਿਰਫ਼ ਪ੍ਰੋਫੈਸਰ ਦੇਸਾਈ ਨੂੰ ਖ਼ਤਰੇ ਵਿਚ ਪਾਇਆ ਸਗੋਂ ਹੋਰ ਵਿਦਿਆਰਥੀਆਂ ਨੂੰ ਵੀ ਨੁਕਸਾਨ ਪਹੁੰਚਾਇਆ। ਇਸ ਵਿਚ ਸਿਰਫ਼ ਉਨ੍ਹਾਂ ਦੇ ਕਾਲਜ ਦੇ ਵਿਦਿਆਰਥੀ ਹੀ ਨਹੀਂ ਬਲਕਿ ਭਾਰਤ ਭਰ ਦੀਆਂ ਹੋਰ ਸੰਸਥਾਵਾਂ ਦੇ ਵਿਦਿਆਰਥੀ ਵੀ ਸ਼ਾਮਲ ਹਨ।

ਹੁਣ ਅਧਿਆਪਕ ਚੁਕੰਨੇ ਹੋ ਜਾਣਗੇ, ਬੋਲਣ ਤੋਂ ਗੁਰੇਜ਼ ਕਰਨਗੇ। ਉਹ ਸਵੈ-ਸੈਂਸਰਸ਼ਿਪ ਲਾਗੂ ਕਰਨਾ ਸ਼ੁਰੂ ਕਰ ਲੈਣਗੇ ਅਤੇ ਵਿਦਿਆਰਥੀਆਂ ਤੋਂ ਦੂਰੀ ਬਣਾ ਲੈਣਗੇ। ਪ੍ਰਚਲਤ ਰਾਇ ਅਤੇ ਭੀੜ ਦੀ ਮਾਨਸਿਕਤਾ ਚੁਣੌਤੀ ਰਹਿਤ ਹੋਵੇਗੀ। ਇਹ ਅਧਿਆਪਕਾਂ ਲਈ ਤਾਂ ਨੁਕਸਾਨ ਹੈ ਹੀ, ਪਰ ਵਿਦਿਆਰਥੀਆਂ ਲਈ ਇਸ ਤੋਂ ਵੀ ਵੱਡਾ ਨੁਕਸਾਨ ਹੈ। ਜੇਕਰ ਵਿਦਿਆਰਥੀਆਂ ਨੂੰ ਦਲੀਲਾਂ, ਤੱਥਾਂ ਅਤੇ ਤਰਕ ਦੀ ਲੋਅ 'ਚ ਸਵੈ-ਚਿੰਤਨ ਕਰਨ ਅਤੇ ਆਪਣੇ ਵਿਚਾਰਾਂ ਦੀ ਪੜਚੋਲੀਆ ਹੋ ਕੇ ਜਾਂਚ ਕਰਨ ਲਈ ਉਤਸ਼ਾਹਿਤ ਅਤੇ ਪ੍ਰੇਰਿਤ ਨਹੀਂ ਕੀਤਾ ਜਾਂਦਾ ਤਾਂ ਉਹ ਕਿਵੇਂ ਸਿੱਖਣਗੇ ਅਤੇ ਕੀ ਸਿੱਖਣਗੇ?

ਕੋਲਹਾਪੁਰ ਦੀ ਇਸ ਘਟਨਾ ਨੇ ਮੈਨੂੰ ਕੇਰਲ ਦੀ ਕੇਂਦਰੀ ਯੂਨੀਵਰਸਿਟੀ ਦੇ ਗਿਲਬਰਟ ਸੇਬੇਸਟੀਅਨ ਦੀ ਯਾਦ ਦਿਵਾ ਦਿੱਤੀ ਜਿਸ ਦੀ ਕਲਾਸ ਵਿਚ ਫਾਸ਼ੀਵਾਦ ਬਾਰੇ ਪੇਸ਼ਕਾਰੀ ਵੀ ਪ੍ਰੋਫੈਸਰ ਦੇਸਾਈ ਦੇ ਕੇਸ ਵਾਂਗ ਹੀ ਜਨਤਕ ਕੀਤੀ ਗਈ ਸੀ। ਭਾਜਪਾ ਦੇ ਵਿਦਿਆਰਥੀ ਵਿੰਗ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਵਰਗੀਆਂ ਜਥੇਬੰਦੀਆਂ ਨੇ ਪ੍ਰਸ਼ਾਸਨ ਨੂੰ ਸੇਬੇਸਟੀਅਨ ਨੂੰ ਮੁਅੱਤਲ ਕਰਨ ਲਈ ਮਜਬੂਰ ਕੀਤਾ। ਹਾਲਾਂਕਿ ਮੁਅੱਤਲੀ ਬਾਅਦ ਵਿਚ ਰੱਦ ਕਰ ਦਿੱਤੀ ਗਈ ਪਰ ਇਹ ਕਲਪਨਾ ਕੀਤੀ ਜਾ ਸਕਦੀ ਹੈ ਕਿ ਇਸ ਦਾ ਸੇਬੇਸਟੀਅਨ 'ਤੇ ਕੀ ਅਸਰ ਪਿਆ ਹੋਵੇਗਾ। ਕੀ ਉਹ ਅਜਿਹੀ ਘਟਨਾ ਤੋਂ ਬਾਅਦ ਉਸੇ ਸਹਿਜਤਾ ਨਾਲ ਪੜ੍ਹਾ ਸਕੇਗਾ? ਕੀ ਉਹ ਖੁੱਲ੍ਹੇ ਤੇ ਨਿਡਰ ਮਨ ਅਤੇ ਦਿਲ ਨਾਲ ਸਿਖਾ ਸਕੇਗਾ?

ਜੇ ਕਿਸੇ ਅਧਿਆਪਕ ਨੂੰ ਲਗਾਤਾਰ ਆਪਣੇ ਵਿਦਿਆਰਥੀਆਂ ਦੇ ਇਰਾਦਿਆਂ 'ਤੇ ਸ਼ੱਕ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ ਅਤੇ ਜੇ ਉਹ ਡਰਦਾ ਹੈ ਕਿ ਉਹ ਜੋ ਕੁਝ ਵੀ ਕਹਿੰਦਾ ਹੈ ਉਸ ਨੂੰ ਜਨਤਕ ਤੌਰ 'ਤੇ ਨਸ਼ਰ ਕੀਤਾ ਜਾ ਸਕਦਾ ਹੈ ਜਾਂ ਅਧਿਕਾਰੀ ਉਸ ਨੂੰ ਪੁੱਛਗਿੱਛ ਲਈ ਬੁਲਾਉਣਗੇ ਤਾਂ ਕਲਾਸਰੂਮ ਬਹੁਤ ਹੀ ਤਣਾਅ ਵਾਲਾ ਮਾਹੌਲ ਬਣ ਜਾਂਦਾ ਹੈ। ਇਮਾਨਦਾਰੀ ਨਾਲ ਗੱਲਬਾਤ ਕਰਨ ਦੀ ਆਜ਼ਾਦੀ ਤੋਂ ਬਿਨਾਂ ਕਲਾਸਰੂਮ ਹੁਣ ਸੱਚੇ ਅਤੇ ਖੁੱਲ੍ਹੇ ਮਨ ਨਾਲ ਸਿੱਖਣ ਦੇ ਸਥਾਨ ਨਹੀਂ ਰਹਿਣਗੇ। ਇਸ ਦੀ ਬਜਾਇ ਕਲਾਸਰੂਮ ਪ੍ਰਚਾਰ ਦੇ ਅੱਡੇ ਬਣ ਜਾਣਗੇ।

ਹਿੰਦੂਤਵ ਜਥੇਬੰਦੀਆਂ ਕਲਾਸਰੂਮ ਨੂੰ ਇਹੀ ਤਾਂ ਬਣਾਉਣਾ ਚਾਹੁੰਦੀਆਂ ਹਨ ਪਰ ਕੀ ਵਿਦਿਆਰਥੀ ਵੀ ਇਹੀ ਚਾਹੁੰਦੇ ਹਨ?

# ਫੰਡ ਸਰੋਤਾਂ ਬਾਰੇ ਈਡੀ ਦੇ ਦੋਹਰੇ ਮਿਆਰ

ਮੋਦੀ ਸਰਕਾਰ ਨੇ ਜਿਸ ਕਿਸੇ ਆਲੋਚਕ ਆਵਾਜ਼ ਦੀ ਬਾਂਹ ਮਰੋੜਨੀ ਹੋਵੇ, ਉਸ ਪਿੱਛੇ ਈ.ਡੀ. ਨੂੰ ਪਾ ਦਿੱਤਾ ਜਾਂਦਾ ਹੈ। ਲੋਕ ਪੱਖ ਉਭਾਰਦੇ ਬੁੱਧੀਜੀਵੀਆਂ ਤੋਂ ਲੈ ਕੇ ਵਿਰੋਧੀ ਧਿਰ ਦੇ ਆਗੂਆਂ ਤੱਕ ਦੀ ਜ਼ਬਾਨਬੰਦੀ ਕਰਨ ਲਈ ਈ.ਡੀ. ਦਾ ਰਾਜਨੀਤਕ ਸੰਦ ਵਜੋਂ ਇਸਤੇਮਾਲ ਆਮ ਦੇਖਿਆ ਜਾ ਸਕਦਾ ਹੈ ਪਰ ਆਰ.ਐੱਸ.ਐੱਸ. ਦੇ ਮਾਮਲੇ 'ਚ ਈ.ਡੀ. ਦਾ ਪੈਮਾਨਾ ਵੱਖਰਾ ਹੈ।

ਭਾਜਪਾ ਦੀ ਵਿਚਾਰਧਾਰਕ ਸਰੋਤ ਸੰਸਥਾ ਆਰ.ਐੱਸ.ਐੱਸ. ਦੀਆਂ ਪੂਰੇ ਮੁਲਕ ਵਿਚ 50 ਹਜ਼ਾਰ ਤੋਂ ਵੱਧ ਸ਼ਾਖਾਵਾਂ ਹਨ। ਇਸ ਦੇ ਮੈਂਬਰਾਂ ਦੀ ਗਿਣਤੀ ਕਈ ਕਰੋੜ ਮੰਨੀ ਜਾਂਦੀ ਹੈ ਪਰ ਇਹ ਗਿਣਤੀ ਕਿਤੇ ਵੀ ਦਰਜ ਨਹੀਂ ਹੈ। ਮੈਂਬਰਾਂ ਦੀ ਰਜਿਸਟ੍ਰੇਸ਼ਨ ਨਹੀਂ ਹੈ, ਇਸ ਦਾ ਮਤਲਬ ਹੈ ਉਨ੍ਹਾਂ ਦੀ ਮੈਂਬਰਸ਼ਿਪ ਨਹੀਂ ਭਰੀ ਜਾਂਦੀ। ਫਿਰ ਸਵਾਲ ਇਹ ਹੈ ਕਿ ਕਰੋੜਾਂ ਮੈਂਬਰਾਂ ਦੀ ਸੰਸਥਾ ਆਰ.ਐੱਸ.ਐੱਸ. ਦਾ ਖ਼ਰਚਾ ਕਿੱਥੋਂ ਆਉਂਦਾ ਹੈ। ਸਵਾਲ ਇਹ ਵੀ ਹੈ ਕਿ ਇਹ ਪੈਸਾ ਕਾਨੂੰਨੀ ਤੌਰ 'ਤੇ ਆਉਂਦਾ ਹੈ ਜਾਂ ਗ਼ੈਰ-ਕਾਨੂੰਨੀ। ਆਰ.ਐੱਸ.ਐੱਸ. ਦੇ ਧਨ ਦੇ ਸਰੋਤਾਂ ਬਾਰੇ ਜਾਣਕਾਰੀ ਲੈਣ ਲਈ ਲਲਨ ਕੁਮਾਰ ਸਿੰਘ ਨਾਂ ਦੇ ਕਾਰਕੁਨ ਨੇ ਵਾਰ-ਵਾਰ ਈ.ਡੀ. ਕੋਲ ਪਹੁੰਚ ਕੀਤੀ ਹੈ ਪਰ ਕੋਈ ਜਵਾਬ ਨਹੀਂ ਮਿਲਿਆ। ਲਲਨ ਕੁਮਾਰ ਸਿੰਘ ਸੂਚਨਾ ਅਧਿਕਾਰ ਕਾਨੂੰਨ ਕਾਰਕੁਨ ਹਨ ਜੋ ਈ.ਡੀ. ਨੂੰ ਵਾਰ-ਵਾਰ ਲਿਖ ਕੇ ਜਾਣਕਾਰੀ ਲੈਣ ਦੀ ਕੋਸ਼ਿਸ਼ ਕਰ ਰਹੇ ਹਨ।

ਇਸ ਆਰ.ਟੀ.ਆਈ. ਕਾਰਕੁਨ ਨੇ ਈ.ਡੀ. ਕੋਲੋਂ ਆਰ.ਐੱਸ.ਐੱਸ. ਦੀ ਆਰਥਕ ਸਥਿਤੀ ਬਾਰੇ ਜਾਣਕਾਰੀ ਮੰਗੀ ਸੀ। ਉਸ ਨੇ ਦਿੱਲੀ ਵਿਚ ਈ.ਡੀ. ਦੇ ਰਵੀ ਤਿਵਾੜੀ ਨੂੰ ਆਰ.ਟੀ.ਆਈ. ਦਰਖ਼ਾਸਤ ਦੇ ਕੇ ਜਾਣਕਾਰੀ ਮੰਗੀ ਸੀ ਕਿ ਏਨੀ ਵੱਡੀ ਸੰਸਥਾ ਦਾ ਖ਼ਰਚਾ ਕਿੱਥੋਂ ਆਉਂਦਾ ਹੈ, ਕੀ ਇਹ ਈ.ਡੀ. ਲਈ ਧਨ ਦੀ ਛਾਣ-ਬੀਣ ਦਾ ਮਾਮਲਾ ਨਹੀਂ ਬਣਦਾ ਪਰ ਇਸ ਆਰ.ਟੀ.ਆਈ. ਦਾ ਕੋਈ ਜਵਾਬ ਨਹੀਂ ਆਇਆ। ਫਿਰ ਲਲਨ ਕੁਮਾਰ ਸਿੰਘ ਨੇ ਦੁਬਾਰਾ ਆਰ.ਟੀ.ਆਈ ਦਾਇਰ ਕੀਤੀ ਕਿ ਉਨ੍ਹਾਂ ਵੱਲੋਂ ਦਾਇਰ ਕੀਤੀ ਗਈ ਆਰ.ਟੀ.ਆਈ ਉੱਪਰ ਈ.ਡੀ. ਨੇ ਕੀ ਕਾਰਵਾਈ ਕੀਤੀ ਹੈ ਪਰ ਇਸ ਆਰ.ਟੀ.ਆਈ. ਨੂੰ ਟਾਲਦਿਆਂ ਦਿੱਲੀ ਦੇ ਅਧਿਕਾਰੀ ਨੇ ਇਹ ਵਜ੍ਹਾ ਦੱਸ ਕੇ ਮਾਮਲਾ ਮੁੰਬਈ ਭੇਜ ਦਿੱਤਾ ਕਿ ਆਰ.ਐੱਸ.ਐੱਸ. ਦਾ ਮੁੱਖ ਦਫ਼ਤਰ ਉਸ ਇਲਾਕੇ ਵਿਚ ਹੈ, ਉੱਥੋਂ ਦੇ ਦਫ਼ਤਰ ਰਾਹੀਂ ਜਾਣਕਾਰੀ ਲਓ।

ਮੁੰਬਈ ਈ.ਡੀ. ਨੇ ਜਵਾਬ ਭੇਜਿਆ ਕਿ ਆਰ.ਟੀ.ਆਈ. ਦੀ ਧਾਰਾ 24(4) ਤਹਿਤ ਜਾਣਕਾਰੀ ਨਹੀਂ ਦਿੱਤੀ ਜਾ ਸਕਦੀ; ਭਾਵ, ਈ.ਡੀ. ਨੇ ਆਰ.ਐੱਸ.ਐੱਸ. ਨੂੰ ਬਚਾਉਣ ਲਈ ਇਹ ਧਾਰਾ ਹਥਿਆਰ ਵਜੋਂ ਵਰਤੀ ਹੈ। ਇਹ ਧਾਰਾ ਦੀ ਦੁਰਵਰਤੋਂ ਹੈ। 24(4) ਵਿਚ 25 ਅਜਿਹੇ ਸਰਕਾਰੀ ਅਦਾਰੇ ਸ਼ਾਮਲ ਹਨ ਜਿਨ੍ਹਾਂ ਦੀ ਜਾਣਕਾਰੀ ਆਰ.ਟੀ.ਆਈ. ਵਿਚ ਨਹੀਂ ਦਿੱਤੀ ਜਾਂਦੀ। ਨਾਲ ਹੀ ਇਹ ਵੀ ਹੈ ਕਿ ਇਨ੍ਹਾਂ 25 ਸੰਸਥਾਵਾਂ/ਅਦਾਰਿਆਂ ਵਿਚ ਜੇ ਕਿਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ ਜਾਂ ਗਬਨ ਜਾਂ ਭ੍ਰਿਸ਼ਟਾਚਾਰ ਹੋ ਰਿਹਾ ਹੁੰਦਾ ਹੈ ਜਾਂ ਮਾਮਲਾ ਲੋਕ ਹਿਤਾਂ ਨਾਲ ਜੁੜਿਆ ਹੋਵੇ ਤਾਂ ਉਨ੍ਹਾਂ ਨੂੰ ਵੀ ਆਰ.ਟੀ.ਆਈ. ਤਹਿਤ ਜਾਣਕਾਰੀ ਦੇਣੀ ਪੈਂਦੀ ਹੈ ਪਰ ਸਵਾਲ ਇਹ ਹੈ ਕਿ ਆਰ.ਐੱਸ.ਐੱਸ. ਤਾਂ ਸਰਕਾਰੀ ਸੰਸਥਾ ਨਹੀਂ ਹੈ, ਫਿਰ ਈ.ਡੀ. ਇੱਥੇ 24(4) ਦਾ ਹਵਾਲਾ ਦੇ ਕੇ ਜਾਣਕਾਰੀ ਦੇਣ ਤੋਂ ਇਨਕਾਰ ਕਿਉਂ ਕਰ ਰਿਹਾ ਹੈ? ਕੀ ਭਾਰਤ ਸਰਕਾਰ ਨੇ ਆਰ.ਐੱਸ.ਐੱਸ. ਨੂੰ ਵੀ ਆਪਣੀਆਂ 25 ਸੰਸਥਾਵਾਂ ਵਿਚ ਸ਼ਾਮਲ ਕਰ ਲਿਆ ਹੈ ਜਿਨ੍ਹਾਂ ਬਾਰੇ ਆਰ.ਟੀ.ਆਈ. ਦੇ ਨਿਯਮ 24(4) ਤਹਿਤ ਜਾਣਕਾਰੀ ਨਹੀਂ ਦਿੱਤੀ ਜਾਂਦੀ? ਕੀ ਆਰ.ਐੱਸ.ਐੱਸ. ਵੀ ਭਾਰਤ ਸਰਕਾਰ ਦੀ ਅਜਿਹੀ ਸੰਸਥਾ ਬਣ ਗਈ ਹੈ ਜਿਸ ਬਾਰੇ ਖ਼ੁਲਾਸਾ ਹੋਣ 'ਤੇ ਮੁਲਕ ਨੂੰ ਖ਼ਤਰਾ ਹੈ?


ਇਸ ਬਾਰੇ ਲੰਮੇ ਸਮੇਂ ਤੋਂ ਆਰ.ਐੱਸ.ਐੱਸ. ਉੱਪਰ ਕੰਮ ਕਰ ਰਹੇ ਇਤਿਹਾਸਕਾਰ ਸ਼ਮਸੁਲ ਇਸਲਾਮ ਦਾ ਕਹਿਣਾ ਹੈ ਕਿ ਆਰ.ਐੱਸ.ਐੱਸ. ਆਰ.ਟੀ.ਆਈ. ਦੀ ਧਾਰਾ 24(4) ਤਹਿਤ ਨਹੀਂ ਆਉਂਦਾ। ਕੁਝ ਅਧਿਕਾਰੀਆਂ ਨੇ ਆਪਣੇ ਆਪ ਹੀ ਫ਼ੈਸਲਾ ਕੀਤਾ ਹੈ ਕਿ ਆਰ.ਐੱਸ.ਐੱਸ. ਵੀ ਇਸ ਵਿਚ ਹੈ। ਹੁਣ ਸਵਾਲ ਇਹ ਹੈ ਕਿ ਜਿਸ ਆਰ.ਐੱਸ.ਐੱਸ. ਉੱਪਰ ਭਾਰਤ ਸਰਕਾਰ ਵੱਲੋਂ ਵੱਖ-ਵੱਖ ਸਮੇਂ 'ਤੇ ਤਿੰਨ ਵਾਰ ਪਾਬੰਦੀ ਲਗਾਈ ਗਈ ਹੋਵੇ, ਉਹ ਆਰ.ਐੱਸ.ਐੱਸ. ਭਾਰਤ ਸਰਕਾਰ ਦੇ ਏਨੀ ਕਰੀਬੀ ਕਿਵੇਂ ਹੋ ਗਈ ਕਿ ਅਧਿਕਾਰੀ ਆਰ.ਟੀ.ਆਈ. ਸੈਕਸ਼ਨਾਂ ਦੀ ਵਰਤੋਂ ਕਰ ਕੇ ਇਸ ਬਾਰੇ ਜਾਣਕਾਰੀ ਦੇਣ ਤੋਂ ਵੀ ਇਨਕਾਰ ਕਰ ਰਹੇ ਹਨ। ਜ਼ਾਹਿਰ ਹੈ ਕਿ ਇਸ ਦਾ ਭਾਜਪਾ ਨਾਲ ਸਿੱਧਾ ਸਬੰਧ ਹੈ ਕਿਉਂਕਿ ਆਰ.ਐੱਸ.ਐੱਸ. ਭਾਜਪਾ ਦੀ ਮਾਂ ਸੰਸਥਾ ਹੈ ਅਤੇ ਇਸ ਸਮੇਂ ਮੁਲਕ ਉੱਪਰ ਭਾਜਪਾ ਦਾ ਰਾਜ ਹੈ।

ਆਰ.ਟੀ.ਆਈ. ਕਾਰਕੁਨ ਲਲਨ ਕੁਮਾਰ ਸਿੰਘ ਅਤੇ ਆਰ.ਐੱਸ.ਐੱਸ. ਦੀ ਵਿਚਾਰਧਾਰਾ ਉੱਪਰ ਖ਼ਾਸ ਪਕੜ ਰੱਖਦੇ ਵਿਦਵਾਨ ਸ਼ਮਸੁਲ ਇਸਲਾਮ ਦਾ ਸਪਸ਼ਟ ਕਹਿਣਾ ਹੈ ਕਿ ਭਾਰਤ ਸਰਕਾਰ ਜਾਂ ਭਾਰਤ ਸਰਕਾਰ ਨਾਲ ਜੁੜੇ ਅਧਿਕਾਰੀਆਂ ਨੇ ਅਣਐਲਾਨਿਆ ਐਲਾਨ ਕੀਤਾ ਹੈ ਕਿ ਆਰ.ਐੱਸ.ਐੱਸ. ਸਰਕਾਰ ਅਧੀਨ ਉਸੇ ਤਰ੍ਹਾਂ ਸੰਗਠਨ ਹੈ ਜਿਸ ਵਿਚ ਸੀ.ਆਰ.ਪੀ.ਐੱਫ., ਇਸਰੋ, ਬੀ.ਐੱਸ.ਐੱਫ. ਜਾਂ ਭਾਰਤ ਸਰਕਾਰ ਦੀਆਂ ਉਹ ਗੁਪਤ ਸੰਸਥਾਵਾਂ ਹਨ ਜਿਨ੍ਹਾਂ ਬਾਰੇ ਆਰ.ਟੀ.ਆਈ. ਤਹਿਤ ਜਾਣਕਾਰੀ ਨਹੀਂ ਦਿੱਤੀ ਜਾ ਸਕਦੀ। ਅਜੇ ਤੱਕ ਭਾਰਤ ਨੂੰ ਹਿੰਦੂ ਰਾਸ਼ਟਰ ਨਹੀਂ ਐਲਾਨਿਆ ਗਿਆ, ਕਿਸੇ ਮੰਤਰਾਲੇ ਵਿਚ ਆਰ.ਐੱਸ.ਐੱਸ. ਦੀ ਕੋਈ ਸਿੱਧੀ ਸ਼ਮੂਲੀਅਤ ਨਹੀਂ, ਫਿਰ ਵੀ ਈ.ਡੀ. ਵਰਗੀਆਂ ਸੰਸਥਾਵਾਂ ਆਰ.ਐੱਸ.ਐੱਸ. ਦੇ ਧਨ ਦੇ ਸਰੋਤਾਂ ਦੀ ਛਾਣ-ਬੀਣ ਕਰਨ ਤੋਂ ਇਨਕਾਰੀ ਹਨ। ਸੋ, ਇਹ ਮੰਨਣਾ ਪਵੇਗਾ ਕਿ ਆਰ.ਐੱਸ.ਐੱਸ. ਮੋਦੀ ਸਰਕਾਰ ਦਾ ਹਿੱਸਾ ਹੈ। ਅਜਿਹੀ ਸਥਿਤੀ 'ਚ ਜੇ ਮੋਦੀ ਸਰਕਾਰ 2024 ਵਿਚ ਮੁੜ ਸੱਤਾ ਵਿਚ ਆਉਂਦੀ ਹੈ ਤਾਂ ਉਨ੍ਹਾਂ ਨੂੰ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨਣ ਤੋਂ ਕੋਈ ਨਹੀਂ ਰੋਕ ਸਕਦਾ। *-ਬੂਟਾ ਸਿੰਘ*

***ਕੈਨਡਾ ਵੱਸਦੇ ਹਰਪ੍ਰੀਤ ਸੇਖਾ ਦਾ ਨਾਵਲ 'ਹਨੇਰੇ ਰਾਹ' ਟਰੱਕਿੰਗ ਸਨਅਤ ਨਾਲ ਜੁੜੀਆਂ ਹਕੀਕਤਾਂ ਦੇ ਰੂ-ਬ-ਰੂ ਕਰਵਾਉਂਦਾ ਹੈ। ਬਤੌਰ ਲਿਖਾਰੀ ਉਹਦੀ ਅੱਖ ਉਹ ਹਨੇਰੇ ਖੂੰਜੇ ਵੀ ਫਰੋਲ ਲੈਂਦੀ ਹੈ ਜਿਹੜੇ ਆਮ ਕਰ ਕੇ ਅੱਖਾਂ ਤੋਂ ਓਹਲੇ ਰਹਿ ਜਾਂਦੇ ਹਨ। ਉਸ ਦੀ ਮਾਨਵਤਾਵਾਦੀ ਅਤੇ ਯਥਾਰਥਵਾਦੀ ਪਹੁੰਚ ਉਸ ਦੀਆਂ ਰਚਨਾਵਾਂ ਲਈ ਸੋਨੇ 'ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। 'ਹਨੇਰੇ ਰਾਹ' ਅਸਲ ਵਿਚ ਮੁਸੀਬਤਾਂ ਝਾਗਦੇ ਮਨੁੱਖ ਦੇ ਰਾਹ ਰੁਸ਼ਨਾਉਣ ਵੱਲ ਵਧਾਏ ਕਦਮ ਹਨ। ਇਸ ਤੋਂ ਪਹਿਲਾਂ ਉਹ ਕੈਨੇਡਾ ਦੀ ਟੈਕਸੀ ਸਨਅਤ ਬਾਰੇ ਅਹਿਮ ਕਿਤਾਬ 'ਟੈਕਸੀਨਾਮਾ' (2012) ਰਚ ਚੁੱਕਾ ਹੈ ਜੋ 'ਪੰਜਾਬ ਟਾਈਮਜ਼' ਦੇ ਪਾਠਕ ਲੜੀਵਾਰ ਪੜ੍ਹ ਚੁੱਕੇ ਹਨ। ਇਨ੍ਹਾਂ ਰਚਨਾਵਾਂ ਤੋਂ ਇਲਾਵਾ ਉਸ ਦੇ ਚਾਰ ਕਹਾਣੀ ਸੰਗ੍ਰਹਿ- 'ਬੀ ਜੀ ਮੁਸਕਰਾ ਪਏ' (2006), 'ਬਾਰਾਂ ਬੂਹੇ' (2013), 'ਪ੍ਰਿਜ਼ਮ' (2017) ਤੇ 'ਡੱਗੀ' (2020, 2017 ਤੱਕ ਦੀਆਂ ਸਾਰੀਆਂ ਕਹਾਣੀਆਂ) ਅਤੇ ਅਨੁਵਾਦ ਕਿਤਾਬ 'ਕਿਲ੍ਹੇ ਦੇ ਮੋਤੀ' (ਲੇਖਕ ਹੀਊ ਜੇ ਐਮ ਜੌਹਨਸਟਨ, 2017) ਛਪੇ ਹਨ। ਉਹਦੀਆਂ ਰਚਨਾਵਾਂ ਹਿੰਦੀ ਅਤੇ ਅੰਗਰੇਜ਼ੀ ਵਿਚ ਅਨੁਵਾਦ ਹੋ ਚੁੱਕੀਆਂ ਹਨ।***

# ਹਨੇਰੇ ਰਾਹ






## ਕਾਂਡ ਇੱਕ – ਭਾਗ ਇੱਕ

8 ਮਹੀਨੇ ਪਹਿਲਾਂ
ਗੁਰਸੀਰ
ਪੰਜਾਬ, ਇੰਡੀਆ

ਦਿਨ ਹਾਲੇ ਖੜ੍ਹਾ ਸੀ ਪਰ ਖੇਤਾਂ ਵਿਚ ਪਰਾਲ਼ੀ ਨੂੰ ਲਾਈ ਅੱਗ 'ਚੋਂ ਉੱਠਦਾ ਧੂੰਆਂ ਸੂਰਜ ਦੀਆਂ ਕਿਰਨਾਂ ਨੂੰ ਧਰਤੀ ਤੱਕ ਪਹੁੰਚਣ ਨਹੀਂ ਸੀ ਦੇ ਰਿਹਾ। ਅਸਮਾਨ ਵਿਚ ਗਹਿਰ ਛਾਈ ਹੋਈ ਸੀ। ਸੱਥ 'ਚ ਖੜ੍ਹਾ ਗੁਰਸੀਰ ਆਪਣੀ ਮਾਂ ਦੀ "ਪੱਟ 'ਤਾ ਵੇ ਰੱਬਾ", ਆਖ ਕੇ ਮਾਰੀ ਲੇਰ ਸੁਣ ਕੇ ਘਰ ਵੱਲ ਭੱਜਿਆ। ਦੁਹੱਥੜ ਮਾਰਦੀ ਮਾਂ "ਕਿਸੇ ਪਾਸੇ ਦੇ ਨਹੀਂ ਰਹੇ, ਵੇ ਸ਼ੀਰਿਆ" ਆਖ ਕੇ ਉਸ ਦੇ ਗ਼ਲ ਚੁੰਬੜ ਗਈ। ਗੁਰਸੀਰ ਦਾ ਵੱਡਾ ਭਰਾ ਬਲਵੀਰ ਮਾਂ ਨੂੰ ਚੁੱਪ ਕਰਾਉਂਦਾ ਆਖਣ ਲੱਗਾ,



"ਮੰਮੀ, ਮੈਨੂੰ ਕਿਸੇ ਹੋਰ ਤੋਂ ਤਾਂ ਪਤਾ ਕਰ ਲੈਣ ਦੇ। ਕੀ ਐ ਖ਼ਬਰ ਝੂਠੀ ਈ ਹੋਵੇ।" ਮੰਮੀ ਨੇ ਜਿਵੇਂ ਉਸ ਦੀ ਗੱਲ ਸੁਣੀ ਹੀ ਨਾ ਹੋਵੇ। ਉਹ ਪਿੱਟਣ ਲੱਗ ਪਈ। ਬਲਵੀਰ ਕੋਲ

**ਹਰਪ੍ਰੀਤ ਸੇਖਾ**
**ਫੋਨ: +1-778-231-1189**

ਟਿਊਸ਼ਨ ਪੜ੍ਹਨ ਆਏ ਅੱਠਵੀਂ ਜਮਾਤ ਦੇ ਬੱਚੇ ਡਰ ਕੇ ਉਨ੍ਹਾਂ ਦੇ ਘਰੋਂ ਬਾਹਰ ਨਿਕਲ਼ ਗਏ। ਮਿੰਟਾਂ 'ਚ ਹੀ ਸਾਰੇ ਅਗਵਾੜ 'ਚ ਖ਼ਬਰ ਫੈਲ ਗਈ ਕਿ ਸ਼ੀਰੇ ਕਾ ਕੈਨੇਡਾ ਵਾਲ਼ਾ ਪ੍ਰਾਹੁਣਾ ਮਰ ਗਿਆ। ਲੋਕ ਗੁਰਸੀਰ ਕੇ ਘਰ ਇਕੱਠੇ ਹੋਣੇ ਸ਼ੁਰੂ ਹੋ ਗਏ। ਰੋਣ-ਕੁਰਲਾਉਣ ਉੱਚਾ ਹੋ ਗਿਆ।

ਵਰਾਂਡੇ 'ਚ ਸੱਥਰ ਵਿਛ ਗਿਆ। ਰੋਣ-ਪਿੱਟਣ ਦੀ ਆਵਾਜ਼ ਕੁੱਝ ਹੌਲ਼ੀ ਹੋਈ ਤਾਂ ਗੁਰਸੀਰ ਸੱਥਰ 'ਤੋਂ ਉੱਠ ਕੇ ਫੋਨ ਕਰਨ ਲਈ ਪਰ੍ਹਾਂ ਖੂੰਜੇ ਵੱਲ ਚਲਾ ਗਿਆ, ਜਿੱਧਰ ਮੱਝ ਬੰਨ੍ਹੀ ਹੋਈ ਸੀ। ਉਸ ਨੇ ਸਾਰੀ ਗੱਲ ਜਾਣਨ ਲਈ ਭੈਣ ਦੇ ਸ਼ਹਿਰ ਵਿਨੀਪੈੱਗ ਰਹਿੰਦੇ ਆਪਣੇ ਬਚਪਨ ਦੇ ਬੇਲੀ ਤੇ ਗਰਾਈਂ, ਗਿੰਦੀ ਨੂੰ ਫੋਨ ਕਰ ਲਿਆ। ਉਹ ਬੋਲਿਆ, "ਬਹੁਤ ਮਾੜੀ ਹੋਈ ਸ਼ੀਰੇ ਆਪਣੇ ਨਾ਼ਲ। ਭੈਣ ਦਾ ਹਾਲ ਤਾਂ ਦੇਖਿਆ ਨੀ ਜਾਂਦਾ। ਮੈਂ ਹੁਣੇ ਓਧਰੋਂ ਹੀ ਆਇਐਂ।"

"ਗੱਲ ਕੀ ਬਣੀ?" ਗੁਰਸੀਰ ਨੇ ਪੁੱਛਿਆ।

"ਟਰੱਕ ਦਾ ਲੋਡ ਲੈ ਕੇ ਆਉਂਦਾ ਸੀ ਵੈਨਕੂਵਰ ਵੱਲੋਂ। ਪਹਾੜੀ ਤੋਂ ਟਰੱਕ ਉਲਟ ਗਿਆ। ਅੱਗ ਲੱਗ ਗਈ ਟਰੱਕ ਨੂੰ। ਥਾਏਂ ਮੁੱਕ ਗਏ। ਦੋ ਡਰੈਵਰ ਸੀ।—- ਭਾਣਾ ਵਰਤ ਗਿਆ, ਜਿਹੜਾ ਵਰਤਣਾ ਸੀ। ਤੂੰ ਜੇ ਸਸਕਾਰ 'ਤੇ ਆਉਣੈ ਤਾਂ ਦੱਸ? ਮੈਂ ਪੇਪਰ ਬਣਵਾ ਕੇ ਭਿਜਵਾ ਦੇਊਂ। ਕਿਸੇ ਐਮ ਪੀ ਤੋਂ ਲੈਟਰ ਲੈ ਲਵਾਂਗੇ।"

"ਮੈਂ ਡੈਡੀ ਨਾ਼ਲ ਸਲਾਹ ਕਰ ਕੇ ਦੱਸਦੈਂ ਸਵੇਰ ਤਾਈਂ, ਹੁਣ ਤਾਂ ਅਫ਼ਸੋਸ ਕਰਨ ਵਾਲੇ ਬਹੁਤ ਆਏ ਵੇ ਆ।"

ਗੱਲ ਕਰ ਕੇ ਗੁਰਸੀਰ ਮੁੜ ਸੱਥਰ 'ਤੇ ਜਾ ਬੈਠਾ। ਬਲਵੀਰ ਨੇ ਉਸ ਵੱਲ ਦੇਖਿਆ। ਗੁਰਸੀਰ ਨੂੰ ਲੱਗਾ ਜਿਵੇਂ ਉਹ ਕੁੱਝ ਪੁੱਛਣਾ ਚਾਹੁੰਦਾ ਹੋਵੇ। ਗੁਰਸੀਰ ਨੇ ਸਾਰੀ ਦੁਰਘਟਨਾ ਦਾ ਵੇਰਵਾ ਦੱਸ ਦਿੱਤਾ।

"ਕੀਹਤੋਂ ਪਤਾ ਲੱਗੈ ਸਾਰੀ ਗੱਲ ਦਾ?" ਬਲਵੀਰ ਨੇ ਪੁੱਛਿਆ।

"ਖਾਉਡਲਾਂ ਦੇ ਗਿੰਦੀ ਨੂੰ ਲਾਇਆ ਸੀ ਫੋਨ।"

"ਅੱਛਾ! ਮਾਰ ਕੇ ਸੁੱਟ ਗਿਆ ਪ੍ਰਾਹੁਣਾ।" ਬਲਵੀਰ ਨੇ ਕਿਹਾ।

"ਹੋਰ ਏਦੂੰ ਵਧ ਕੇ ਕੀ ਮਾੜੀ ਹੋਊ। ਭੈਣ ਵਿਚਾਰੀ ਦਾ ਪਤਾ ਨੀ ਕੀ ਹਾਲ ਹੋਊ?" ਗੁਰਸੀਰ ਬੋਲਿਆ।

ਉਦੋਂ ਹੀ ਉਸ ਨੂੰ ਆਪਣੀ ਮਾਂ ਦਾ ਵੈਣ ਸੁਣਿਆ, "ਕਿਵੇਂ ਪਹਾੜ ਜਿੱਡੀ ਉਮਰ 'ਕੱਲੀ ਕੱਢੇਂਗੀ ਮੇਰੀ ਬਚੜੀਏ।"

"ਮੁੰਡਾ ਤਾਂ ਮ੍ਹੀਨੇ ਦਾ ਵੀ ਨੀ ਹੋਇਆ ਹਾਲੇ।" ਆਖਦੇ ਗੁਰਸੀਰ ਦੇ ਡੈਡੀ ਦੀਆਂ ਅੱਖਾਂ ਸਿੰਮ ਪਈਆਂ।

"ਸ਼ੀਰੇ ਦੇ ਵਿਆਹ ਤੋਂ ਅਗਲੇ ਦਿਨ ਹੀ ਹੋਇਐ ਮੁੰਡਾ। ਤਾਂ ਹੀ ਭੈਣ ਵਿਆਹ 'ਤੇ ਨੀ ਆਈ।" ਬਲਵੀਰ ਨੇ ਉੱਥੇ ਬੈਠਿਆਂ ਨੂੰ ਦੱਸਿਆ। "ਮਸਾਂ ਜਵਾਕ ਹੋਇਆ ਐਨੇ ਸਾਲਾਂ ਬਾਅਦ, ਪਰ ਆਪ ਤੁਰ ਗਿਆ, ਕੋਹੜੀ।" ਡੈਡੀ ਨੇ ਹੰਝੂ ਪੂੰਝਦਿਆਂ ਕਿਹਾ। ਬਲਵੀਰ ਦਾ ਫੋਨ ਖੜਕਿਆ। ਫੋਨ ਦੀ ਸਕਰੀਨ ਵੱਲ ਦੇਖ ਕੇ ਉਹ ਉੱਠਦਿਆਂ ਬੋਲਿਆ, "ਬਾਹਰੋਂ ਐ।" ਉਸ ਨੇ "ਹੈਲੋ" ਆਖ ਕੇ ਦੋ ਕਦਮ ਹੀ ਪੁੱਟੇ ਸੀ ਕਿ ਵਾਪਸ ਆ ਗਿਆ। ਆਪਣੇ ਡੈਡੀ ਨੂੰ ਫੋਨ ਫੜਾਉਂਦਾ ਬੋਲਿਆ, "ਭੈਣ ਦਾ ਨਣਦੋਈਆ ਐ। ਗੱਲ ਕਰਨੀ ਥੋਡੇ ਨਾ਼ਲ।" ਫੋਨ ਫੜ ਕੇ ਡੈਡੀ ਕੁੱਝ ਦੇਰ ਹੁੰਗਾਰਾ ਭਰਦਾ ਰਿਹਾ, ਫਿਰ "ਕੋਈ ਨੀ ਸਲਾਹ ਕਰ ਕੇ ਦੱਸ ਦਿੰਨੇ ਆਂ", ਆਖ ਕੇ ਉਸ ਨੇ ਫੋਨ ਬੰਦ ਕਰ ਦਿੱਤਾ। ਸਾਰੇ ਉਸ ਦੇ ਮੂੰਹ ਵੱਲ ਦੇਖਣ ਲੱਗੇ। "ਸਸਕਾਰ 'ਤੇ ਪਹੁੰਚਣ ਬਾਰੇ ਪੁੱਛਦਾ ਸੀ।" ਆਖ ਕੇ ਉਸ ਨੇ ਲੰਬਾ ਹਾਉਕਾ ਲਿਆ।

ਫਿਰ ਹੌਲ਼ੀ-ਹੌਲ਼ੀ ਅਫ਼ਸੋਸ ਕਰਨ ਆਏ ਉੱਠਣ ਲੱਗੇ। ਜਾਣ ਲੱਗੇ ਉਹ "ਭਾਣਾ ਮੰਨੋ ਭਾਈ" ਜਾਂ "ਕੀ ਕਰ ਸਕਦੇ ਆਂ, ਡਾਢੇ ਅੱਗੇ ਜ਼ੋਰ ਐ ਕੋਈ" ਆਖ ਕੇ ਧਰਵਾਸਾ ਦਿੰਦੇ। ਗੁਰਸੀਰ ਤੇ ਬਲਵੀਰ ਵੀ ਉੱਠ ਖੜ੍ਹੇ। ਉਨ੍ਹਾਂ ਦਾ ਤਾਇਆ ਉੱਥੇ ਬੈਠਾ ਰਿਹਾ। ਉਹ ਗੁਰਸੀਰ ਦੇ ਡੈਡੀ ਦੇ ਨੇੜੇ ਸਰਕ ਕੇ ਬੋਲਿਆ, "ਕੀ ਮਨ ਬਣਿਐ ਫਿਰ?"

"ਕਾਹਦਾ?"

"ਸਸਕਾਰ 'ਤੇ ਜਾਣ ਦਾ?"

"ਜਿਹੜਾ ਕੁੱਝ ਹੋਣਾ ਸੀ ਹੋ ਗਿਆ। ਹੁਣ ਜਾ ਕੇ ਕੀ ਕਰ ਲਾਂਗੇ?"

"ਨਾ ਨਾ ਜਾਣਾ ਚਾਹੀਦੈ। ਮੈਂ ਸੋਚਦੈਂ, ਸ਼ੀਰੇ ਨੇ ਤਾਂ ਦੁਬਈ ਮੁੜਨੈ ਹੋਣੈ। ਬਲਵੀਰ ਨੂੰ ਸਕੂਲੋਂ ਛੁੱਟੀ ਦਾ ਅੜਿੱਕਾ ਪਊਗਾ। ਆਪਣਾ ਛਿੰਦਾ ਵਿਹਲਾ ਫਿਰਦੈ। ਉਹ ਚਲਿਆ ਜਾਂਦੈ।"

"ਕੋਈ ਨੀ ਰਾਇ ਕਰ ਕੇ ਦੱਸਦੈਂ।"

ਥਮਲੇ ਪਿੱਛੇ ਖੜ੍ਹੇ ਗੁਰਸੀਰ ਨੂੰ ਤਾਏ ਦੀ ਕਹੀ ਗੱਲ ਸੁਣ ਗਈ। ਉਹ ਮੁੜ ਉਨ੍ਹਾਂ ਦੇ ਕੋਲ ਆ ਕੇ ਬੈਠ ਗਿਆ।

"ਮੈਂ ਘਰੇ ਜਾ ਕੇ ਛਿੰਦੇ ਦੀ ਮਾਂ ਨੂੰ ਕਹਿਨੈ ਬਈ ਰੋਟੀ ਪਾਣੀ ਖਵਾ ਕੇ ਜਾਊਗੀ ਥੋਨੂੰ, ਅੱਬਲ ਤਾਂ ਉਹ ਪਕਾਈ ਜਾਂਦੀ ਹੋਣੀ ਐ, ਦਿਸਦੀ ਨੀ ਏਥੇ", ਆਖ ਕੇ ਤਾਇਆ ਵੀ ਚਲਾ ਗਿਆ। ਬਲਵੀਰ ਮੱਝ ਵੱਲ ਜਾ ਕੇ ਕਿਸੇ ਨੂੰ ਫੋਨ ਕਰਨ ਲੱਗਾ। ਗੁਰਸੀਰ ਨੇ ਡੈਡੀ ਨੂੰ ਪੁੱਛਿਆ, "ਕਿਵੇਂ ਫਿਰ ਡੈਡੀ ਸਸਕਾਰ ਬਾਰੇ? ਮੈਨੂੰ ਲਗਦੈ ਆਪਾਂ ਨੂੰ ਜਾਣਾ ਚਾਹੀਦੈ।"

"ਮੈਂ ਸੋਚਦੈਂ ਥੋਡੀ ਮਾਂ ਨੂੰ ਭੇਜ ਦੇਈਏ। ਨਿਆਣਾ ਛੋਟਾ ਐ। ਸੰਭਾ਼ਲ ਲਊ ਜਾ ਕੇ। ਬਹੁਤ ਔਖਾ ਹੋ ਗਿਆ। ਕੁੜੀ ਪਰਦੇਸਾਂ 'ਚ ਰੁ਼ਲ ਜੂ ਹੁਣ", ਆਖਦੇ ਡੈਡੀ ਦੀਆਂ ਅੱਖਾਂ ਫਿਰ ਸਿੰਮ ਪਈਆਂ। ਗੁਰਸੀਰ ਨੇ ਉਸ ਦੇ ਗੋਡੇ 'ਤੇ ਹੱਥ ਰੱਖਿਆ। ਫੋਨ ਕਰ ਰਹੇ ਬਲਵੀਰ ਨੇ ਉਨ੍ਹਾਂ ਵੱਲ ਦੇਖਿਆ ਤੇ ਝੱਟ ਫੋਨ ਬੰਦ ਕਰਦਾ ਉਨ੍ਹਾਂ ਵਿਚ ਆ ਬੈਠਾ। ਉਸ ਨੇ ਡੈਡੀ ਦੀਆਂ ਵਹਿੰਦੀਆਂ ਅੱਖਾਂ ਵੱਲ ਦੇਖਿਆ ਤੇ ਉਸ ਦੇ ਮੋਢੇ 'ਤੇ ਹੱਥ ਫੇਰਨ ਲੱਗਾ। ਡੈਡੀ ਨੇ ਹਾਉਕਾ ਲਿਆ ਤੇ ਕਿਹਾ, "ਇਕ ਕੋਹੜਾ ਸੀ ਬਹੁਤ ਚੰਗਾ। ਮੇਰੀਆਂ ਤਾਂ ਅੱਖਾਂ ਮੂਹਰੋਂ ਨੀ ਪਾਸੇ ਹੁੰਦਾ।" ਗੁਰਸੀਰ ਦੀ ਮੰਮੀ ਵੀ ਉਨ੍ਹਾਂ ਵਿਚ ਆ ਬੈਠੀ। ਸਸਕਾਰ 'ਤੇ ਜਾਣ ਵਾਲੀ ਗੱਲ ਕਿਤੇ ਪਿੱਛੇ ਚਲੀ ਗਈ ਤੇ ਉਹ ਪ੍ਰਾਹੁਣੇ ਦੀ ਚੰਗਿਆਈ ਦੀਆਂ ਗੱਲਾਂ ਕਰਨ ਲੱਗੇ। ਰੋਟੀ ਖਾ ਕੇ ਗੁਰਸੀਰ ਤੇ ਬਲਵੀਰ ਆਪੋ-ਆਪਣੇ ਕਮਰਿਆਂ ਅੰਦਰ ਚਲੇ ਗਏ। ਘਰ ਵਿਚ ਤਿੰਨ ਕਮਰੇ ਸਨ। ਬਾਹਰਲੀ ਨਵੀਂ ਬੈਠਕ ਬਲਵੀਰ ਕੋਲ ਸੀ, ਅੰਦਰਲੇ ਕਮਰਿਆਂ 'ਚੋਂ ਇਕ 'ਚ ਮਹੀਨਾ ਪਹਿਲਾਂ ਗੁਰਸੀਰ ਦੇ ਵਿਆਹ ਵੇਲੇ ਅਮ੍ਰਿਤ ਦਾ ਦਾਜ 'ਚ ਲਿਆਂਦਾ ਬੈੱਡ ਟਿਕ ਗਿਆ ਸੀ। ਪਹਿਲਾਂ ਇਸ ਕਮਰੇ ਵਿਚ ਮੰਮੀ-ਡੈਡੀ ਦੇ ਮੰਜੇ ਡੱਠੇ ਹੁੰਦੇ ਸਨ। ਦੂਜਾ ਦਾਣਿਆ ਵਾ਼ਲਾ ਕਮਰਾ ਸੀ ਜਿਸ ਵਿਚ ਪੂਰਾ ਸਿਆ਼ਲ ਉਤਰਨ ਵੇਲੇ ਮੰਮੀ-ਡੈਡੀ ਦੇ ਮੰਜੇ ਡਹਿਣੇ ਸਨ ਪਰ ਹਾਲੇ ਉਹ ਵਰਾਂਡੇ 'ਚ ਹੀ ਪੈਂਦੇ ਸਨ। ਆਥਣ-ਸਵੇਰ ਠੰਢ ਹੋ ਗਈ ਸੀ ਪਰ ਹਾਲੇ ਰਜ਼ਾਈਆਂ ਵਾਲੀ ਠੰਢ ਨਹੀਂ ਸੀ ਉੱਤਰੀ।

ਕਮਰੇ 'ਚ ਪਏ ਗੁਰਸੀਰ ਦੇ ਚਿੱਤ 'ਚ ਆਈ ਕਿ ਉਹ ਡੈਡੀ ਨਾ਼ਲ ਫਿਰ ਸਸਕਾਰ 'ਤੇ ਜਾਣ ਵਾਲੀ ਗੱਲ ਛੇੜੇ। ਫਿਰ ਉਸ ਨੇ ਸੋਚਿਆ ਕਿ ਸਵੇਰੇ ਉੱਠ ਕੇ ਗੱਲ ਕਰੇਗਾ, ਉਦੋਂ ਤੱਕ ਡੈਡੀ ਹੋਰੀਂ ਕੁੱਝ ਹੋਰ ਸੰਭ਼ਲ ਜਾਣਗੇ। ਉਸ ਦੇ ਦਿਮਾਗ ਵਿਚ ਗਿੰਦੀ ਦੀ ਕਹੀ ਗੱਲ ਆ ਗਈ ਕਿ ਭੈਣ ਦਾ ਹਾਲ ਤਾਂ ਦੇਖਿਆ ਨੀ ਜਾਂਦਾ। ਫਿਰ ਡੈਡੀ ਦੀ ਕਹੀ ਗੱਲ ਕਿ ਥੋਡੀ ਮੰਮੀ ਉਸ ਨੂੰ ਸੰਭਾ਼ਲ ਲਵੇਗੀ। ਉਸ ਦੇ ਚਿੱਤ 'ਚ ਆਈ ਕਿ ਹਾਂ ਮੰਮੀ ਨੂੰ ਭੇਜਣਾ ਹੀ ਠੀਕ ਰਹੇਗਾ। ਫਿਰ ਗਿੰਦੀ ਦੀ ਕਹੀ ਗੱਲ, ਸਸਕਾਰ 'ਤੇ ਪਹੁੰਚਣ ਲਈ ਸਰਕਾਰ ਵੀਜ਼ਾ ਲਾ

***ਚਾਹ ਪੀ ਕੇ ਗੁਰਸੀਰ ਨੇ ਸੋਚਿਆ ਕਿ ਉਹ ਗਿੰਦੀ ਨੂੰ ਫੋਨ ਕਰ ਲਵੇ। ਫਿਰ ਉਸ ਨੇ ਸੋਚਿਆ ਕਿ ਟਿਕੀ ਸਵੇਰੇ ਉਸ ਦੀ ਆਵਾਜ਼ ਦੂਰ ਤੱਕ ਸੁਣੇਗੀ। ਉਹ ਬਾਹਰ ਖੇਤਾਂ ਵੱਲ ਜਾ ਕੇ ਚੰਗੀ ਤਰ੍ਹਾਂ ਫੋਨ ਕਰੇਗਾ। ਗੁਰਦੁਆਰੇ ਵਾਲੇ ਭਾਈ ਜੀ ਨੇ ਅਮ੍ਰਿਤ ਵੇਲੇ ਦੀ ਆਵਾਜ਼ ਦੇ ਕੇ ਸਪੀਕਰ ਬੰਦ ਕਰ ਦਿੱਤਾ ਸੀ। ਗੁਰਸੀਰ ਗ਼ਲੀ ਵਿਚ ਆਇਆ ਹੀ ਸੀ ਕਿ ਉਸ ਦੇ ਕੰਨੀ ਆਵਾਜ਼ ਪਈ। ਕੋਈ ਆਖ ਰਿਹਾ ਸੀ, "ਮਰਨ ਵਾ਼ਲਾ ਤਾਂ ਮਰ ਗਿਆ, ਏਨ੍ਹਾਂ ਦਾ ਲੋਟ ਲੱਗ ਜੂ। ਰਾਹ ਖੁੱਲ੍ਹ ਜੂ ਕਨੇਡੇ ਦਾ।"***

ਦਿੰਦੀ ਐ, ਆ ਗਈ। ਉਸ ਨੇ ਸੋਚਿਆ, 'ਮੰਮੀ ਨੂੰ ਤਾਂ ਭੈਣ ਕੋਲ ਜਾਣ ਦਾ ਕਦੇ ਵੀ ਵੀਜ਼ਾ ਮਿਲ ਸਕਦਾ ਹੈ। ਮੇਰਾ ਰਾਹ ਖੁੱਲ੍ਹਣ ਦਾ ਇਹ ਹੀ ਮੌਕਾ।' ਉਹ ਇਨ੍ਹਾਂ ਸੋਚਾਂ 'ਚ ਹੀ ਗਵਾਚਿਆ ਹੋਇਆ ਸੀ, ਜਦੋਂ ਅਮ੍ਰਿਤ ਅੰਦਰ ਆ ਕੇ ਪੈ ਗਈ। ਉਹ ਕੁੱਝ ਦੇਰ ਛੱਤ ਵੱਲ ਦੇਖਦੀ ਚੁੱਪ-ਚਾਪ ਲੇਟੀ ਰਹੀ, ਫਿਰ ਸਿੱਧੇ ਪਏ ਗੁਰਸੀਰ ਵੱਲ ਪਾਸਾ ਲੈ ਕੇ ਆਪਣੀ ਚੂੜੇ ਵਾਲੀ ਬਾਂਹ ਉਸ ਦੀ ਛਾਤੀ 'ਤੇ ਰੱਖ ਕੇ ਬੋਲੀ, "ਤੁਸੀਂ ਵੀ ਸੋਚਦੇ ਹੋਵੋਂਗੇ ਕਿ ਕਿੰਨੀ ਕੜਮੀ ਆਈ ਐ, ਆਉਂਦੀ ਨੇ ਹੀ—।" ਆਖਦੀ ਉਹ ਫਿੱਸ ਪਈ। ਉਸ ਦੇ ਹੱਥ ਨੂੰ ਘੁੱਟਦੇ ਹੋਏ ਗੁਰਸੀਰ ਨੇ ਕਿਹਾ, "ਤੇਰਾ ਏਹਦੇ 'ਚ ਕੀ ਕਸੂਰ ਐ?"

"ਫੇਰ ਵੀ ਚਿੱਤ 'ਚ ਤਾਂ ਆਉਂਦੀ ਹੋਵੇਗੀ।"

"ਨਹੀਂ, ਮੈਂ ਨੀ ਸੋਚਦਾ ਐਦਾਂ। ਤੂੰ ਵੀ ਨਾ ਐਵੇਂ ਵਾਧੂ ਫ਼ਿਕਰ ਕਰ।"

ਉਨ੍ਹਾਂ ਵਿਚ ਫਿਰ ਚੁੱਪ ਵਰਤ ਗਈ। ਕੁੱਝ ਦੇਰ ਬਾਅਦ ਅਮ੍ਰਿਤ ਬੋਲੀ, "ਮੰਮੀ ਨੂੰ ਭੇਜਣਾ ਹੀ ਠੀਕ ਰਹੂ। ਨਾ਼ਲੇ ਬੱਚੇ ਨੂੰ ਸੰਭਾ਼ਲ ਲੈਣਗੇ ਨਾ਼ਲੇ ਦੀਦੀ ਨੂੰ।"

ਗੁਰਸੀਰ ਨੇ ਹੈਰਾਨੀ ਨਾ਼ਲ ਅਮ੍ਰਿਤ ਵੱਲ ਮੂੰਹ ਭੁਵਾਇਆ। ਜਿਵੇਂ ਉਸ ਨੂੰ ਸਮਝ ਨਾ ਲੱਗੀ ਹੋਵੇ ਕਿ ਅਮ੍ਰਿਤ ਨੇ ਉਸ ਅੰਦਰ ਚੱਲ ਰਹੀ ਕਸ਼ਮਕਸ਼ ਦੀ ਕਿਵੇਂ ਥਾਹ ਪਾ ਲਈ ਸੀ। ਅਮ੍ਰਿਤ ਬੋਲੀ, "ਮੈਂ ਡੈਡੀ ਹੋਰਾਂ ਨੂੰ ਦੁੱਧ ਫੜਾਉਣ ਗਈ ਸੀ। ਵੀਰ ਜੀ ਉਨ੍ਹਾਂ ਨਾ਼ਲ ਗੱਲਾਂ ਕਰਦੇ ਸੀ।"

"ਕੀ ਕਹਿੰਦਾ ਸੀ?"

"ਪੂਰੀ ਗੱਲ ਤਾਂ ਸੁਣੀ ਨਹੀਂ, ਉਹ ਮੈਨੂੰ ਵੇਖ ਕੇ ਚੁੱਪ ਕਰ ਗਏ। ਪਾਸਪੋਰਟ ਬਣਾਉਣ ਦੀ ਸ਼ਾਇਦ ਗੱਲ ਕਰਦੇ ਸੀ। ਡੈਡੀ ਹੋਰਾਂ ਦੀ ਗੱਲ ਸੁਣ ਗਈ ਸੀ। ਉਹ ਮੰਮੀ ਨੂੰ ਭੇਜਣ ਬਾਰੇ ਕਹਿੰਦੇ ਸੀ।"

"ਅੱਛਾ, ਦੇਖਦੇ ਆਂ।" ਆਖ ਕੇ ਗੁਰਸੀਰ ਚੁੱਪ ਕਰ ਗਿਆ। ਉਸ ਦਾ ਅੰਦਰ ਚੁੱਪ ਨਹੀਂ ਹੋਇਆ। ਉਸ ਦੇ ਚਿੱਤ 'ਚ ਬਲਵੀਰ ਦਾ ਵਾਰੀ-ਵਾਰੀ ਕੰਨ ਨੂੰ ਫੋਨ ਲਾ ਮੱਝ ਵਾਲੇ ਖੂੰਜੇ ਵੱਲ ਜਾਣਾ ਆ ਗਿਆ। 'ਕਿਸ ਨਾ਼ਲ ਫੋਨ 'ਤੇ ਗੱਲ ਕਰਦਾ ਹੋਵੇਗਾ?' 'ਕਿਤੇ ਭੈਣ ਦੇ ਨਣਦੋਈਏ ਨਾ਼ਲ ਤਾਂ ਨਹੀਂ ਆਪਣੇ ਨਾਂ ਸਪੌਂਸਰ ਲੈਟਰ ਮੰਗਵਾਉਣ ਦੀ ਗੱਲ ਕਰਦਾ ਹੋਵੇਗਾ?' ਇਨ੍ਹਾਂ ਸਵਾਲਾਂ ਨਾ਼ਲ ਉਸ ਅੰਦਰ ਕਾਹਲ ਪੈਦਾ ਹੋਣ ਲੱਗੀ। ਉਸ ਦਾ ਜੀਅ ਕਰਨ ਲੱਗਾ ਕਿ ਉਹ ਹੁਣੇ ਹੀ ਡੈਡੀ ਕੋਲ ਜਾਵੇ। ਉਹ ਉੱਠ ਕੇ ਬਾਹਰ ਚਲਾ ਗਿਆ। ਵਰਾਂਡੇ ਵਿਚ ਪਏ ਮੰਮੀ-ਡੈਡੀ ਚੁੱਪ ਸਨ। ਬਲਵੀਰ ਦੇ ਕਮਰੇ ਦੀ ਬੱਤੀ ਜਗਦੀ ਸੀ। ਉਹ ਪਿਸ਼ਾਬ ਕਰਨ ਦੇ ਬਹਾਨੇ ਉੱਧਰ ਤੁਰ ਪਿਆ। ਉਸ ਨੂੰ ਬਲਵੀਰ ਦੇ ਕਮਰੇ ਵਿਚੋਂ ਆਵਾਜ਼ ਆਉਂਦੀ ਸੁਣੀ ਪਰ ਇਹ ਪਤਾ ਨਾ ਲੱਗਾ ਕਿ ਉਹ ਕਮਰੇ ਵਿਚ ਪਈ ਆਪਣੀ ਘਰਵਾ਼ਲੀ ਜਾਂ ਬੱਚੇ ਨਾ਼ਲ ਗੱਲ ਕਰਦਾ ਸੀ ਜਾਂ ਕਿਸੇ ਨਾ਼ਲ ਫੋਨ 'ਤੇ।

ਉਸ ਨੇ ਇਕ ਨਜ਼ਰ ਬਲਵੀਰ ਦੇ ਕਮਰੇ ਵੱਲ ਇਸ ਤਰ੍ਹਾਂ ਦੇਖਿਆ ਜਿਵੇਂ ਉਹ ਕਿਸੇ ਵਿਰੋਧੀ ਧਿਰ ਦਾ ਮੋਰਚਾ ਹੋਵੇ ਤੇ ਫਿਰ ਆਪਣੇ ਕਮਰੇ ਵਿਚ ਆ ਗਿਆ। ਸਾਰੀ ਰਾਤ ਉਸ ਨੂੰ ਚੰਗੀ ਤਰ੍ਹਾਂ ਨੀਂਦ ਨਾ ਆਈ। ਸਵੇਰੇ ਗੁਰਦੁਆਰੇ ਦੇ ਸਪੀਕਰ ਰਾਹੀਂ ਭਾਈ ਜੀ ਦੇ 'ਅਮ੍ਰਿਤ ਵੇਲਾ' ਹੋਣ ਦਾ ਸੁਨੇਹਾ ਦਿੰਦੇ ਬੋਲ ਸੁਣ ਕੇ ਗੁਰਸੀਰ ਨੇ ਅਮ੍ਰਿਤ ਨੂੰ ਜਗਾਇਆ। "ਉੱਠ ਅਮ੍ਰਿਤ, ਚਾਹ-ਚੂਹ ਬਣਾ।" ਪਹਿਲਾਂ ਸਵੇਰ ਦੀ ਚਾਹ ਉਸ ਦੀ ਭਰਜਾਈ ਬਣਾਉਂਦੀ ਸੀ ਜਾਂ ਮੰਮੀ, ਇਸ ਬਾਰੇ ਉਸ ਨੂੰ ਨਹੀਂ ਸੀ ਪਤਾ। ਉਹ ਦੋਨੋਂ ਜੀਅ ਦਿਨ ਚੜ੍ਹੇ ਤੋਂ ਉੱਠਦੇ ਸਨ। ਅਮ੍ਰਿਤ ਨੇ ਚਾਹ ਬਣਾਈ ਤੇ ਗੁਰਸੀਰ ਚਾਹ ਲੈ ਕੇ ਡੈਡੀ ਦੇ ਸਿਰਾਹਣੇ ਜਾ ਬੈਠਾ। ਬਲਵੀਰ ਦੇ ਕਮਰੇ ਅੰਦਰ ਹਾਲੇ ਹਨੇਰਾ ਸੀ। ਚਾਹ ਦੀ ਘੁੱਟ ਭਰਦਿਆਂ ਗੁਰਸੀਰ ਨੇ ਕਿਹਾ, "ਡੈਡੀ, ਮੈਂ ਸਾਰੀ ਰਾਤ ਸੋਚਦਾ ਰਿਹੈਂ ਸਸਕਾਰ 'ਤੇ ਜਾਣ ਬਾਰੇ। ਮੰਮੀ ਦਾ ਤਾਂ ਜਦੋਂ ਮਰਜ਼ੀ ਵੀਜ਼ਾ ਲੱਗ ਸਕਦੈ ਭੈਣ ਕੋਲ ਜਾਣ ਲਈ। ਮੈਂ ਚਲਿਆ ਜਾਨੈਂ। ਇਕ ਵਾਰੀ ਰਾਹ ਖੁੱਲ੍ਹ ਜਾਊ।"

"ਬਲਵੀਰ ਵੀ ਹੈਂਅ ਈ ਕਹਿੰਦੈ।"

"ਓਹਨੇ ਹਾਲੇ ਪਾਸਪੋਰਟ ਬਣਵਾਉਣੈ—।"

"ਉਹ ਕਹਿੰਦਾ, ਉਹ ਤਾਂ ਦਿਹਾੜੀ 'ਚ ਬਣ ਜਾਂਦੈ।" ਡੈਡੀ ਨੇ ਵਿਚੋਂ ਹੀ ਕਿਹਾ।

"ਓਹਦੀ ਕੋਈ ਟ੍ਰੈਵਲ ਹਿਸਟਰੀ ਨੀ। ਸਕੂਲ ਤੋਂ ਛੁੱਟੀ ਮਿਲੇ ਜਾਂ ਨਾ ਮਿਲੇ, ਇਹ ਵੀ ਕੀ ਪਤੈ।" ਆਖਦਾ ਗੁਰਸੀਰ ਚੁੱਪ ਕਰ ਗਿਆ, ਫਿਰ ਬੋਲਿਆ, "ਨਾ਼ਲੇ ਓਹਦੀ ਸਰਕਾਰੀ ਨੌਕਰੀ ਐ। ਟਿਊਸ਼ਨਾਂ ਦਾ ਕੰਮ ਚੱਲਿਆ ਵਿਐ।"

"ਤੈਂਅ ਦੁਬਈ ਕਦੋਂ ਮੁੜਨੈ?"

"ਓਥੇ ਮੁੜਨ ਦਾ ਕੀ ਐ। ਸਾਰੀ ਉਮਰ ਮੈਂ ਜਬਕਦਾ ਫਿਰਨੈ, ਕਨੇਡੇ ਦਾ ਇਕ ਵਾਰੀ ਰਾਹ ਖੁੱਲ੍ਹ ਗਿਆ ਤਾਂ ਭੈਣ ਦੀ ਧਿਰ ਬਣੂੰ।" ਆਖ ਕੇ ਗੁਰਸੀਰ ਨੇ ਚਾਹ ਦੀ ਘੁੱਟ ਭਰੀ ਤੇ ਡੈਡੀ ਵੱਲ ਦੇਖਣ ਲੱਗਾ। ਕੋਲ ਬੈਠੀ ਮੰਮੀ ਬੋਲੀ, "ਹਾਂ, ਏਹ ਠੀਕ ਰਹੂ।" ਡੈਡੀ ਨੇ ਚਾਹ ਦਾ ਸੜ੍ਹਾਕਾ ਮਾਰਿਆ ਤੇ ਕਿਹਾ, "ਚੰਗਾ ਮੈਂ ਕਰਦੈਂ ਬਲਵੀਰ ਨਾ਼ਲ ਗੱਲ।"

ਚਾਹ ਪੀ ਕੇ ਗੁਰਸੀਰ ਨੇ ਸੋਚਿਆ ਕਿ ਉਹ ਗਿੰਦੀ ਨੂੰ ਫੋਨ ਕਰ ਲਵੇ। ਫਿਰ ਉਸ ਨੇ ਸੋਚਿਆ ਕਿ ਟਿਕੀ ਸਵੇਰੇ ਉਸ ਦੀ ਆਵਾਜ਼ ਦੂਰ ਤੱਕ ਸੁਣੇਗੀ। ਉਹ ਬਾਹਰ ਖੇਤਾਂ ਵੱਲ ਜਾ ਕੇ ਚੰਗੀ ਤਰ੍ਹਾਂ ਫੋਨ ਕਰੇਗਾ। ਗੁਰਦੁਆਰੇ ਵਾਲੇ ਭਾਈ ਜੀ ਨੇ ਅਮ੍ਰਿਤ ਵੇਲੇ ਦੀ ਆਵਾਜ਼ ਦੇ ਕੇ ਸਪੀਕਰ ਬੰਦ ਕਰ ਦਿੱਤਾ ਸੀ।

ਗੁਰਸੀਰ ਗ਼ਲੀ ਵਿਚ ਆਇਆ ਹੀ ਸੀ ਕਿ ਉਸ ਦੇ ਕੰਨੀ ਆਵਾਜ਼ ਪਈ। ਕੋਈ ਆਖ ਰਿਹਾ ਸੀ, "ਮਰਨ ਵਾ਼ਲਾ ਤਾਂ ਮਰ ਗਿਆ, ਏਨ੍ਹਾਂ ਦਾ ਲੋਟ ਲੱਗ ਜੂ। ਰਾਹ ਖੁੱਲ੍ਹ ਜੂ ਕਨੇਡੇ ਦਾ।"


ਗੁਰਸੀਰ ਉਨ੍ਹਾਂ ਵੱਲੋਂ ਪਾਸਾ ਵੱਟ ਕੇ ਆਪਣੇ ਰਾਹ ਪੈ ਗਿਆ। ***(ਚੱਲਦਾ)***

# ਸੰਸਾਰ ਭਰ ਵਿਚ ਵਧ ਰਿਹਾ ਪਰਵਾਸੀ ਸੰਕਟ



**ਪਰਵਾਸ ਭਾਵੇਂ ਮੁੱਢ-ਕਦੀਮੀ ਵਰਤਾਰਾ ਹੈ ਪਰ ਇਸ ਦੇ ਮੌਜੂਦਾ ਸੰਕਟ ਦੇ ਬੀਜ ਪੂੰਜੀਵਾਦ ਪ੍ਰਬੰਧ ਦੇ ਆਰਥਿਕ ਤੇ ਵਿਚਾਰਧਾਰਕ ਮਾਡਲ ਦੇ ਸੁਨਹਿਰੀ ਕਾਲ ਵਿਚ ਹੀ ਬੀਜੇ ਜਾ ਚੁੱਕੇ ਸਨ। ਸੱਤਰਵਿਆਂ-ਅੱਸਵਿਆਂ ਦਾ ਦੌਰ ਸਮਾਜਵਾਦੀ ਦੇਸ਼ਾਂ ਦੇ ਢਹਿ-ਢੇਰੀ ਹੋਣ ਦਾ ਦੌਰ ਸੀ ਤੇ ਇਸੇ ਸਮੇਂ ਸੰਸਾਰ ਪੂੰਜੀਵਾਦ ਅਤੇ ਇਸ ਦੇ ਸਰਦਾਰ ਅਮਰੀਕੀ ਸਾਮਰਾਜ ਨੇ ਤੇਜ਼ੀ ਨਾਲ ਹਮਲਾਵਰ ਰੁਖ਼ ਅਖ਼ਤਿਆਰ ਕੀਤਾ। ਪੂੰਜੀਵਾਦੀ ਦੀਆਂ ਵਿਸ਼ਵੀਕਰਨ, ਉਦਾਰੀਕਰਨ, ਨਿੱਜੀਕਰਨ ਦੀਆਂ ਨਵੀਆਂ ਆਰਥਿਕ ਨੀਤੀਆਂ ਦੇ ਧੂੰਆਂਧਾਰ ਪ੍ਰਚਾਰ ਤੇ ਪਸਾਰ ਨੇ ਗਲੋਬਲ ਆਰਥਿਕਤਾ ਦਾ ਮੁਹਾਂਦਰਾ ਬਦਲ ਦਿੱਤਾ।**

ਦੁਨੀਆ ਭਰ ਦੇ ਵਿਕਸਿਤ ਅਤੇ ਵਿਕਾਸਸ਼ੀਲ ਮੁਲਕਾਂ ਵਿਚ ਬੜੀ ਤੇਜ਼ੀ ਨਾਲ ਵੱਡੇ ਆਰਥਿਕ, ਸਿਆਸੀ ਅਤੇ ਸਮਾਜਿਕ ਸੰਕਟ ਖੜ੍ਹੇ ਹੋ ਰਹੇ ਹਨ। ਸਰਕਾਰਾਂ ਆਪਣੇ ਲੋਕਾਂ ਦੀ ਸੁਰੱਖਿਆ ਕਰਨ ਵਿਚ ਨਾਕਾਮ ਸਿੱਧ ਹੋ ਰਹੀਆਂ ਹਨ ਤੇ ਸੰਕਟ 'ਚ ਘਿਰੇ ਲੋਕ ਸੁਰੱਖਿਆ, ਰੁਜ਼ਗਾਰ ਤੇ ਚੰਗੇ ਭਵਿੱਖ ਦੀ ਭਾਲ ਲਈ ਦੁਨੀਆ ਭਰ ਦੇ ਦੇਸ਼ਾਂ ਦੀਆਂ ਸਰਹੱਦਾਂ ਉੱਤੇ ਇੱਧਰ-ਉੱਧਰ ਹਿਜਰਤ ਕਰ ਰਹੇ ਹਨ। ਸੰਸਾਰ ਸਰਹੱਦਾਂ 'ਤੇ ਵਧ ਰਹੀ ਮਨੁੱਖੀ ਆਵਾਜਾਈ ਆਲਮੀ ਪਰਵਾਸੀ ਸੰਕਟ ਨੂੰ ਦਿਨੋ-ਦਿਨ ਤੇਜ਼ ਕਰ ਰਹੀ ਹੈ। ਅਮਰੀਕਾ ਅਤੇ ਯੂਰਪ ਦੀਆਂ ਨਵੀਆਂ ਇਮੀਗ੍ਰੇਸ਼ਨ ਨੀਤੀਆਂ ਅਤੇ ਗ੍ਰੀਸ ਵਿਚ ਸ਼ਰਨਾਰਥੀ ਕਿਸ਼ਤੀ ਡੁੱਬਣ ਦੇ ਹਾਦਸੇ ਨੇ ਸ਼ਰਨਾਰਥੀ ਤੇ ਪਰਵਾਸੀ ਸੰਕਟ ਬਾਰੇ ਵੱਡੀ ਚਰਚਾ ਛੇੜ ਦਿੱਤੀ ਹੈ। ਕਾਨੂੰਨੀ ਗੈਰ-ਕਾਨੂੰਨੀ ਪਰਵਾਸ, ਮਨੁੱਖੀ ਤਸਕਰੀ, ਸਸਤੀ ਮਜ਼ਦੂਰੀ, ਮਾੜੇ ਕੰਮ ਹਾਲਾਤ, ਜੰਗੀ ਉਜਾੜਾ, ਨਸਲੀ ਵਿਤਕਰਾ, ਔਰਤਾਂ ਨਾਲ ਲਿੰਗ ਆਧਾਰਿਤ ਹਿੰਸਾ, ਫਿਰਕੂ ਹਮਲੇ, ਜੇਲ੍ਹਾਂ-ਜੁਰਮਾਨੇ, ਦੇਸ਼ ਨਿਕਾਲਾ, ਸ਼ਰਨਾਰਥੀ ਕੈਂਪ (ਖੁੱਲ੍ਹੀ ਜੇਲ੍ਹ) ਅਤੇ ਸੰਸਾਰ ਸਰਹੱਦਾਂ 'ਤੇ ਮਾਰੂਥਲਾਂ, ਜੰਗਲਾਂ ਤੇ ਕੌਮਾਂਤਰੀ ਪਾਣੀਆਂ ਵਿਚ ਪਰਵਾਸੀਆਂ ਦੀਆਂ ਮੌਤਾਂ ਪਰਵਾਸ ਅਤੇ ਪਰਵਾਸੀ ਸੰਕਟ ਦੇ ਜ਼ਾਹਰਾ ਰੂਪ ਹਨ।



**ਮਨਦੀਪ**
ਫੋਨ: +1-438-924-2052

ਪਰਵਾਸ ਭਾਵੇਂ ਮੁੱਢ-ਕਦੀਮੀ ਵਰਤਾਰਾ ਹੈ ਪਰ ਇਸ ਦੇ ਮੌਜੂਦਾ ਸੰਕਟ ਦੇ ਬੀਜ ਪੂੰਜੀਵਾਦ ਪ੍ਰਬੰਧ ਦੇ ਆਰਥਿਕ ਤੇ ਵਿਚਾਰਧਾਰਕ ਮਾਡਲ ਦੇ ਸੁਨਹਿਰੀ ਕਾਲ ਵਿਚ ਹੀ ਬੀਜੇ ਜਾ ਚੁੱਕੇ ਸਨ। ਸੱਤਰਵਿਆਂ-ਅੱਸਵਿਆਂ ਦਾ ਦੌਰ ਸਮਾਜਵਾਦੀ ਦੇਸ਼ਾਂ ਦੇ ਢਹਿ-ਢੇਰੀ ਹੋਣ ਦਾ ਦੌਰ ਸੀ ਤੇ ਇਸੇ ਸਮੇਂ ਸੰਸਾਰ ਪੂੰਜੀਵਾਦ ਅਤੇ ਇਸ ਦੇ ਸਰਦਾਰ ਅਮਰੀਕੀ ਸਾਮਰਾਜ ਨੇ ਤੇਜ਼ੀ ਨਾਲ ਹਮਲਾਵਰ ਰੁਖ਼ ਅਖ਼ਤਿਆਰ ਕੀਤਾ। ਪੂੰਜੀਵਾਦੀ ਦੀਆਂ ਵਿਸ਼ਵੀਕਰਨ, ਉਦਾਰੀਕਰਨ, ਨਿੱਜੀਕਰਨ ਦੀਆਂ ਨਵੀਆਂ ਆਰਥਿਕ ਨੀਤੀਆਂ ਦੇ ਧੂੰਆਂਧਾਰ ਪ੍ਰਚਾਰ ਤੇ ਪਸਾਰ ਨੇ ਗਲੋਬਲ ਆਰਥਿਕਤਾ ਦਾ ਮੁਹਾਂਦਰਾ ਬਦਲ ਦਿੱਤਾ। ਸਾਮਰਾਜੀ ਵਿੱਤੀ ਪੂੰਜੀ ਦਾ ਬੇਥਾਹ-ਬੇਰੋਕ ਸੰਸਾਰਵਿਆਪੀ ਪ੍ਰਵਾਹ ਅਤੇ ਉੱਨਤ ਤਕਨੀਕ ਦੇ ਤੇਜ਼ ਫੈਲਾਅ ਨੇ ਕੁੱਲ ਦੁਨੀਆ ਦੀ ਦੌਲਤ ਦਾ ਵੱਡਾ ਹਿੱਸਾ ਕੁਝ ਕੁ ਲੋਕਾਂ ਦੇ ਹੱਥਾਂ ਵਿਚ ਇਕੱਤਰ ਕਰ ਦਿੱਤਾ ਅਤੇ ਬਹੁਗਿਣਤੀ ਲੋਕਾਂ ਨੂੰ ਆਧੁਨਿਕ ਗੁਲਾਮੀ ਵੱਲ ਧੱਕ ਦਿੱਤਾ।

ਦੁਨੀਆ ਭਰ ਦੇ ਮੁਲਕਾਂ ਵਿਚ ਸਥਾਨਕ ਅਤੇ ਕੌਮਾਂਤਰੀ ਪੱਧਰ 'ਤੇ ਵੱਧ ਰਹੇ ਵਪਾਰਕ, ਭੂ-ਸਿਆਸੀ ਤੇ ਸਰਹੱਦੀ ਝਗੜੇ, ਵਧਦੀ ਗਰੀਬੀ, ਭੁੱਖਮਰੀ ਅਤੇ ਜੰਗੀ ਹਾਲਾਤ ਲੋਕਾਂ ਨੂੰ ਆਪਣੇ ਘਰ, ਪਰਿਵਾਰ ਤੇ ਆਪਣੀ ਮਿੱਟੀ ਤੋਂ ਦੂਰ ਹੋਣ ਲਈ ਮਜਬੂਰ ਕਰ ਰਹੇ ਹਨ। ਸੁਰੱਖਿਆ ਅਤੇ ਸਵੈਮਾਣ ਭਰੀ ਜ਼ਿੰਦਗੀ ਦੀ ਭਾਲ ਵਿਚ ਆਬਾਦੀ ਦਾ ਵੱਡਾ ਹਿੱਸਾ ਭਟਕ ਰਿਹਾ ਹੈ। ਯੂਐਨ ਦੀ ਰਿਪੋਰਟ ਮੁਤਾਬਕ 2022 ਦੇ ਅੰਤ ਤੱਕ ਸੰਸਾਰ ਪੱਧਰ 'ਤੇ 10.4 ਕਰੋੜ ਲੋਕ ਜਬਰੀ ਉਜਾੜੇ ਦਾ ਸ਼ਿਕਾਰ ਹੋਏ, 2.6 ਕਰੋੜ ਸ਼ਰਨਾਰਥੀ ਬਣੇ ਅਤੇ 4.8 ਕਰੋੜ ਲੋਕ ਦੇਸ਼ ਅੰਦਰਲੇ ਉਜਾੜੇ ਦਾ ਸ਼ਿਕਾਰ ਹੋਏ। 80% ਲੋਕਾਂ ਨੇ ਭੋਜਨ ਅਸੁਰੱਖਿਆ ਅਤੇ ਕੁਪੋਸ਼ਣ ਤੋਂ ਪੀੜਤ ਹੋ ਕੇ ਪਰਵਾਸ ਕਰਨ ਦਾ ਰਾਹ ਚੁਣਿਆ ਅਤੇ 5% ਔਰਤਾਂ ਲਿੰਗ ਆਧਾਰਿਤ ਵਖਰੇਵੇਂ ਕਾਰਨ ਆਪਣਾ ਵਤਨ ਛੱਡ ਗਈਆਂ। ਇਹ ਮਨੁੱਖੀ ਉਜਾੜਾ ਸੀਰੀਆ, ਵੈਨੇਜ਼ੁਏਲਾ, ਅਫਗਾਨਿਸਤਾਨ, ਦੱਖਣੀ ਸੁਡਾਨ, ਮੀਆਂਮਾਰ, ਯੂਕਰੇਨ ਆਦਿ ਮੁਲਕਾਂ ਵਿਚੋਂ ਵੱਧ ਹੋਇਆ।

ਪਿਛਲੇ ਕੁਝ ਦਹਾਕਿਆਂ ਤੋਂ ਵਿਕਸਿਤ ਪੂੰਜੀਵਾਦੀ ਮੁਲਕਾਂ ਨੇ ਆਪਣੇ ਸਰਮਾਏ ਅਤੇ ਉੱਨਤ ਤਕਨੀਕ ਦੇ ਜ਼ੋਰ ਆਪਣੇ ਸਨਅਤੀ ਵਿਕਾਸ ਲਈ ਪੱਛੜੇ ਮੁਲਕਾਂ ਦੀ ਸਸਤੀ ਲੇਬਰ ਨੂੰ ਕੱਚੇ-ਪੱਕੇ ਕਾਮਿਆਂ ਵਜੋਂ ਵੱਡੀ ਪੱਧਰ ਉੱਤੇ ਆਪਣੇ ਦੇਸ਼ਾਂ ਵਿਚ ਖਿੱਚਣ ਲਈ ਆਪਣੀਆਂ ਇਮੀਗ੍ਰੇਸ਼ਨ, ਸਿੱਖਿਆ ਅਤੇ ਵਿਦੇਸ਼ੀ ਨੀਤੀਆਂ ਵਿਚ ਖਾਸ ਸੋਧਾਂ ਕੀਤੀਆਂ। ਉਦਯੋਗ ਤੇ ਖੇਤੀਬਾੜੀ ਖੇਤਰ ਦਾ ਡਿਜੀਟਲਾਈਜੇਸ਼ਨ, ਕੰਪਿਊਟਰੀਕਰਨ, ਆਨਲਾਈਨ ਸਿੱਖਿਆ ਅਤੇ ਵੱਖ ਵੱਖ ਖੇਤਰਾਂ ਵਿਚ ਵਧ ਰਹੀ ਮਸਨੂਈ ਬੌਧਿਕਤਾ ਦੀ ਵਰਤੋਂ ਪੱਛੜੇ ਮੁਲਕਾਂ ਤੋਂ ਬੌਧਿਕ ਹੂੰਝਾ (ਬ੍ਰੇਨ ਡ੍ਰੇਨ) ਫੇਰ ਰਹੀ ਹੈ। ਇਹਨਾਂ ਵਿਕਸਿਤ ਪੂੰਜੀਵਾਦੀ ਮੁਲਕਾਂ ਨੇ ਆਪਣੇ ਖੇਤੀਬਾੜੀ, ਢੋਆ-ਢੁਆਈ, ਕਸਾਈ, ਭੋਜਨ ਸਪਲਾਈ, ਉਦਯੋਗ ਆਦਿ ਘੱਟ ਹੁਨਰਮੰਦ ਖੇਤਰਾਂ ਲਈ ਘੱਟ ਸਿਖਲਾਈ ਅਤੇ ਘੱਟ ਉਜਰਤਾਂ ਵਾਲੇ ਕਾਮਿਆਂ ਲਈ 'ਅਸਥਾਈ ਪ੍ਰੋਗਰਾਮ' ਅਤੇ ਇੰਜਨੀਅਰ, ਬਿਜ਼ਨਸ ਮੈਨੇਜਮੈਂਟ, ਅਕਾਊਂਟੈਂਟ, ਮੈਡੀਕਲ ਆਦਿ ਖੇਤਰਾਂ ਦੇ ਹੁਨਰਮੰਦ ਕਾਮਿਆਂ ਲਈ 'ਸਥਾਈ' ਪ੍ਰੋਗਰਾਮ ਲਿਆਂਦੇ। ਸਿੱਖਿਆ ਦੇ ਖੇਤਰ ਨੂੰ ਵਪਾਰ ਅਤੇ ਸਸਤੇ ਹੁਨਰਮੰਦ ਕਾਮੇ ਹਾਸਲ ਕਰਨ ਦਾ ਸਭ ਤੋਂ ਵੱਡਾ ਸਾਧਨ ਬਣਾਇਆ ਗਿਆ। ਸਿੱਖਿਆ ਦੇ ਵਪਾਰੀਕਰਨ ਦੀ ਇਸ ਨੀਤੀ ਨੇ ਸਿੱਖਿਆ ਜੋ ਗਿਆਨ ਹਾਸਲ ਕਰਨ ਦਾ ਉੱਤਮ ਮਾਧਿਅਮ ਹੈ, ਦੇ ਮਹੱਤਵ ਨੂੰ ਘਟਾ ਕੇ ਪਰਵਾਸ ਕਰਨ ਅਤੇ ਰੁਜ਼ਗਾਰ ਹਾਸਲ ਕਰਨ ਤੱਕ ਸੀਮਿਤ ਕਰ ਦਿੱਤਾ। ਜਿਨ੍ਹਾਂ ਦੇਸ਼ਾਂ ਤੋਂ ਪਰਵਾਸ ਹੋ ਰਿਹਾ ਹੈ, ਉਹਨਾਂ ਵਿਚ ਸਿੱਖਿਆ ਖੇਤਰ ਦੇ ਵਪਾਰੀਕਰਨ, ਨਿੱਜੀਕਰਨ ਦੇ ਨਾਲ ਨਾਲ ਉੱਥੋਂ ਦੇ ਸੱਭਿਆਚਾਰ, ਭਾਸ਼ਾ ਅਤੇ ਸਮਾਜਿਕ ਸਬੰਧਾਂ ਵਿਚ ਵੀ ਅਨੇਕਾਂ ਵਿਗਾੜ ਪੈਦਾ ਹੋਏ ਹਨ। ਜਿਨ੍ਹਾਂ ਦੇਸ਼ਾਂ ਵਿਚ ਪਰਵਾਸ ਹੋ ਰਿਹਾ ਹੈ, ਉੱਥੇ ਭਾਸ਼ਾ ਦੀਆਂ ਰੁਕਾਵਟਾਂ, ਸੱਭਿਆਚਾਰਕ ਸ਼ਹਿਣਸ਼ੀਲਤਾ, ਵਿਤਕਰਾ, ਰੁਜ਼ਗਾਰ ਅਤੇ ਵਸੇਬੇ ਦੀਆਂ ਅਨੇਕਾਂ ਮੁਸ਼ਕਿਲਾਂ ਖੜ੍ਹੀਆਂ ਹੁੰਦੀਆਂ ਹਨ।

ਹੁਣ ਬਦਲ ਰਹੇ ਸੰਸਾਰ ਹਾਲਾਤ ਦੇ ਮੱਦੇਨਜ਼ਰ ਇਮੀਗ੍ਰੇਸ਼ਨ ਨੀਤੀਆਂ ਵਿਚ ਬਦਲਾਅ ਆ ਰਹੇ ਹਨ। ਪਰਵਾਸੀਆਂ ਨੂੰ ਨਿਸ਼ਚਿਤ ਸਮੇਂ ਤੱਕ ਸਥਾਨਕ ਨਿਵਾਸੀਆਂ ਵਾਲੀਆਂ ਸਹੂਲਤਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ। ਪੱਛਮੀ ਉਦਾਰ ਲੋਕਤੰਤਰਾਂ ਦੀਆਂ ਕਲਿਆਣਕਾਰੀ ਨੀਤੀਆਂ ਲਗਾਤਾਰ ਖੁਰ ਰਹੀਆਂ ਹਨ। ਜਨਤਕ ਸਹੂਲਤਾਂ



ਦਾ ਭੋਗ ਪਾ ਕੇ ਨਿੱਜੀਕਰਨ ਤੇਜ਼ ਕੀਤਾ ਜਾ ਰਿਹਾ ਹੈ। ਲੋਕਾਂ ਉਪਰ ਟੈਕਸ ਤੇ ਮਹਿੰਗਾਈ ਦਾ ਬੋਝ ਲਗਾਤਾਰ ਵਧ ਰਿਹਾ ਹੈ। ਇਮੀਗ੍ਰੇਸ਼ਨ ਨੀਤੀਆਂ ਸਖਤ ਕੀਤੀਆਂ ਜਾ ਰਹੀਆਂ ਹਨ। ਪੱਕੇ ਰੁਜ਼ਗਾਰ ਦੀ ਥਾਂ ਰੁਜ਼ਗਾਰ ਦਾ ਠੇਕੇਦਾਰੀਕਰਨ ਕੀਤਾ ਜਾ ਰਿਹਾ ਹੈ। ਕੰਮ ਘੰਟੇ ਵਧ ਅਤੇ ਉਜਰਤਾਂ ਘਟ ਰਹੀਆਂ ਹਨ। ਸਥਾਈ ਨਾਗਰਿਕਤਾ ਤੇ ਪੱਕੀਆਂ ਸਹੂਲਤਾਂ 'ਤੇ ਕੱਟ ਲਾਏ ਜਾ ਰਹੇ ਹਨ।

ਏਸ਼ੀਆ, ਅਫਰੀਕਾ ਤੇ ਦੱਖਣੀ ਅਮਰੀਕੀ ਮਹਾਂਦੀਪਾਂ ਦੇ ਅਨੇਕਾਂ ਪੱਛੜੇ ਮੁਲਕਾਂ ਤੋਂ ਵਿਕਸਿਤ ਪੂੰਜੀਵਾਦੀ ਮੁਲਕਾਂ ਵਿਚ ਦਾਖਲ ਹੋਏ ਸ਼ਰਨਾਰਥੀ ਅਤੇ ਗੈਰ-ਕਾਨੂੰਨੀ ਪਰਵਾਸੀਆਂ ਲਈ ਪੱਕੇ ਹੋਣ ਲਈ ਮਹਿੰਗੇ, ਲੰਮੇ ਤੇ ਗੁੰਝਲਦਾਰ ਪ੍ਰੋਗਰਾਮ ਬਣਾਏ ਜਾ ਰਹੇ ਹਨ। ਅਮਰੀਕਾ ਨੇ ਦੱਖਣੀ ਅਤੇ ਮੱਧ ਅਮਰੀਕੀ ਮੁਲਕਾਂ ਵਿਚੋਂ ਮੈਕਸਿਕੋ ਸਰਹੱਦ ਰਾਹੀਂ ਹੋ ਰਹੇ ਪਰਵਾਸ ਨੂੰ ਕਾਬੂ ਕਰਨ ਲਈ ਜਿੱਥੇ ਆਪਣੇ ਬਜਟ ਦਾ ਵੱਡਾ ਹਿੱਸਾ ਸਰਹੱਦੀ ਕੰਧ ਉਸਾਰਨ ਅਤੇ ਸਰਹੱਦੀ ਸੁਰੱਖਿਆ ਦਸਤਿਆਂ ਉੱਤੇ ਖਰਚ ਕੀਤਾ ਉੱਥੇ ਇਮੀਗ੍ਰੇਸ਼ਨ ਨੀਤੀਆਂ ਵਿਚ ਸਖਤੀ ਵਰਤੀ ਜਾ ਰਹੀ ਹੈ। ਨੇੜ ਭਵਿੱਖ ਵਿਚ ਇਹ ਸੰਕਟ ਹੋਰ ਵੱਧ ਤੇਜ਼ ਹੋਣ ਦੇ ਸੰਕੇਤ ਦੇ ਰਿਹਾ ਹੈ। ਦੱਖਣੀ ਤੇ ਮੱਧ ਅਮਰੀਕਾ ਵਿਚ ਸਾਮਰਾਜੀ ਵਿੱਤੀ ਪੂੰਜੀ ਦੇ ਉਜਾੜੇ ਤੋਂ ਪੈਦਾ ਹੋਏ ਆਰਥਿਕ-ਸਿਆਸੀ ਸੰਕਟ ਕਰ ਕੇ ਲੋਕਾਂ ਉੱਤੇ ਜਬਰ ਤੇ ਲੁੱਟ ਵਧ ਰਹੇ ਹਨ। ਇਹਨਾਂ ਖੇਤਰਾਂ ਵਿਚ ਹਿੰਸਾ, ਰਾਜ ਪਲਟੇ, ਲੋਕਤੰਤਰੀ ਤਾਨਾਸ਼ਾਹੀ, ਸੰਸਾਰ ਬੈਂਕ ਤੇ ਆਈਐਮਐਫ ਦੇ ਕਰਜ਼ ਤੇ ਵਪਾਰਕ ਸਮਝੌਤੇ ਲੋਕਾਂ ਨੂੰ ਉਜਾੜੇ ਲਈ ਮਜਬੂਰ ਕਰ ਰਹੇ ਹਨ। ਇਸ ਮਹਾਂਦੀਪ ਦੇ ਜਲ, ਜੰਗਲ ਤੇ ਜ਼ਮੀਨ ਦੇ ਉਜਾੜੇ ਤੋਂ ਬਿਨਾ ਜਲਵਾਯੂ ਤਬਦੀਲੀਆਂ ਵੱਡਾ ਖਤਰਾ ਬਣੀਆਂ ਹੋਈਆਂ ਹਨ। ਇਸ ਖਿੱਤੇ ਵਿਚ ਜੰਗਲਾਂ ਦੀ ਕਟਾਈ, ਜੰਗਲੀ ਅੱਗ ਅਤੇ ਸੋਕੇ ਕਾਰਨ ਕੌਫੀ, ਗੰਨਾ, ਸੋਇਆਬੀਨ, ਮੱਕੀ ਆਦਿ ਫਸਲੀ ਤਬਾਹੀ ਬਹੁਗਿਣਤੀ ਲੋਕਾਂ ਦੇ ਉਜਾੜੇ ਦਾ ਕਾਰਨ ਬਣ ਰਹੀ ਹੈ। ਅਮਰੀਕਾ ਭੁੱਖ ਨਾਲ ਜੂਝ ਰਹੇ ਦੱਖਣੀ ਤੇ ਮੱਧ ਅਮਰੀਕਾ ਦੇ ਲੋਕਾਂ ਦੇ ਦਾਖਲੇ ਨੂੰ ਰੋਕਣ ਲਈ ਮੈਕਸਿਕੋ ਨੂੰ ਵਿਸ਼ੇਸ਼ ਫੰਡਿਗ ਕਰ ਰਿਹਾ ਹੈ ਤੇ ਮੱਧ ਅਮਰੀਕਾ ਵਿਚ ਪਰਵਾਸੀਆਂ ਦੇ ਦਾਖਲੇ ਤੇ ਰੋਕ ਲਈ ਵਿਸ਼ੇਸ਼ ਚੌਕੀਆਂ ਬਣਾ ਰਿਹਾ ਹੈ। ਉੱਤਰੀ ਅਮਰੀਕਾ ਵੱਡੀ ਪੱਧਰ ਤੇ ਦੱਖਣੀ ਤੇ ਮੱਧ ਅਮਰੀਕਾ ਦੇ ਕੁਦਰਤੀ ਸ੍ਰੋਤਾਂ ਨੂੰ ਹੜੱਪ ਰਿਹਾ ਹੈ ਤੇ ਆਪਣਾ ਕੂੜਾ ਤੇ ਉਦਯੋਗਾਂ ਦੇ ਗੰਧਲੇ ਪਾਣੀ ਦਾ ਨਿਕਾਸ ਇਹਨਾਂ ਮੁਲਕਾਂ ਵਿਚ ਕਰ ਰਿਹਾ ਹੈ। ਅਮਰੀਕਾ ਨੇ ਮੱਧ ਏਸ਼ੀਆ ਵਿਚ 'ਦਹਿਸ਼ਤਗਰਦੀ ਖਿਲਾਫ ਜੰਗ' ਅਤੇ ਮੱਧ ਅਮਰੀਕਾ ਵਿਚ 'ਨਸ਼ਿਆਂ ਖਿਲਾਫ ਜੰਗ' ਦੇ ਨਾਮ ਹੇਠ ਜੰਗਾਂ ਤੇ ਰਾਜ ਪਲਟੇ ਕੀਤੇ/ਕਰਵਾਏ ਹਨ। ਮਿਲਟਨ ਫਰਾਇਡਮੈਨ ਮੁਤਾਬਕ 'ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਮਰੀਕਾ ਲਈ ਉਦੋਂ ਤੱਕ ਹੀ ਚੰਗੀ ਹੈ ਜਦੋਂ ਤੱਕ ਉਹ ਗੈਰ-ਕਾਨੂੰਨੀ ਹੈ'; ਭਾਵ ਗੈਰ-ਕਾਨੂੰਨੀ ਕਾਮੇ ਜਿੱਥੇ ਸਸਤੀ ਮਜ਼ਦੂਰੀ ਦਾ ਸਾਧਨ ਹੁੰਦੇ ਹਨ ਉੱਥੇ ਉਹਨਾਂ ਨੂੰ ਸਥਾਈ ਨਾਗਰਿਕਾ ਵਾਲੀਆਂ ਸਹੂਲਤਾਂ ਤੋਂ ਵੀ ਵਾਂਝੇ ਰੱਖਿਆ ਜਾਂਦਾ ਹੈ। ਕੈਨੇਡਾ ਵਿਚ ਕੌਮਾਂਤਰੀ ਵਿਦਿਆਰਥੀਆਂ ਦੀ ਮੰਦੀ ਹਾਲਤ ਅਤੇ ਦੇਸ਼ ਨਿਕਾਲੇ ਦੀ ਨੀਤੀ ਪਰਵਾਸ ਸੰਕਟ ਦਾ ਅਟੁੱਟ ਹਿੱਸਾ ਹੈ।

ਯੂਰਪ ਵਿਚ ਏਸ਼ੀਆ ਖਾਸਕਰ ਜੰਗੀ ਉਜਾੜੇ ਦਾ ਸ਼ਿਕਾਰ ਮੱਧ ਏਸ਼ੀਆ ਦੇ ਦੇਸ਼ਾਂ ਵਿਚੋਂ ਸਭ ਤੋਂ ਵੱਧ ਪਰਵਾਸ ਹੋਇਆ। ਇੰਗਲੈਂਡ ਦਾ ਯੂਰਪੀਅਨ ਯੂਨੀਅਨ ਤੋਂ ਬਾਹਰ ਨਿਕਲਣਾ ਅਤੇ ਹੁਣ ਪਰਵਾਸ ਨੂੰ ਰੋਕਣ ਲਈ ਸਖਤ ਇਮੀਗ੍ਰੇਸ਼ਨ ਕਾਨੂੰਨ ਲਿਆਉਣੇ ਉੱਭਰ ਰਹੇ ਆਰਥਿਕ ਸੰਕਟ ਦਾ ਨਤੀਜਾ ਹਨ। ਯੂਰਪ ਦੇ ਨੌਰਡਿਕ ਦੇਸ਼ ਪਹਿਲਾਂ ਹੀ ਗੈਰ-ਕਾਨੂੰਨੀ ਪਰਵਾਸ ਪ੍ਰਤੀ ਸਖਤੀ ਨਾਲ ਪੇਸ਼ ਆ ਰਹੇ ਹਨ। ਸਾਮਰਾਜੀ ਦੇਸ਼ਾਂ ਵੱਲੋਂ ਇੱਕ ਹੱਥ ਦੁਨੀਆ ਭਰ ਦੇ ਅਨੇਕਾਂ ਦੇਸ਼ਾਂ ਵਿਚ ਨਿਹੱਕੀਆਂ ਜੰਗਾਂ ਲਾ ਕੇ ਉਜਾੜਾ ਪੈਦਾ ਕੀਤਾ ਜਾ ਰਿਹਾ ਹੈ ਅਤੇ ਦੂਸਰੇ ਹੱਥ ਜੰਗੀ ਸਹਿਯੋਗੀ ਗੁੱਟ ਵਾਲੇ ਮੁਲਕਾਂ ਨੂੰ ਸ਼ਰਨਾਰਥੀ ਕੋਟਾ ਲਾ ਕੇ ਜੰਗੀ ਉਜਾੜੇ ਦਾ ਸ਼ਿਕਾਰ ਨਿਗੂਣੀ ਗਿਣਤੀ ਨੂੰ ਪਨਾਹ ਦੇ ਕੇ ਆਪਣੇ ਸਿਆਸੀ ਤੇ ਕੂਟਨੀਤਕ ਮਨਸੂਬੇ ਹਾਸਲ ਕੀਤੇ ਜਾ ਰਹੇ ਹਨ।

ਪੱਛਮੀ ਉਦਾਰਵਾਦੀ ਤੇ ਰੂੜੀਵਾਦੀ ਮੀਡੀਆ ਪਰਵਾਸ ਸੰਕਟ ਨੂੰ ਪੱਛੜੇ ਮੁਲਕਾਂ ਵਿਚੋਂ ਪੈਦਾ ਹੋਇਆ ਸੰਕਟ ਆਖ ਕੇ ਭੰਡ ਰਿਹਾ ਹੈ ਜਦਕਿ ਅਸਲੀਅਤ ਇਹ ਹੈ ਕਿ ਅਸਾਵੇਂ ਵਿਕਾਸ ਤਹਿਤ ਪੱਛੜੇ ਮੁਲਕਾਂ ਵਿਚ ਇਹ ਸੰਕਟ ਸਾਮਰਾਜੀ ਦੇਸ਼ਾਂ ਵੱਲੋਂ ਖੜ੍ਹਾ ਕੀਤਾ ਗਿਆ ਸੰਕਟ ਹੈ। ਵਧੇਰੇ ਸਪਸ਼ਟ ਕਹਿਣਾ ਹੋਵੇ ਤਾਂ ਪਰਵਾਸ ਸੰਕਟ ਅਸਲ ਅਰਥਾਂ ਵਿਚ ਪੂੰਜੀਵਾਦੀ ਸੰਕਟ ਹੈ। ਇਹ ਸੰਕਟ ਲੁੱਟ ਤੇ ਮੰਡੀ ਉੱਤੇ ਕਬਜ਼ੇ ਦੀਆਂ ਬਸਤੀਵਾਦੀਆਂ ਨੀਤੀਆਂ ਦੀ ਕੜੀ ਹੈ। ਸੱਤਾ ਦੇ ਕੇਂਦਰ ਵੱਡੀ ਪੱਧਰ 'ਤੇ ਸੰਸਾਰ ਦੇ ਅਨੇਕਾਂ ਹਿੱਸਿਆਂ ਦੇ ਸ੍ਰੋਤਾਂ ਨੂੰ ਲੁੱਟ ਰਹੇ ਹਨ ਅਤੇ ਸਰਹੱਦੀ ਰਾਜਨੀਤੀ ਤਹਿਤ ਲੋਕਾਂ ਦੇ ਉਜਾੜੇ ਦੇ ਹਾਲਤ ਅਤੇ ਬੇਲੋੜਾ ਤਣਾਅ ਪੈਦਾ ਕਰ ਰਹੇ ਹਨ। ਪੰਜਾਬ ਵਿਚ ਪਰਵਾਸੀ ਕਾਮਿਆ ਦੇ ਵਿਰੋਧ ਦੀ ਸੁਰ ਤੋਂ ਲੈ ਕੇ ਕੌਮਾਂਤਰੀ ਪੱਧਰ ਤੱਕ ਪਰਵਾਸੀਆਂ ਪ੍ਰਤੀ ਨਫਰਤ ਨਸਲੀ ਤੇ ਇਜਾਰੇਦਾਰ ਪੂੰਜੀਵਾਦ ਦਾ ਸਿੱਟਾ ਹੈ। ਇਹ ਸਥਾਨਕ ਤੇ ਪਰਵਾਸੀ ਕਾਮਿਆਂ ਵਿਚਕਾਰ ਵਿਰੋਧ ਖੜ੍ਹਾ ਕਰਦਾ ਹੈ ਅਤੇ ਦੋਨਾਂ ਦੀ ਲੁੱਟ ਕਰਦਾ ਹੈ।

ਪੂੰਜੀਵਾਦ ਦਾ ਸੰਕਟ ਤੇਜ਼ੀ ਨਾਲ ਵਧ ਰਿਹਾ ਹੈ ਅਤੇ ਹੋਰ ਵੱਧ ਫਾਸ਼ੀ ਰੂਪ ਅਖ਼ਤਿਆਰ ਕਰ ਰਿਹਾ ਹੈ। ਪੂੰਜੀਵਾਦ ਦੇ ਲੁਟੇਰੇ ਖਾਸੇ ਕਰ ਕੇ ਵਿਸ਼ਵ ਅੰਦਰ ਵੱਡਾ ਵਾਤਾਵਰਨਕ ਸੰਕਟ ਪੈਦਾ ਹੋਣ ਨਾਲ ਵੱਡੇ ਪੱਧਰ 'ਤੇ ਮੌਸਮੀ ਤਬਦੀਲੀਆਂ ਹੋ ਰਹੀਆਂ ਹਨ। ਤੂਫ਼ਾਨ, ਮੀਂਹ, ਸੋਕੇ, ਜੰਗਲੀ ਅੱਗਾਂ, ਵਧਦੀ ਗਰਮੀ ਨਾਲ ਗਲੇਸ਼ੀਅਰ ਪਿਘਲ ਰਹੇ ਹਨ ਅਤੇ ਫ਼ਸਲਾਂ ਦੀ ਪੈਦਾਵਾਰ ਵਿਚ ਅਨਿਸ਼ਚਤਾ ਆ ਰਹੀ ਹੈ, ਦੁਨੀਆ ਵਿਚ ਖਾਧ ਸੰਕਟ ਪੈਦਾ ਹੋ ਰਿਹਾ ਹੈ, ਉਪਜਾਊ ਜ਼ਮੀਨ ਦਾ ਰਕਬਾ ਘਟ ਰਿਹਾ ਹੈ, ਪਸ਼ੂਆਂ ਦੇ ਚਾਰੇ ਦੀ ਸਮੱਸਿਆ ਪੈਦਾ ਹੋ ਰਹੀ ਹੈ, ਰੂਸ ਯੂਕਰੇਨ ਲਮਕਦੀ ਜੰਗ ਸੰਸਾਰ ਅੰਦਰ ਅੰਨ ਸੰਕਟ ਪੈਦਾ ਕਰ ਰਹੀ ਹੈ, ਵਾਤਰਵਰਨ ਸੰਕਟ ਕਾਰਨ ਖੇਤੀ ਅਧੀਨ ਰਕਬਾ ਘਟਣ ਨਾਲ ਜ਼ਮੀਨਾਂ 'ਤੇ ਕਬਜ਼ੇ ਨੂੰ ਲੈ ਕੇ ਸੰਸਾਰ ਅੰਦਰ ਦੌੜ ਤੇਜ਼ ਹੋ ਰਹੀ ਹੈ। ਇਸ ਨਾਲ ਪਰਵਾਸ ਦਾ ਸੰਕਟ ਹੋਰ ਵਧ ਰਿਹਾ ਹੈ।

ਹਾਲਾਂਕਿ 21ਵੀਂ ਸਦੀ ਵਿਚ ਪੈਦਾਵਾਰੀ ਸ਼ਕਤੀਆਂ ਦਾ ਤੇਜ਼ੀ ਨਾਲ ਵਿਕਾਸ ਹੋ ਰਿਹਾ ਅਤੇ ਮਸਨੂਈ ਬੌਧਿਕਤਾ ਨੇ ਪੈਦਾਵਾਰ ਵਧਾਉਣ ਦੇ ਵੱਡੇ ਮੌਕੇ ਪੈਦਾ ਕਰ ਦਿੱਤੇ ਪਰ ਪੂੰਜੀਵਾਦ ਦੇ ਲੁਟੇਰੇ ਖਾਸੇ ਕਰ ਕੇ ਇਨ੍ਹਾਂ ਬੌਧਿਕ ਸ਼ਕਤੀਆਂ ਨੂੰ ਪੂੰਜੀਵਾਦੀ ਪ੍ਰਬੰਧ ਅੰਦਰ ਵਰਤ ਸਕਣ ਦੀਆਂ ਸੰਭਾਵਨਾਵਾਂ ਨਹੀਂ ਹਨ। ਇਸ ਕਰ ਕੇ ਹੋਰ ਸੰਕਟਾਂ ਵਾਂਗ ਪਰਵਾਸ ਦਾ ਸੰਕਟ ਵੀ ਪੂੰਜੀਵਾਦੀ ਪ੍ਰਬੰਧ ਦਾ ਪੈਦਾ ਕੀਤਾ ਹੋਇਆ ਸੰਕਟ ਹੈ।

ਇਹਨਾਂ ਹਾਲਾਤ ਨਾਲ ਨਜਿੱਠਣ ਲਈ ਦੁਨੀਆ ਭਰ ਵਿਚ ਪਰਵਾਸੀ ਕਾਮਿਆਂ ਨੂੰ ਜਥੇਬੰਦ ਹੋ ਕੇ ਸਥਾਨਕ ਕਾਮਿਆਂ ਨਾਲ ਜਮਾਤੀ-ਤਬਕਾਤੀ ਸਾਂਝ ਵਧਾਉਣੀ ਚਾਹੀਦੀ ਹੈ। ਪਰਵਾਸ ਸੰਕਟ ਲਈ ਦੇਸ਼ ਨਿਕਾਲੇ ਦੇ ਖਾਤਮੇ, ਬਰਾਬਰ, ਮੁਫਤ ਤੇ ਖੁੱਲ੍ਹੀ ਇਮੀਗ੍ਰੇਸ਼ਨ, ਨਸਲੀ ਵਿਤਕਰੇ ਦਾ ਖਾਤਮਾ, ਪਰਵਾਸੀ ਕਾਮਿਆਂ ਦੀ ਲੁੱਟ ਤੇ ਜਬਰ ਬੰਦ ਕਰਨ, ਸਥਾਈ ਨਾਗਰਿਕਤਾ, ਸਥਾਨਕ ਨਿਵਾਸੀਆਂ ਦੇ ਬਰਾਬਰ ਹੱਕ, ਲੋਕਾਂ ਨੂੰ ਸੁਰੱਖਿਆ ਤੇ ਸਨਮਾਣ ਨਾਲ ਆਪਣੇ ਘਰਾਂ ਤੇ ਜਮੀਨਾਂ ਉੱਤੇ ਰਹਿਣ ਦੀ ਆਜ਼ਾਦੀ ਆਦਿ ਮੰਗਾਂ ਲਈ ਸੰਘਰਸ਼ ਕਰਦਿਆਂ ਲੁੱਟ-ਖਸੁੱਟ ਰਹਿਤ, ਸਰਬਪੱਖੀ ਵਿਕਾਸ ਅਤੇ ਸਰਹੱਦ ਮੁਕਤ ਸੰਸਾਰ ਦੀ ਸਿਰਜਣਾ ਵੱਲ ਅੱਗੇ ਵਧਣਾ ਚਾਹੀਦਾ ਹੈ।

# ਜੁਝਾਰੂ ਆਗੂ ਤੇਜਾ ਸਿੰਘ ਸਮੁੰਦ੍ਰੀ

***ਸ. ਤੇਜਾ ਸਿੰਘ ਸਮੁੰਦ੍ਰੀ ਗੁਰਦੁਆਰਾ ਸੁਧਾਰ ਲਹਿਰ ਦੇ ਸਰਕਰਦਾ ਆਗੂ ਸਨ। ਇਹ ਉਹ ਲਹਿਰ ਹੋ ਨਿੱਬੜੀ ਜਿਸ ਨੇ ਪੰਜਾਬ ਵਿਚ ਅੰਗਰੇਜ਼ ਸਾਮਰਾਜ ਦੀਆਂ ਨੀਂਹਾਂ ਹਿਲਾ ਦਿੱਤੀਆਂ। ਇਨ੍ਹਾਂ ਆਗੂਆਂ ਨੇ ਅਹਿਸਾਸ ਕਰ ਲਿਆ ਸੀ ਕਿ ਵਿਦੇਸ਼ੀ ਰਾਜ ਤੋਂ ਛੁਟਕਾਰੇ ਬਗੈਰ ਅੱਗੇ ਨਹੀਂ ਵਧਿਆ ਜਾ ਸਕਦਾ। ਇਸ ਕਾਰਜ ਵਿਚ ਤੇਜਾ ਸਿੰਘ ਨੇ ਪੂਰਾ ਤਾਣ ਲਾ ਦਿੱਤਾ। ਅੰਗਰੇਜ਼ਾਂ ਖਿਲਾਫ ਇਸ ਘੋਲ ਦੌਰਾਨ ਉਨ੍ਹਾਂ 17 ਜੁਲਾਈ 1926 ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਆਖਰੀ ਸਾਹ ਲਿਆ। ਉਨ੍ਹਾਂ ਦੀ ਬਰਸੀ ਮੌਕੇ ਡਾ. ਪਿਆਰ ਸਿੰਘ ਦਾ ਇਹ ਲੇਖ ਛਾਪਿਆ ਜਾ ਰਿਹਾ ਹੈ ਜੋ ਉਨ੍ਹਾਂ ਦੀ ਸ. ਤੇਜਾ ਸਿੰਘ ਸਮੁੰਦ੍ਰੀ ਬਾਰੇ ਲਿਖੀ ਕਿਤਾਬ ਵਿਚ ਦਰਜ ਹੈ।***

ਡਾ. ਪਿਆਰ ਸਿੰਘ

1902 ਈ. ਵਿਚ ਫ਼ੌਜ ਦੀ ਨੌਕਰੀ ਛੱਡਣ ਪਿੱਛੋਂ ਸ. ਤੇਜਾ ਸਿੰਘ ਵਾਪਸ ਆਪਣੇ ਪਿੰਡ ਬੁਰਜ ਰਾਏ ਕੇ, ਆ ਗਏ। ਇਨ੍ਹਾਂ ਦਿਨਾਂ ਵਿਚ ਹੀ ਇਨ੍ਹਾਂ ਦੇ ਪਿਤਾ ਸ. ਦੇਵਾ ਸਿੰਘ ਨੂੰ ਚੱਕ ਨੰ: 140 ਤਹਿਸੀਲ ਸਮੁੰਦ੍ਰੀ, ਜ਼ਿਲ੍ਹਾ ਲਾਇਲਪੁਰ ਵਿਚ ਪੰਜ ਮੁਰੱਬੇ ਜ਼ਮੀਨ ਮਿਲ ਗਈ। ਸ. ਤੇਜਾ ਸਿੰਘ ਆਪਣੇ ਪਿਤਾ ਨਾਲ ਇਸ ਨਵੀਂ ਥਾਂ ਪਹੁੰਚੇ ਤੇ ਜ਼ਿਮੀਂਦਾਰੀ ਦਾ ਕੰਮ ਆਰੰਭ ਦਿੱਤਾ ਅਤੇ ਬੜੀ ਮਿਹਨਤ ਨਾਲ ਨਵੀਂ ਜ਼ਮੀਨ ਆਬਾਦ ਕਰਨੀ ਸ਼ੁਰੂ ਕੀਤੀ। ਇਸ ਅਰਸੇ ਵਿਚ ਆਪ ਕਦੇ-ਕਦੇ ਪਹਿਲੇ ਪਿੰਡ ਰਾਏ ਕਾ ਬੁਰਜ ਵੀ ਹੋ ਆਇਆ ਕਰਦੇ ਸਨ। ਇਨ੍ਹਾਂ ਦਿਨਾਂ ਵਿਚ ਸਿੱਖਾਂ ਵਿਚ ਸਿੰਘ ਸਭਾ ਲਹਿਰ ਚੱਲੀ ਹੋਈ ਸੀ ਤੇ ਸਿੱਖ ਬ੍ਰਾਹਮਣੀ ਸੰਸਕਾਰਾਂ ਨਾਲ ਭਰੇ ਹਿੰਦੂ ਧਰਮ ਵਿਚੋਂ ਨਿਕਲਣ ਦੇ ਆਹਰ ਵਿਚ ਸਨ। ਹਿੰਦੂਆਂ ਵਿਚ ਮੁਕਾਬਲੇ ਦੀ ਲਹਿਰ ਆਰੀਆ ਸਮਾਜ ਸੀ। ਦੂਜੇ ਪਾਸੇ ਮੁਸਲਮਾਨਾਂ ਵਿਚ ਇਸਲਾਮੀ ਧਰਮ ਦੇ ਪ੍ਰਚਾਰ ਦੀ ਲਹਿਰ ਜ਼ੋਰਾਂ 'ਤੇ ਸੀ ਅਤੇ ਈਸਾਈ ਪਾਦਰੀ ਆਪਣੀ ਥਾਂ 'ਤੇ ਲੋਕਾਂ ਨੂੰ ਈਸਾਈ ਬਣਾਉਣ ਉੱਪਰ ਤੁਲੇ ਹੋਏ ਸਨ। ਸੋ, ਪੰਜਾਬ ਵਿਚ ਅਜਬ ਤਰ੍ਹਾਂ ਦੀ ਮਜ਼ਬੀ ਖਿੱਚੋਤਾਣ ਚੱਲ ਰਹੀ ਸੀ।

ਸ. ਤੇਜਾ ਸਿੰਘ ਵਰਗੇ ਹਿੰਮਤੀ ਅਤੇ ਸੇਵਾ-ਭਾਵ ਵਾਲੇ ਆਦਮੀ ਲਈ ਘਰ ਵਿਚ ਵਿਹਲਾ ਬਹਿ ਰਹਿਣਾ ਸੰਭਵ ਨਹੀਂ ਸੀ। ਸੋ, ਆਪ ਝੱਟ ਸਿੰਘ ਸਭਾ ਲਹਿਰ ਵਿਚ ਸ਼ਾਮਿਲ ਹੋ ਗਏ। ਪੰਥਕ ਕੰਮਾਂ ਲਈ ਉਨ੍ਹਾਂ ਦੇ ਦਿਲ ਵਿਚ ਲਗਨ ਤਾਂ ਪਹਿਲੇ ਤੋਂ ਹੀ ਸੀ; ਪੰਜਾਬ ਵਿਚ ਚੱਲ ਰਹੀ ਮਜ਼ਬੀ ਖਿਚੋਤਾਣ ਨੇ ਇਸ ਨੂੰ ਹੋਰ ਵੀ ਤੇਜ਼ ਕਰ ਦਿੱਤਾ।

ਸਿੰਘ ਸਭਾ ਲਹਿਰ ਦੇ ਮੁੱਢਲੇ ਦਿਨਾਂ ਵਿਚ ਖਾਲਸਾ ਦੀਵਾਨ ਲਾਹੌਰ ਨੇ ਬਹੁਤ ਕੰਮ ਕੀਤਾ ਪਰ 1898 ਈ. ਵਿਚ ਭਾਈ ਗੁਰਮੁਖ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਪਿੱਛੋਂ ਅਤੇ 1901 ਵਿਚ ਗਿਆਨੀ ਦਿੱਤ ਸਿੰਘ ਦੇ ਸੁਰਗਵਾਸ ਹੋ ਜਾਣ ਪਿੱਛੋਂ ਇਹ ਦੀਵਾਨ ਬਹੁਤ ਢਿੱਲਾ ਪੈ ਗਿਆ। ਇਸੇ ਅਰਸੇ ਵਿਚ ਖਾਲਸਾ ਦੀਵਾਨ ਅੰਮ੍ਰਿਤਸਰ ਨੇ ਸ. ਸੁੰਦਰ ਸਿੰਘ ਮਜੀਠਾ ਦੀ ਅਗਵਾਈ ਹਾਸਲ ਕਰ ਲਈ ਤੇ ਉਨ੍ਹਾਂ ਦੇ ਜਤਨਾਂ ਸਦਕਾ 1902 ਈ. ਵਿਚ ਅੰਮ੍ਰਿਤਸਰ ਵਿਚ ਹੋਏ ਚੋਣਵੇਂ ਸਿੱਖਾਂ ਦੇ ਇਕੱਠ ਵਿਚ ਚੀਫ ਖਾਲਸਾ ਦੀਵਾਨ ਦੀ ਨੀਂਹ ਰੱਖੀ ਗਈ। ਕੁਝ ਚਿਰ ਪਿੱਛੋਂ 1908 ਵਿਚ ਇਸ ਦੀ 'ਸਿੱਖ ਵਿਦਿਅਕ ਕਮੇਟੀ' ਬਣੀ ਜਿਸ ਨੇ ਵਿਦਿਆ ਕਾਨਫ੍ਰੰਸਾਂ ਕਰਕੇ ਸਾਰੇ ਪੰਜਾਬ ਵਿਚ ਸਕੂਲ ਖੋਲ੍ਹੇ ਤੇ ਵਿਦਿਆ ਦੇ ਪ੍ਰਚਾਰ ਦਾ ਬੀੜਾ ਚੁੱਕੀ ਰੱਖਿਆ। ਇੰਜ ਚੀਫ ਖਾਲਸਾ ਦੀਵਾਨ ਦੀ ਸਾਖ ਬਹੁਤ ਛੇਤੀ ਵਧ ਗਈ।

ਖਾਲਸਾ ਦੀਵਾਨ ਲਾਹੌਰ ਤੇ ਖਾਲਸਾ ਦੀਵਾਨ ਅੰਮ੍ਰਿਤਸਰ ਦੀ ਰੀਸ ਵਿਚ ਵੀਹਵੀਂ ਸਦੀ ਦੇ ਸ਼ੁਰੂ ਹੋਣ ਤਕ ਇਲਾਕਾਈ ਦੀਵਾਨ ਵੀ ਕਈ ਥਾਵਾਂ ਉੱਤੇ ਬਣ ਚੁੱਕੇ ਸਨ। ਇਨ੍ਹਾਂ ਵਿਚੋਂ ਇਕ ਖਾਲਸਾ ਦੀਵਾਨ ਸਮੁੰਦ੍ਰੀ ਤੇ ਦੂਜਾ ਖਾਲਸਾ ਦੀਵਾਨ ਲਾਇਲਪੁਰ ਸੀ। ਸ. ਤੇਜਾ ਸਿੰਘ ਸਮੁੰਦ੍ਰੀ ਇਨ੍ਹਾਂ ਦੋਹਾਂ ਦੀਵਾਨਾਂ ਦੇ ਉੱਘੇ ਮੈਂਬਰ ਸਨ ਅਤੇ ਇਨ੍ਹਾਂ ਦੇ ਕੰਮਾਂ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦੇ ਸਨ। ਇਨ੍ਹਾਂ ਦੀਵਾਨਾਂ ਦਾ ਮਨੋਰਥ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚੋਂ ਕੱਢ ਕੇ ਸੱਚੇ ਤੇ ਸੁੱਚੇ ਗੁਰਸਿੱਖਾਂ ਵਾਲਾ ਜੀਵਨ ਬਤੀਤ ਕਰਨ ਲਈ ਤਿਆਰ ਕਰਨਾ ਤੇ ਨਾਲ ਹੀ ਵਿਦਿਆ ਦੇ ਫੈਲਾਅ ਲਈ ਸਕੂਲ ਆਦਿ ਖੋਲ੍ਹਣੇ ਸਨ। ਕੁਝ ਚਿਰ ਪਿੱਛੋਂ ਬਾਰ ਦੇ ਅੱਡ-ਅੱਡ ਦੀਵਾਨਾਂ ਨੂੰ ਮਿਲਾ ਕੇ ਇਕ ਵੱਡੀ ਸੰਸਥਾ 'ਖਾਲਸਾ ਦੀਵਾਨ ਬਾਰ' ਬਣਾ ਦਿੱਤੀ ਗਈ। ਇਸ ਨੂੰ ਸ਼ਕਲ ਦੇਣ ਵਿਚ ਸ. ਤੇਜਾ ਸਿੰਘ ਸਮੁੰਦ੍ਰੀ ਦਾ ਚੋਖਾ ਹੱਥ ਸੀ। ਆਪ ਨੇ ਇਲਾਕੇ ਦੇ ਹੋਰਨਾਂ ਪਤਵੰਤਿਆਂ ਨਾਲ ਮਿਲ ਕੇ ਇਸ ਸੰਸਥਾ ਰਾਹੀਂ ਬਾਰ ਦੇ ਇਲਾਕੇ ਵਿਚ ਵਿਦਿਅਕ ਆਸ਼ਰਮ ਖੋਲ੍ਹਣ, ਸਮਾਜਕ ਕੁਰੀਤੀਆਂ ਦੂਰ ਕਰਨ ਤੇ ਉੱਚੇ ਸਿੱਖ ਆਦਰਸ਼ ਪ੍ਰਚਾਰਨ ਦਾ ਬਹੁਤ ਕੰਮ ਕੀਤਾ। ਉਦੋਂ ਆਪ ਸਾਰੇ ਪੰਥਕ ਸਮਾਗਮਾਂ ਅਤੇ ਕਾਨਫ੍ਰੰਸਾਂ ਤੇ ਪਹੁੰਚਦੇ ਅਤੇ ਜੋ ਵੀ ਸੇਵਾ ਆਪ ਨੂੰ ਦਿੱਤੀ ਜਾਂਦੀ, ਬੜੀ ਤਨਦੇਹੀ ਨਾਲ ਕਰਦੇ। ਹੌਲੀ-ਹੌਲੀ ਆਪ ਦੀ ਮਾਨਤਾ ਸਭ ਥਾਂ ਹੋਣ ਲੱਗੀ ਅਤੇ ਲੋਕ ਆਪ ਨੂੰ ਅਤਿ ਸੁਹਿਰਦ ਪੰਥ ਸੇਵਕ ਕਰਕੇ ਜਾਣਨ ਲੱਗੇ।

ਸ. ਤੇਜਾ ਸਿੰਘ ਸਮੁੰਦ੍ਰੀ ਦਾ ਸੰਬੰਧ ਚਾਰ ਵਿਦਿਅਕ ਆਸ਼ਰਮਾਂ ਨਾਲ ਅਟੁੱਟ ਰੂਪ ਵਿਚ ਜੁੜਿਆ ਰਿਹਾ: ਖਾਲਸਾ ਹਾਈ ਸਕੂਲ ਲਾਇਲਪੁਰ, ਬਾਰ ਖਾਲਸਾ ਹਾਈ ਸਕੂਲ ਚੱਕ 41, ਖਾਲਸਾ ਮਿਡਲ ਸਕੂਲ ਚੱਕ 140 ਅਤੇ ਗੁਰੂ ਗੋਬਿੰਦ ਸਿੰਘ ਖਾਲਸਾ ਹਾਈ ਸਕੂਲ ਸਰਹਾਲੀ।

ਖਾਲਸਾ ਹਾਈ ਸਕੂਲ ਲਾਇਲਪੁਰ ਦੀ ਨੀਂਹ 1908 ਈ. ਵਿਚ ਸੰਤ ਅਤਰ ਸਿੰਘ ਜੀ ਮਸਤੂਆਣਾ ਨੇ ਰੱਖੀ। ਇਸ ਤੋਂ ਪਹਿਲਾਂ ਕੇਵਲ ਦੋ ਸਿੱਖ ਵਿਦਿਅਕ ਆਸ਼ਰਮ ਵਜੂਦ ਵਿਚ ਆ ਚੁੱਕੇ ਸਨ: ਇਕ ਖਾਲਸਾ ਕਾਲਜ ਅੰਮ੍ਰਿਤਸਰ ਸੀ ਤੇ ਦੂਜਾ ਖਾਲਸਾ ਹਾਈ ਸਕੂਲ ਗੁਜਰਾਂਵਾਲਾ। ਲਾਇਲਪੁਰ ਦਾ ਖਾਲਸਾ ਹਾਈ ਸਕੂਲ ਤੀਜਾ ਪੰਥਕ ਆਸ਼ਰਮ ਸੀ। ਇਸ ਦੇ ਖੋਲ੍ਹਣ ਦਾ ਸੁਝਾਉ ਮਾ. ਤਾਰਾ ਸਿੰਘ ਨੇ ਦਿੱਤਾ। ਉਹ ਲਿਖਦੇ ਹਨ ਕਿ "ਆਰੀਆ ਸਮਾਜੀ ਲਾਇਲਪੁਰ ਵਿਚ ਹਾਈ ਸਕੂਲ ਖੋਲ੍ਹਣ ਦਾ ਜਤਨ ਕਰ ਰਹੇ ਸਨ। ਇਸ ਕਰਕੇ ਅਸਾਂ ਤਿੰਨਾਂ (ਮਾ. ਬਿਸ਼ਨ ਸਿੰਘ, ਮਾ. ਸੁੰਦਰ ਸਿੰਘ ਤੇ ਮਾ. ਤਾਰਾ ਸਿੰਘ) ਨੇ ਸਲਾਹ ਕਰਕੇ ਖਾਲਸਾ ਦੀਵਾਨ ਬਾਰ ਨੂੰ ਇਕ ਸਾਲ ਲਈ ਪੰਦਰਾਂ-ਪੰਦਰਾਂ ਰੁਪਏ ਮਹੀਨਾ ਲੈ ਕੇ ਕੰਮ ਕਰਨ ਲਈ ਲਿਖ ਦਿੱਤਾ, ਜੇ ਉਹ ਹਾਈ ਸਕੂਲ ਖੋਲ੍ਹਨ।" ਜਦੋਂ ਇਹ ਪੇਸ਼ਕਸ਼ ਖਾਲਸਾ ਦੀਵਾਨ ਬਾਰ ਪਾਸ ਪਹੁੰਚੀ ਤਾਂ ਉਨ੍ਹਾਂ ਇਸ ਦਾ ਸੁਆਗਤ ਕੀਤਾ ਅਤੇ ਤੇਜਾ ਸਿੰਘ ਸਮੁੰਦ੍ਰੀ ਤੇ ਹੋਰਨਾਂ ਪਤਵੰਤਿਆਂ ਦੇ ਉੱਦਮ ਨਾਲ ਸਕੂਲ ਖੋਲ੍ਹਣ ਦੀ ਵਿਓਂਤ ਸਿਰੇ ਚੜ੍ਹ ਗਈ। ਮਾ. ਤਾਰਾ ਸਿੰਘ ਨੂੰ ਇਸ ਸਕੂਲ ਦਾ ਸ਼ੁਰੂ ਤੋਂ ਹੀ ਹੈੱਡਮਾਸਟਰ ਥਾਪ ਦਿੱਤਾ ਗਿਆ।

ਖਾਲਸਾ ਸਕੂਲ ਲਾਇਲਪੁਰ ਨੂੰ ਸ਼ੁਰੂ ਵਿਚ ਮਾਲੀ ਔਕੜਾਂ ਬਹੁਤ ਆਈਆਂ। ਮਾਇਆ ਦੀ ਕਮੀ ਨੂੰ ਪੂਰਾ ਕਰਨ ਲਈ ਸਕੂਲ ਦੀ ਉਗਰਾਹੀ ਦਾ ਕੰਮ ਕਮੇਟੀ ਵਿਚੋਂ ਤਿੰਨ ਮੈਂਬਰਾਂ ਨੇ ਚੁੱਕ ਲਿਆ। ਇਨ੍ਹਾਂ ਵਿਚੋਂ ਇਕ ਸ. ਤੇਜਾ ਸਿੰਘ ਸਮੁੰਦ੍ਰੀ ਸਨ, ਦੂਜੇ ਸ. ਬਿਸ਼ਨ ਸਿੰਘ ਸਿੰਘਪੁਰੀਆ ਤੇ ਤੀਜੇ ਸ. ਸੁੰਦਰ ਸਿੰਘ ਭੁੱਲਰ, ਚੱਕ ਨੰ: 213। ਇਨ੍ਹਾਂ ਦੀ ਸਹਾਇਤਾ ਲਈ ਜਮਾਂਦਾਰ ਸਾਧੂ ਸਿੰਘ, ਬਾਬੂ ਤ੍ਰਿਪਤ ਸਿੰਘ, ਸ. ਹਰੀ ਸਿੰਘ ਚੱਕ 41 ਤੇ ਸ. ਹਰਚੰਦ ਸਿੰਘ ਵੀ ਜਦੋਂ ਲੋੜ ਪੈਂਦੀ, ਉੱਠ ਖਲੋਂਦੇ; ਮਾ. ਤਾਰਾ ਸਿੰਘ ਜੀ ਤਾਂ ਅਕਸਰ ਨਾਲ ਹੋਇਆ ਹੀ ਕਰਦੇ ਸਨ। ਸ. ਤੇਜਾ ਸਿੰਘ ਸਮੁੰਦ੍ਰੀ ਨਾ ਕੇਵਲ ਉਗਰਾਹੀ ਕਰਵਾਉਣ ਵਿਚ ਹੀ ਹਿੱਸਾ ਪਾਂਦੇ ਸਨ ਸਗੋਂ ਆਪਣੇ ਪੱਲਿਓਂ ਵੀ ਬਹੁਤ ਕੁਝ ਦੇਂਦੇ ਰਹਿੰਦੇ ਸਨ। ਇਸ ਸਕੂਲ ਦੇ ਖੁੱਲ੍ਹਣ ਨਾਲ ਇਥੇ ਕੌਮ ਹਿਤੈਸ਼ੀ ਮਿਤ੍ਰਾਂ ਦਾ ਇਕ ਚੰਗਾ ਟੋਲਾ ਬਣ ਗਿਆ ਜਿਸ ਨੂੰ ਪਿੱਛੋਂ ਜਾ ਕੇ 'ਲਾਇਲਪੁਰ ਗਰੁੱਪ' ਕਿਹਾ ਜਾਣ ਲੱਗਾ। ਇਸ ਗਰੁੱਪ ਨੇ ਸ. ਤੇਜਾ ਸਿੰਘ ਸਮੁੰਦ੍ਰੀ ਤੋਂ ਬਿਨਾਂ ਮਾ. ਤਾਰਾ ਸਿੰਘ, ਮਾ. ਸੁੰਦਰ ਸਿੰਘ, ਪ੍ਰੋ. ਨਿਰੰਜਨ ਸਿੰਘ, ਸ. ਹਰਚੰਦ ਸਿੰਘ ਅਤੇ ਜਥੇਦਾਰ ਬੂਟਾ ਸਿੰਘ ਵਰਗੇ ਸੂਝਵਾਨ ਲੀਡਰ ਪੈਦਾ ਕੀਤੇ।

ਲਾਇਲਪੁਰ ਦਾ ਖਾਲਸਾ ਹਾਈ ਸਕੂਲ ਬਣਾਉਣ ਪਿੱਛੋਂ ਸ. ਤੇਜਾ ਸਿੰਘ ਸਮੁੰਦ੍ਰੀ ਦੀ ਪ੍ਰੇਰਨਾ ਨਾਲ ਚੱਕ ਨੰ: 140 ਵਿਚ ਖਾਲਸਾ ਮਿਡਲ ਸਕੂਲ, ਚੱਕ ਨੰ: 41 ਵਿਚ ਬਾਰ ਖਾਲਸਾ ਹਾਈ ਸਕੂਲ ਅਤੇ ਸਰਹਾਲੀ ਜ਼ਿਲ੍ਹਾ ਅੰਮ੍ਰਿਤਸਰ ਵਿਚ ਗੁਰੂ ਗੋਬਿੰਦ ਸਿੰਘ ਖਾਲਸਾ ਹਾਈ ਸਕੂਲ ਖੋਲ੍ਹੇ ਗਏ। ਸ. ਤੇਜਾ ਸਿੰਘ ਸਮੁੰਦ੍ਰੀ ਇਨ੍ਹਾਂ ਚੌਹਾਂ ਵਿਦਿਅਕ ਆਸ਼ਰਮਾਂ ਦੀ ਜਿੰਦ-ਜਾਨ ਸਨ। ਚੱਕ ਨੰ: 140 ਆਪ ਦਾ ਪਿੰਡ ਸੀ। ਸੋ, ਇਸ ਪਿੰਡ ਦੇ ਸਕੂਲ ਦਾ ਸਾਰਾ ਖਰਚ ਇਹ ਆਪ ਹੀ ਦਿਆ ਕਰਦੇ ਸਨ। ਇਨ੍ਹਾਂ ਨੂੰ ਵਿਦਿਆ ਨਾਲ ਇੰਨਾ ਪ੍ਰੇਮ ਸੀ ਕਿ ਕਈ ਵਾਰੀ ਅਧਿਆਪਕਾਂ ਨੂੰ ਤਨਖ਼ਾਹਾਂ, ਰੋਟੀ ਤੇ ਕੱਪੜੇ ਲਈ ਤਿੰਨ-ਤਿੰਨ ਮਹੀਨੇ ਦੀ ਪੇਸ਼ਗੀ ਆਪਣੇ ਪੱਲਿਓਂ ਹੀ ਦੇ ਦੇਂਦੇ। ਚੱਕ ਨੰ: 41 ਵਾਲੇ ਸਕੂਲ ਦੀ ਵੀ ਇਨ੍ਹਾਂ ਨੇ



ਤੇਜਾ ਸਿੰਘ ਸਮੁੰਦ੍ਰੀ

ਚੋਖੀ ਸਹਾਇਤਾ ਕੀਤੀ। ਸਰਹਾਲੀ ਦਾ ਬਾਬਾ ਕਿਹਰ ਸਿੰਘ ਪੱਟੀ ਦੀ ਸਹਾਇਤਾ ਨਾਲ ਖੜਾ ਹੋਇਆ। ਇਸ ਸਕੂਲ ਦਾ ਤਾਂ ਸਾਰਾ ਪ੍ਰਬੰਧ ਆਪ ਦੇ ਜ਼ਿੰਮੇ ਹੀ ਸੀ। ਆਪਣੇ ਅੰਤਲੇ ਸਮੇਂ ਤਕ ਆਪ ਇਸ ਸਕੂਲ ਦੇ ਮੈਨੇਜਰ ਰਹੇ।

1906 ਈ. ਤੋਂ ਪਹਿਲਾਂ ਸਿੱਖ ਵਧੇਰੇ ਕਰਕੇ ਅੰਗਰੇਜ਼ਾਂ ਦੇ ਹੱਕ ਵਿਚ ਸਨ। ਇਸ ਸਾਲ ਬੰਗਾਲ ਵਿਚ ਬੰਗਾਲ ਦੀ ਵੰਡ ਦੇ ਵਿਰੁੱਧ ਬਹੁਤ ਵੱਡੀ ਲਹਿਰ ਚੱਲੀ ਤੇ ਇਹ ਲਹਿਰ ਬਦੇਸ਼ੀ ਮਾਲ ਦੇ ਬਾਈਕਾਟ ਤੇ ਸੁਦੇਸ਼ੀ ਵਸਤਾਂ ਦੇ ਹੱਕ ਵਿਚ ਹੋ ਗਈ। ਕੱਪੜੇ ਤੋਂ ਬਿਨਾਂ ਲਹਿਰ ਨੇ ਕੁਝ ਹੋਰ ਚੀਜ਼ਾਂ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ। ਮਾ. ਤਾਰਾ ਸਿੰਘ ਜੀ ਲਿਖਦੇ ਹਨ ਕਿ ਮੈਨੂੰ ਚੇਤੇ ਹੈ ਕਿ ਲਾਹੌਰ ਗੌਰਮਿੰਟ ਕਾਲਜ ਦੇ ਕਈ ਮੁੰਡਿਆਂ ਨੇ ਲੰਪ ਭੰਨ ਦਿੱਤੇ ਤੇ ਮਿੱਟੀ ਦੇ ਦੀਵਿਆਂ ਦੀ ਰੋਸ਼ਨੀ ਵਿਚ ਪੜ੍ਹਨਾ ਸ਼ੁਰੂ ਕਰ ਦਿੱਤਾ।

***1906 ਈ. ਤੋਂ ਪਹਿਲਾਂ ਸਿੱਖ ਵਧੇਰੇ ਕਰਕੇ ਅੰਗਰੇਜ਼ਾਂ ਦੇ ਹੱਕ ਵਿਚ ਸਨ। ਇਸ ਸਾਲ ਬੰਗਾਲ ਵਿਚ ਬੰਗਾਲ ਦੀ ਵੰਡ ਦੇ ਵਿਰੁੱਧ ਬਹੁਤ ਵੱਡੀ ਲਹਿਰ ਚੱਲੀ ਤੇ ਇਹ ਲਹਿਰ ਬਦੇਸ਼ੀ ਮਾਲ ਦੇ ਬਾਈਕਾਟ ਤੇ ਸੁਦੇਸ਼ੀ ਵਸਤਾਂ ਦੇ ਹੱਕ ਵਿਚ ਹੋ ਗਈ। ਕੱਪੜੇ ਤੋਂ ਬਿਨਾਂ ਲਹਿਰ ਨੇ ਕੁਝ ਹੋਰ ਚੀਜ਼ਾਂ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ। ਮਾ. ਤਾਰਾ ਸਿੰਘ ਜੀ ਲਿਖਦੇ ਹਨ ਕਿ ਮੈਨੂੰ ਚੇਤੇ ਹੈ ਕਿ ਲਾਹੌਰ ਗੌਰਮਿੰਟ ਕਾਲਜ ਦੇ ਕਈ ਮੁੰਡਿਆਂ ਨੇ ਲੰਪ ਭੰਨ ਦਿੱਤੇ ਤੇ ਮਿੱਟੀ ਦੇ ਦੀਵਿਆਂ ਦੀ ਰੋਸ਼ਨੀ ਵਿਚ ਪੜ੍ਹਨਾ ਸ਼ੁਰੂ ਕਰ ਦਿੱਤਾ।***

ਉਸ ਸਮੇਂ ਪੰਜਾਬ ਵਿਚ ਦੋ ਘਟਨਾਵਾਂ ਦੂਰ ਰਸ ਸਿੱਟੇ ਕੱਢਣ ਵਾਲੀਆਂ ਵਾਪਰੀਆਂ: ਇਕ ਜ਼ਿਲ੍ਹਾ ਲਾਇਲਪੁਰ ਵਿਚ ਬਾਰ ਦੀਆਂ ਜ਼ਮੀਨਾਂ ਸੰਬੰਧੀ ਨਵੇਂ ਕਾਲੋਨੀ ਕਾਨੂੰਨ ਦਾ ਬਣਨਾ ਅਤੇ ਦੂਜੀ, ਖਾਲਸਾ ਕਾਲਜ ਅੰਮ੍ਰਿਤਸਰ ਦਾ ਪ੍ਰਬੰਧ ਅੰਗਰੇਜ਼ਾਂ ਨੇ ਆਪਣੇ ਹੱਥ ਵਿਚ ਲੈ ਲੈਣਾ। ਇਨ੍ਹਾਂ ਦੋਹਾਂ ਦੇ ਵਿਰੁੱਧ ਰੋਸ ਵਜੋਂ ਪੰਜਾਬ ਵਿਚ ਜ਼ੋਰਦਾਰ ਲਹਿਰਾਂ ਚਲੀਆਂ। ਲੈਂਡ ਕਾਲੋਨਾਈਜ਼ੇਸ਼ਨ ਬਿਲ ਦੀ ਮਨਸੂਖੀ ਲਈ ਹੋਈ ਐਜੀਟੇਸ਼ਨ ਨੇ ਤਾਂ ਬੜਾ ਹੀ ਜ਼ੋਰ ਪਕੜਿਆ।

ਪੰਜਾਬ ਵਿਚ ਨਹਿਰਾਂ ਬਣਾ ਕੇ ਤੇ ਵਿਦਿਆ ਦਾ ਫੈਲਾਉ ਕਰਕੇ ਅੰਗਰੇਜ਼ ਸਰਕਾਰ ਅਕਸਰ ਇਹ ਦਾਅਵਾ ਕਰਦੀ ਸੀ ਕਿ ਉਹ ਪੰਜਾਬੀਆਂ ਨੂੰ ਆਰਥਿਕ ਤੌਰ ਤੇ ਉੱਨਤ ਕਰਨ ਦਾ ਜਤਨ ਕਰ ਰਹੀ ਹੈ ਪਰ ਅੰਦਰੋ-ਅੰਦਰੀ ਉਹ ਇਸ ਇਲਾਕੇ ਨੂੰ ਆਪਣੀ ਸਾਮਰਾਜੀ ਸ਼ਕਤੀ ਲਈ "ਅਨਾਜ ਦਾ ਘਰ" ਤੇ ਆਪਣੇ ਸਾਮਰਾਜੀ ਪਸਾਰ ਲਈ ਕਾਮਧੇਨੁ ਗਊ ਸਮਝਦੀ ਸੀ। ਸਰਕਾਰ ਦੇ ਇਸ ਫੋਕੇ ਦਾਅਵੇ ਦਾ ਪਤਾ ਪੰਜਾਬੀ ਕਿਸਾਨਾਂ ਨੂੰ ਓਦੋਂ ਲੱਗਾ ਜਦੋਂ ਦੋ ਭਿਆਨਕ ਕਾਲਾਂ ਤੇ ਪਲੇਗ ਦੀ ਬੀਮਾਰੀ ਨਾਲ ਅਤਿ ਦੀ ਤਬਾਹੀ ਪਿੱਛੋਂ ਵੀ ਸਰਕਾਰ ਨੇ ਜ਼ਮੀਨ ਦਾ ਮਾਲੀਆ ਤੇ ਨਹਿਰਾਂ ਦਾ ਆਬਿਆਨਾ ਵਧਾਉਣ ਤੋਂ ਸੰਕੋਚ ਨਾ ਕੀਤਾ। 1907 ਈ. ਵਿਚ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਡੈਨਜ਼ਿਲ ਇਬੈਟਸਨ ਨੇ ਲੈਂਡ ਕਾਲੋਨਾਈਜ਼ੇਸ਼ਨ ਬਿਲ ਪਾਸ ਕਰਾ ਕੇ ਇਕ ਅਜਿਹਾ ਕਾਨੂੰਨ ਚਾਲੂ ਕਰਨ ਦੀ ਬਿਧ ਬਣਾਈ ਜਿਸ ਵਿਚ ਵਿਰਾਸਤ ਦਾ ਹੱਕ ਵੱਡੇ ਮੁੰਡੇ ਨੂੰ ਪਹੁੰਚਦਾ ਸੀ ਤੇ ਜਿਸ ਦੇ ਫਲਸਰੂਪ ਜ਼ਿਮੀਂਦਾਰਾਂ ਨੂੰ ਨਾ ਆਪਣੀ ਭੂਮੀ ਵੇਚਣ ਦਾ ਹੱਕ ਸੀ ਤੇ ਨਾ ਗਹਿਣੇ ਪਾਣ ਦਾ; ਸਗੋਂ ਕੁਝ ਹਾਲਤਾਂ ਵਿਚ ਭੂਮੀ ਦੀ ਮਾਲਕੀ ਸਰਕਾਰ ਪਾਸ ਵਾਪਸ ਚਲੀ ਜਾਣੀ ਸੀ। ਪੰਜਾਬ ਦੇ ਜ਼ਿਮੀਂਦਾਰਾਂ ਨੂੰ ਇਹ ਚੀਜ਼ ਮਨਜ਼ੂਰ ਨਹੀਂ ਸੀ। ਇਸ ਤੋਂ ਛੁੱਟ ਇਹ ਬਿਲ ਕਿਸਾਨਾਂ ਉੱਤੇ ਆਪਣੀ ਜ਼ਮੀਨ ਵਿਚ ਫ਼ੀ ਏਕੜ ਖ਼ਾਸ ਗਿਣਤੀ ਦੇ ਦਰਖ਼ਤ ਲਗਾਉਣ, ਉਨ੍ਹਾਂ ਦੀ ਪਾਲਣਾ ਕਰਨ, ਘਰਾਂ ਅਤੇ ਡੰਗਰਾਂ ਦੇ ਵਾੜੇ ਦੀ ਸਫ਼ਾਈ ਦੱਸੇ ਤਰੀਕੇ ਅਨੁਸਾਰ ਰੱਖਣ ਅਤੇ ਵਿਓਂਤ ਅਨੁਸਾਰ ਘਰ ਉਸਾਰਨ ਦੀਆਂ ਸ਼ਰਤਾਂ ਲਾਉਂਦਾ ਸੀ; ਇਥੋਂ ਤਕ ਕਿ ਕਿਸਾਨਾਂ ਨੂੰ ਆਪਣੇ ਹਲ ਪੰਜਾਲੀ ਬਣਾਉਣ ਲਈ ਵੀ ਦਰਖ਼ਤ ਕੱਟਣ ਦੀ ਆਗਿਆ ਨਹੀਂ ਸੀ। ਮਾਲੀਆ ਤੇ ਆਬਿਆਨਾ ਵਧਣ ਕਾਰਨ ਵੀ ਲੋਕ ਦੁਖੀ ਸਨ। ਕੁਝ ਹਾਲਤ ਪ੍ਰਬੰਧ, ਕੁਝ ਅਮਲੇ ਦੀਆਂ ਨਾਜਾਇਜ਼ ਮੰਗਾਂ ਅਤੇ ਪੱਜ ਪਾ-ਪਾ ਕੇ ਜੁਰਮਾਨੇ ਕਰਨ ਦੀ ਰੁਚੀ ਨੇ ਵੀ ਵਿਗਾੜੀ ਹੋਈ ਸੀ। ਸਿੱਟਾ ਇਹ ਨਿਕਲਿਆ ਕਿ ਹਿੰਦੂ, ਮੁਸਲਿਮ ਤੇ ਸਿੱਖ, ਸਾਰੇ ਕਾਸ਼ਤਕਾਰ ਇਸ ਬਿਲ ਵਿਰੁੱਧ ਉੱਠ ਖਲੋਤੇ।

ਇੰਜ 1907 ਈ. ਵਿਚ ਲਾਇਲਪੁਰ ਵਿਚ ਅਤੇ ਪਿੱਛੋਂ ਹੋਰਨਾਂ ਥਾਵਾਂ ਉੱਪਰ ਲੈਂਡ ਕਾਲੋਨਾਈਜ਼ੇਸ਼ਨ ਬਿਲ ਖਿਲਾਫ਼ ਲਹਿਰ ਖ਼ੂਬ ਭਖੀ। ਇਸ ਲਹਿਰ ਦੇ ਮੋਢੀ ਸ. ਅਜੀਤ ਸਿੰਘ, ਲਾਲਾ ਲਾਜਪਤ ਰਾਏ, ਸੂਫ਼ੀ ਅੰਬਾ ਪ੍ਰਸ਼ਾਦ, ਸ੍ਰੀ ਪਿੰਡੀ ਦਾਸ ਆਦਿ ਕਈ ਨੌਜਵਾਨ ਸਨ। ਨਵੇਂ ਕਾਨੂੰਨ ਨਾਲ ਚੂੰਕਿ ਸੱਟ ਸਭਨਾਂ ਨੂੰ ਲਗਣੀ ਸੀ, ਇਸ ਲਈ ਇਸ ਲਹਿਰ ਵਿਚ ਚੌਧਰੀ ਸ਼ਿਹਾਬੁੱਦੀਨ ਤੇ ਕੁਝ ਹੋਰ ਮੁਸਲਮਾਨ ਵਕੀਲ ਵੀ ਸ਼ਾਮਲ ਹੋਏ। ਲੋਕ ਕਾਲ ਤੇ ਪਲੇਗ ਹੱਥੋਂ ਦੁਖੀ ਸਨ। ਇਸ ਲਈ ਇਸ ਲਹਿਰ ਦੀ ਅੱਗ ਸੁੱਕੇ ਘਾਹ ਦੀ ਅੱਗ ਵਾਂਗ ਸਾਰੇ ਪੰਜਾਬ ਵਿਚ ਫੈਲ ਗਈ। ਸ. ਅਜੀਤ ਸਿੰਘ, ਸ੍ਰੀ ਪਿੰਡੀ ਦਾਸ ਤੇ ਸੂਫ਼ੀ ਅੰਬਾ ਪ੍ਰਸ਼ਾਦ ਨੇ 'ਭਾਰਤ ਮਾਤਾ ਸੋਸਾਇਟੀ' ਨਾਂ ਦੀ ਇਕ ਪਾਰਟੀ ਬਣਾਈ। ਲਾਲਾ ਲਾਜਪਤ ਰਾਏ ਨੇ ਇਸ ਨੂੰ ਆਪਣੀ ਸੇਵਾ ਦਿੱਤੀ ਅਤੇ ਸਾਰੇ ਪੰਜਾਬ ਵਿਚ ਕਾਨੂੰਨ ਅਤੇ ਮਾਲੀਏ ਵਿਰੁੱਧ ਰੋਸ ਪ੍ਰਗਟਾਏ ਗਏ। ਬਾਂਕੇ ਬਿਹਾਰੀ ਲਾਲ ਦਾ ਲਿਖਿਆ ਹਲੂਣਾ ਦੇਣ ਵਾਲਾ ਪੰਜਾਬੀ ਗੀਤ 'ਪਗੜੀ ਸੰਭਾਲ ਓ ਜੱਟਾ' ਥਾਂ-ਥਾਂ ਗਾਇਆ ਜਾਣ ਲੱਗਾ। ਭਾਈ ਜਗਤ ਸਿੰਘ ਨੇ ਬੜਾ ਕੰਮ ਕੀਤਾ। ਇਸ ਗੀਤ ਨੂੰ ਥਾਂ-ਥਾਂ ਪਹੁੰਚਾਉਣ ਵਾਲਾ ਉਹੀ ਸੀ। ਸ. ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਭਾਵੇਂ ਦੋਵੇਂ ਆਰੀਆ ਸਮਾਜੀ ਸਨ ਪਰ ਇਸ ਐਜੀਟੇਸ਼ਨ ਦਾ ਪ੍ਰਭਾਵ ਵਧੇਰੇ ਕਰਕੇ ਸਿੱਖਾਂ ਅਤੇ ਮੁਸਲਮਾਨਾਂ ਉੱਪਰ ਹੋਇਆ ਕਿਉਂਕਿ ਇਨ੍ਹਾਂ ਦੋਹਾਂ ਕੌਮਾਂ ਕੋਲ ਹੀ ਜ਼ਮੀਨਾਂ ਸਨ। ਉਸ ਵੇਲੇ ਸਿੱਖਾਂ ਦਾ ਰੁਅਬ ਇੰਨਾ ਸੀ ਕਿ ਜਿਸ ਐਜੀਟੇਸ਼ਨ ਵਿਚ ਸਿੱਖ ਸ਼ਾਮਿਲ ਨਹੀਂ ਸਨ ਹੁੰਦੇ, ਉਹ ਚੱਲ ਨਹੀਂ ਸੀ ਸਕਦੀ। ਇਸ ਕਰਕੇ ਹਿੰਦੂਆਂ ਤੇ ਮੁਸਲਮਾਨਾਂ ਦਾ ਹਮੇਸ਼ਾ ਇਹੋ ਜਤਨ ਹੁੰਦਾ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਸਿੱਖਾਂ ਨੂੰ ਐਜੀਟੇਸ਼ਨ ਵਿਚ ਲਿਆਂਦਾ ਜਾਏ। ਇਹ ਮਸਲਾ ਵੀ ਵਧੇਰੇ ਕਰਕੇ ਸਿੱਖਾਂ ਨਾਲ ਸੰਬੰਧ ਰੱਖਦਾ ਸੀ ਜੋ ਸਭ ਤੋਂ ਵਧੇਰੇ ਜ਼ਿਮੀਂਦਾਰ ਤੇ ਕਿਸਾਨ ਸਨ। ਇਸ ਲਈ ਬਾਰ ਦੇ ਲੀਡਰਾਂ ਨੇ ਸਿੱਖਾਂ ਵਿਚ ਰਾਜਸੀ ਚੇਤਨਾ ਲਿਆਉਣ ਦਾ ਬਹੁਤ ਜਤਨ ਕੀਤਾ। ਇਸ ਵਕਤ ਸਿੱਖਾਂ ਦੀ ਪ੍ਰਤੀਨਿਧ ਜਮਾਤ 'ਚੀਫ਼ ਖ਼ਾਲਸਾ ਦੀਵਾਨ' ਸੀ। ਉਸ ਨੇ ਆਪ ਤਾਂ ਇਸ ਲਹਿਰ ਵਿਚ ਹਿੱਸਾ ਨਾ ਲਿਆ ਪਰ ਉਸ ਦੇ ਇਕ ਰੁਕਨ, ਸ. ਹਰਬੰਸ ਸਿੰਘ ਅਟਾਰੀ ਨੇ ਜ਼ਾਤੀ ਤੌਰ 'ਤੇ ਇਸ ਲਹਿਰ ਨਾਲ ਹਮਦਰਦੀ ਪ੍ਰਗਟ ਕੀਤੀ।

ਲੈਂਡ ਕਾਲੋਨਾਈਜ਼ੇਸ਼ਨ ਬਿਲ ਦੇ ਖਿਲਾਫ਼ ਬੜਾ ਉਭਾਰ ਉੱਠਿਆ। ਓਧਰ ਲਾਇਲਪੁਰ ਦੀ ਰੇਲਵੇ ਲਾਈਨ ਦੇ ਮਜ਼ਦੂਰਾਂ ਨੇ ਆਪਣੀਆਂ ਮੰਗਾਂ ਲਈ ਹੜਤਾਲ ਕਰ ਦਿੱਤੀ ਅਤੇ ਲੋਕਾਂ ਨੇ ਚੰਦੇ ਇਕੱਠੇ ਕਰਕੇ ਉਨ੍ਹਾਂ ਦੀ ਮਦਦ ਕੀਤੀ। ਮਜ਼ਦੂਰਾਂ ਨੇ ਰੋਹ ਵਿਚ ਆ ਕੇ ਇਕ ਦਿਨ ਦੋ ਥਾਵਾਂ 'ਤੇ ਰੇਲ ਦੀਆਂ ਪਟੜੀਆਂ ਉਖਾੜ ਦਿੱਤੀਆਂ। ਅੰਗਰੇਜ਼ ਹਾਕਮ ਇਸ ਸੰਗ੍ਰਾਮ ਤੇ ਏਕੇ ਤੋਂ ਏਨੇ ਘਬਰਾਏ ਕਿ ਉਨ੍ਹਾਂ ਨੇ ਅੰਨੇਵਾਹ ਅੱਤਿਆਚਾਰ ਤੇ ਜ਼ੁਲਮ ਸ਼ੁਰੂ ਕਰ ਦਿੱਤੇ; ਦਰਜਨਾਂ ਆਗੂਆਂ ਨੂੰ ਘਰਾਂ ਤੋਂ ਦੂਰ ਨਜ਼ਰਬੰਦ ਕਰ ਦਿੱਤਾ। ਸ. ਅਜੀਤ ਸਿੰਘ ਤੇ ਲਾਲਾ ਲਾਜਪਤ ਰਾਏ ਬਰਮਾ ਦੀਆਂ ਜੇਲ੍ਹਾਂ ਵਿਚ ਘੱਲੇ ਗਏ। ਲੀਡਰਾਂ ਦੀ ਗ੍ਰਿਫ਼ਤਾਰੀ ਨਾਲ ਇਹ ਲਹਿਰ ਇਕ ਵਾਰ ਤਾਂ ਦਬ ਗਈ; ਥਾਂ-ਥਾਂ 'ਤੇ ਆਗੂ ਮਾਫ਼ੀਆਂ ਮੰਗ ਕੇ ਜੇਲ੍ਹੋਂ ਬਾਹਰ ਆਉਣ ਲੱਗੇ। ਆਰੀਆ ਸਮਾਜ ਲਾਹੌਰ ਨੇ ਤਾਂ ਇਕ ਰੈਜ਼ੋਲਿਊਸ਼ਨ ਰਾਹੀਂ ਇਹ ਵੀ ਕਹਿ ਦਿੱਤਾ ਕਿ ਲਾਲਾ ਲਾਜਪਤ ਰਾਏ ਆਰੀਆ ਸਮਾਜੀ ਹੀ ਨਹੀਂ ਹਨ।

ਇਸ ਐਜੀਟੇਸ਼ਨ ਦਾ ਪ੍ਰਭਾਵ ਫ਼ੌਜ ਉੱਪਰ ਪੈਣੋਂ ਨਾ ਰਹਿ ਸਕਿਆ। ਮੌਕਾ ਸੰਭਾਲਦਿਆਂ ਸੈਨਾਪਤੀ ਕਿਚਨਰ ਨੇ ਸਰਕਾਰ ਨੂੰ ਦੱਸ ਦਿੱਤਾ ਕਿ ਸਿੱਖ ਸੈਨਾ ਵਿਚ ਸਾਰੇ ਹੀ ਕਿਸਾਨ ਹਨ; ਇਸ ਲਈ ਪੰਜਾਬੀ ਕਿਸਾਨਾਂ ਨਾਲ ਧੱਕਾ ਕਰਨਾ ਸਿਆਣਪ ਨਹੀਂ। ਇਸ ਪ੍ਰਕਾਰ ਸਰਕਾਰ ਨੇ ਆਬਿਆਨਾ ਅਤੇ ਮਾਲੀਆ, ਦੋਵੇਂ ਹੀ ਅੱਧੇ ਕਰ ਦਿੱਤੇ। ਇਸ ਐਜੀਟੇਸ਼ਨ ਵਿਚ ਹਿੰਦੂ-ਸਿੱਖ-ਮੁਸਲਿਮ ਸਭ ਦਾ ਏਕਾ ਸੀ। ਇਸ ਜਨਤਕ ਉਭਾਰ ਨੇ ਇਸ ਬਿਲ ਨੂੰ ਕਾਨੂੰਨੀ ਸ਼ਕਲ ਨਾ ਧਾਰਣ ਕਰਨ ਦਿੱਤੀ ਕਿਉਂਕਿ ਇਸ ਦੇ ਮਨਜ਼ੂਰ ਕਰਨ ਨਾਲ ਐਜੀਟੇਸ਼ਨ ਦੇ ਹੋਰ ਵਧਣ ਦਾ ਡਰ ਸੀ। ਲਾਰਡ ਮਿੰਟੋ ਨੇ ਇਸ ਉੱਤੇ ਮਨਜ਼ੂਰੀ ਦੀ ਮੁਹਰ ਨਾ ਲਾਈ। ਆਗੂਆਂ ਨੂੰ ਭਾਵੇਂ ਕੈਦਾਂ ਤੇ ਸਖ਼ਤੀਆਂ ਝੱਲਣੀਆਂ ਪਈਆਂ ਪਰ ਐਜੀਟੇਸ਼ਨ ਫ਼ਤਹਿ ਹੋ ਗਈ। ਇੰਜ ਪੰਜਾਬੀ ਕਿਸਾਨ ਦੀ ਪੰਜਾਬ ਦੇ ਰਾਜਨੀਤਕ ਖੇਤਰ ਵਿਚ ਮਹੱਤਤਾ ਬਣ ਗਈ। ਇਸ ਦਾ ਸਿੱਟਾ ਇਹ ਹੋਇਆ ਕਿ ਆਉਣ ਵਾਲੇ ਸਮੇਂ ਵਿਚ ਸਭੇ ਰਾਜਨੀਤਕ ਦਲ ਪੰਜਾਬ ਵਿਚ ਲੋਕਪ੍ਰਿਯ ਬਣਨ ਲਈ ਫੇਰ ਕਿਸਾਨਾਂ ਵੱਲ ਝਾਕਣ ਲੱਗੇ।


ਸ. ਤੇਜਾ ਸਿੰਘ ਸਮੁੰਦ੍ਰੀ ਨੇ ਸਿੱਧੇ ਤੌਰ 'ਤੇ, ਅੱਗੇ ਹੋ ਕੇ, ਇਸ ਐਜੀਟੇਸ਼ਨ ਵਿਚ ਕੋਈ ਖ਼ਾਸ ਹਿੱਸਾ ਲਿਆ ਹੋਵੇ, ਇਸ ਦਾ ਵੇਰਵਾ ਸਾਡੇ ਤਕ ਨਹੀਂ ਪਹੁੰਚਿਆ ਪਰ ਇਸ ਐਜੀਟੇਸ਼ਨ ਨੇ ਇਨ੍ਹਾਂ ਦੇ ਦਿਲ 'ਤੇ ਡੂੰਘਾ ਅਸਰ ਕੀਤਾ। ਇਹ

*(ਬਾਕੀ ਅਗਲੇ ਸਫੇ 'ਤੇ)*

# ਰਾਜ ਕੁਮਾਰ ਦਾ ਚਿੱਤਰ: ਰੀ-ਸਿੰਗਿੰਗ ਏ ਸੌਂਗ

ਚਿੱਤਰਕਾਰ ਰਾਜ ਕੁਮਾਰ ਚੰਡੀਗੜ੍ਹ ਆਰਟ ਕਾਲਜ ਦਾ ਵਿਦਿਆਰਥੀ ਰਿਹਾ ਹੈ। ਇਹ ਕਾਲਜ ਪੱਕੇ ਪੈਰੀਂ ਹੁਣ ਚੰਡੀਗੜ੍ਹ ਆ ਟਿਕਿਆ ਹੈ। ਕਦੇ ਲਾਹੌਰ ਵਿਖੇ ਮੇਓ ਸਕੂਲ ਆਫ ਆਰਟਸ ਐਂਡ ਕਰਾਫਟ ਹੁੰਦਾ ਸੀ। ਉਹ ਸ਼ਹਿਰ ਸਮੇਂ ਦੀ ਉਪਜ ਸੀ। ਦੇਸ਼ ਵੰਡ ਵੇਲੇ ਉਹ ਲਹਿੰਦੇ ਪੰਜਾਬ ਹਿੱਸੇ ਆਇਆ। ਇਸ ਲਈ ਚੜ੍ਹਦੇ ਖਿੱਤੇ ਨੂੰ ਸਿਆਸਤਦਾਨਾਂ ਨੇ ਆਰਟ ਕਾਲਜ ਦੇਣਾ ਚਾਹਿਆ ਜਿਸ ਨੂੰ ਪਹਿਲਾਂ-ਪਹਿਲ ਸ਼ਿਮਲੇ ਥਾਂ ਮਿਲੀ। ਚੰਡੀਗੜ੍ਹ ਬਣਨ 'ਤੇ ਇਸ ਨੂੰ ਇੱਥੇ ਲਿਆਂਦਾ। ਇਹ ਕਾਲਜ ਕਈ ਵਾਰ ਪਰੰਪਰਾ ਵਿਹੂਣਾ ਜਾਪਦਾ ਹੈ।

ਚਿੱਤਰ 'ਰੀ-ਸਿੰਗਿੰਗ ਏ ਸੌਂਗ' ਇਸੇ ਖ਼ਿਆਲ ਦੀ ਉਪਜ ਹੈ। ਵਿਅਕਤੀ ਬੀਤੇ ਨੂੰ ਮੁੜ-ਮੁੜ ਯਾਦ ਕਰਦਾ ਹੈ, ਭਵਿੱਖ ਨੂੰ ਨਹੀਂ। ਭਵਿੱਖ 'ਚ ਅਸਥਿਰਤਾ ਹੈ, ਬੀਤਿਆ ਸਥੂਲ ਤੇ ਸਥਿਰ ਹੈ। ਅਸੀਂ ਉਸੇ



**ਜਗਤਾਰਜੀਤ ਸਿੰਘ**
**ਫੋਨ: +91-98990-91186**

ਕੋਲ ਜਾਣ ਦੀ ਇੱਛਾ ਰੱਖਦੇ ਹਾਂ ਜੋ ਹਰ ਸਮੇਂ ਹਰ ਸਥਿਤੀ ਵਿਚ ਮਿਲਣ ਲਈ ਤਿਆਰ ਰਹੇ। ਇਹ ਚਿੱਤਰ ਇਸੇ ਤੱਥ ਨੂੰ ਦ੍ਰਿੜ ਕਰ ਰਿਹਾ ਹੈ। ਚਿੱਤਰ ਵਿਚਲਾ ਸ਼ਖ਼ਸ ਚੱਲ ਅੱਗੇ ਵੱਲ ਰਿਹਾ ਪਰ ਆਪਣੇ ਮਨ ਅੰਦਰ ਗੁਜ਼ਰ ਚੁੱਕੇ ਸਮੇਂ ਨੂੰ ਦੇਖ-ਵਿਚਾਰ ਰਿਹਾ ਹੈ। ਉਹ ਕਿਤੇ ਵੀ ਕਿਸੇ ਵੀ ਹਾਲਤ ਵਿਚ ਹੋਵੇ, ਬਿਨਾਂ ਦਖਲ ਸੰਕੋਚ ਦੇ ਆਪਣੇ ਬੀਤੇ ਸਮੇਂ ਨੂੰ ਮਿਲ ਸਕਦਾ ਹੈ।

ਚਿੱਤਰਕਾਰ ਨੇ ਇਸ ਦੀ ਰਚਨਾ 2019 'ਚ ਕੀਤੀ। ਆਕਾਰ ਪੱਖੋਂ ਇਹ 168 ਸੈਂਟੀਮੀਟਰ ਗੁਣਾ 115 ਸੈਂਟੀਮੀਟਰ ਹੈ। ਰਾਜ ਕੁਮਾਰ ਦੇ ਸਮੁੱਚੇ ਕੰਮ ਦਾ ਆਪਣਾ ਸੁਭਾਅ ਹੈ। ਉਸ ਦਾ ਸੁਭਾਅ ਅਤੇ ਵਿਹਾਰ ਉਸ ਦੇ ਕੰਮ ਨੂੰ ਪ੍ਰਭਾਵਿਤ ਕਰਦਾ ਹੈ। ਉਸ ਦੇ ਕੰਮ 'ਚੋਂ ਕਾਹਲ ਨਹੀਂ ਝਲਕਦੀ। ਓਦਾਂ ਵੀ ਉਸ ਦੇ ਕੰਮ ਦੀ ਗਿਣਤੀ ਜ਼ਿਆਦਾ ਨਹੀਂ ਸਗੋਂ ਉਸ ਦੀ ਕੀਤੀ ਰਚਨਾ ਮਾਇਨੇ ਰੱਖਦੀ ਹੈ। ਕੈਨਵਸ ਉਪਰ ਬਜ਼ੁਰਗ ਪਾਤਰ ਖੱਬੇ ਤੋਂ ਸੱਜੇ ਵੱਲ ਆਪਣੀ ਚਾਲ ਤੁਰ ਰਿਹਾ ਹੈ। ਕੁਝ ਸੋਚ-ਵਿਚਾਰ ਰਿਹਾ ਹੋਵੇਗਾ, ਤਾਂ ਹੀ ਸਿਰ ਥੋੜ੍ਹਾ ਅਗਾਂਹ ਵੱਲ ਝੁਕਿਆ ਹੋਇਆ ਹੈ। ਇਹ ਉਮਰ ਕਰ ਕੇ ਵੀ ਹੋ ਸਕਦਾ ਹੈ। ਸੋਚ-ਵਿਚਾਰ ਆਪਣੇ ਨਾਲ ਤਾਂ ਬੈਠ ਕੇ ਵੀ ਹੋ ਸਕਦੀ ਹੈ। ਚਿੱਤਰਕਾਰ ਪਾਤਰ ਦੀ ਸਹੂਲਤ ਅਨੁਰੂਪ ਰੂਪ ਚਿਤਰਨ ਨਹੀਂ ਕਰ ਰਿਹਾ। ਉਸ ਦੀ ਮਨਸ਼ਾ ਖ਼ਿਆਲ ਨੂੰ ਨਿਰਣਾਇਕ ਅੰਤ ਤੱਕ ਲਿਜਾਣਾ ਹੈ ਜਿਸ ਵਿਚ ਕੋਈ ਝੋਲ ਜਾਂ ਖਿਲਾਰ ਨਾ ਹੋਵੇ।

ਤੁਰਦਾ ਜਾ ਰਿਹਾ ਸ਼ਖ਼ਸ ਇਕੱਲਾ ਹੀ ਹੈ। ਕਿੱਥੋਂ ਤੁਰ ਕੇ ਇੱਥੇ ਤੱਕ ਪਹੁੰਚਿਆ, ਤਸਵੀਰ ਇਸ ਦਾ ਸੰਕੇਤ ਨਹੀਂ ਦਿੰਦੀ। ਦੇਖਣ ਵਾਲੇ ਨੂੰ ਨਹੀਂ ਪਤਾ ਕਿ ਇਸ ਕਿੱਥੋਂ ਤੱਕ ਤੁਰਨਾ ਹੈ। ਸੱਚ ਇਹੋ ਹੈ ਕਿ ਇਹ ਤੁਰ ਰਿਹਾ ਹੈ। 'ਤੁਰਨ'

***ਚਿੱਤਰਕਾਰ ਰਾਜ ਕੁਮਾਰ ਚੰਡੀਗੜ੍ਹ ਦੇ ਆਰਟ ਕਾਲਜ ਦਾ ਵਿਦਿਆਰਥੀ ਰਿਹਾ ਹੈ। ਮੁਹਾਰਤ ਤਾਂ ਅਪਲਾਇਡ ਆਰਟ ਦੀ ਹਾਸਲ ਕੀਤੀ ਪਰ ਪ੍ਰਗਟਾਵੇ ਲਈ ਚਿੱਤਰਕਲਾ ਨੂੰ ਚੁਣਿਆ। ਓਦਾਂ ਉਹ ਪਹਿਲਾਂ ਡਾਕਟਰ ਬਣਨ ਦੇ ਰਾਹ ਤੁਰਿਆ ਸੀ, ਬਾਅਦ ਵਿਚ ਰਾਹ ਬਦਲ ਲਿਆ। ਉਸ ਦੇ ਸੁਭਾਅ ਨੇ ਉਸ ਦੇ ਕੰਮ ਉਪਰ ਅਸਰ ਪਾਇਆ ਹੈ। ਚਿੱਤਰੀਆਂ ਤਸਵੀਰਾਂ ਵਿਚ ਜ਼ਿਆਦਾ ਹਲਚਲ ਨਹੀਂ ਹੁੰਦੀ। ਰੰਗਾਂ ਨੂੰ ਏਦਾਂ ਵਰਤਿਆ ਹੁੰਦਾ ਹੈ ਕਿ ਸਾਰਾ ਮਾਹੌਲ ਰਹੱਸਮਈ ਹੋ ਜਾਂਦਾ ਹੈ। 'ਰੀ-ਸਿੰਗਿੰਗ ਏ ਸੌਂਗ' ਇਸ ਦੀ ਪੁਖ਼ਤਾ ਉਦਾਹਰਨ ਹੈ।***

ਨੂੰ ਜੀਵਨ ਬਿਤਾਉਣ ਨਾਲ ਜੋੜ ਸਕਦੇ ਹਾਂ।

ਕੀ ਇਹ ਇਕੱਲਾ ਹੀ ਤੁਰ ਪਿਆ ਸੀ ਜਾਂ ਕੋਈ ਇਹਦੇ ਨਾਲ ਸੀ ਜਿਸ ਨੇ ਨਾਲ-ਨਾਲ ਤੁਰਦਿਆਂ ਇਸ ਦਾ ਸਾਥ ਛੱਡ ਦਿੱਤਾ। ਸਾਥ ਛੱਡੇ ਜਾਣ ਤੋਂ ਬਾਅਦ ਇਹ ਆਪਣੇ ਸੰਸਾਰ ਵਿਚ ਗੁਆਚ ਗਿਆ। ਧਿਆਨ ਦੇਣ ਵਾਲੀ ਗੱਲ ਹੈ ਜੇ ਬਜ਼ੁਰਗ ਕੱਲ-ਮੁਕੱਲਾ ਹੈ ਤਾਂ ਉਹ ਥਾਂ ਵੀ ਬੇਆਬਾਦ ਹੈ ਜਿਸ ਵਿਚਾਲਿਓਂ ਇਹ ਲੰਘ ਰਿਹਾ ਹੈ। ਇਹ ਥਾਂ ਜੰਗਲ ਬੀਆਬਾਨ ਨਹੀਂ। ਬਜ਼ੁਰਗ ਆਪਣਾ ਰਾਹ ਆਪ ਨਹੀਂ ਬਣਾ ਰਿਹਾ ਸਗੋਂ ਪਹਿਲਾਂ ਤੋਂ ਬਣੇ ਰਾਹ ਨੂੰ ਵਰਤ ਰਿਹਾ ਹੈ। ਇਹ ਸੱਚ ਹੈ ਕਿ ਇਸ ਰਾਹ ਨੂੰ ਬਹੁਤ ਘੱਟ ਵਰਤਿਆ ਜਾ ਰਿਹਾ ਹੈ। ਬਣੀ ਪੁਲੀ ਵੀ ਇਹੋ ਚੁਗਲੀ ਕਰ ਰਹੀ ਹੈ। ਬਣਾਉਣ ਵਾਲੇ ਨੇ ਪੁਲੀ ਬਣਾ ਦਿੱਤੀ ਤਾਂ ਕਿ ਏਧਰੋਂ ਲੰਘਣ ਵਾਲੇ ਨੂੰ ਪੱਧਰਾ ਰਾਹ ਮਿਲ ਜਾਵੇ। ਪੁਲੀ ਪਾਣੀ ਦੀ ਆਵਾਜਾਈ ਲਈ ਬਣਾਈ ਹੈ। ਫਿਲਹਾਲ ਸਾਰੀ ਥਾਂ ਸੁੱਕੀ ਹੈ। ਲੱਕੜ ਦੀ ਗੱਡੀ ਵਿਚੋਂ ਖਿਡੌਣਿਆਂ ਦਾ ਡਿੱਗਣਾ ਪ੍ਰਤੀਕਾਤਮਕ ਅਰਥ ਦਿੰਦਾ ਹੈ ਪਰ ਅਜਬ ਹੈ ਜਿਸ ਰਾਹ ਉਪਰ ਸ਼ਖ਼ਸ ਚੱਲ ਰਿਹਾ, ਉਹ ਹਰਾ ਅਤੇ ਲਹਿਰਦਾਰ ਹੈ। ਸਾਰਾ ਕੁਝ ਹਰੇ ਰੰਗ ਨਾਲ ਲਬਰੇਜ਼ ਹੈ ਜਿਸ ਦਾ ਆਪਣਾ ਅਰਥ ਵਿਸਥਾਰ ਹੋ ਸਕਦਾ ਹੈ। ਲਹਿਰ ਪਾਣੀ ਦੀ ਸਤਹਿ ਉਪਰ ਜਨਮਦੀ ਹੈ ਅਤੇ ਇਸ ਨੂੰ ਸਮੇਂ ਨਾਲ ਜੋੜਿਆ ਜਾਂਦਾ ਹੈ। ਇਉਂ ਬੰਦੇ ਦੇ ਰਾਹ 'ਤੇ ਤੁਰਨ ਦਾ ਭਾਵ ਇਹ ਹੈ ਕਿ ਉਹ ਸਮੇਂ (ਕਾਲ) ਨੂੰ ਆਪਣੇ ਕਦਮਾਂ ਨਾਲ ਪਿਛਾਂਹ ਧੱਕ ਰਿਹਾ ਹੈ।

ਦ੍ਰਿਸ਼ ਸਜਾਵਟੀ ਮਾਹੌਲ ਜਾਂ ਮਨੁੱਖ ਨਿਰਮਿਤ ਵਸਤਾਂ ਨਾਲ ਭਰਪੂਰ ਨਹੀਂ। ਜੋ ਕੁਝ ਹੈ, ਸਭ ਲੋੜ ਅਨੁਸਾਰ, ਘੱਟ ਤੋਂ ਘੱਟ ਹੈ। ਵੱਡਾ ਹਿੱਸਾ ਆਸਮਾਨ ਅਤੇ ਪਹਾੜਾਂ ਹਿੱਸੇ ਆਇਆ ਹੈ। ਬਜ਼ੁਰਗ ਦੇ ਸੱਜੇ ਹੱਥ ਵੱਲ ਰਜਨੀਗੰਧਾ ਦੇ ਫੁੱਲਾਂ ਦੇ ਗੁੱਛਿਆਂ ਦੀ ਦੱਸ ਪਾਉਂਦੀ ਬਨਸਪਤੀ ਹੈ। ਜ਼ਮੀਨ ਅਤੇ ਆਸਮਾਨ ਵੱਖ ਕਰਨ ਵਾਲੀ ਇਕਾਈ ਵਿਛਿਆ ਰਾਹ ਹੈ।

ਚਿੱਤਰਕਾਰ ਨੇ ਆਪਣੇ ਕਿਰਦਾਰ ਨੂੰ ਸਥਾਨ ਵੀ ਦਿੱਤਾ ਹੈ, ਸਮਾਂ ਵੀ। ਸਮਾਂ ਰਾਤ ਦਾ ਹੈ। ਦੇਖਣ ਵਾਲੇ ਨੂੰ ਇਹ ਗੱਲ ਓਪਰੀ-ਓਪਰੀ ਲੱਗ ਸਕਦੀ ਹੈ। ਰਾਤ ਤਾਂ ਸਿਆਹ ਨੀਲੀ, ਗੂੜ੍ਹੀ ਨੀਲੀ ਹੁੰਦੀ ਹੈ। ਦਰਅਸਲ, ਹਰੇ ਰੰਗ ਵਾਲੀ ਰਾਤ ਚਿੱਤਰਕਾਰ ਦੀ ਕਲਪਨਾ ਸ਼ਕਤੀ ਦੀ ਉਪਜ ਹੈ। ਆਪਣੇ ਕੀਤੇ ਨੂੰ ਸਹੀ ਸਾਬਿਤ ਕਰਨ ਲਈ ਪੇਂਟਰ ਨੇ ਚੰਨ, ਤਾਰੇ ਵੀ ਜੜ ਦਿੱਤੇ ਹਨ। ਤਾਰੇ ਟਿਮਕਣਿਆਂ ਜਿਹੇ ਨਹੀਂ ਸਗੋਂ ਹਲਕੀ, ਨਿੱਕੀ ਝਰੀਟ ਜਿਹੇ ਹਨ ਕਿਤੇ-ਕਿਤੇ।

ਕੁੱਲ ਮਿਲਾ ਕੇ ਗੱਲ ਇਉਂ ਬਣਦੀ ਹੈ ਕਿ ਵਡੇਰੀ ਉਮਰ ਦਾ ਸਿੱਖ ਪਾਤਰ ਸ਼ਾਂਤ, ਸੁੰਨੇ ਰਾਹ ਉਪਰ ਅਗਾਂਹ ਵਧ ਰਿਹਾ ਹੈ। ਉਹ ਬਿਰਧ ਏਨਾ ਕੁ ਹੈ ਕਿ ਤੁਰਨ ਵਾਸਤੇ ਵੀ ਸਹਾਰਾ ਚਾਹੀਦਾ ਹੈ। ਸਹਾਰਾ ਦੇਣ ਵਾਲੀ ਸ਼ੈਅ ਡੰਡਾ ਹੈ। ਹਾਲੇ ਤੀਕ ਉਹ ਉਸੇ ਦੀ ਟੇਕ ਲੈ ਕੇ ਅੱਗੇ ਵਧ ਰਿਹਾ ਹੈ। ਉਸ ਦੇ ਖੱਬੇ ਹੱਥ ਦੀਆਂ ਉਂਗਲਾਂ 'ਚ ਡੋਰ ਹੈ। ਡੋਰ ਨਾਲ ਬੱਝੀ ਗੱਡੀ ਅੰਦਰ ਇਕ ਜਿਰਾਫ ਅਤੇ ਕਾਗਜ਼ੀ ਬੇੜੀ ਹੈ। ਇਕ ਗੁੱਡਾ ਅਤੇ ਕਾਰ ਜ਼ਮੀਨ ਉਪਰ ਪਏ ਦਿਸਦੇ ਹਨ।

ਵਿਅਕਤੀ ਆਪ ਅੱਗੇ-ਅੱਗੇ, ਉਸ ਦੇ ਪਿੱਛੇ-ਪਿੱਛੇ ਸਾਮਾਨ। ਚਾਅ ਤਾਂ ਹੈ ਵਸਤਾਂ ਨੂੰ ਆਪਣੇ ਨਾਲ ਤੋਰਨ ਦਾ ਪਰ ਧਿਆਨ ਵਸਤਾਂ ਵੱਲ ਨਹੀਂ, ਰਾਹ ਵੱਲ ਹੈ। ਸਤਹੀ ਪੱਧਰ ਉਪਰ ਦੇਖੀਏ ਤਾਂ ਵਿਅਕਤੀ ਅਤੇ ਵਸਤੂਆਂ ਨਾਲ ਕੋਈ ਸਾਂਝ ਨਹੀਂ ਬੱਝਦੀ। ਦੋਵੇਂ ਇਕਾਈਆਂ ਇਕ-ਦੂਜੇ ਦੇ ਵਿਰੋਧੀ ਹਨ। ਬਜ਼ੁਰਗ ਦੀ ਇਹ ਉਮਰ ਖੇਡਣ ਦੀ ਨਹੀਂ। ਦੂਜੇ ਪਾਸੇ ਖਿਡੌਣੇ ਤਾਂ ਬੱਚਿਆਂ ਦੇ ਖੇਡਣ ਵਾਸਤੇ ਹੁੰਦੇ ਹਨ। ਕੀ ਚਿੱਤਰ ਦਾ ਕਿਰਦਾਰ ਇਹ ਵਸਤਾਂ ਕਿਸੇ ਬੱਚੇ ਵਾਸਤੇ ਖਿੱਚੀ ਜਾ ਰਿਹਾ ਹੈ? ਰਚਨਾ ਅਜਿਹਾ ਸੰਕੇਤ ਨਹੀਂ ਦੇ ਰਹੀ। ਅਜਿਹੇ ਸਮੇਂ ਸਾਡਾ ਧਿਆਨ ਰਚਨਾ ਦੇ ਸਿਰਲੇਖ ਵੱਲ ਜਾਂਦਾ ਹੈ ਜਿਸ ਅਨੁਸਾਰ ਅਜਿਹਾ ਗੀਤ ਜਿਸ ਨੂੰ ਮੁੜ-ਮੁੜ ਗਾਇਆ ਜਾ ਰਿਹਾ ਹੈ। ਗਾਇਆ ਜਾਣ ਵਾਲਾ ਗੀਤ ਕੋਈ ਹੋਵੇ, ਉਸ ਵਿਚੋਂ ਰਸ ਵੀ ਆਉਂਦਾ ਹੈ ਅਤੇ ਸੰਤੋਖ ਵੀ।

ਕੀ ਇਹ ਤਸਵੀਰ ਕਿਸੇ ਸੁਖਦ ਸੁਨੇਹੇ ਦਾ ਸੰਚਾਰ ਕਰ ਰਹੀ ਹੈ? ਖਿਡੌਣੇ ਬਚਪਨ ਦਾ ਪ੍ਰਤੀਕ ਬਣ ਇਸ ਫਰੇਮ ਵਿਚ ਆਏ ਹੋਏ ਹਨ ਜਿਨ੍ਹਾਂ ਦਾ ਸਬੰਧ ਦਿਸਦੇ ਪਾਤਰ ਨਾਲ ਹੈ। ਇਹੋ ਸ਼ਖ਼ਸ ਮੁੜ-ਮੁੜ ਆਪਣੇ ਬਚਪਨ ਦੀਆਂ ਯਾਦਾਂ ਨੂੰ ਯਾਦ ਕਰ-ਕਰ ਕੇ ਆਪਣੇ ਜੀਵਨ ਪੰਧ ਨੂੰ ਤੈਅ ਕਰ ਰਿਹਾ ਹੈ। ਉਹ ਬਾਹਰੀ ਸੰਸਾਰ ਤੋਂ ਮਿਲ ਰਹੇ ਅਸੁਖਾਵੇਂ ਅਨੁਭਵ/ਵਿਹਾਰ ਨੂੰ ਆਂਤਰਿਕ ਸੁਖਾਵੀਂ ਪਿਛਲਝਾਤ ਨਾਲ ਜਿਵੇਂ ਮਿਟਾਉਣ ਦਾ ਯਤਨ ਕਰ ਰਿਹਾ ਹੈ।




*ਰਾਜ ਕੁਮਾਰ (ਸੱਜੇ) ਦਾ ਬਣਾਇਆ ਚਿੱਤਰ 'ਰੀ-ਸਿੰਗਿੰਗ ਏ ਸੌਂਗ'।*

'ਰੀ-ਸਿੰਗਿੰਗ ਏ ਸੌਂਗ' ਕੋਈ ਆਨੰਦ ਦੇਣ ਵਾਲੀ ਕਿਰਤ ਨਹੀਂ। ਇਹ ਤਾਂ ਅਤਿ ਦੁਖਾਵੀਂ ਅਤੇ ਚੀਰਵੀਂ ਪੀੜ ਦੇਣ ਵਾਲੀ ਸ਼ੈਅ ਹੈ। ਇਹ ਵਿਅਕਤੀ ਦੀ ਹਾਲਤ ਦੇ ਨਾਲ-ਨਾਲ ਸਮਾਜ ਦੀ ਸਥਿਤੀ ਉੱਤੇ ਟਿੱਪਣੀ ਕਰਦਾ ਚਿੱਤਰ ਹੈ। ਵਿਅਕਤੀ ਸਮੂਹ ਦਾ ਅੰਗ ਹੈ ਪਰ ਇੱਥੇ ਤਾਂ ਕੋਈ ਦੂਜਾ ਜੀਵ (ਵਿਅਕਤੀ ਜਾਂ ਪਸ਼ੂ ਰੂਪ ਵਿਚ) ਨਹੀਂ ਹੈ। ਕੀ ਇਹ ਖ਼ੁਦ ਹੀ ਸਮਾਜ ਨੂੰ ਤਿਆਗ ਕੇ ਉਸ ਵਿਚੋਂ ਬਾਹਰ ਆ ਗਿਆ ਹੈ ਜਾਂ ਇਸ ਨੂੰ ਸਮਾਜ ਵੱਲੋਂ ਬਾਹਰ ਧੱਕ ਦਿੱਤਾ ਗਿਆ ਹੈ। ਦੋਹਾਂ ਸਥਿਤੀਆਂ ਵਿਚ ਇਹ ਹੁਣ ਸਮਾਜ ਬਾਹਰਾ ਹੈ। ਘਟਨਾ ਦਾ ਅੰਤ ਇੱਥੋਂ ਤੱਕ ਸੀਮਤ ਨਹੀਂ। ਉਹ ਘਰੋਂ ਬਾਹਰਾ ਵੀ ਹੈ।

ਜੋ ਵੀ ਹਾਲਾਤ ਬਣੇ ਜਾਂ ਚਿੱਤਰਕਾਰ ਨੇ ਸਿਰਜੇ-ਚਿਤਵੇ ਹਨ, ਉਹ ਮਨੁੱਖ ਪ੍ਰਤੀ ਮਨੁੱਖ ਦੇ ਰਵੱਈਏ ਨੂੰ ਦਰਸਾਉਂਦੇ ਹਨ। ਇਕ ਰੰਗੀ ਵਾਤਾਵਰਨ ਦਰਮਿਆਨ ਰੰਗਦਾਰ ਚਾਰ-ਪੰਜ ਖਿਡੌਣੇ ਹੀ ਹਨ। ਇਕ ਰੰਗੀ ਭਾਵ ਬੁਢਾਪੇ ਦੀ ਉਮਰ ਹੰਢਾ ਰਿਹਾ ਸ਼ਖ਼ਸ ਬਚਪਨ ਦੀਆਂ ਰੰਗ-ਬਿਰੰਗੀਆਂ ਯਾਦਾਂ ਨੂੰ ਆਪਣੇ ਨਾਲ ਲਈ ਫਿਰ ਰਿਹਾ ਹੈ। ਸਮਾਂ ਬਿਤਾਉਣ ਹਿੱਤ ਮਨ ਅੰਦਰ ਜੋ ਕੁਝ ਵਾਪਰਦਾ ਹੈ, ਖਿਡੌਣੇ ਉਸੇ ਦਾ ਬਾਹਰੀ ਪ੍ਰਗਟਾਵਾ ਹਨ।

ਇੰਨੀ ਉਮਰ ਭੋਗਣ ਵਾਲੇ ਪਾਸ ਚੜ੍ਹਦੀ ਉਮਰ, ਜਵਾਨੀ ਨਾਲ ਨੱਥੀ ਢੇਰ ਯਾਦਾਂ ਹੋਣਗੀਆਂ ਪਰ ਧਿਆਨ ਬਾਲ ਕਾਲ ਉੱਪਰ ਲਾਇਆ ਹੈ ਕਿਉਂਕਿ ਉਹ ਸਮਾਂ ਛਲ, ਫਰੇਬ, ਧੋਖੇ, ਅੰਤ, ਦਿਖਾਵੇ ਆਦਿ ਤੋਂ ਮੁਕਤ ਹੁੰਦਾ ਹੈ। ਵੱਡੀ ਉਮਰ ਦਾ ਵਿਅਕਤੀ ਵਲ-ਵਲੇਵੇਂ ਵਾਲੇ ਜੀਵਨ ਤੋਂ ਬਚ ਕੇ ਜਿਊਣਾ ਚਾਹੁੰਦਾ ਹੈ। ਤਾਹੀਓਂ ਖਿੱਚੀ ਡੋਰ ਦੇ ਦੋਵੇਂ ਸਿਰੇ ਮੁੱਢਲੇ ਅਤੇ ਅੰਤਿਮ ਸਮੇਂ ਨੂੰ ਜੋੜਦੇ ਹਨ।

ਬਜ਼ੁਰਗ ਵਿਅਕਤੀ ਲੰਮਾ ਇਕਹਿਰੇ ਸਰੀਰ ਵਾਲਾ ਹੈ। ਸਿਰ ਪੱਗ ਹੈ ਅਤੇ ਤਨ ਲੰਬੇ ਚੋਲੇ ਨਾਲ ਕੱਜਿਆ ਹੋਇਆ ਹੈ। ਇਸ ਦਾ ਪੈਰੋਂ ਨੰਗਾ ਹੋਣਾ ਇਸ ਦੀ ਆਰਥਿਕ ਹਾਲਤ ਦੱਸਦਾ ਹੈ। ਚਿਤੇਰੇ ਨੇ ਇਸ ਦੀਆਂ ਅੱਖਾਂ ਨੂੰ ਬੰਦ ਦਿਖਾਇਆ ਹੈ। ਕੀ ਇਸ ਤੋਂ ਇਹ ਅਰਥ ਲਈਏ ਕਿ ਬਜ਼ੁਰਗ ਨੇ ਸਭ ਨੂੰ ਅਣਡਿੱਠ ਕਰਨਾ ਸ਼ੁਰੂ ਦਿੱਤਾ ਹੈ।

ਚਿੱਤਰਕਾਰ ਰਾਜ ਕੁਮਾਰ ਚੰਡੀਗੜ੍ਹ ਦੇ ਆਰਟ ਕਾਲਜ ਦਾ ਵਿਦਿਆਰਥੀ ਰਿਹਾ ਹੈ। ਮੁਹਾਰਤ ਤਾਂ ਅਪਲਾਇਡ ਆਰਟ ਦੀ ਹਾਸਲ ਕੀਤੀ ਪਰ ਪ੍ਰਗਟਾਵੇ ਲਈ ਚਿੱਤਰਕਲਾ ਨੂੰ ਚੁਣਿਆ। ਓਦਾਂ ਉਹ ਪਹਿਲਾਂ ਡਾਕਟਰ ਬਣਨ ਦੇ ਰਾਹ ਤੁਰਿਆ ਸੀ, ਬਾਅਦ ਵਿਚ ਰਾਹ ਬਦਲ ਲਿਆ।

ਉਸ ਦੇ ਸੁਭਾਅ ਨੇ ਉਸ ਦੇ ਕੰਮ ਉਪਰ ਅਸਰ ਪਾਇਆ ਹੈ। ਚਿੱਤਰੀਆਂ ਤਸਵੀਰਾਂ ਵਿਚ ਜ਼ਿਆਦਾ ਹਲਚਲ ਨਹੀਂ ਹੁੰਦੀ। ਰੰਗਾਂ ਨੂੰ ਏਦਾਂ ਵਰਤਿਆ ਹੁੰਦਾ ਹੈ ਕਿ ਸਾਰਾ ਮਾਹੌਲ ਰਹੱਸਮਈ ਹੋ ਜਾਂਦਾ ਹੈ। 'ਰੀ-ਸਿੰਗਿੰਗ ਏ ਸੌਂਗ' ਇਸ ਦੀ ਪੁਖ਼ਤਾ ਉਦਾਹਰਨ ਹੈ। ਇਕੋ ਰੰਗ ਅਤੇ ਉਸ ਦੀ ਵੱਖ-ਵੱਖ ਰੰਗਤ ਨਾਲ ਬਿਰਤਾਂਤ ਰਚਨਾ ਸੌਖਾ ਕੰਮ ਨਹੀਂ। ਮਹਿਸੂਸ ਹੁੰਦਾ ਹੈ ਇਹ ਕੰਮ ਦੀ ਗਤੀ ਨੂੰ ਰੋਕਦਾ ਵੀ ਹੈ।

ਕਲਾਕਾਰ ਨੇ ਹੋਰ ਕਿਸੇ ਰੰਗ ਦੀ ਬਜਾਇ ਹਰੇ ਰੰਗ ਨੂੰ ਹੀ ਕਿਉਂ ਚੁਣਿਆ? ਕੀ ਇਸ ਦਾ ਵਿਸ਼ਾ ਚੋਣ ਨਾਲ ਕੋਈ ਸਬੰਧ ਹੈ? ਕਹਿਣ-ਲਿਖਣ ਵਾਲੇ ਦੇ ਮਤ ਵਿਚ ਭਿੰਨਤਾ ਹੋ ਸਕਦੀ ਹੈ। ਧਰਤੀ ਉਪਰ ਹਰਾ ਰੰਗ ਪ੍ਰਭੁਤਾ ਵਾਲਾ ਰੰਗ ਹੈ। ਇੱਥੋਂ ਦੀ ਬਨਸਪਤੀ ਇਸੇ ਰੰਗ ਦੀ ਹੈ। ਰੰਗਾਂ ਦੇ ਖੇਤਰ ਦੀ ਵਰਗ ਵੰਡ ਅਨੁਸਾਰ ਇਹ ਪ੍ਰਾਇਮਰੀ ਰੰਗ ਨਹੀਂ। ਮੰਨਿਆ ਜਾਂਦਾ ਹੈ ਕਿ ਇਹ ਨਵੀਂ ਉਪਜ ਅਤੇ ਵਾਧੇ ਦਾ ਸੰਕੇਤਕ ਹੈ। ਇਹ ਅੱਖ ਨੂੰ ਠੰਢ ਅਤੇ ਮਨ ਨੂੰ ਸ਼ਾਂਤੀ ਦੇਣ ਵਾਲਾ ਰੰਗ ਹੈ ਪਰ ਚਿੱਤਰ ਬਿਰਤਾਂਤ ਵੱਖਰੀ ਗੱਲ ਕਰਦਾ ਹੈ। ਇਸ ਰੰਗ ਦੇ ਅਰਥ ਹਰ ਦੇਸ਼ ਵਿਚ ਬਦਲ ਜਾਂਦੇ ਹਨ। ਸੋ, ਰੰਗ ਅਨੁਰੂਪ ਚਿੱਤਰ ਦੀਆਂ ਬਾਰੀਕੀਆਂ ਤੱਕ ਨਹੀਂ ਪਹੁੰਚਿਆ ਜਾ ਸਕਦਾ। ਲੱਗਦਾ ਹੈ, ਕਲਾਕਾਰ ਨੇ ਇਹ ਰੰਗ ਨਿੱਜ ਦੇ ਆਧਾਰ ਉੱਪਰ ਚੁਣਿਆ ਹੈ। ਜੇ ਰੰਗ ਦੇ ਸੁਭਾਅ, ਮਨੋ-ਵਿਗਿਆਨ, ਸਮਾਜਿਕ ਪੱਖ ਨੂੰ ਲੈ ਤਸਵੀਰ ਨੂੰ ਦੇਖਣਾ ਸ਼ੁਰੂ ਕਰੀਏ ਤਾਂ ਕਈ ਪੇਚੀਦਗੀਆਂ ਆ ਸਕਦੀਆਂ ਹਨ।

---

# ਜੁਝਾਰੂ ਆਗੂ ਤੇਜਾ ਸਿੰਘ ਸਮੁੰਦ੍ਰੀ

*(ਪਿਛਲੇ ਸਫੇ ਦੀ ਬਾਕੀ*

ਜ਼ਿਲ੍ਹਾ ਲਾਇਲਪੁਰ ਦੇ ਮੰਨੇ-ਪ੍ਰਮੰਨੇ ਨੌਜਵਾਨ ਜ਼ਿਮੀਂਦਾਰ ਸਨ।

ਐਜੀਟੇਸ਼ਨ ਬਾਰ ਦੇ ਜ਼ਿਲ੍ਹਾ ਲਾਇਲਪੁਰ ਵਿਚ ਮਘੀ ਹੋਈ ਸੀ ਤੇ ਇਨ੍ਹਾਂ ਦੀ ਹਮਦਰਦੀ ਆਪਣੇ ਕਿਸਾਨ ਭਰਾਵਾਂ ਨਾਲ ਸੀ। ਇਸ ਲਈ ਇਨ੍ਹਾਂ ਆਪਣੇ ਇਲਾਕੇ ਦੇ ਜ਼ਿਮੀਦਾਰਾਂ ਨਾਲ ਰਲ ਕੇ, ਪਿੱਛੇ ਰਹਿ ਕੇ, ਕੰਮ ਕੀਤਾ। ਇਸ ਤਰ੍ਹਾਂ ਇਹ ਸਮਾਂ ਉਨ੍ਹਾਂ ਦੀ ਤਿਆਰੀ ਦਾ ਕਿਹਾ ਜਾ ਸਕਦਾ ਹੈ। ਇਸ ਨੇ ਉਨ੍ਹਾਂ ਨੂੰ ਜਨਤਾ ਦੀ ਸ਼ਕਤੀ ਦਾ ਇਹਸਾਸ ਤੇ ਬੇਗਾਨੀ ਸਰਕਾਰ ਦੀ ਪਰਜਾ ਪ੍ਰਤੀ ਬੇ-ਰੁਖੀ ਨੂੰ ਨੰਗਾ ਕੀਤਾ। ਉਨ੍ਹਾਂ ਨੂੰ ਦ੍ਰਿੜ ਹੋ ਗਿਆ ਕਿ ਏਕੇ ਨਾਲ ਉਸ ਸਰਕਾਰ ਨੂੰ ਵੀ ਨੀਚਾ ਦਿਖਾਇਆ ਜਾ ਸਕਦਾ ਹੈ ਜਿਸ ਦੀਆਂ ਜੜ੍ਹਾਂ ਪਾਤਾਲ ਵਿਚ ਗੱਡੀਆਂ ਹੋਈਆਂ ਦਸੀਦੀਆਂ ਹਨ।

### ਖ਼ਾਲਸਾ ਕਾਲਜ ਦੀ ਐਜੀਟੇਸ਼ਨ

ਇਸੇ ਸਮੇਂ ਪੰਜਾਬ ਵਿਚ ਇਕ ਹੋਰ ਲਹਿਰ ਚੱਲੀ। ਖ਼ਾਲਸਾ ਕਾਲਜ ਦੀ ਵੱਡੀ ਇਮਾਰਤ ਬਣ ਰਹੀ ਸੀ ਤੇ ਸ. ਧਰਮ ਸਿੰਘ ਜੀ ਘਰਜਾਖ ਵਾਲੇ ਇਸ ਇਮਾਰਤ ਦੇ ਇੰਜੀਨੀਅਰ ਸਨ। ਉਹ ਮੁਫ਼ਤ ਸੇਵਾ ਕਰਦੇ ਸਨ। ਉਸ ਵੇਲੇ ਚੀਫ਼ ਖ਼ਾਲਸਾ ਦੀਵਾਨ ਦੀ ਲਾਹੌਰ ਪਾਰਟੀ ਸ. ਧਰਮ ਸਿੰਘ ਦੇ ਵਿਰੁੱਧ ਸੀ। ਖ਼ਾਲਸਾ ਕਾਲਜ ਕਮੇਟੀ ਵਿਚ ਜ਼ੋਰ ਭਾਵੇਂ ਅੰਮ੍ਰਿਤਸਰ ਪਾਰਟੀ ਦਾ ਸੀ ਤੇ ਸ. ਸੁੰਦਰ ਸਿੰਘ ਮਜੀਠੀਆ ਇਸ ਦੇ ਸਕੱਤਰ ਸਨ, ਫਿਰ ਵੀ ਲਾਹੌਰ ਪਾਰਟੀ ਕਾਫ਼ੀ ਪ੍ਰਬਲ ਸੀ। ਕਾਲਜ ਕਮੇਟੀ ਵਿਚ ਕੁਝ ਅੰਗਰੇਜ਼ ਮੈਂਬਰ ਸਨ। ਅੰਗਰੇਜ਼ ਮੈਂਬਰ ਵੀ ਅੰਮ੍ਰਿਤਸਰ ਪਾਰਟੀ ਦੇ ਇੰਜੀਨੀਅਰ ਸ. ਧਰਮ ਸਿੰਘ ਦੇ ਖਿਲਾਫ਼ ਸਨ। ਇਕ ਦਿਨ ਕਾਲਜ ਕਮੇਟੀ ਦੀ ਇਕਤ੍ਰਤਾ ਵਿਚ ਮੇਜਰ ਗਿੱਲ ਨੇ ਸ. ਧਰਮ ਸਿੰਘ ਦੀ ਬਿਨਾਂ ਪੈਸੇ ਲਏ ਕੀਤੀ ਸੇਵਾ ਵਿਰੁੱਧ ਇਹ ਸ਼ਬਦ ਕਹੇ: "ਪਿਆਰ ਦੇ ਨਾਂ 'ਤੇ ਸੇਵਾ ਨਿਪਟ ਬਕਵਾਸ ਹੈ।" (Labour of love is nonsense) ਮੈਂਬਰਾਂ ਦੇ ਵਿਰੋਧ ਕਾਰਨ ਸ. ਧਰਮ ਸਿੰਘ ਇੰਜੀਨੀਅਰੀ ਤੋਂ ਤਾਂ ਹਟਾ ਦਿੱਤੇ ਗਏ ਪਰ ਉਪਰੋਕਤ ਸ਼ਬਦਾਂ ਨੂੰ ਫੜ ਕੇ ਅੰਮ੍ਰਿਤਸਰ ਪਾਰਟੀ ਨੇ ਕਾਲਜ ਦੇ ਲੜਕਿਆਂ ਵਿਚ ਅੰਗਰੇਜ਼ਾਂ ਵਿਰੁੱਧ ਖੂਬ ਰੋਸ ਖਿਲਾਰਿਆ। ਲੜਕਿਆਂ ਦੇ ਸਾਰੇ ਆਗੂ ਚੀਫ਼ ਖ਼ਾਲਸਾ ਦੀਵਾਨ ਦੇ ਹੱਥਾਂ ਵਿਚ ਸਨ ਤੇ ਮਾ. ਤਾਰਾ ਸਿੰਘ ਉਨ੍ਹਾਂ ਵਿਚੋਂ ਇਕ ਸੀ। ਇਸ ਗੱਲ 'ਤੇ ਲੜਕਿਆਂ ਨੇ ਖੂਬ ਐਜੀਟੇਸ਼ਨ ਕੀਤੀ; ਐਜੀਟੇਸ਼ਨ ਲਈ ਇਕ ਕਮੇਟੀ ਬਣਾਈ ਗਈ ਜਿਸ ਦਾ ਪ੍ਰਧਾਨ ਮਾ. ਤਾਰਾ ਸਿੰਘ ਥਾਪਿਆ ਗਿਆ। ਕਾਲਜ ਦੀ ਇਸ ਐਜੀਟੇਸ਼ਨ ਦੇ ਨਾਲ-ਨਾਲ ਉਸ ਸਮੇਂ ਚੱਲ ਰਹੀਆਂ ਪਹਿਲੀਆਂ ਦੋ ਲਹਿਰਾਂ: ਸੁਦੇਸ਼ੀ ਤੇ ਲੈਂਡ ਕਾਲੋਨਾਈਜ਼ੇਸ਼ਨ ਦੀਆਂ ਵੀ ਇਸ ਨਾਲ ਜੁੜ ਗਈਆਂ। ਇੰਜ ਪੰਜਾਬ ਵਿਚ ਕੁਝ ਚਿਰ ਲਈ ਖੂਬ ਰੌਲਾ-ਗੌਲਾ ਮਚਿਆ।

ਪੰਜਾਬ ਵਿਚ ਚੱਲ ਰਹੀ ਲੈਂਡ ਕਾਲੋਨਾਈਜ਼ੇਸ਼ਨ ਲਹਿਰ ਨੂੰ ਦਬਾਉਣ ਲਈ ਸਰਕਾਰ ਨੇ ਬਹੁਤ ਸਖ਼ਤੀ ਕੀਤੀ। ਉਸ ਪਿੱਛੋਂ ਕਾਲਜ ਦੀ ਐਜੀਟੇਸ਼ਨ ਛੇਤੀ ਹੀ ਮੁੱਕ ਗਈ ਕਿਉਂਕਿ ਚੌਥੇ ਸਾਲ ਦੇ ਲੀਡਰ ਮੁੰਡੇ ਇਮਤਿਹਾਨ ਦੇ ਕੇ ਚਲੇ ਗਏ ਤੇ ਉਨ੍ਹਾਂ ਦੇ ਪਿੱਛੇ ਕੋਈ ਤਕੜਾ ਵਿਦਿਆਰਥੀ ਲੀਡਰ ਐਜੀਟੇਸ਼ਨ ਨੂੰ ਚਲਾਣ ਲਈ ਨਾ ਰਿਹਾ। ਸਰਕਾਰ ਨੇ ਇਸ ਐਜੀਟੇਸ਼ਨ ਦੀ ਜ਼ਿੰਮੇਵਾਰੀ ਚੀਫ਼ ਖ਼ਾਲਸਾ ਦੀਵਾਨ ਉੱਤੇ ਪਾਈ। ਭਾਵੇਂ ਉਹ ਸਾਹਮਣੇ ਨਹੀਂ ਸਨ ਆਏ ਪਰ ਪਿੱਛੇ ਰਹਿ ਕੇ ਤਾਰ ਉਹੀ ਹਿਲਾਂਦੇ ਸਨ। ਲੈਂਡ ਕਾਲੋਨਾਈਜ਼ੇਸ਼ਨ ਦੀ ਐਜੀਟੇਸ਼ਨ ਤਾਂ ਜਨਤਾ ਦੇ ਹੱਕ ਵਿਚ ਫ਼ਤਿਹ ਦੇ ਗਈ ਪਰ ਖ਼ਾਲਸਾ ਕਾਲਜ ਦੀ ਐਜੀਟੇਸ਼ਨ ਦਾ ਸਿੱਟਾ ਉਲਟ ਨਿਕਲਿਆ। ਸਰਕਾਰ ਦੇ ਹੱਥ ਵਿਚ ਰਿਆਸਤਾਂ ਦੇ ਸਾਰੇ ਹੀ ਮੈਂਬਰ ਸਨ ਤੇ ਹੋਰ ਵੀ ਬਹੁਤ ਸਾਰੇ ਰਈਸ ਉਨ੍ਹਾਂ ਦੇ ਵੱਸ ਵਿਚ ਸਨ। ਉਨ੍ਹਾਂ ਨੇ 1908 ਈ. ਵਿਚ ਕਾਲਜ ਦੀ ਨਿਯਮਾਵਲੀ ਬਦਲ ਕੇ ਕਾਲਜ ਆਪਣੇ ਹੱਥ ਵਿਚ ਕਰ ਲਿਆ। ਕਾਲਜ ਕੌਂਸਲ ਦੀ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਲਾਹੌਰ ਦੇ ਕਮਿਸ਼ਨਰ ਤੇ ਮੀਤ ਪ੍ਰਧਾਨ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਬਣਾਏ ਗਏ। ਇੰਜ ਕਾਲਜ ਦਾ ਪ੍ਰਬੰਧ ਪੂਰਨ ਰੂਪ ਵਿਚ ਅੰਗਰੇਜ਼ਾਂ ਦੇ ਹੱਥ ਵਿਚ ਚਲਾ ਗਿਆ।

ਕਾਲਜ ਉੱਤੇ ਸਰਕਾਰ ਦੇ ਹੱਥ ਪੱਕਾ ਕਰ ਲੈਣ ਨੇ ਸਿੱਖਾਂ ਦੇ ਦਿਲ ਵਿਚ ਸਰਕਾਰ ਵਿਰੁੱਧ ਘਿਰਣਾ ਪੈਦਾ ਕਰ ਦਿੱਤੀ ਤੇ ਉਸ ਦਿਨ ਤੋਂ ਉਹ ਸਰਕਾਰ ਵਿਰੋਧੀ ਹੋ ਕੇ ਸਰਕਾਰ ਵਿਰੁੱਧ ਲਹਿਰਾਂ ਵਿਚ ਵਧੇਰੇ ਜ਼ੋਰ-ਸ਼ੋਰ ਨਾਲ ਹਿੱਸਾ ਲੈਣ ਲਗ ਪਏ।

ਉਸ ਸਮੇਂ ਸ੍ਰੀ ਗੋਪਾਲ ਕ੍ਰਿਸ਼ਨ ਗੋਖਲੇ ਬੜੇ ਵੱਡੇ ਰਾਜਸੀ ਆਗੂ ਸਮਝੇ ਜਾਂਦੇ ਸਨ। ਉਹ ਅੰਮ੍ਰਿਤਸਰ ਆਏ ਤਾਂ ਖ਼ਾਲਸਾ ਕਾਲਜ ਦੇ ਵਿਦਿਆਰਥੀ ਭਾਈ ਜੋਧ ਸਿੰਘ ਦੀ ਅਗਵਾਈ ਹੇਠ ਉਨ੍ਹਾਂ ਦੇ ਸੁਆਗਤ ਲਈ ਸਟੇਸ਼ਨ 'ਤੇ ਪਹੁੰਚੇ। ਉਥੇ ਉਨ੍ਹਾਂ ਉਸ ਦੀ ਗੱਡੀ ਖਿੱਚ ਕੇ ਉਸ ਪ੍ਰਤੀ ਆਪਣਾ ਸਨਮਾਨ ਪ੍ਰਗਟਾਇਆ। ਸਰਕਾਰ ਨੇ ਇਸ ਨੂੰ ਬੁਰਾ ਮਨਾਇਆ। ਫਲਸਰੂਪ 1912 ਵਿਚ ਭਾਈ ਜੋਧ ਸਿੰਘ ਨੂੰ ਅਸਤੀਫ਼ਾ ਦੇ ਕੇ ਕਾਲਜ ਵਿਚੋਂ ਜਾਣਾ ਪਿਆ। ਭਾਈ ਜੋਧ ਸਿੰਘ ਦੇ ਨਾਲ ਹੈਡਮਾਸਟਰ ਨਾਰਾਇਣ ਸਿੰਘ ਨੂੰ ਵੀ ਪੱਕੀ ਛੁੱਟੀ ਮਿਲ ਗਈ।

# ਧੁਰ ਲਹੌਰੋਂ ਚੱਕੀ ਲਿਆਂਦੀ



ਕਲਾ ਪਰਿਕਰਮਾ

ਅੱਜ ਕੱਲ੍ਹ ਸ਼ਹਿਰੀ ਬੱਚਿਆਂ ਨੂੰ ਤਾਂ ਥੈਲੀਆਂ ਵਿਚ ਆਉਂਦੇ ਆਟੇ ਬਾਰੇ ਹੀ ਪਤਾ ਹੈ। ਪੇਂਡੂ ਬੱਚੇ ਜ਼ਰੂਰ ਦੱਸ ਦੇਣਗੇ ਕਿ ਆਟਾ ਬਿਜਲੀ ਨਾਲ ਚੱਲਣ ਵਾਲੀ ਚੱਕੀ ਰਾਹੀਂ ਪੀਸਿਆ ਜਾਂਦਾ ਹੈ। ਉਮਰ ਦੇ ਪੰਜ ਕੁ ਦਹਾਕੇ ਪਾਰ ਕਰ ਚੁੱਕੇ ਮਨੁੱਖ ਜ਼ਰੂਰ ਹੱਥ ਚੱਕੀ ਬਾਰੇ ਜਾਣਕਾਰੀ ਰੱਖਦੇ ਹਨ ਜਿਸ 'ਤੇ ਕਦੇ ਸਾਡੀਆਂ ਦਾਦੀਆਂ ਪੜਦਾਦੀਆਂ ਆਟਾ ਪੀਹ ਕੇ ਰੋਟੀ ਬਣਾਉਂਦੀਆਂ ਸਨ।

ਹੱਥ ਚੱਕੀ ਤੋਂ ਲੈ ਕੇ ਬਿਜਲੀ ਨਾਲ ਚੱਲਣ ਵਾਲੀ ਚੱਕੀ ਤੱਕ ਪਹੁੰਚਣ ਲਈ ਕਾਫ਼ੀ ਲੰਮਾ ਪੈਂਡਾ ਤੈਅ ਕਰਨਾ ਪਿਆ ਹੈ। ਪੱਥਰ 'ਤੇ ਕੁੱਟਣ ਤੋਂ ਲੈ ਕੇ ਪਹਿਲਾਂ ਕਈ ਤਰ੍ਹਾਂ ਦੀਆਂ ਚੱਕੀਆਂ ਹੋਂਦ ਵਿਚ ਆਈਆਂ। ਹੌਲੀ-ਹੌਲੀ ਘਰਾਂ ਵਿਚ ਰੱਖਣ ਵਾਲੀ ਚੱਕੀ ਜੋ ਆਸਾਨੀ ਨਾਲ ਇੱਕ ਥਾਂ ਤੋਂ ਦੂਜੀ ਥਾਂ ਲਿਜਾਈ ਜਾ ਸਕਦੀ ਸੀ, ਅਨਾਜ ਪੀਹਣ ਲਈ ਵਰਤੋਂ



**ਸ਼ਵਿੰਦਰ ਕੌਰ**
**ਫੋਨ: +91-76260-63596**

ਵਿਚ ਆਈ। ਪਾਣੀ ਨਾਲ ਚੱਲਣ ਵਾਲੀ ਚੱਕੀ (ਘਰਾਟ), ਪੌਣ ਨਾਲ ਚੱਲਣ ਵਾਲੀ ਪਣ-ਚੱਕੀ, ਪਸ਼ੂਆਂ ਨਾਲ ਚੱਲਣ ਵਾਲੇ ਘਰਾਸ ਅਤੇ ਫਿਰ ਇੰਜਣ ਜਾਂ ਬਿਜਲੀ ਨਾਲ ਚੱਲਣ ਵਾਲੀਆਂ ਚੱਕੀਆਂ ਪ੍ਰਚੱਲਿਤ ਹੋਈਆਂ।

ਹੱਥ ਚੱਕੀ ਕਿਸੇ ਸਮੇਂ ਔਰਤਾਂ ਦੇ ਜੀਵਨ ਨਾਲ ਪਰਿਵਾਰਕ, ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਪੱਖੋਂ ਜੁੜੀ ਕੜੀ ਸੀ। ਸਾਡੇ ਜੀਵਨ ਦਾ ਅਟੁੱਟ ਅੰਗ ਰਹੀ ਚੱਕੀ ਘਰ ਵਿਚ ਅੰਨ ਦੀ ਬਰਕਤ ਦਾ ਪ੍ਰਤੀਕ ਹੁੰਦੀ ਸੀ। ਇਸ ਉੱਪਰ ਹਰ ਰੋਜ਼ ਆਟਾ ਪੀਸਿਆ ਜਾਂਦਾ ਸੀ। ਫਿਰ ਇਸ ਪੀਸੇ ਆਟੇ ਤੋਂ ਰੋਟੀ ਬਣਦੀ ਸੀ। ਇਸ ਤੋਂ ਇਲਾਵਾ ਔਰਤਾਂ ਛੋਲਿਆਂ, ਮੂੰਗੀ ਦੀ ਦਾਲ ਵੀ ਦਲ ਲੈਂਦੀਆਂ ਸਨ। ਦਲੀਆ ਦਲਣ ਅਤੇ ਮਸਾਲੇ ਪੀਸਣ ਲਈ ਚੱਕੀ ਦੀ ਵਰਤੋਂ ਕੀਤੀ ਜਾਂਦੀ ਸੀ। ਮੂੰਗੀ, ਛੋਲੇ ਵੀ ਤਕਰੀਬਨ ਘਰ ਦੇ ਹੀ ਹੁੰਦੇ ਸਨ। ਛੋਲਿਆਂ ਦੀ ਦਾਲ ਨੂੰ ਸਾਫ਼ ਕਰ ਕੇ ਇਸ ਨੂੰ ਚੱਕੀ 'ਤੇ ਪੀਸ ਕੇ ਬੇਸਣ ਵੀ ਬਣਾ ਲਿਆ ਜਾਂਦਾ ਸੀ।

ਦੇਖਣ ਨੂੰ ਇਹ ਚੱਕੀ ਸਾਧਾਰਨ ਜਿਹੀ ਲੱਗਦੀ ਸੀ ਪਰ ਇਸ ਦੇ ਵੀ ਕਈ ਅੰਗ ਹੁੰਦੇ ਸਨ। ਜਿਹੜੇ ਆਪੋ-ਆਪਣੀ ਥਾਂ 'ਤੇ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਸਨ। ਦੋ-ਢਾਈ ਫੁੱਟ ਦੇ ਗੋਲ ਆਕਾਰ ਦੇ ਪੱਥਰ ਜੋ ਲਗਭਗ ਦੋ-ਦੋ ਇੰਚ ਮੋਟਾਈ ਦੇ ਹੁੰਦੇ ਹਨ। ਇਨ੍ਹਾਂ ਨੂੰ ਪੁੜ ਕਿਹਾ ਜਾਂਦਾ ਹੈ। ਹੇਠਲੇ ਵਾਲਾ ਪੁੜ ਸਥਿਰ ਖੜ੍ਹਾ ਰਹਿੰਦਾ ਹੈ। ਉੱਪਰਲਾ ਪੁੜ ਉਸ ਉੱਪਰ ਘੁੰਮਦਾ ਹੈ। ਚੱਕੀ ਦੇ ਉੱਪਰਲੇ ਪੁੜ ਦੇ ਵਿਚਕਾਰ ਖ਼ਾਲੀ ਥਾਂ ਹੁੰਦੀ ਹੈ ਜਿਸ ਦੇ ਵਿਚਕਾਰ ਇੱਕ ਮੋਟੀ ਲੱਕੜੀ ਫਿੱਟ ਹੁੰਦੀ ਹੈ। ਜਿਸ ਦੇ ਦੋਵੇਂ ਪਾਸਿਆਂ 'ਤੇ ਖੁੱਲ੍ਹੀਆਂ ਮੋਰੀਆਂ ਰਹਿ ਜਾਂਦੀਆਂ ਹਨ। ਇਸ ਲੱਕੜ ਨੂੰ ਮਾਨੀ ਕਿਹਾ ਜਾਂਦਾ ਹੈ।

ਹੇਠਲੇ ਵਾਲੇ ਸਥਿਰ ਖੜ੍ਹੇ ਪੱਥਰ ਦੇ ਵਿਚਕਾਰ ਪੂਰੀ-ਪੂਰੀ ਫਿੱਟ ਲੱਕੜੀ ਲੱਗੀ ਹੁੰਦੀ ਹੈ ਜਿਸ ਨੂੰ ਪੱਖੂ ਕਹਿੰਦੇ ਹਨ। ਪੱਖੂ ਦੇ ਵਿਚਕਾਰ ਬੜੀ ਪੱਕੀ ਤਰ੍ਹਾਂ ਲੋਹੇ ਦੀ ਮਜ਼ਬੂਤ ਢਾਈ ਕੁ ਇੰਚ ਦੀ ਕਿੱਲੀ ਫਿੱਟ ਹੁੰਦੀ ਹੈ ਜੋ ਉੱਪਰਲੇ ਪੱਥਰ ਵਿਚਕਾਰ ਲੱਗੀ ਮਾਨੀ ਦੇ ਸੁਰਾਖ਼ ਵਿਚ ਖੜ੍ਹੀ ਰਹਿੰਦੀ ਹੈ। ਇਸ ਕੇਂਦਰ ਦੇ ਦੁਆਲੇ ਹੀ ਉੱਪਰਲਾ ਪੱਥਰ ਘੁੰਮਦਾ ਹੈ। ਉੱਪਰਲੇ ਪੁੜ ਵਿਚ ਚੱਕੀ ਨੂੰ ਗੇੜਾ ਦੇਣ ਲਈ ਲਗਭਗ ਇੱਕ ਪਾਸੇ ਸੁਰਾਖ ਵਿਚ ਲੱਕੜੀ ਦਾ ਫੁੱਟ ਕੁ ਦਾ ਗੋਲ ਡੰਡਾ ਫਿੱਟ ਕੀਤਾ ਹੁੰਦਾ ਹੈ ਜਿਸ ਨੂੰ ਹੱਥਾ ਕਿਹਾ ਜਾਂਦਾ ਹੈ।

ਚੱਕੀ ਦੇ ਹੇਠ ਬਣੇ ਮਿੱਟੀ ਦੇ ਗੋਲ ਚੱਕਰ ਨੂੰ ਗੰਡ ਆਖਦੇ ਹਨ। ਮਿੱਟੀ ਦਾ ਗੰਡ ਬਣਾਉਣ ਲਈ ਚੀਕਣੀ ਮਿੱਟੀ ਵਿਚ ਬਾਰੀਕ ਤੂੜੀ ਜਾਂ ਗਲੀ ਹੋਈ



*ਖਿਡੌਣਾ ਚੱਕੀ ਜੋ ਅੱਜ ਕੱਲ੍ਹ ਪੰਜਾਬੀ ਪਰਿਵਾਰਾਂ ਦੇ ਘਰਾਂ ਅੰਦਰ ਸਜਾਵਟੀ ਵਸਤ ਵਜੋਂ ਰੱਖੀ ਜਾਂਦੀ ਹੈ।*

ਪਲੋਂ ਰਲਾ ਕੇ ਉਸ ਵਿਚ ਪਾਣੀ ਪਾ ਕੇ ਕਈ ਵਾਰ ਮਿੱਧ (ਗੁੰਨ੍ਹ) ਕੇ ਮੁਲਾਇਮ ਅਤੇ ਇਕਸਾਰ ਬਣਾ ਲਿਆ ਜਾਂਦਾ ਹੈ। ਫਿਰ ਗੋਲ ਤਲਾ ਜਿਸ ਨੂੰ ਚਾਪੜੀ ਵੀ ਕਿਹਾ ਜਾਂਦਾ ਹੈ, ਨੂੰ ਪੱਥ ਲਿਆ ਜਾਂਦਾ ਹੈ। ਇਸ ਥੱਲੇ ਤਿੰਨ ਪੈਰ ਵੀ ਲਾਏ ਜਾਂਦੇ ਹਨ। ਇਸ ਉੱਪਰ ਹੀ ਚੱਕੀ ਦਾ ਹੇਠਲਾ ਪੁੜ ਚੰਗੀ ਤਰ੍ਹਾਂ ਫਿੱਟ ਕੀਤਾ ਹੁੰਦਾ ਹੈ। ਗੰਡ ਦੇ ਉਦਾਲੇ ਪੰਜ ਕੁ ਉਂਗਲਾਂ ਉੱਚਾ ਘੇਰਾ, ਕਿਨਾਰੀ ਬਣਾਈ ਜਾਂਦੀ ਹੈ। ਇਸ ਨੂੰ ਮਾਤ ਆਖਦੇ ਹਨ। ਇਸ ਦੇ ਇੱਕ ਪਾਸੇ ਆਟਾ ਕੱਢਣ ਲਈ ਮੂੰਹ ਰੱਖਿਆ ਜਾਂਦਾ ਹੈ। ਹੱਥੇ ਨੂੰ ਫੜ ਕੇ ਉੱਪਰਲੇ ਪੱਥਰ ਨੂੰ ਗੇੜਿਆ ਜਾਂਦਾ ਹੈ। ਦੂਜੇ ਹੱਥ ਨਾਲ ਮੁੱਠੀ ਭਰ ਕੇ ਅਨਾਜ ਮਾਨੀ ਦੇ ਨਾਲ ਪਾਇਆ ਜਾਂਦਾ ਹੈ। ਇਸ ਤਰ੍ਹਾਂ ਆਟਾ ਪੀਹਣ ਦੀ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ। ਆਟਾ ਇਕੱਠਾ ਹੋਣ 'ਤੇ ਸਾਫ਼ ਸੁਥਰੇ ਕੱਪੜੇ ਨਾਲ ਬਾਹਰ ਕੱਢ ਲਿਆ ਜਾਂਦਾ ਹੈ, ਇਸ ਨੂੰ ਪਰੋਲਾ ਕਿਹਾ ਜਾਂਦਾ ਹੈ। ਇਹ ਪਰੋਲਾ ਗੰਡ ਨੂੰ ਸਾਫ਼ ਕਰਨ ਲਈ ਵੀ ਵਰਤਿਆ ਜਾਂਦਾ ਹੈ। ਚੱਕੀ ਦੇ ਦੋਹਾਂ ਪੁੜਾਂ ਨੂੰ ਪਹਿਲਾਂ ਬੜੀ ਤਕਨੀਕ ਨਾਲ ਇਸ ਕਲਾ ਦਾ ਮਾਹਰ ਕਾਰੀਗਰ ਇੱਕ ਖਾਸ ਕਿਸਮ ਦੀ ਛੈਣੀ ਨਾਲ ਟੱਕ ਦੇ ਕੇ ਅਨਾਜ ਪੀਹਣ ਲਈ ਤਿਆਰ ਕਰਦਾ ਹੈ। ਇਸ ਨੂੰ ਚੱਕੀ ਰਾਹੁਣਾ ਕਿਹਾ ਜਾਂਦਾ ਹੈ। ਇਸ ਕੰਮ ਵਿਚ ਮੁਹਾਰਤ ਰੱਖਣ ਵਾਲੇ ਕਾਰੀਗਰ ਨੂੰ ਚੱਕੀ ਰਾਹ ਕਿਹਾ ਜਾਂਦਾ ਹੈ।

ਹਰ ਘਰ ਦੀ ਲੋੜ ਰਹੀ ਚੱਕੀ ਜਿਸ ਦੀ ਬਰਕਤ ਨਾਲ ਪਰਿਵਾਰ ਦਾ ਪੇਟ ਭਰਦਾ ਸੀ, ਫਿਰ ਇਹ ਚੱਕੀ ਸਾਡੇ ਲੋਕ ਸਾਹਿਤ ਦੀ ਰੰਗਤ ਤੋਂ ਕਿਵੇਂ ਵਾਂਝੀ ਰਹਿ ਸਕਦੀ ਹੈ। ਸਾਡੀਆਂ ਮਾਵਾਂ ਭੈਣਾਂ ਨੇ ਇਸ ਨੂੰ ਲੈ ਕੇ ਬੜੇ ਸੋਹਣੇ ਲੋਕ ਗੀਤਾਂ ਦੀ ਰਚਨਾ ਕੀਤੀ ਹੈ। ਕਿਤੇ ਇਹ ਸੱਸ ਮਾਂ ਨਾਲ ਬਣਾ ਕੇ ਰੱਖਣ ਦੀ ਗੱਲ ਕਰਦੇ ਹਨ। ਕਿਤੇ ਸਹੁਰੇ ਘਰ ਚੱਕੀ ਪੀਸਣ ਦੇ ਔਖਾ ਕੰਮ ਕਰਨ ਵੇਲੇ ਮਾਪਿਆਂ ਵੱਲੋਂ ਲਡਾਏ ਗਏ ਲਾਡ ਦੀ ਬਾਤ ਪਾਉਂਦੇ ਹਨ। ਕਦੇ ਭੈਣ ਭਰਾ ਦੇ ਆਪਸੀ ਹਾਸੇ-ਠੱਠੇ ਨੂੰ ਬਿਆਨ ਕਰਦੇ ਹਨ:

*ਜੇ ਮੈਂ ਜਾਣਦੀ ਚੱਕੀ ਦੇ ਪੁੜ ਭਾਰੀ
ਸੱਸ ਨਾਲ ਬਣਾ ਕੇ ਰੱਖਦੀ।

*ਮਾਪਿਆਂ ਨੇ ਮੈਂ ਰੱਖੀ ਲਾਡਲੀ ਸਹੁਰਿਆਂ ਪਿਹਾਈ ਚੱਕੀ
ਮਾਂ ਦੀਏ ਲਾਡਲੀਏ ਨੌਂ ਵਲ਼ ਪੈਂਦੇ ਵੱਖੀ।
ਆਪ ਸੱਸ ਪਲੰਘੇ ਲੇਟਦੀ,
ਸਾਨੂੰ ਮਾਰਦੀ ਚੱਕੀ ਦੇ ਵੱਲ ਸੈਨਤਾਂ।

*ਔਖਾ ਹੋਵੇਗਾ ਵੀਰਾ, ਭਾਬੋ ਲਾਡਲੀ ਰੱਖੀ।
ਕੋਈ ਗੱਲ ਨੀਂ ਭੈਣੇ, ਭਾਰੀ ਲੈ ਦੂੰਗਾ ਚੱਕੀ।

ਚੱਕੀ ਪੀਹਣ ਦਾ ਕੰਮ ਔਰਤਾਂ ਦੇ ਹਿੱਸੇ ਹੋਣ ਕਰਕੇ ਇਸ ਨਾਲ ਕਈ ਰਸਮਾਂ ਵੀ ਜੁੜੀਆਂ ਹੋਈਆਂ ਹਨ। ਵਿਆਹ ਤੋਂ ਸੱਤ, ਨੌਂ ਜਾਂ ਗਿਆਰਾਂ ਦਿਨ ਪਹਿਲਾਂ ਚੱਕੀਆਂ ਲਾਉਣ ਦੀ ਰਸਮ ਕੀਤੀ ਜਾਂਦੀ ਸੀ। ਇਹ ਰਸਮ ਵਿਆਹ ਦਾ ਇੱਕ ਤਰ੍ਹਾਂ ਦੀ ਸ਼ੁਰੂਆਤ ਹੁੰਦੀ ਸੀ। ਗਲੀ, ਗੁਆਂਢ ਤੇ ਸ਼ਰੀਕੇ ਦੇ ਘਰਾਂ 'ਚੋਂ ਸੱਤ ਸੁਹਾਗਣਾਂ ਸੱਦ ਕੇ ਸੱਤਾਂ ਤੋਂ ਹੀ ਚੱਕੀ ਵਿਚ ਗਾਲਾ ਪੁਆਇਆ ਜਾਂਦਾ ਸੀ। ਨਾਲ-ਨਾਲ ਸਮੇਂ ਦਾ ਗੀਤ ਗਾਇਆ ਜਾਂਦਾ ਸੀ:

ਸੱਤ ਸੁਹਾਗਣਾਂ, ਸੱਤ ਗਾਲੇ, ਚੱਕੀ ਹੱਥ ਲੁਆ।
ਕਿੱਥੋਂ ਲਿਆਂਦੀ ਚੱਕੀ ਨੀਂ ਰਾਣੀਏ, ਕਿੱਥੋਂ ਲਿਆਂਦਾ ਹੱਥਾ।
ਧੁਰ ਲਹੌਰੋਂ ਚੱਕੀ ਲਿਆਂਦੀ,
ਪਟਿਆਲਿਓ ਲਿਆਂਦਾ ਹੱਥਾ।

ਇਸ ਰਸਮ ਨਾਲ ਆਮ ਤੌਰ 'ਤੇ ਮਾਂਹ ਦੀ ਦਾਲ ਚੁਣੀ ਜਾਂਦੀ ਸੀ। ਜਿਸ ਨੂੰ ਪਹਿਲਾਂ ਸੱਤ ਜਣੀਆਂ ਉੱਖਲੀ ਵਿਚ ਪਾ ਕੇ ਛੁਲਕਦੀਆਂ ਤੇ ਫਿਰ ਛੱਜ ਨਾਲ ਛੱਟਦੀਆਂ ਸਨ। ਮਾਂਹ ਦੀ ਦਾਲ ਦੀਆਂ ਵੜੀਆਂ ਟੁੱਕਦੀਆਂ ਸਨ। ਪਹਿਲੀ ਵੜੀ ਵਿਚ ਥੋੜ੍ਹੀ ਜਿਹੀ ਦੱਭ ਤੇ ਖੰਮਣੀ ਪਾ ਦਿੰਦੀਆਂ ਸਨ। ਇਸ ਨੂੰ ਸ਼ੁਭ ਸ਼ਗਨ ਮੰਨਿਆ ਜਾਂਦਾ ਸੀ। ਹੁਣ ਤਾਂ ਤੇਜ਼ ਰਫ਼ਤਾਰ ਨਾਲ ਭੱਜ ਰਹੀ ਜ਼ਿੰਦਗੀ ਵਿਚੋਂ ਇਹ ਰਸਮ ਲਗਭਗ ਖ਼ਤਮ ਹੀ ਹੋ ਚੁੱਕੀ ਹੈ।

ਇਸ ਸਮੇਂ ਇਕਸੁਰ ਵਿਚ ਰਲ਼ ਕੇ ਔਰਤਾਂ ਇਹ ਗੀਤ ਵੀ ਛੋਹ ਲੈਂਦੀਆਂ :

ਉੱਪਰ ਤਾਂ ਵਾੜੇ ਤੈਨੂੰ ਸੱਦ ਹੋਈ ਸਾਲੂ ਵਾਲਿਆ ਵੇ,
ਆ ਕੇ ਚੱਕੀਆਂ ਹੱਥ ਤਾਂ ਲਵਾ ਕਿ
ਦਿਲਾਂ ਵਿਚ ਵੱਸ ਰਹੀਏ,
ਚੀਰੇ ਵਾਲਿਆ ਵੇ...
ਚੱਕੀਆਂ ਲੁਆਵਣ ਮੇਰੀਆਂ ਤਾਈਆਂ ਤੇ ਚਾਚੀਆਂ,
ਜਿਨ੍ਹਾਂ ਦੇ ਮਨ ਵਿਚ ਚਾਅ...
ਕਿ ਦਿਲਾਂ ਵਿਚ ਵੱਸ ਰਹੀਏ।

ਇਸੇ ਤਰ੍ਹਾਂ ਬੱਚੇ ਚੱਕੀ ਦਾ ਨਾਂ ਲੈ ਕੇ ਖੇਡਦੇ ਹੋਏ ਕਹਿੰਦੇ:

ਘੁੰਮ ਘੁੰਮ ਚੱਕੀਏ ਪਰੋਲਾ ਕਿੱਥੇ ਰੱਖੀਏ।

ਰਾਤ ਨੂੰ ਪਾਈਆਂ ਜਾਂਦੀਆਂ ਬੁਝਾਰਤਾਂ ਵਿਚ ਵੀ ਹੱਥ ਚੱਕੀ ਨੇ ਆਪਣੀ ਹਾਜ਼ਰੀ ਲਵਾਈ ਹੈ:

ਨਿੱਕੀ ਜਿਹੀ ਛੋਕਰੀ ਜੋ ਫਿਰਦੀ ਰਹਿੰਦੀ
ਮਣਾਂ ਮੂੰਹੀ ਖਾਂਦੀ ਪਰ ਕਿਰਦੀ ਰਹਿੰਦੀ।
ਥੜ੍ਹੇ ਤੇ ਥੜ੍ਹਾ ਇੱਕ ਚੱਲਦਾ ਇੱਕ ਖੜ੍ਹਾ।

ਸਮਾਂ ਬਦਲ ਗਿਆ ਹੈ। ਚੱਕੀ, ਹਾਰੇ, ਕੂੰਡੇ ਘੋਟੇ, ਛੱਜ, ਛਾਣਨੇ ਆਦਿ ਬਹੁਤ ਸਾਰੀਆਂ ਵਸਤਾਂ ਸਾਡੀ ਜੀਵਨਸ਼ੈਲੀ ਵਿਚੋਂ ਖ਼ਤਮ ਹੋ ਗਈਆਂ ਹਨ। ਨਾ ਹੀ ਬੀਤ ਚੁੱਕੇ ਨੂੰ ਵਾਪਸ ਲਿਆਂਦਾ ਜਾ ਸਕਦਾ ਹੈ। ਜਿਉਂ ਜਿਉਂ ਸਰੀਰਕ ਮਿਹਨਤ ਨਾਲ ਕਰਨ ਵਾਲੇ ਕੰਮਾਂ ਦੀ ਥਾਂ ਮਸ਼ੀਨਾਂ ਲੈ ਰਹੀਆਂ ਹਨ। ਤਿਉਂ ਤਿਉਂ ਬਿਮਾਰੀਆਂ ਵੀ ਵਧ ਰਹੀਆਂ ਹਨ। ਵਿਰਸੇ ਨੂੰ ਸੰਭਾਲਣਾ ਅਤੇ ਇਸ ਤੋਂ ਨਵੀਂ ਪੀੜ੍ਹੀ ਨੂੰ ਜਾਣੂ ਕਰਵਾਉਂਦੇ ਰਹਿਣਾ ਸਾਡਾ ਫਰਜ਼ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 22 ਜੁਲਾਈ 2023 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-595



*ਘਰ ਦੇ ਭਾਗ ਡਿਓੜੀਓਂ ਦਿਸਦੇ, ਇਹ ਲੋਕ ਸਿਆਣੇ ਕਹਿੰਦੇ ਨੇ,*
*ਮੰਦਹਾਲੀ ਭੰਨੇ ਕਾਮੇ ਦੇ ਘਰ ਤਾਂ, ਹਮੇਸ਼ਾਂ ਤੋਤੇ ਉੱਡੇ ਹੀ ਰਹਿੰਦੇ ਨੇ।*
*ਬੂਹੇ ਖੜ੍ਹੀ ਹੈ ਵਿਆਹਵਣ ਯੋਗੀ, ਡੁੱਬੇ ਚਿੰਤਾ 'ਚ ਮਾਪੇ ਰਹਿੰਦੇ ਨੇ,*
*ਜਦੋਂ ਸ਼ਾਹੂਕਾਰ ਪਏ ਮੌਜਾਂ ਲੁੱਟਦੇ, ਇਹ ਰੱਬ ਦੀ ਮਾਰ ਸਹਿੰਦੇ ਨੇ।*

## ਕੈਪਸ਼ਨ ਮੁਕਾਬਲਾ-593



ਜਿਨ੍ਹਾਂ ਹੱਥਾਂ ਨੇ ਪਾਲ਼ ਪੋਸ ਕੇ,
ਠੰਢੀ ਠੰਢੀ ਦਿੱਤੀ ਹੈ ਛਾਂ,
ਅੱਜ ਬੇਵੱਸ ਲਾਚਾਰ ਪਈ ਹੈ,
ਆਖਰੀ ਸਾਹਾਂ 'ਤੇ ਹੈ ਮਾਂ।
ਆਪਣਾ ਫਰਜ਼ ਨਿਭਾਉਂਦਾ ਹੈ,
ਭਾਵੇਂ ਖੁਦ ਉਹ ਆਰੀ ਹੈ,
ਫਿਰ ਭੀ ਜਨਮ ਦਾਤੀ ਉਹਦੀ,
ਜੱਗ ਤੋਂ ਮਾਂ ਪਿਆਰੀ ਹੈ।
***- ਸੇਵਾ ਸਿੰਘ ਨੂਰਪੁਰੀ***

---

ਕੀ ਹੋਇਆ ਜੇ ਹੱਥ ਨਹੀਂ ਤਾਂ
ਜਾਨ ਹਾਲੇ ਤੱਕ ਬਾਕੀ ਹੈ।
ਮਾਂ ਨਾਲ ਪੁੱਤ ਦੇ ਰਿਸ਼ਤੇ ਵਾਲੀ
ਸ਼ਾਨ ਹਾਲੇ ਤੱਕ ਬਾਕੀ ਹੈ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਮਾਂ ਤੇ ਪੁੱਤ ਦੋਨੋਂ ਲਾਚਾਰੀ
ਫਿਰ ਵੀ ਹਿੰਮਤ ਨ੍ਹੀਂ ਹਾਰੀ।
ਪੁੱਤ ਹੋਵੇ ਤਾਂ ਜੱਗ 'ਤੇ ਐਸਾ ਹੋਵੇ
ਬੁਢੇਪੇ ਵਿਚ ਮਾਂ ਦਾ ਆਗਆਕਾਰੀ।
ਆਪਾਤ ਸਥਿਤੀ ਵਿਚ
ਰੱਬ ਰੱਬ ਵੀ ਬਹੁੜਦਾ
ਖਾਣੇ ਦੀ ਵਿਵਸਥਾ ਰਹਿੰਦੀ ਜਾਰੀ।
ਮਾਂ ਦੀਆਂ ਦੁਆਵਾਂ ਜੁਗ ਜੁਗ ਜੀਵੇਂ
ਤੇਰੀ ਜੂਨ ਜਾਵੇ ਸੁਧਾਰੀ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ ਪਟਿਆਲਾ***
***ਫੋਨ: 98784-69639***

---

ਲੋੜ ਈਜਾਦ ਦੀ ਮਾਂ ਹੈ
ਮੁਸ਼ਕਲ ਦਾ ਹੱਲ,
ਵਸੀਲਾ ਲੱਭ ਹੀ ਪੈਂਦਾ ਹੈ।
ਅੰਗਾਂ ਤੋਂ ਨਕਾਰਾ ਟੁੰਡਾ ਹੈ।
ਪਰ ਮਗਜ ਖਾਲੀ ਨਹੀਂ।
ਇਕ ਅਪਾਹਜ,
ਦੂਜਾ ਜਣਾ ਬੁਢੇਰੀ ਉਮਰ
ਘੁੱਟ ਚਮਚਾ, ਦੋਹਾਂ ਆਰੀ ਬਾਹਾਂ 'ਚ
ਭਰ ਭਰ ਮਾਂ ਦੇ ਮੂੰਹ 'ਚ ਹੈ ਪਾਉਂਦਾ
ਕਰ ਤਰਲੇ ਫਰਜ਼ ਨਿਭਾ ਰਿਹਾ
ਪੁੱਤ ਦਾ ਪਿਆਰ
ਮਾਂ ਹੈ ਫਿਰ ਵੀ।
***-ਦਰਸ਼ਨ ਪਾਲ ਦੋਸਾਂਝ।***

---

ਅਪਾਹਜ ਉਹ ਨਹੀਂ ਹੁੰਦੇ,
ਜੋ ਅੰਗਹੀਣ ਨੇ।
ਸਗੋਂ ਉਹ ਹੁੰਦੇ ਨੇ
ਜੋ ਦਿਮਾਗ ਦੇ ਮਰੀਜ਼ ਨੇ।
ਰਿਸ਼ਤਿਆਂ ਦਾ ਨਿੱਘਾ
ਅੰਗਾਂ ਦਾ ਮੁਹਤਾਜ਼ ਨਹੀਂ
ਮਾਂ ਦੇ ਪਿਆਰ ਜਿਹਾ
ਹੋਰ ਕੋਈ ਸਿਰਤਾਜ ਨਹੀਂ।
ਰੱਬ ਦੀ ਰਜ਼ਾ ਵਿਚ ਰਹਿ ਕੇ
ਬਸਰ ਹੁੰਦਾ ਜਿਨ੍ਹਾਂ ਦਾ
ਵਿਕਸਿਤ ਦੇਸ਼ਾਂ ਵਿਚ
ਖਾਸ ਰੁਤਬਾ ਇਨ੍ਹਾਂ ਦਾ।
***-ਹਰਜੋਤ ਕੌਰ ਮਹੇਸ਼ਪੁਰਾ***
***ਫੋਨ: 734-883-6704***

*To Advertise with Punjab Times Call:*
*847-359-0746*
*ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:*
*ਫੋਨ: 847-359-0746*

# ਆਪਣੀ ਹੋਂਦ ਲਈ ਜੂਝ ਰਿਹਾ ਫ਼ਲਸਤੀਨ

ਫ਼ਲਸਤੀਨ ਇਸ ਵੇਲੇ ਸ਼ਾਇਦ ਧਰਤੀ ਦਾ ਸਭ ਤੋਂ ਅਸੁਰੱਖਿਅਤ ਹਿੱਸਾ ਹੈ। ਇਜ਼ਰਾਇਲੀ ਰਾਕਟ ਕਿਸੇ ਵੇਲੇ ਵੀ ਹਵਾ 'ਚੋਂ ਆਪਣੇ ਖੰਭ ਖਿਲਾਰੀ ਇਸ ਧਰਤੀ 'ਤੇ ਆ ਉੱਤਰਦੇ ਹਨ ਤੇ ਲਹੂ ਨਾਲ਼ ਲੱਥ-ਪੱਥ ਲੋਥਾਂ, ਦਰਦ ਨਾਲ਼ ਤੜਫਦੇ ਜ਼ਖਮੀ ਤੇ ਤਬਾਹੀ ਫੈਲਾਅ ਜਾਂਦੇ ਹਨ। 11 ਮਈ ਨੂੰ ਇਜ਼ਰਾਈਲ ਨੇ ਫ਼ਲਸਤੀਨ ਉੱਪਰ ਫਿਰ ਹਵਾਈ ਹਮਲਾ ਕੀਤਾ ਜਿਸ 'ਚ 29 ਫ਼ਲਸਤੀਨੀ ਨਾਗਰਿਕ ਮਾਰੇ ਗਏ, 90 ਦੇ ਕਰੀਬ ਜ਼ਖਮੀ ਹੋ ਗਏ ਜਿਨ੍ਹਾਂ ਵਿਚੋਂ ਜ਼ਿਆਦਾਤਰ ਔਰਤਾਂ ਤੇ ਬੱਚੇ ਸਨ। ਇਹ ਸਿਲਸਿਲਾ ਪਿਛਲੇ 75 ਸਾਲਾਂ ਤੋਂ ਚਲ ਰਿਹਾ ਹੈ।

15 ਮਈ ਦੇ ਦਿਨ ਨੂੰ ਫ਼ਲਸਤੀਨ ਅਲ-ਨਕਬਾ ਦੇ ਨਾਮ ਨਾਲ਼ ਯਾਦ ਕਰਦੇ ਹਨ। ਨਕਬਾ

**ਗੁਰਪ੍ਰੀਤ**
ਫੋਨ: +91-98887-89421

ਦਾ ਭਾਵ ਹੈ ਤਬਾਹੀ। 15 ਮਈ 1948 ਨੂੰ ਫਸਲਤੀਨੀਆਂ ਦਾ ਵੱਡੇ ਪੱਧਰ 'ਤੇ ਕਤਲੇਆਮ ਕਰ ਕੇ ਉਹਨਾਂ ਨੂੰ ਘਰੋਂ ਉਜਾੜਿਆ ਗਿਆ ਤੇ ਉਹਨਾਂ ਉੱਪਰ ਜੰਗ ਥੋਪ ਦਿੱਤੀ ਗਈ। ਇਹ ਜੰਗ ਅੱਜ 75 ਸਾਲ ਬਾਅਦ ਵੀ ਜਾਰੀ ਹੈ। ਇਹ ਸਭ ਦੂਜੀ ਸੰਸਾਰ ਜੰਗ ਤੋਂ ਬਾਅਦ ਯਹੂਦੀਆਂ ਨੂੰ ਮੁੜ ਵਸਾਉਣ ਦੇ ਨਾਮ ਉੱਪਰ ਸਾਮਰਾਜੀਆਂ ਦਾ ਘਿਨਾਉਣਾ ਕਾਰਾ ਸੀ।

ਦੂਜੀ ਸੰਸਾਰ ਜੰਗ ਵੇਲੇ ਵੱਖ ਵੱਖ ਮੁਲਕਾਂ ਦੇ ਯਹੂਦੀ ਜਰਮਨ ਨਾਜ਼ੀਆਂ ਹੱਥੋਂ ਵੱਡੇ ਪੱਧਰ 'ਤੇ ਕਤਲੇਆਮ ਅਤੇ ਉਜਾੜੇ ਦੇ ਸ਼ਿਕਾਰ ਹੋਏ। ਸੰਸਾਰ ਜੰਗ ਮੁੱਕਣ ਤੋਂ ਬਾਅਦ ਸਾਮਰਾਜੀਆਂ ਨੇ ਇਹਨਾਂ ਨੂੰ ਆਪਣੇ ਜੱਦੀ ਇਲਾਕਿਆਂ 'ਚ ਜਾਂ ਵੱਖ ਵੱਖ ਸਾਮਰਾਜੀ ਜਾਂ ਯੂਰੋਪੀਅਨ ਮੁਲਕਾਂ 'ਚ ਵਸਾਉਣ ਦੀ ਥਾਂ ਫ਼ਲਸਤੀਨ ਦੇ ਉਜਾੜੇ ਦਾ ਮਨਸੂਬਾ ਘੜਿਆ। ਫ਼ਲਸਤੀਨ ਦੀ ਰਾਜਧਾਨੀ ਯੋਰੋਸ਼ਲਮ ਯਹੂਦੀਆਂ ਲਈ ਧਾਰਮਿਕ ਮਹੱਤਵ ਰੱਖਦੀ ਹੈ। ਇਸੇ ਨੂੰ ਆਧਾਰ ਬਣਾ ਕੇ ਸਾਮਰਾਜੀਆਂ ਨੇ ਵੱਖ ਵੱਖ ਮੁਲਕਾਂ ਤੋਂ ਉੱਜੜੇ ਯਹੂਦੀਆਂ ਨੂੰ ਅਰਬ ਮੁਲਕ ਫ਼ਲਸਤੀਨ ਵਿਚ ਲਿਆ ਕੇ ਇਜ਼ਰਾਈਲ ਦੀ ਸਥਾਪਨਾ ਕੀਤੀ। ਅਸਲ ਵਿਚ ਇਸ ਇਲਾਕੇ ਵਿਚ ਯਹੂਦੀ ਜ਼ਿਓਨਿਸਟ (ਯਹੂਦੀ ਕੱਟੜਪੰਥੀ) ਪਹਿਲਾਂ ਤੋਂ ਹੀ ਸਰਗਰਮ ਸਨ। ਪਹਿਲੀ ਸੰਸਾਰ ਜੰਗ ਵਿਚ ਓਟੋਮਨ ਸਾਮਰਾਜ ਢਹਿ-ਢੇਰੀ ਹੋਣ ਤੋਂ ਬਾਅਦ ਫ਼ਲਸਤੀਨ ਦਾ ਇਲਾਕਾ ਇੰਗਲੈਂਡ ਦੇ ਕਬਜ਼ੇ ਵਿਚ ਆ ਗਿਆ ਤੇ ਉਹਨਾਂ ਨੇ ਆਪਣੇ ਹਿੱਤਾਂ ਲਈ ਇੱਥੇ ਯਹੂਦੀ ਜ਼ਿਓਨਿਸਟਾਂ ਨੂੰ ਹੱਲਾਸ਼ੇਰੀ ਦੇਣੀ ਸ਼ੁਰੂ ਕਰ ਦਿੱਤੀ। ਦੂਜੀ ਸੰਸਾਰ ਜੰਗ ਖਤਮ ਹੋਣ ਤੋਂ ਬਾਅਦ ਬਰਤਾਨੀਆ ਤੇ ਫਰਾਂਸ ਵਰਗੇ ਸਾਮਰਾਜੀ ਮੁਲਕ ਕਮਜ਼ੋਰ ਹੋ ਚੁੱਕੇ ਸਨ ਤੇ ਉਹਨਾਂ ਲਈ ਅਰਬ ਉੱਪਰ ਕਬਜ਼ਾ ਰੱਖਣਾ ਸੰਭਵ ਨਹੀਂ ਸੀ ਰਿਹਾ। ਇਸ ਕਰ ਕੇ ਇਸ ਖਿੱਤੇ ਵਿਚ ਆਪਣੇ ਫੌਜੀ ਅੱਡੇ ਦੇ ਰੂਪ ਵਿਚ ਸਾਮਰਾਜੀਆਂ ਨੇ ਇਜ਼ਰਾਈਲ ਵਸਾਇਆ। ਸਾਮਰਾਜੀ ਸੰਸਥਾ ਸੰਯੁਕਤ ਰਾਸ਼ਟਰ ਨੇ ਫ਼ਲਸਤੀਨ ਨੂੰ ਵੰਡ ਕੇ ਦੋ ਦੇਸ਼ (ਫ਼ਲਸਤੀਨ ਤੇ ਇਜ਼ਰਾਈਲ) ਵਸਾਉਣ ਦੀ ਯੋਜਨਾ ਬਣਾਈ ਜਿਸ ਨੂੰ ਅਰਬ ਮੁਲਕਾਂ ਨੇ ਨਾ-ਮਨਜ਼ੂਰ ਕਰ ਦਿੱਤਾ। ਫਿਰ ਵੀ ਧੱਕੇ ਨਾਲ ਇਸ ਯੋਜਨਾ ਨੂੰ ਅਮਲੀ ਰੂਪ ਦਿੱਤਾ ਗਿਆ ਤੇ ਦੂਜੀ ਸੰਸਾਰ ਜੰਗ ਤੋਂ ਬਾਅਦ ਮੁੱਖ ਤਾਕਤ ਬਣਿਆ ਅਮਰੀਕਾ ਇਸ ਕੰਮ ਵਿਚ ਮੋਹਰੀ ਸੀ।



1948 ਵਿਚ ਜਦੋਂ ਸੰਯੁਕਤ ਰਾਸ਼ਟਰ ਦੀ ਯੋਜਨਾ ਤਹਿਤ ਇਜ਼ਰਾਈਲ ਵਸਾਇਆ ਗਿਆ ਤਾਂ ਫ਼ਲਸਤੀਨ ਦੇ ਤੈਅ ਕੀਤੇ ਇਲਾਕੇ ਨਾਲੋਂ ਕਿਤੇ ਵੱਡੇ ਇਲਾਕੇ ਉੱਪਰ ਕਬਜ਼ਾ ਕਰ ਲਿਆ ਗਿਆ ਤੇ ਫ਼ਲਸਤੀਨੀ ਲੋਕਾਂ ਉੱਪਰ ਜੰਗ ਥੋਪ ਦਿੱਤੀ ਗਈ। ਕਰੀਬ 530 ਪਿੰਡ ਤਬਾਹ ਕੀਤੇ ਗਏ ਅਤੇ 15,000 ਫ਼ਲਸਤੀਨੀ ਮਾਰੇ ਗਏ, ਕਰੀਬ 7.5 ਲੱਖ ਫ਼ਲਸਤੀਨੀਆਂ ਨੂੰ ਉੱਜੜਨਾ ਪਿਆ। 75 ਸਾਲਾਂ ਵਿਚ ਇਜ਼ਾਰਾਈਲ ਨੇ ਜਬਰੀ ਆਪਣਾ ਪਸਾਰ ਕਰਦੇ ਹੋਏ ਫ਼ਲਸਤੀਨ ਨੂੰ ਦੋ ਬਹੁਤ ਹੀ ਛੋਟੇ ਅੱਡਰੇ ਇਲਾਕਿਆਂ (ਗਾਜ਼ਾ ਪੱਟੀ ਤੇ ਪੱਛਮੀ ਕੰਢਾ) ਵਿਚ ਸੀਮਤ ਕਰ ਦਿੱਤਾ ਹੈ। ਇਜ਼ਰਾਈਲ ਤੇ ਉਸ ਦੀ ਪਿੱਠ 'ਤੇ ਖੜ੍ਹੇ ਸਾਮਰਾਜੀ ਫ਼ਲਸਤੀਨ ਦਾ ਪੂਰੀ ਤਰ੍ਹਾਂ ਖੋਜ-ਖੁਰਾ ਮਿਟਾ ਦੇਣ ਲਈ ਬਜਿੱਦ ਹਨ ਪਰ ਫ਼ਲਸਤੀਨੀ ਆਖ਼ਰੀ ਬਾਸ਼ਿੰਦੇ ਦੇ ਬਚੇ ਰਹਿਣ ਤੱਕ ਆਪਣੀ ਹੋਂਦ ਦੀ ਲੜਾਈ ਲੜ ਰਹੇ ਹਨ।

1967 ਵਿਚ ਇਜ਼ਰਾਈਲ ਨੇ ਕੌਮਾਂਤਰੀ ਨੇਮਾਂ/ਕਾਨੂੰਨਾਂ ਨੂੰ ਛਿੱਕੇ ਟੰਗ ਕੇ ਪੱਛਮੀ ਕੰਢੇ ਅਤੇ ਗਾਜ਼ਾ ਪੱਟੀ ਵਿਚ ਆਪਣੀ ਫ਼ੌਜ ਤਾਇਨਾਤ ਕਰ ਦਿੱਤੀ ਤੇ ਫ਼ਲਸਤੀਨ ਨੂੰ ਆਪਣੀ ਬਸਤੀ ਵਿਚ ਬਦਲ ਦਿੱਤਾ। ਫ਼ਲਸਤੀਨੀਆਂ ਨੂੰ ਜਬਰੀ ਉਜਾੜ ਕੇ ਯਹੂਦੀਆਂ ਦੀਆਂ ਬਸਤੀਆਂ ਵਸਾਉਣੀਆਂ ਸ਼ੁਰੂ ਕਰ ਦਿੱਤੀਆਂ। ਫ਼ਲਸਤੀਨ ਮੁਕਤੀ ਜਥੇਬੰਦੀ (ਪੀ.ਐਲ.ਓ.) ਦੀ ਅਗਵਾਈ ਥੱਲੇ ਫ਼ਲਸਤੀਨੀਆਂ ਨੇ ਆਜ਼ਾਦੀ ਲਈ ਸੰਘਰਸ਼ ਜਾਰੀ ਰੱਖਿਆ। ਦੂਜੇ ਪਾਸੇ, ਅਰਬ ਮੁਲਕਾਂ ਵਿਚੋਂ ਇੱਕ ਤੋਂ ਬਾਅਦ ਇੱਕ ਮੁਲਕ ਦੀ ਹਕੂਮਤ ਅਮਰੀਕੀ ਸਾਮਰਾਜ ਅੱਗੇ ਗੋਡੇ ਟੇਕਦੀ ਗਈ ਅਤੇ ਫ਼ਲਸਤੀਨ ਦੇ ਲੋਕਾਂ ਦਾ ਸਾਥ ਛੱਡਦੀ ਗਈ ਭਾਵੇਂ ਵਿਆਪਕ ਅਰਬ ਆਬਾਦੀ ਅੱਜ ਵੀ ਫ਼ਲਸਤੀਨ ਪੱਖੀ ਹੈ। ਸਮੇਂ ਨਾਲ ਫ਼ਲਸਤੀਨ ਮੁਕਤੀ ਜਥੇਬੰਦੀ (ਪੀ.ਐਲ.ਓ.) ਦਾ ਰੁਖ ਸਮਝੌਤਾਵਾਦੀ ਹੋ ਗਿਆ ਅਤੇ ਵਧੇਰੇ ਰੈਡੀਕਲ ਜਥੇਬੰਦੀਆਂ ਕਾਇਮ ਹੋਣ ਲੱਗੀਆਂ। ਹਮਾਸ ਇਨ੍ਹਾਂ ਵਿਚੋਂ ਇੱਕ ਹੈ ਜੋ ਵਿਚਾਰਧਾਰਾ ਪੱਖੋਂ ਇਸਲਾਮੀ ਕੱਟੜਪੰਥੀ ਜਥੇਬੰਦੀ ਹੈ ਪਰ ਆਪਣੇ ਲੜਾਕੂਪੁਣੇ ਤੇ ਜਨਤਕ ਸੇਵਾਵਾਂ ਦੇ ਤਾਣੇ-ਬਾਣੇ ਨਾਲ ਇਸ ਨੇ ਲੋਕਾਂ ਦੀ ਕਾਫੀ ਹਮਾਇਤ ਹਾਸਲ ਕੀਤੀ ਹੈ। ਇਸੇ ਦੌਰਾਨ 1988 ਵਿਚ ਪਹਿਲੀ 'ਇੰਤਿਫਦਾ' (ਬਗਾਵਤ) ਲਹਿਰ ਸ਼ੁਰੂ ਹੋਈ ਜਿਸ ਦੇ ਨਤੀਜੇ ਵਜੋਂ 1993 ਵਿਚ 'ਓਸਲੋ ਐਲਾਨਨਾਮਾ' ਹੋਇਆ। ਇਸ ਐਲਾਨਨਾਮੇ ਦੇ ਸਿੱਟੇ ਵਜੋਂ ਫ਼ਲਸਤੀਨੀਆਂ ਨੂੰ ਸੀਮਤ ਹੱਕ ਮਿਲੇ ਅਤੇ ਕੁਝ ਹੱਦ ਤੱਕ ਆਪਣੀ ਸਰਕਾਰ ਦਾ ਹੱਕ ਵੀ ਹਾਸਲ ਹੋਇਆ ਪਰ ਨਾ ਤਾਂ ਫ਼ਲਸਤੀਨ ਨੂੰ ਦੇਸ਼ ਦੇ ਰੂਪ ਵਿਚ ਮਾਨਤਾ ਮਿਲੀ ਤੇ ਨਾ ਹੀ ਫ਼ਲਸਤੀਨੀ ਇਲਾਕੇ ਵਿਚੋਂ ਇਜ਼ਰਾਇਲੀ ਫ਼ੌਜ ਹਟੀ ਅਤੇ ਨਾ ਹੀ ਇਜ਼ਰਾਈਲ ਨੇ ਫ਼ਲਸਤੀਨੀ ਇਲਾਕੇ ਵਿਚ ਯਹੂਦੀ ਬਸਤੀਆਂ ਵਸਾਉਣੀਆਂ ਬੰਦ ਕੀਤੀਆਂ। ਫ਼ਲਸਤੀਨ ਮੁਕਤੀ ਜਥੇਬੰਦੀ ਦੇ ਸਮਝੌਤਾਵਾਦੀ ਰੁਖ਼ ਕਾਰਨ ਫ਼ਲਸਤੀਨੀ ਲੋਕਾਂ ਵਿਚ ਹਮਾਸ ਦਾ ਆਧਾਰ ਫੈਲਦਾ ਗਿਆ ਅਤੇ ਗਾਜ਼ਾ ਪੱਟੀ ਦੇ ਖਿੱਤੇ ਵਿਚ ਹਮਾਸ ਨੇ ਫ਼ਲਸਤੀਨ ਮੁਕਤੀ ਜਥੇਬੰਦੀ ਨੂੰ ਲੋਕਾਂ ਵਿਚੋਂ ਬਾਹਰ ਕੱਢ ਦਿੱਤਾ। 2001 ਵਿਚ ਗਾਜ਼ਾ ਪੱਟੀ ਵਿਚੋਂ ਦੂਜੀ ਇੰਤਿਫਦਾ (ਬਗਾਵਤ) ਲਹਿਰ ਸ਼ੁਰੂ ਹੋਈ ਅਤੇ ਇਸ ਨੇ ਇਜ਼ਰਾਈਲ ਨੂੰ ਗਾਜ਼ਾ ਵਿਚੋਂ ਆਪਣੀ ਫ਼ੌਜ ਵਾਪਸ ਬੁਲਾਉਣ ਅਤੇ ਧੱਕੇ ਨਾਲ ਵਸਾਈਆਂ ਯਹੂਦੀ ਬਸਤੀਆਂ ਖ਼ਾਲੀ ਕਰਨ ਲਈ ਮਜਬੂਰ ਕਰ ਦਿੱਤਾ ਪਰ ਜੰਗਬੰਦੀ ਤੋਂ ਬਾਅਦ ਵੀ ਇਜ਼ਰਾਈਲ ਨੇ ਗਾਜ਼ਾ ਪੱਟੀ ਦੀ ਘੇਰਾਬੰਦੀ ਕੀਤੀ ਹੋਈ ਹੈ। ਇਜ਼ਰਾਈਲ ਨੇ ਫ਼ਲਸਤੀਨ ਦੇ ਹਵਾਈ ਖੇਤਰ ਅਤੇ ਸਮੁੰਦਰੀ ਤੱਟ ਉੱਤੇ ਕਬਜ਼ਾ ਜਮਾ ਰੱਖਿਆ ਹੈ ਅਤੇ ਜ਼ਮੀਨੀ ਰਸਤੇ ਦੀ ਵੀ ਇੱਕ ਲੰਮੀ ਦੀਵਾਰ ਉਸਾਰ ਕੇ ਨਾਕਾਬੰਦੀ ਕੀਤੀ ਹੋਈ ਹੈ। ਫ਼ਲਸਤੀਨ ਦੀ ਘੇਰਾਬੰਦੀ ਇੰਨੀ ਅਣਮਨੁੱਖੀ ਹੈ ਕਿ ਗਾਜ਼ਾ ਪੱਟੀ ਤੇ ਪੱਛਮੀ ਕੰਢੇ ਦੇ ਲੋਕਾਂ ਨੂੰ ਵੀ ਇੱਕ-ਦੂਜੇ ਦੇ ਇਲਾਕੇ ਵਿਚ ਨਹੀਂ ਜਾਣ ਦਿੱਤਾ ਜਾਂਦਾ। ਡਾਕਟਰੀ ਸਹੂਲਤਾਂ ਤੇ ਹੋਰ ਅਤਿ ਜ਼ਰੂਰੀ ਵਸਤਾਂ ਲਈ ਵੀ ਫ਼ਲਸਤੀਨੀਆਂ ਦਾ ਲਾਂਘਾ ਰੋਕਿਆ ਜਾਂਦਾ ਹੈ ਤੇ ਅਕਸਰ ਉੱਥੇ ਕਿਸੇ ਤਰ੍ਹਾਂ ਦੀ ਮਨੁੱਖੀ ਰਾਹਤ ਨਹੀਂ ਜਾਣ ਦਿੱਤੀ ਜਾਂਦੀ।

2001 ਤੋਂ 2005 ਤੱਕ ਚੱਲੇ ਦੂਜੇ 'ਇੰਤਿਫਦਾ' (ਬਗਾਵਤ) ਤੋਂ ਬਾਅਦ ਵੀ ਇਜ਼ਰਾਈਲ ਵੱਲੋਂ ਫ਼ਲਸਤੀਨ ਵਿਚ ਮਨੁੱਖਤਾ ਦਾ ਘਾਣ ਜਾਰੀ ਹੈ। ਛੋਟੇ ਪੱਧਰ ਦੀ ਬੰਬਾਰੀ, ਖ਼ੂਨੀ ਹਮਲੇ ਆਮ ਗੱਲ ਹੈ। ਹਰ ਕੁਝ ਸਾਲ ਬਾਅਦ ਵੱਡੀਆਂ ਜੰਗਾਂ ਵੀ ਲਗਦੀਆਂ ਹਨ। 2008, 2012 ਤੇ 2014 ਵਿਚ ਇਜ਼ਰਾਈਲ ਵੱਲੋਂ ਅਜਿਹੀਆਂ ਜੰਗਾਂ ਥੋਪੀਆਂ ਗਈਆਂ ਜਿਹਨਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਫ਼ਲਸਤੀਨੀ ਮਾਰੇ ਗਏ, ਜ਼ਖਮੀਆਂ ਤੇ ਉਜਾੜਿਆਂ ਦੀ ਤਾਂ ਕੋਈ ਗਿਣਤੀ ਹੀ ਨਹੀਂ ਹੈ। ਇਜ਼ਰਾਈਲ ਦੇ ਇਹਨਾਂ ਹਮਲਿਆਂ ਦਾ ਨਿਸ਼ਾਨਾ ਅਕਸਰ ਬੱਚੇ ਤੇ ਔਰਤਾਂ ਬਣਦੀਆਂ ਹਨ। ਪਿਛਲੇ ਕੁਝ ਸਾਲਾਂ ਵਿਚ ਭਾਵੇਂ ਇਜ਼ਰਾਈਲ ਨੇ ਫ਼ਲਸਤੀਨ ਨਾਲ ਸਿੱਧੀ ਜੰਗ ਨਹੀਂ ਛੇੜੀ ਪਰ ਆਨੇ-ਬਹਾਨੇ ਹਮਲੇ ਜਾਰੀ ਹਨ। 2022 ਨੂੰ ਫ਼ਲਸਤੀਨ ਲਈ ਪਿਛਲੇ 2 ਦਹਾਕਿਆਂ ਦਾ ਸਭ ਤੋਂ ਹਿੰਸਕ ਵਰ੍ਹਾ ਐਲਾਨਿਆ ਗਿਆ। ਇਸ ਸਾਲ ਪੱਛਮੀ ਕੰਢੇ ਵਾਲੇ ਫ਼ਲਸਤੀਨ ਵਿਚ ਵੱਖ ਵੱਖ ਹਮਲਿਆਂ ਵਿਚ ਇਜ਼ਰਾਇਲੀ ਫੌਜ ਨੇ 146 ਜਣਿਆਂ ਨੂੰ ਮਾਰ ਦਿੱਤਾ। ਇਹਨਾਂ ਹਮਲਿਆਂ ਵਿਚ ਹਵਾਈ ਹਮਲੇ, ਬੰਬਾਰੀ, ਗੋਲੀ ਮਾਰਨਾ ਤੇ ਗਸ਼ਤ ਕਰ ਰਹੇ ਫੌਜੀਆਂ ਵੱਲੋਂ ਚਾਕੂ ਚਲਾਉਣਾ ਸ਼ਾਮਲ ਹੈ।

ਫ਼ਲਸਤੀਨ ਉੱਪਰ ਜਬਰ ਪਿੱਛੇ ਇਜ਼ਰਾਈਲ ਦੇ ਹਾਕਮਾਂ ਦੀ ਇੱਕ ਹੋਰ ਜ਼ਰੂਰਤ ਵੀ ਹੈ। ਇਜ਼ਰਾਈਲ ਵੀ ਸਰਮਾਏਦਾਰਾ ਵਿਕਾਸ ਉੱਪਰ ਅੱਗੇ ਵਧਿਆ ਹੈ ਜਿਸ ਦਾ ਮਤਲਬ ਮੁੱਠੀ ਭਰ ਸਰਮਾਏਦਾਰਾਂ ਦਾ ਵਿਕਾਸ ਹੋਇਆ ਹੈ ਤੇ ਕਿਰਤੀ ਆਬਾਦੀ ਬੁਨਿਆਦੀ ਸਮੱਸਿਆਵਾਂ ਨਾਲ ਜੂਝ ਰਹੀ ਹੈ। ਇਜ਼ਰਾਈਲ ਦੇ ਹਾਕਮ ਜੰਗੀ ਜਨੂਨ ਭੜਕਾ ਕੇ ਲੋਕਾਂ ਦਾ ਗੁੱਸਾ ਫ਼ਲਸਤੀਨ ਵਾਲ਼ੇ ਪਾਸੇ ਕੱਢਣ ਦਾ ਯਤਨ ਕਰਦੇ ਹਨ। ਇਸ ਵੇਲੇ ਇਜ਼ਰਾਈਲ ਦਾ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਹੂ ਹੈ ਜਿਸ ਨੂੰ ਵੱਡੇ ਲੋਕ ਰੋਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਕਰੋਨਾ ਲੌਕਡਾਊਨ ਦਾ ਲਾਹਾ ਲੈਂਦੇ ਹੋਏ ਉਸ ਨੇ ਕਈ ਸੰਸਦੀ ਸੁਧਾਰਾਂ ਰਾਹੀਂ ਬਹੁਤ ਸਾਰੀਆਂ ਤਾਕਤਾਂ ਆਪਣੇ ਹੱਥ ਲੈ ਲਈਆਂ ਸਨ। ਹੁਣ ਖ਼ੁਦ ਨੂੰ ਦੋਸ਼ ਮੁਕਤ ਕਰਵਾਉਣ ਲਈ ਉਸ ਨੇ ਨਿਆਂਇਕ ਢਾਂਚੇ ਵਿਚ ਵੀ ਕਈ ਤਬਦੀਲੀਆਂ ਕੀਤੀਆਂ ਹਨ।

ਇਜ਼ਰਾਈਲ ਲੋਕਾਂ ਉੱਪਰ ਜਬਰ ਢਾਹੁਣ ਦੀ ਪ੍ਰਯੋਗਸ਼ਾਲਾ ਵੀ ਬਣਿਆ ਹੋਇਆ ਹੈ ਜਿਸ ਤੋਂ ਹੋਰ ਮੁਲਕਾਂ ਦੇ ਹਾਕਮ ਸਿੱਖਦੇ ਹਨ। ਇਜ਼ਰਾਈਲ 'ਚ ਨਵੇਂ ਹਥਿਆਰ, ਜਬਰ ਕਰਨ ਤੇ ਤਸੀਹੇ ਦੇਣ ਦੇ ਨਵੇਂ ਨਵੇਂ ਤਰੀਕੇ ਪਰਖੇ ਜਾਂਦੇ ਹਨ। ਇਜ਼ਰਾਈਲ ਦੀ ਖੁਫੀਆ ਏਜੰਸੀ ਮੋਸਾਦ ਸੰਸਾਰ ਦੀ ਸਭ ਤੋਂ ਵੱਧ ਬਦਨਾਮ ਸੰਸਥਾ ਹੈ ਜੋ ਹੋਰ ਮੁਲਕਾਂ ਦੇ ਹਾਕਮਾਂ ਨੂੰ ਲੋਕਾਂ ਉੱਪਰ ਜਬਰ ਢਾਹੁਣ ਦੀ ਸਿਖਲਾਈ ਦੇਣ ਦਾ ਕੰਮ ਵੀ ਕਰਦੀ ਹੈ। ਪਿਛਲੇ ਸਮਿਆਂ 'ਚ ਮੋਬਾਇਲ ਫੋਨਾਂ 'ਚ ਜਿਹੜੇ ਜਾਸੂਸੀ ਵਾਲ਼ੇ ਸਾਫਟਵੇਅਰ ਪੈਗਾਸਸ ਦਾ ਖੁਲਾਸਾ ਹੋਇਆ, ਉਹ ਵੀ ਇਜ਼ਰਾਈਲ ਦੀ ਹੀ ਦੇਣ ਸੀ।

ਫ਼ਲਸਤੀਨ ਦੀ ਤਬਾਹੀ ਦੀ ਨੀਂਹ ਰੱਖਣ ਵਾਲ਼ਾ ਸੰਯੁਕਤ ਰਾਸ਼ਟਰ ਅਕਸਰ ਫ਼ਲਸਤੀਨ ਪ੍ਰਤੀ ਹਮਦਰਦੀ ਦਿਖਾਉਂਦਾ ਹੋਇਆ ਇਸ ਦਾ ਮਸਲਾ ਚੁੱਕਦਾ ਹੈ ਪਰ 75 ਸਾਲ ਬਾਅਦ ਵੀ ਇਹ ਇਜ਼ਰਾਈਲ ਨੂੰ ਰੋਕਣ ਅਤੇ ਫ਼ਲਸਤੀਨ ਦਾ ਮਸਲਾ ਹੱਲ ਕਰਨ ਜਾਂ ਘੱਟੋ-ਘੱਟ ਫ਼ਲਸਤੀਨੀਆਂ ਦੇ ਮਨੁੱਖੀ ਹੱਕਾਂ ਦਾ ਘਾਣ ਹੋਣੋਂ ਵੀ ਨਹੀਂ ਰੋਕ ਸਕਿਆ। ਸੰਯੁਕਤ ਰਾਸ਼ਟਰ ਅਮਰੀਕਾ ਵਰਗੇ ਸਾਮਰਾਜੀ ਮੁਲਕਾਂ ਦੀ ਸ਼ਹਿ 'ਤੇ ਹਥਿਆਰਾਂ ਜਿਹੀ ਮਦਦ ਨਾਲ ਇਜ਼ਰਾਈਲ ਲਗਾਤਾਰ ਫ਼ਲਸਤੀਨ ਨੂੰ ਖਤਮ ਕਰਨ ਲੱਗਿਆ ਹੋਇਆ ਹੈ ਪਰ ਇਜ਼ਰਾਈਲ ਦਾ ਅੰਨ੍ਹਾ ਜਬਰ 75 ਸਾਲਾਂ ਵਿਚ ਵੀ ਫ਼ਲਸਤੀਨੀ ਲੋਕਾਂ ਨੂੰ ਝੁਕਾ ਨਹੀਂ ਸਕਿਆ ਸਗੋਂ ਹਰ ਜਬਰ ਨਾਲ ਉਹਨਾਂ ਦੀ ਮੁਕਤੀ ਦੀ ਤਾਂਘ ਹੋਰ ਪ੍ਰਬਲ ਹੋ ਰਹੀ ਹੈ।

# ਅਮਰੀਕੀ ਸਰਕਾਰ ਦੀ ਕਰਜ਼ਾ ਹੱਦ ਦੇ ਮਸਲੇ

ਪਹਿਲੀ ਮਈ 2023 ਨੂੰ ਅਮਰੀਕੀ ਖਜ਼ਾਨੇ ਦੀ ਸਕੱਤਰ ਜੈਨਟ ਯੇਲੇਨ ਨੇ ਕਾਂਗਰਸ ਨੂੰ ਸਰਕਾਰ ਦੀ ਕਰਜ਼ਾ ਹੱਦ ਵਧਾਉਣ ਲਈ ਚਿੱਠੀ ਲਿਖੀ। ਯੇਲੇਨ ਅਨੁਸਾਰ ਜੇ ਕਾਂਗਰਸ ਨੇ ਇਹ ਹੱਦ ਨਾ ਵਧਾਈ ਤਾਂ ਅਮਰੀਕਾ ਜਲਦ ਹੀ ਆਪਣੀਆਂ ਵਿੱਤੀ ਦੇਣਦਾਰੀਆਂ ਪੂਰਨ ਦੇ ਅਸਮਰਥ ਹੋ ਜਾਵੇਗਾ। ਅਮਰੀਕੀ ਕਾਂਗਰਸ ਕੋਲ ਇਹ ਕਰਜ਼ਾ ਹੱਦ

**ਨਵਜੋਤ ਨਵੀ**
ਫੋਨ: +91-85578-12341

ਵਧਾਉਣ ਦਾ ਸਮਾਂ ਪਹਿਲੀ ਜੂਨ ਤੱਕ ਸੀ ਤਾਂ ਜੋ ਅਮਰੀਕਾ ਨਾ ਸਿਰਫ ਆਪਣੀਆਂ ਵਿੱਤੀ ਦੇਣਦਾਰੀਆਂ ਪੂਰਾ ਕਰ ਸਕੇ ਸਗੋਂ ਆਪਣੇ ਸੰਸਾਰ ਆਰਥਿਕਤਾ ਦੇ ਚੌਧਰੀ ਹੋਣ ਦੀ ਹੈਸੀਅਤ ਨੂੰ ਹਾਲ ਦੀ ਘੜੀ ਜਾਰੀ ਰੱਖ ਸਕੇ। ਇਹ ਕਰਜ਼ਾ ਹੱਦ ਵਧਾਉਣ ਲਈ ਅਮਰੀਕਾ ਦੀਆਂ ਦੋ ਮੁੱਖ ਪਾਰਟੀਆਂ ਡੈਮੋਕ੍ਰੇਟਿਕ ਤੇ ਰਿਪਬਲਿਕਨ ਪਾਰਟੀ ਵਿਚਕਾਰ ਸਹਿਮਤੀ ਬਣਨੀ ਜ਼ਰੂਰੀ ਸੀ। ਅਮਰੀਕਾ ਦੇ ਮੁੱਖਧਾਰਾ ਮੀਡੀਆ ਨੇ ਮਹੀਨਾ ਭਰ ਇਸ ਗੱਲ ਨੂੰ ਬਹੁਤ ਤੂਲ ਦਿੱਤੀ ਕਿ ਇਹਨਾਂ ਦੋਹਾਂ ਪਾਰਟੀਆਂ ਦੇ ਨੁਮਾਇੰਦਿਆਂ ਵਿਚ ਸਹਿਮਤੀ ਬਣਨੀ ਬਹੁਤ ਔਖੀ ਹੈ ਤੇ ਅਜਿਹਾ ਨਾ ਹੋਣ ਉੱਤੇ ਅਮਰੀਕਾ ਦਾ ਅਰਥਚਾਰਾ ਡੂੰਘੇ ਸੰਕਟ ਵਿਚ ਫਸ ਜਾਵੇਗਾ ਜਿਸ ਦਾ ਸਭ ਤੋਂ ਭੈੜਾ ਅਸਰ ਅਮਰੀਕਾ ਦੀ ਆਮ ਲੋਕਾਈ ਉੱਤੇ ਪਵੇਗਾ। ਇਸ ਦਾ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ ਗਿਆ ਕਿ ਇਹ ਦੋਵੇਂ ਪਾਰਟੀਆਂ ਇੱਕ ਦੂਜੇ ਤੋਂ ਬਹੁਤ ਵੱਖਰੀਆਂ ਹਨ ਜਿਸ ਕਾਰਨ ਉਹਨਾਂ ਸ਼ਰਤਾਂ ਉੱਤੇ ਸਹਿਮਤੀ ਬਣਨੀ ਬਹੁਤ ਔਖੀ ਹੈ ਜਿਸ ਤਹਿਤ ਕਰਜ਼ਾ ਸੀਮਾ ਵਧਾਈ ਜਾਣੀ ਹੈ। 'ਹੈਰਾਨੀ' ਦੀ ਗੱਲ ਹੈ ਕਿ ਮੀਡੀਆ ਵੱਲੋਂ ਅਮਰੀਕੀ ਅਰਥਚਾਰੇ ਦੇ ਡੁੱਬਣ ਬਾਰੇ ਕੀਤੇ ਜਾਂਦੇ ਐਨੇ ਪ੍ਰਚਾਰ ਦੇ ਬਾਵਜੂਦ ਵਾਲ ਸਟ੍ਰੀਟ, ਅਮਰੀਕੀ ਸੱਟਾ ਬਾਜ਼ਾਰ ਵਿਚ ਖਾਸ ਉਥਲ-ਪੁਥਲ ਦੇਖਣ ਨੂੰ ਨਹੀਂ ਮਿਲੀ।

ਇਸ ਦਾ ਮਤਲਬ ਇਹ ਸੀ ਕਿ ਵੱਡੇ ਨਿਵੇਸ਼ਕ, ਭਾਵ ਸਰਮਾਏਦਾਰਾਂ ਨੂੰ ਯਕੀਨ ਸੀ ਕਿ ਛੋਟੇ-ਮੋਟੇ ਵਖਰੇਵਿਆਂ ਤੋਂ ਉੱਪਰ ਉੱਠ ਕੇ ਆਖ਼ਰਕਾਰ ਡੈਮੋਕ੍ਰੇਟਾਂ ਤੇ ਰਿਪਬਲਿਕਨਾਂ ਵਿਚ ਸਹਿਮਤੀ ਬਣ ਜਾਣੀ ਹੈ; ਹੋਇਆ ਵੀ ਇੰਝ ਹੀ। 31 ਮਈ ਨੂੰ ਅਮਰੀਕੀ ਸਰਕਾਰ ਦਾ ਕਰਜ਼ਾ ਹੱਦ ਵਧਾਉਣ ਦਾ ਬਿਲ ਦੋਹਾਂ ਪਾਰਟੀਆਂ ਦੀ ਸਹਿਮਤੀ ਨਾਲ਼ ਪਾਸ ਹੋ ਗਿਆ। ਮੁੱਖਧਾਰਾ ਮੀਡੀਆ ਦੇ ਪ੍ਰਚਾਰ ਦੇ ਉਲਟ ਇਸ ਨੇ ਸਾਬਤ ਕੀਤਾ ਕਿ ਜਿੱਥੇ ਵੀ ਅਮਰੀਕਾ ਦੇ ਅਜਾਰੇਦਾਰ ਸਰਮਾਏ ਦੇ ਸਾਂਝੇ ਹਿੱਤ ਦਾਅ ਉੱਤੇ ਲਗਦੇ ਹਨ ਉੱਥੇ ਇਹ ਦੋਵੇਂ ਪਾਰਟੀਆਂ ਦਾ ਸਾਂਝ ਵਾਲਾ ਨੁਕਤਾ ਹੀ ਉੱਭਰਦਾ ਹੈ। ਇਹ ਅਜਾਰੇਦਾਰ ਸਰਮਾਏ ਦੇ ਹੀ ਵੱਖ-ਵੱਖ ਧੜਿਆਂ ਦੀਆਂ ਪਾਰਟੀਆਂ ਹਨ; ਅਮਰੀਕਾ ਦੇ ਦਿਵਾਲੀਆ ਹੋਣ, ਇਸ ਦੇ ਸੰਸਾਰ ਅਰਥਚਾਰੇ ਦੇ ਚੌਧਰੀ ਦੀ ਕੁਰਸੀ ਖੁੱਸਣ ਦਾ ਅਮਰੀਕਾ ਦੇ ਅਜਾਰੇਦਾਰ ਸਰਮਾਏ ਨੂੰ ਨੁਕਸਾਨ ਸੀ।

ਦੁਨੀਆ ਭਰ ਵਿਚ ਆਰਥਿਕ ਮਾਹਿਰਾਂ ਦੇ ਇੱਕ ਹਿੱਸੇ ਵੱਲੋਂ ਅਮਰੀਕਾ ਦੇ ਕਰਜ਼ੇ ਦੇ ਇੰਨਾ ਵਧਣ ਪਿੱਛੇ ਤਿੰਨ ਮਦਾਂ ਉੱਪਰ ਵਧੇ ਖਰਚੇ ਨੂੰ ਜ਼ਿੰਮੇਵਾਰ ਦੱਸਿਆ ਜਾ ਰਿਹਾ ਹੈ। ਇਹ ਮਦਾਂ ਹਨ: ਅਮਰੀਕਾ ਵਿਚ ਕਾਰਪੋਰੇਟਾਂ ਨੂੰ ਖਰਬਾਂ ਡਾਲਰਾਂ ਦੀਆਂ ਸਬਸਿਡੀਆਂ ਤੇ ਟੈਕਸ ਛੋਟਾਂ, ਦਿਵਾਲੀਆ ਹੋਏ ਬੈਂਕ ਬਚਾਉਣ ਲਈ ਜਾਰੀ ਕੀਤੀਆਂ ਰਕਮਾਂ ਤੇ ਫੌਜੀ ਖਰਚਿਆਂ ਵਿਚ ਰਿਕਾਰਡ ਤੋੜ ਵਾਧਾ। ਓਬਾਮਾ ਹਕੂਮਤ ਦੌਰਾਨ 2011 ਵਿਚ ਜਦ ਕਰਜ਼ਾ ਸੀਮਾ ਵਧਾਈ ਸੀ, ਉਦੋਂ ਤੋਂ 2023 ਤੱਕ ਕਾਰਪੋਰੇਟ ਕਰਾਂ ਜਾਂ ਟੈਕਸਾਂ ਵਿਚ 60% ਗਿਰਾਵਟ ਆਈ ਹੈ। ਸਿਰਫ 2022 ਵਿਚ ਹੀ ਅਮਰੀਕੀ ਸਰਕਾਰ ਨੇ ਫੌਜੀ ਖਰਚਿਆਂ ਉੱਤੇ ਇੱਕ ਖਰਬ ਅਮਰੀਕੀ ਡਾਲਰ ਤੋਂ ਵੱਧ ਖਰਚਾ ਕੀਤਾ ਤੇ ਸਿਰਫ ਇਸ ਸਾਲ ਵਿਚ ਹੀ ਯੂਕਰੇਨ ਨੂੰ ਰੂਸ ਖਿਲਾਫ ਜੰਗ ਵਿਚ 113 ਅਰਬ ਅਮਰੀਕੀ ਡਾਲਰ ਦੀ ਰਕਮ ਜਾਰੀ ਕੀਤੀ।

ਇਹਨਾਂ ਤਿੰਨਾਂ ਮਦਾਂ ਉੱਤੇ ਖਰਚੇ ਵਧਣ ਪਿੱਛੇ ਮੂਲ ਕਾਰਨ ਸਰਮਾਏ ਉੱਤੇ ਮੁਨਾਫ਼ੇ ਦੀ ਦਰ ਦਾ ਕਾਫੀ ਹੇਠਾਂ ਆਉਣਾ ਹੈ। ਇਹ ਕਿਆਸ-ਆਰਾਈਆਂ ਹਨ ਕਿ ਅਮਰੀਕੀ ਅਰਥਚਾਰਾ ਜਲਦ ਹੀ ਮੰਦਵਾੜੇ ਦੀ ਜਕੜ ਵਿਚ ਆ ਸਕਦਾ ਹੈ। ਮੁਨਾਫ਼ੇ ਦੀ ਦਰ ਦੇ ਕਾਫੀ ਹੇਠਾਂ ਆਉਣ ਤੇ ਆਰਥਿਕ ਸੰਕਟ ਦੇ ਸਿਰ ਉੱਤੇ ਮੰਡਰਾਉਣ ਦਾ ਹੀ ਪ੍ਰਗਟਾਵਾ ਦੁਨੀਆ ਭਰ ਵਿਚ ਸਾਮਰਾਜੀ ਖਹਿ-ਭੇੜ ਦੇ ਵਧੇਰੇ ਤਿੱਖੇ ਹੋਣ ਵਿਚ ਨਿੱਕਲਿਆ ਹੈ ਜਿਸ ਨੇ ਅਮਰੀਕਾ ਨੂੰ ਆਪਣੇ ਮੁਨਾਫ਼ੇ ਦੇ ਇੱਕ ਅਹਿਮ ਸਰੋਤ, ਇਹਦੇ ਆਧਾਰ ਖੇਤਰਾਂ ਵਿਚ ਚੀਨ-ਰੂਸ ਧੁਰੀ ਦਾ ਦਖਲ ਰੋਕਣ ਲਈ ਫੌਜੀ ਖਰਚੇ ਵਧਾਉਣ ਵੱਲ ਧੱਕਿਆ ਹੈ। ਮੁਨਾਫ਼ੇ ਦੀ ਦਰ ਹੇਠਾਂ ਆਉਣ ਕਰ ਕੇ ਹੀ ਸਰਕਾਰ ਨੂੰ ਅਜਾਰੇਦਾਰ ਸਰਮਾਏ ਉੱਤੇ ਕਰਾਂ ਵਿਚ ਕਾਟ ਲਾਉਣੀ ਪਈ ਹੈ, ਉਸ ਨੂੰ ਸਬਸਿਡੀਆਂ ਦੇਣੀਆਂ ਪਈਆਂ ਹਨ, ਬੈਂਕਾਂ ਨੂੰ ਡੁੱਬਣ ਤੋਂ ਬਚਾਉਣ ਲਈ ਅਰਬਾਂ ਡਾਲਰ ਜਾਰੀ ਕਰਨੇ ਪਏ ਹਨ। ਆਪਣੇ ਹਾਕਮਾਂ ਦੇ ਹਿੱਤਾਂ ਦੀ ਰਾਖੀ ਲਈ ਹੀ ਅਮਰੀਕੀ ਸਰਕਾਰ ਸਿਰ ਇਸ ਕਰਜ਼ੇ ਦੀ ਪੰਡ ਲਗਾਤਾਰ ਭਾਰੀ ਹੋ ਰਹੀ ਹੈ।

ਅਮਰੀਕਾ ਦੀ ਹਾਕਮ ਜਮਾਤ ਦੇ ਚਾਕਰ ਮੀਡੀਆ ਨੇ ਪਿਛਲਾ ਸਾਰਾ ਮਹੀਨਾ ਅਸਲ ਤੱਥਾਂ ਨੂੰ ਅੱਖੋਂ ਓਹਲੇ ਕਰਦਿਆਂ ਇਹ ਪ੍ਰਚਾਰ ਕੀਤਾ ਹੈ ਕਿ ਸਰਕਾਰ ਸਿਰ ਕਰਜ਼ਾ ਵਧਣ ਦਾ ਅਸਲੀ ਕਾਰਨ ਲੋਕ ਭਲਾਈ ਸਕੀਮਾਂ ਉੱਤੇ ਵਧਦਾ ਖਰਚਾ ਹੈ। ਇਹ ਉਭਾਰਿਆ ਗਿਆ ਕਿ ਸਰਕਾਰ ਨੂੰ ਆਪਣਾ ਕੁੱਲ ਕਰਜ਼ਾ ਘਟਾਉਣ ਦੀ ਲੋੜ ਹੈ ਤੇ ਇਹ ਸਿੱਖਿਆ, ਸਿਹਤ, ਪੈਨਸ਼ਨ, ਬੇਰੁਜ਼ਗਾਰੀ ਭੱਤੇ, ਹੋਰ ਲੋਕ ਭਲਾਈ ਸਕੀਮਾਂ ਆਦਿ ਜਿਹੀਆਂ ਮਦਾਂ ਉੱਤੇ ਖਰਚਾ ਘਟਾ ਕੇ ਹੀ ਸੰਭਵ ਹੈ।

ਦੁਨੀਆ ਭਰ ਦੀਆਂ ਸਰਕਾਰਾਂ ਆਰਥਿਕ ਮੰਦਵਾੜੇ ਅਤੇ ਸੰਕਟ ਦੇ ਬੋਝ ਨੂੰ ਲੋਕਾਂ ਸਿਰ ਸੁੱਟਣ ਦੀਆਂ ਕੋਸ਼ਿਸ਼ਾਂ ਵਿਚ ਰੁੱਝੀਆਂ ਹੋਈਆਂ ਹਨ। ਅਮਰੀਕੀ ਸਰਕਾਰ ਦੀ ਕਰਜ਼ਾ ਸੀਮਾ ਵਧਾਉਣ ਬਹਾਨੇ ਡੈਮੋਕ੍ਰੇਟਿਕ ਅਤੇ ਰਿਪਬਲਿਕਨ ਪਾਰਟੀ ਦੀ ਆਪਸੀ ਸਹਿਮਤੀ ਨਾਲ ਅਮਰੀਕੀ ਸਰਕਾਰ ਨੇ ਵਿੱਤੀ ਜ਼ਿੰਮੇਵਾਰੀ ਐਕਟ ਪਾਸ ਕੀਤਾ ਜਿਸ ਤਹਿਤ ਅਗਲੇ ਸਮੇਂ ਵਿਚ ਗੈਰ-ਫੌਜੀ ਖਰਚੇ ਘਟਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੋਵੇਗੀ। 2024 ਤੇ 2025 ਲਈ ਇਸ ਐਕਟ ਤਹਿਤ ਇੱਕ ਹੱਦ ਤੋਂ ਵੱਧ ਗੈਰ-ਫੌਜੀ ਖਰਚਿਆਂ ਉੱਤੇ ਸਰਕਾਰ ਖਰਚ ਨਹੀਂ ਕਰ ਸਕਦੀ। 30 ਅਰਬ ਅਮਰੀਕੀ ਡਾਲਰ ਜੋ ਲੋਕ ਭਲਾਈ ਸਕੀਮਾਂ ਉੱਤੇ ਖਰਚੇ ਜਾਣੇ ਸਨ ਤੇ ਕਰੋਨਾ ਕਾਲ ਤੋਂ ਵਰਤੇ ਨਹੀਂ ਗਏ ਸਨ, ਉਹ ਹੁਣ ਇਹਨਾਂ ਸਕੀਮਾਂ ਲਈ ਨਹੀਂ ਵਰਤੇ ਜਾ ਸਕਦੇ। ਵਿਦਿਆਰਥੀ ਕਰਜ਼ੇ ਦੀਆਂ ਕਿਸ਼ਤਾਂ ਦੀ ਅਦਾਇਗੀ ਜੋ ਅੱਗੇ ਪਾ ਦਿੱਤੀ ਗਈ ਸੀ, ਹੁਣ ਅਗਸਤ 30 ਤੋਂ ਬਾਅਦ ਅੱਗੇ ਨਹੀਂ ਪਾਈ ਜਾਵੇਗੀ। ਇੰਝ ਹੀ ਹੋਰ ਕਈ ਤਰੀਕਿਆਂ ਨਾਲ ਇਸ ਐਕਟ ਰਾਹੀਂ ਲੋਕਾਂ ਉੱਤੇ ਖਰਚ ਹੋਣ ਵਾਲੀਆਂ ਰਕਮਾਂ ਉੱਤੇ ਅਮਰੀਕੀ ਸਰਕਾਰ ਨੇ ਕਾਟ ਲਾਈ ਹੈ। ਇਸ ਦਾ ਮਤਲਬ ਗਰੀਬੀ, ਬੇਰੁਜ਼ਗਾਰੀ ਨਾਲ ਜੂਝ ਰਹੀ ਅਮਰੀਕਾ ਦੀ ਲੋਕਾਈ ਉੱਤੇ ਬੋਝ ਜਲਦ ਹੀ ਦੂਣ-ਸਵਾਇਆ ਹੋਣ ਵਾਲਾ ਹੈ। ਦੂਜੇ ਹੱਥ, ਅਮਰੀਕੀ ਸਰਕਾਰ ਨੇ ਨਾ ਤਾਂ ਕਾਰਪੋਰੇਟਾਂ ਉੱਤੇ ਟੈਕਸ ਵਧਾਉਣ ਦੀ ਗੱਲ ਕੀਤੀ ਹੈ ਤੇ ਨਾ ਹੀ ਫੌਜੀ ਖਰਚੇ ਘਟਾਉਣ ਬਾਰੇ ਕੋਈ ਚਰਚਾ ਛੇੜੀ ਹੈ। ਰਾਸ਼ਟਰਪਤੀ ਜੋਅ ਬਾਇਡਨ ਨੇ ਕਰਜ਼ਾ ਸੀਮਾ ਵਧਾਉਣ ਦਾ ਬਿੱਲ ਪਾਸ ਹੋਣ ਮਗਰੋਂ ਲੋਕਾਂ ਨੂੰ ਸੰਬੋਧਿਤ ਹੁੰਦਿਆਂ ਆਖਿਆ, ''ਕਿਸੇ ਨੂੰ (ਭਾਵ ਅਮਰੀਕੀ ਸਰਮਾਏਦਾਰਾਂ ਦੇ ਵੱਖ ਵੱਖ ਧੜਿਆਂ ਨੂੰ) ਵੀ ਉਹ ਸਭ ਕੁਝ ਨਹੀਂ ਮਿਲਿਆ ਜੋ ਉਹ ਚਾਹੁੰਦੇ ਸੀ ਪਰ ਅਮਰੀਕੀ ਲੋਕਾਂ ਨੂੰ ਉਹ ਮਿਲਿਆ ਜਿਸ ਦੀ ਉਹਨਾਂ ਨੂੰ ਲੋੜ ਸੀ।'' ਜ਼ਾਹਿਰ ਹੈ, ਸਰਕਾਰਾਂ ਅਜਾਰੇਦਾਰ ਸਰਮਾਏਦਾਰਾਂ ਦਾ ਮੁਨਾਫ਼ਾ ਸੁਰੱਖਿਅਤ ਰੱਖਣ ਲਈ ਲੋਕਾਂ ਦਾ ਲਹੂ ਨਿਚੋੜਨ ਤੋਂ ਪਿੱਛੇ ਨਹੀਂ ਹਟਣਗੀਆਂ।

# ਮੈਂ ਕਹਾਣੀਕਾਰ ਤੋਂ ਖੇਡ ਲੇਖਕ ਕਿਵੇਂ ਬਣਿਆ ?

ਆਪਣੀ ਪਹਿਲੀ ਖੇਡ ਪੁਸਤਕ 'ਪੰਜਾਬ ਦੇ ਉੱਘੇ ਖਿਡਾਰੀ' ਦੇ ਮੁੱਖ ਬੰਧ 'ਚ ਮੈਂ ਲਿਖਿਆ ਸੀ, "ਮੇਰੀ ਤਕੜਾ ਖਿਡਾਰੀ ਬਣਨ ਦੀ ਰੀਝ ਸੀ ਜੋ ਪੂਰੀ ਨਹੀਂ ਹੋਈ। ਜੋ ਕੁਝ ਮੈਂ ਸਰੀਰ ਨਾਲ ਨਹੀਂ ਕਰ ਸਕਿਆ ਉਹ ਕੁਝ ਕਲਮ ਨਾਲ ਕਰਨ ਦੀ ਕੋਸ਼ਿਸ਼ ਕਰ ਰਿਹਾਂ। ਇਹ ਤਾਂ ਸਮਾਂ ਹੀ ਦੱਸੇਗਾ, ਮੇਰੀ ਸੀਮਾ ਕਿਥੇ ਤੱਕ ਹੈ?"

ਮੈਂ ਖ਼ੁਦ ਖਿਡਾਰੀ ਨਾ ਹੁੰਦਾ ਤਾਂ ਸ਼ਾਇਦ ਖੇਡ ਲੇਖਕ ਵੀ ਨਾ ਬਣਦਾ। ਬਲਵੰਤ ਗਾਰਗੀ ਦੇ ਲਿਖੇ ਖ਼ਸਤਾ ਕਰਾਰੇ ਰੇਖਾ ਚਿੱਤਰ ਨਾ ਪੜ੍ਹਦਾ ਤਾਂ ਖਿਡਾਰੀਆਂ ਦੇ ਰੇਖਾ ਚਿੱਤਰ ਲਿਖਣ ਨਾ ਲੱਗਦਾ। ਸ਼ੁਰੂ 'ਚ ਮੈਂ ਕਹਾਣੀਆਂ ਲਿਖਣ ਲੱਗਾ ਸਾਂ। ਮੇਰੀ ਪਹਿਲੀ ਕਹਾਣੀ 'ਨੱਚਾਰ' ਤੇ ਪਹਿਲਾ ਲੇਖ 'ਮੇਲਾ ਮੁਕਸਰ ਦਾ' 1965 ਵਿਚ 'ਆਰਸੀ' 'ਚ ਛਪੇ ਸਨ। ਫਿਰ 'ਭਾਰ', 'ਨਿਧਾਨਾ ਸਾਧ ਨਹੀਂ', 'ਬੁੱਢਾ ਤੇ ਬੀਜ', 'ਉਡਦੀ ਧੂੜ



**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**

ਦਿਸੇ', 'ਮੁਰੱਬੇਬੰਦੀ', 'ਜੱਗਾ ਤੇ ਬੱਗਾ' ਅਤੇ 'ਆਖ਼ਰੀ ਕਬੱਡੀ' ਆਦਿ ਕਹਾਣੀਆਂ ਛਪੀਆਂ। ਹੁਣ ਤਾਂ ਕਈਆਂ ਦੇ ਨਾਂ ਵੀ ਨਹੀਂ ਯਾਦ ਆ ਰਹੇ। ਕਿਸੇ ਨਵੇਂ ਲੇਖਕ ਦੀਆਂ ਕਹਾਣੀਆਂ ਸਿਖਰਲੇ ਸਾਹਿਤਕ ਰਸਾਲਿਆਂ ਵਿਚ ਛਪਣੀਆਂ ਵੱਡੀ ਛਾਲ ਸੀ। ਵੱਡੀ ਛਾਲ ਮਾਰਨ ਦਾ ਦੋਸ਼ ਮੋਗੇ ਦੇ ਉਸ ਡਰਾਈਵਰ ਨੇ ਚੁਕਾਇਆ ਸੀ ਜੀਹਦੇ ਟਰੱਕ ਦਾ ਨੰਬਰ ਪੀਐੱਨਐਫ 5555 ਸੀ।

ਖਿਡਾਰੀ ਹੋਣ ਕਰਕੇ ਮੈਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਸੱਦਾ ਸੀ ਕਿ ਉਥੇ ਦਾਖਲ ਹੋਵਾਂ ਤਾਂ ਮੇਰੀ ਐੱਮਏ ਦੀ ਫੀਸ ਤੇ ਹੋਸਟਲ ਦਾ ਖਰਚਾ ਮੁਆਫ਼ ਹੋਵੇਗਾ। ਆਪਣੇ 22ਵੇਂ ਜਨਮ ਦਿਨ 'ਤੇ 8 ਜੁਲਾਈ 1962 ਨੂੰ ਮੈਂ ਚਕਰ ਤੋਂ ਬੱਧਨੀ ਸਾਈਕਲ ਉਤੇ, ਬੱਧਨੀ ਤੋਂ ਬੱਸ 'ਤੇ ਮੋਗੇ ਤੇ ਅੱਗੇ ਅੰਮ੍ਰਿਤਸਰ ਜਾਣਾ ਸੀ। ਬੱਧਨੀ ਦੇ ਰਾਹ 'ਚ ਸਾਈਕਲ ਪੰਚਰ ਹੋ ਗਿਆ, ਬੱਧਨੀਓਂ ਜਿਸ ਬੱਸ 'ਚ ਬੈਠਾ ਉਹ ਖੁੱਭ ਗਈ, ਜਦ ਮੋਗੇ ਪੁੱਜਾ ਤਾਂ ਅੰਮ੍ਰਿਤਸਰ ਜਾਣ ਵਾਲੀ ਆਖ਼ਰੀ ਬੱਸ ਨਿਕਲ ਗਈ। ਮਨ 'ਚ ਖ਼ਿਆਲ ਆਇਆ, ਦਿੱਲੀ ਦਾ ਖ਼ਾਲਸਾ ਕਾਲਜ ਈ ਵੇਖ ਲਈਏ, ਨਾਲੇ ਰਾਤ ਕੱਟੀ ਜਾਊ। ਉਥੇ ਚੀਰਾ ਬੱਧੀ ਤੇ ਚਾਦਰਾ ਲਾਈ ਖੜ੍ਹੇ ਬੰਦੇ ਨੂੰ ਮੈਂ ਉਂਜ ਈ ਪੁੱਛ ਲਿਆ, ਬਾਈ ਜੀ, ਦਿੱਲੀ ਜਾਣ ਨੂੰ ਕੋਟਕਪੂਰੇ ਤੋਂ ਰੇਲ ਗੱਡੀ ਫੜਨੀ ਠੀਕ ਰਹੂ ਜਾਂ ਲੁਧਿਆਣੇ ਤੋਂ? ਉਸ ਨੇ ਪੁੱਛਿਆ, ਕਿੰਨੇ ਜਣੇ ਓਂ? ਮੈਂ ਕਿਹਾ, 'ਕੱਲਾ ਈ ਆਂ। ਉਹ ਕਹਿੰਦਾ, ਜੇ 'ਕੱਲਾ ਈ ਐਂ ਤਾਂ ਸਾਡੇ ਟਰੱਕ 'ਤੇ ਈ ਚੜ੍ਹਿਆ ਚੱਲ। ਨਾਲੇ ਤੇਰਾ ਕਿਰਾਇਆ ਬਚ-ਜੂ। ਦਿੱਲੀ ਟਰੱਕ ਤੋਂ ਉਤਾਰਨ ਵੇਲੇ ਉਸ ਨੇ ਮੈਨੂੰ ਸੁਚੇਤ ਕੀਤਾ, "ਜੇਬ ਬਚਾ ਕੇ ਰੱਖੀਂ, ਦਿੱਲੀ 'ਚ ਜੇਬ ਕਤਰੇ ਬਹੁਤ ਆ!"


ਇਉਂ ਮੈਂ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਥਾਂ ਖ਼ਾਲਸਾ ਕਾਲਜ ਦਿੱਲੀ ਜਾ ਦਾਖਲ ਹੋਇਆ ਜਿੱਥੇ ਮੇਰੀ ਜੇਬ ਵੀ ਬਚੀ ਰਹੀ। ਮੈਂ ਕਾਲਜ ਦੀ ਅਥਲੈਟਿਕ ਟੀਮ ਦਾ ਕੈਪਟਨ ਤੇ ਮੈਗਜ਼ੀਨ ਦਾ ਵਿਦਿਆਰਥੀ ਸੰਪਾਦਕ ਬਣ ਗਿਆ। ਮੈਨੂੰ ਗਾਰਗੀ ਦੇ ਘਰ ਨੇੜਲੇ ਕੌਫੀ ਹਾਊਸ ਤੇ ਦਿੱਲੀ ਦੀ ਪੰਜਾਬੀ ਸਾਹਿਤ ਸਭਾ ਵਿਚ ਜਾਣ, ਵੱਡੇ ਲੇਖਕਾਂ ਨੂੰ ਮਿਲਣ, ਨਵਯੁਗ ਦੀਆਂ ਸੋਵੀਅਤ ਪ੍ਰਕਾਸ਼ਨਾਵਾਂ ਪੜ੍ਹਨ ਤੇ ਨੈਸ਼ਨਲ ਸਟੇਡੀਅਮ 'ਚ ਪ੍ਰੈਕਟਿਸ ਕਰਨ ਦੇ ਮੌਕੇ ਮਿਲਣ ਲੱਗੇ। ਮੈਂ ਫਾਜ਼ਿਲਕਾ ਦੇ ਕਾਲਜ ਦੀ ਹਾਕੀ ਟੀਮ ਦਾ ਕਪਤਾਨ ਸਾਂ ਤੇ ਮੁਕਤਸਰ ਦੇ ਕਾਲਜ ਦਾ ਬੈਸਟ ਅਥਲੀਟ। ਫਿਰ ਖ਼ਾਲਸਾ ਕਾਲਜ ਦਿੱਲੀ ਦਾ ਬੈਸਟ ਅਥਲੀਟ, ਦਿੱਲੀ ਯੂਨੀਵਰਸਿਟੀ ਦਾ ਸ਼ਾਟਪੁੱਟ ਚੈਂਪੀਅਨ ਅਤੇ ਡਿਸਕਸ ਥਰੋਅ, ਜੈਵਲਿਨ ਤੇ ਤੀਹਰੀ ਛਾਲ ਦੇ ਅੰਕ ਜੋੜ ਕੇ ਯੂਨੀਵਰਸਿਟੀ ਦਾ ਸੈਕੰਡ ਬੈਸਟ ਅਥਲੀਟ ਬਣ ਗਿਆ ਅਤੇ ਕੇਰਲਾ ਇੰਟਰਵਰਸਿਟੀ ਮੁਕਾਬਲਿਆਂ 'ਚ ਭਾਗ ਲਿਆ।

ਉਨ੍ਹੀਂ ਦਿਨੀਂ ਨੈਸ਼ਨਲ ਸਟੇਡੀਅਮ 'ਚ ਜਕਾਰਤਾ ਦੀਆਂ ਏਸ਼ਿਆਈ ਖੇਡਾਂ ਲਈ ਅਥਲੀਟਾਂ ਦਾ ਕੈਂਪ ਲੱਗ ਗਿਆ। ਜਿਨ੍ਹਾਂ ਅਥਲੀਟਾਂ ਦੀਆਂ ਖ਼ਬਰਾਂ ਮੈਂ ਅਖ਼ਬਾਰਾਂ 'ਚ ਪੜ੍ਹਦਾ ਸਾਂ, ਉਹ ਖੁੱਲ੍ਹੇਆਮ ਮਿਲਣ ਲੱਗੇ। ਉਨ੍ਹਾਂ 'ਚ ਮਿਲਖਾ ਸਿੰਘ, ਗੁਰਬਚਨ ਸਿੰਘ, ਪ੍ਰਦੁੱਮਣ ਸਿੰਘ, ਬਲਕਾਰ ਸਿੰਘ, ਮੱਖਣ ਸਿੰਘ, ਮਹਿੰਦਰ ਸਿੰਘ, ਅੰਮ੍ਰਿਤ ਪਾਲ ਤੇ ਤਰਲੋਕ ਸਿੰਘ ਹੋਰੀਂ ਸਨ। ਸਾਰੇ ਏਸ਼ੀਆ ਦੇ ਚੈਂਪੀਅਨ। ਕਰੋੜਾਂ ਲੋਕਾਂ ਦੇ ਹੀਰੋ। ਮੈਂ ਸੋਚਿਆ, ਖਿਡਾਰੀਆਂ ਦੇ ਰੇਖਾ ਚਿੱਤਰ ਲਿਖਾਂ। ਖੇਡਾਂ ਜੀਵਨ ਦੀ ਸਭ ਤੋਂ ਖ਼ੂਬਸੂਰਤ ਸਰਗਰਮੀ ਹਨ।

ਖਿਡਾਰੀਆਂ ਦੇ ਰੇਖਾ ਚਿਤਰ ਲਿਖਣੇ ਸ਼ੁਰੂ ਕੀਤੇ ਤਾਂ ਉਹ ਵੀ ਕਹਾਣੀਆਂ ਵਾਂਗ 'ਆਰਸੀ' ਵਿਚ ਛਪਣ ਲੱਗੇ। ਗੁਰਬਚਨ ਰੰਧਾਵਾ ਦੇ ਰੇਖਾ ਚਿੱਤਰ ਦਾ ਨਾਂ 'ਮੁੜ੍ਹਕੇ ਦਾ ਮੋਤੀ' ਪਰਵੀਨ 'ਧਰਤੀ ਧੱਕ' ਸਰਦਾਰਾ 'ਅੱਗ ਦੀ ਨਾਲ' ਮਹਿੰਦਰ 'ਅਲਸੀ ਦਾ ਫੁੱਲ' ਜਰਨੈਲ 'ਕਲਹਿਰੀ ਮੋਰ', ਪ੍ਰਿਥੀਪਾਲ 'ਗੁਰੂ ਨਾਨਕ ਦਾ ਗਰਾਂਈਂ' ਤੇ ਬਲਬੀਰ 'ਪੌਣ ਦਾ ਹਾਣੀ' ਆਦਿ ਰੱਖੇ ਗਏ। ਉਦੋਂ ਖਿਡਾਰੀਆਂ ਬਾਰੇ ਲਿਖਣ ਦਾ ਮੈਦਾਨ ਖਾਲੀ ਪਿਆ ਸੀ। ਮੈਂ ਮਨ 'ਚ ਕਿਹਾ, "ਕਹਾਣੀਆਂ ਲਿਖਣ ਵਾਲੇ ਤਾਂ ਢੇਰ ਹਨ। ਇੱਟ ਪੁੱਟਿਆਂ ਕਹਾਣੀਕਾਰ ਨਿਕਲਦੈ, ਬਲਕਿ ਬੈਠੇ ਈ ਇੱਟਾਂ 'ਤੇ ਹਨ। ਮੈਂ ਇਕ ਹੋਰ ਇੱਟ 'ਤੇ ਬਹਿ ਜਾਵਾਂਗਾ! ਕਹਾਣੀਆਂ ਲਿਖੀ ਗਿਆ ਤਾਂ ਨਾ ਤਿੰਨਾਂ 'ਚ ਹੋਵਾਂਗਾ ਨਾ ਤੇਰ੍ਹਾਂ 'ਚ। ਕਹਾਣੀਆਂ ਲਿਖਣ ਦੀ ਦੌੜ 'ਚ ਮੈਨੂੰ ਗੁਲਜ਼ਾਰ ਸੰਧੂ, ਅਣਖੀ, ਭੁੱਲਰ, ਰੁਪਾਣੇ ਤੇ ਵਰਿਆਮ ਵਰਗਿਆਂ ਨੇ ਕਦੋਂ ਰਲਣ ਦੇਣਾ ਸੀ? ਕਹਾਣੀਆਂ ਲਿਖਦਾ ਰਹਿੰਦਾ ਤਾਂ ਪਤਾ ਨਹੀਂ ਮੇਰਾ ਕਿੰਨਵਾਂ ਨੰਬਰ ਹੁੰਦਾ? ਖੇਡਾਂ ਖਿਡਾਰੀਆਂ ਬਾਰੇ ਲਿਖਣ 'ਚ ਮੈਂ ਕਿਸੇ ਨੂੰ ਡਾਹੀ ਨਹੀਂ ਦੇਣੀ। ਇਹੋ ਕਾਰਨ ਸੀ ਕਿ ਕਹਾਣੀਕਾਰ ਬਣਨ ਦੀਆਂ ਸਾਰੀਆਂ ਸੰਭਾਵਨਾਵਾਂ ਹੋਣ ਦੇ ਬਾਵਜੂਦ ਮੇਰਾ ਵਧੇਰੇ ਸਮਾਂ ਖੇਡ ਸਾਹਿਤ ਦੇ ਲੇਖੇ ਲੱਗ ਗਿਆ। ਤਦੇ ਮੇਰੀਆਂ ਪੰਜਾਹ 'ਚੋਂ ਪੱਚੀ ਪੁਸਤਕਾਂ ਖੇਡਾਂ ਖਿਡਾਰੀਆਂ ਬਾਰੇ ਹੀ ਹਨ। ਖੇਡਾਂ ਬਾਰੇ ਲਿਖਣ ਦੀ ਮੈਂ ਆਪਣੀ ਵੱਖਰੀ ਖੇਡ-ਸ਼ੈਲੀ ਸਿਰਜੀ।

ਦਿੱਲੀ ਦੀਆਂ ਏਸ਼ਿਆਈ ਖੇਡਾਂ ਕਵਰ ਕਰਦਿਆਂ ਮੈਂ ਲਿਖਿਆ, "ਏਸ਼ੀਆ ਦੇ ਜ਼ੋਰ ਤੇ ਜੋਬਨ ਨੇ ਜੋ ਖੇਡ-ਲੀਲ੍ਹਾ ਰਚੀ ਉਹਦਾ ਜਲੌਅ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ। ਭਲਾ ਕੌਣ ਭੁੱਲੇਗਾ ਭਾਰਤ ਦੇ ਲੋਕ ਨਾਚਾਂ ਦੀਆਂ ਝਲਕਾਂ ਜੋ ਨਹਿਰੂ ਸਟੇਡੀਅਮ ਦੇ ਵਿਹੜੇ 'ਚ ਵੇਖੀਆਂ? ਭੰਬੀਰੀਆਂ ਵਾਂਗ ਘੁੰਮਦੀਆਂ ਨੱਚੀਆਂ ਤੇ ਮਸਤੀ 'ਚ ਝੂੰਮਦੇ ਚੋਬਰ। ਰੰਗ-ਬਰੰਗੀਆਂ ਪੁਸ਼ਾਕਾਂ, ਸਾਜ਼ਾਂ ਦੀਆਂ ਮਧੁਰ ਧੁਨਾਂ, ਨਾਚੀਆਂ ਦੀਆਂ ਕੂਲੀਆਂ ਅਦਾਵਾਂ ਤੇ ਮਹਿਕਦੀਆਂ ਸੁਗੰਧੀਆਂ। ਅਜਿਹਾ ਰੰਗੀਨ ਸੁਫ਼ਨਾ ਜਿਸ ਵਿਚ ਰੰਗਾਂ ਦਾ ਮੀਂਹ ਵਰ੍ਹਦਾ ਰਿਹਾ..."

ਸਵਿੰਮਿਗ ਪੂਲ 'ਚ ਤੈਰਦੀਆਂ ਮੁਟਿਆਰਾਂ ਬਾਰੇ ਲਿਖਿਆ, "ਕਦ ਭੁੱਲਣਗੀਆਂ ਪਾਣੀ ਦੀਆਂ ਉਹ ਪਰੀਆਂ ਜਿਨ੍ਹਾਂ ਤਾਲਕਟੋਰਾ ਤੈਰਨ ਤਲਾਅ ਦੇ ਨੀਲੇ ਨਿਰਮਲ ਪਾਣੀਆਂ ਨੂੰ ਅੱਗ ਲਾਈ ਰੱਖੀ। ਉਨ੍ਹਾਂ ਦੇ ਸੋਨ-ਰੰਗੇ ਬਦਨ ਜਿਨ੍ਹਾਂ ਤੋਂ ਨਿਗਾਹਾਂ ਤਿਲ੍ਹਕ-ਤਿਲ੍ਹਕ ਜਾਂਦੀਆਂ..."




ਮੈਂ ਛੋਟੇ ਵਾਕ ਵੀ ਵਾਰ-ਵਾਰ ਸੋਧਦਾਂ। ਮੈਂ ਸਮਝਦਾਂ ਵਾਰਤਕ ਦਾ ਆਪਣਾ ਪਿੰਗਲ ਹੈ। ਨਜ਼ਮ ਵਾਂਗ ਨਸਰ ਵਿਚ ਵੀ ਧੁਨੀ ਅਲੰਕਾਰ ਤੇ ਅਰਥ ਅਲੰਕਾਰ ਹੁੰਦੇ ਨੇ। ਸ਼ਬਦ, ਅਰਥਾਂ ਅਨੁਸਾਰ ਹੀ ਨਹੀਂ, ਧੁਨੀ ਦਾ ਧਿਆਨ ਧਰ ਕੇ ਵੀ ਵਰਤਣੇ ਚਾਹੀਦੇ ਨੇ। ਜਿਵੇਂ 'ਮੁਹੰਮਦ ਅਲੀ ਬਾਰੇ ਲਿਖਣਾ ਲਫ਼ਜ਼ਾਂ ਨਾਲ ਘੁਲਣਾ ਹੈ'। ਇਥੇ ਲੈਅ ਲਈ ਲੱਲੇ ਦੀ ਧੁਨੀ ਵਰਤੀ ਹੈ। ਵਾਕ ਮੰਜੇ ਦੀ ਦੌਣ ਵਾਂਗ ਕੱਸਣੇ ਤੇ ਮੀਢੀਆਂ ਵਾਂਗ ਗੁੰਦਣੇ ਪੈਂਦੇ ਨੇ। ਸ਼ਬਦ ਬੀੜਨ ਵੇਲੇ ਵੇਖੀਦਾ ਕਿ ਵਾਕ ਲਮਕ ਨਾ ਜਾਵੇ, ਉਹਦੇ 'ਚ ਝੋਲ ਨਾ ਪੈ ਜੇ। ਇੰਦ੍ਰਿਆਵੀ ਰਸਾਂ ਦਾ ਵੀ ਧਿਆਨ ਰੱਖੀਦਾ। ਵਧੀਆ ਵਾਰਤਕ ਉਹ ਹੁੰਦੀ ਐ ਜੀਹਦੇ 'ਚ ਅੱਖਾਂ ਲਈ ਰੰਗ ਹੋਣ, ਕੰਨਾਂ ਲਈ ਧੁਨਾਂ, ਨੱਕ ਲਈ ਸੁਗੰਧਾਂ, ਜੀਭ ਲਈ ਜ਼ਾਇਕਾ ਤੇ ਸਰੀਰ ਲਈ ਸਪਰਸ਼ ਹੋਵੇ। ਕਲਾਮਈ ਵਾਰਤਕ ਲਿਖਣੀ ਲੈਅਮਈ ਕਵਿਤਾ ਲਿਖਣ ਦੇ ਤੁਲ ਹੈ। ਜਿਵੇਂ ਖਿਡਾਰੀ ਖੇਡ ਦਾ ਅਭਿਆਸ ਕਰਦੇ ਉਵੇਂ ਮੈਂ ਵੀ ਵਗਦੇ ਪਾਣੀ ਤੇ ਰੁਮਕਦੀ ਪੌਣ ਜਿਹੀ ਵਾਰਤਕ ਰਚਨ ਦਾ ਰਿਆਜ਼ ਕਰਦਾ ਰਹਿੰਨਾਂ।

ਮੈਂ ਖੇਡ-ਦ੍ਰਿਸ਼ ਵਿਖਾਉਨਾਂ, ਝੰਡੇ ਝੂਲਦੇ ਤੇ ਖੇਡ ਮੈਦਾਨ ਦੇ ਨਕਸ਼ੇ ਉਲੀਕਦਾਂ। ਖਿਡਾਰੀਆਂ ਦੇ ਮੁੜ੍ਹਕੇ 'ਚ ਭਿੱਜੇ ਤੇ ਭਖਦੇ ਜੁੱਸੇ, ਵਿਸਲਾਂ ਦੀ ਆਵਾਜ਼ ਤੇ ਪੰਡਾਲ ਦੇ ਰੰਗ ਨਿਹਾਰਦਾਂ। ਮੇਰੀ ਖੇਡ ਸ਼ੈਲੀ 'ਚ ਅਨੇਕਾਂ ਰੰਗ ਹੁੰਦੇ ਨੇ, ਰੁੱਖ ਝੂੰਮਦੇ, ਫੁੱਲ ਮਹਿਕਦੇ, ਮੁੜ੍ਹਕੇ ਦੀ ਲਿਸ਼ਕ ਤੇ ਚੜ੍ਹਦੇ/ਛਿਪਦੇ ਸੂਰਜ ਦੀ ਲਾਲੀ ਹੁੰਦੀ ਐ। ਕਈ ਕਹਿੰਦੇ ਨੇ ਕਿ ਉਹ ਮੇਰੇ ਖੇਡ ਬਿਰਤਾਂਤ 'ਚੋਂ ਵੀਡੀਓ ਵੇਖ ਲੈਂਦੇ ਨੇ। ਮੈਨੂੰ ਸਾਹਿਤ ਦੇ ਰਸਾਂ ਤੇ ਅਲੰਕਾਰਾਂ ਦਾ ਅਹਿਸਾਸ ਹੈ। ਵਿਸ਼ਵ ਦੇ ਕਲਾਸਿਕ ਨਾਵਲ ਤੇ ਮਹਾਂ ਕਾਵਿ ਪੜ੍ਹਦਿਆਂ ਇੰਦ੍ਰਿਆਵੀ ਰਸਾਂ ਦਾ ਅਨੋਖਾ ਅਨੁਭਵ ਹੋਇਆ ਸੀ। ਆਸਤ੍ਰੋਵਸਕੀ ਦੀ ਪੁਸਤਕ 'ਸੁਨਹਿਰਾ ਗੁਲਾਬ' 'ਚੋਂ ਸਾਹਿਤਕ ਛੋਹਾਂ ਦੀ ਸਮਝ ਆਈ ਸੀ। ਹਰ ਲੇਖਕ ਇਕ ਦੂਜੇ ਤੋਂ ਸਿੱਖਦਾ ਹੈ।

ਖੇਡ ਮੇਲੇ ਦੇ ਬਿਰਤਾਂਤ 'ਚ ਹੁੰਮਸ ਤੇ ਤਪਸ਼, ਕਾਂਬਾ ਤੇ ਕੰਬਣੀ, ਗਰਮ ਪਕੌੜਿਆਂ ਦਾ ਕਰਾਰਾਪਣ, ਤਾਜ਼ੀਆਂ ਜਲੇਬੀਆਂ ਦੀ ਮਿਠਾਸ, ਖੱਟ-ਮਿੱਠੇ ਸੁਆਦ ਤੇ ਨਿੰਘੀਆਂ ਛੋਹਾਂ ਦਾ ਜ਼ਿਕਰ ਮੈਂ ਇੰਦ੍ਰਿਆਵੀ ਰਸਾਂ ਲਈ ਕਰਦਾਂ। ਕਬੱਡੀ ਦੇ ਜਾਫੀ ਵਾਂਗ ਇਹ ਮੇਰਾ ਪਾਠਕਾਂ ਨੂੰ ਜੱਫਾ ਹੁੰਦੈ। ਗੁੱਟ ਫੜਨਾ, ਧੌਣ 'ਤੇ ਹੱਥ ਰੱਖਣਾ, ਕੈਂਚੀ ਮਾਰਨੀ, ਚਾਕੂ ਵਾਂਗ 'ਕੱਠਾ ਕਰਨਾ, ਮੈਂ ਸਾਰੇ ਦਾਅ ਵਰਤਦਾਂ। ਇਕ ਵਾਰ ਹਰਿੰਦਰ ਮਹਿਬੂਬ ਦੀ ਚਿੱਠੀ ਆਈ ਜਿਸ 'ਚ ਲਿਖਿਆ ਸੀ ਕਿ ਮੇਰਾ ਸਫ਼ਰਨਾਮਾ 'ਅੱਖੀਂ ਵੇਖ ਨਾ ਰੱਜੀਆਂ' ਉਹ ਰਾਤ ਨੂੰ ਪੜ੍ਹਨ ਲੱਗਾ ਤੇ ਪੂਰਾ ਪੜ੍ਹ ਕੇ ਹੀ ਸੌਂ ਸਕਿਆ। ਮੈਂ ਪਾਠਕਾਂ ਨੂੰ ਫਾਹੁਣ ਲਈ ਕਈ ਜੁਗਤਾਂ ਵਰਤਦਾਂ। ਅਲੰਕਾਰ ਵਰਤਦਾਂ, ਮੁਹਾਵਰੇ ਅਤੇ ਅਖਾਣ ਵਰਤਦਾਂ ਤੇ ਹਾਸ ਵਿਅੰਗ ਦਾ ਛੱਟਾ ਦਿੰਨਾਂ। ਕਦੇ ਕਦੇ ਫਿਲਾਸਫੀ ਦੀ ਗੋਟ ਬਹਿਨਾਂ:

"ਸ੍ਰਿਸ਼ਟੀ ਦੀ ਸਿਰਜਣਾ ਵੱਡਾ ਖੇਡ ਮੇਲਾ ਹੈ ਤੇ ਬ੍ਰਹਿਮੰਡ ਉਸ ਦਾ ਵਿਸ਼ਾਲ ਖੇਡ ਮੈਦਾਨ। ਧਰਤੀ, ਸੂਰਜ, ਚੰਦ, ਤਾਰੇ ਤੇ ਉਪਗ੍ਰਹਿ ਉਹਦੇ ਖਿਡਾਰੀ ਹਨ। ਦਿਨ-ਰਾਤ ਤੇ ਰੁੱਤਾਂ ਦੇ ਗੇੜ ਮੈਚਾਂ ਦਾ ਸਮਾਂ ਸਮਝੇ ਜਾ ਸਕਦੇ ਹਨ। ਜੀਵਨ ਇਕ ਖੇਡ ਹੀ ਤਾਂ ਹੈ! ਜੀਵ ਆਉਂਦੇ ਹਨ ਤੇ ਤੁਰਦੇ ਜਾਂਦੇ ਹਨ। ਕੋਈ ਜਿੱਤ ਰਿਹੈ, ਕੋਈ ਹਾਰ ਰਿਹੈ। ਜਿਹੜੇ ਜਿੱਤ ਜਾਂਦੇ ਨੇ ਉਹ ਬੱਲੇ-ਬੱਲੇ ਕਰਾ ਜਾਂਦੇ ਨੇ ਤੇ ਜਿਹੜੇ ਹਾਰ ਜਾਂਦੇ ਨੇ, ਭੁੱਲ-ਭੁੱਲਾ ਜਾਂਦੇ ਨੇ। ਕੁਦਰਤ ਦੇ ਕਾਦਰ ਨੇ ਅਲੌਕਿਕ ਮੇਲਾ ਰਚਾ ਰੱਖਿਐ ਤੇ ਬਾਜ਼ੀ ਪਾ ਰੱਖੀ ਹੈ, ਬਾਜ਼ੀਗਰ ਬਾਜ਼ੀ ਪਾਈ ਸਭ ਖਲਕ ਤਮਾਸ਼ੇ ਆਈ।"

ਕਦੇ ਮੈਂ ਲਿਖਿਆ ਸੀ, "ਬੰਦੇ ਦੇ ਬੁਲੰਦ ਜੇਰੇ ਅੱਗੇ ਐਵਰੈਸਟ ਵਰਗੀਆਂ ਚੋਟੀਆਂ ਦੀ ਉਚਾਈ ਵੀ ਤੁੱਛ ਹੈ। ਮੁੱਢ ਕਦੀਮ ਤੋਂ ਮਨੁੱਖ ਦੇ ਜਾਏ ਕੁਦਰਤੀ ਸ਼ਕਤੀਆਂ ਨਾਲ ਜੂਝਦੇ ਆਏ ਹਨ। ਖੇਡਾਂ ਮਨੁੱਖ ਦੀ ਜੁਝਾਰ ਸ਼ਕਤੀ ਵਿਚ ਵਾਧਾ ਕਰਨ ਲਈ ਹਨ। ਖੇਡ ਮੈਦਾਨਾਂ ਵਿਚ ਬੰਦੇ ਦੀ ਦ੍ਰਿੜਤਾ ਤੇ ਜਿੱਤਾਂ ਜਿੱਤਣ ਲਈ ਸਿਰੜ ਦਾ ਪਤਾ ਲੱਗਦਾ ਹੈ। ਮਨੁੱਖ ਫਤਿਹ ਹਾਸਲ ਕਰਨ ਲਈ ਜੰਮਿਆ ਹੈ। ਉਹ ਅੰਦਰ ਤੇ ਬਾਹਰ ਸਭਨਾਂ ਤਾਕਤਾਂ ਨੂੰ ਜਿੱਤ ਲੈਣਾ ਲੋਚਦਾ ਹੈ। ਇੱਕ ਪਾਸੇ ਉਹ ਮਨ ਜਿੱਤਣ ਦੇ ਆਹਰ ਵਿਚ ਹੈ ਤੇ ਦੂਜੇ ਪਾਸੇ ਆਪਣੇ 84ਵੇਂ ਜਨਮ ਦਿਨ 'ਤੇਗ ਜਿੱਤਣ ਦੇ। ਉਹ ਧਰਤੀ ਤੇ ਸਾਗਰ ਗਾਹੁਣ ਪਿੱਛੋਂ ਪੁਲਾੜ ਦੀ ਹਿੱਕ ਚੀਰ ਕੇ ਅਗਾਂਹ ਲੰਘ ਜਾਣਾ ਚਾਹੁੰਦਾ ਹੈ।"

ਹੁਣ ਮੈਂ 84ਵੇਂ ਸਾਲ 'ਚ ਦਾਖਲ ਹੋ ਗਿਆ ਹਾਂ। ਸਾਧੂ ਦਇਆ ਸਿੰਘ ਆਰਫ ਦੇ ਲਿਖੇ ਕਿੱਸੇ 'ਜ਼ਿੰਦਗੀ ਬਿਲਾਸ' ਵਿਚ ਪਹਿਲੇ ਤੋਂ ਸੌਵੇਂ ਸਾਲ ਤਕ ਦੀ ਉਮਰ ਦੇ ਉਪਦੇਸ਼ ਹਨ। ਅਸੀਂ ਜ਼ਿੰਦਗੀ ਬਿਲਾਸ ਦਾ ਕਿੱਸਾ ਤਖ਼ਤੂਪੁਰੇ ਦੇ ਮੇਲੇ 'ਚੋਂ ਲਿਆਂਦਾ ਸੀ ਜੋ ਚੰਦ ਦੀ ਲੋਅ ਵਿਚ ਪੜ੍ਹਿਆ। ਉਹਦੇ ਕੁਝ ਬੰਦ ਅਜੇ ਵੀ ਯਾਦ ਹਨ:

ਪਹਿਲੇ ਸਾਲ ਪਿਆਰਿਆ ਜੰਮਿਆ ਤੂੰ, ਦੇਖ ਮਾਊਂ ਦੇ ਸਿਕਮ ਥੀਂ ਬਾਹਰ ਆਇਆ

ਨਾਲ ਹੁਕਮ ਕਰਤਾਰ ਦੇ ਜਨਮ ਪਾਇਆ, ਵੇਖਣ ਵਾਸਤੇ ਸ਼ਹਿਰ ਬਜ਼ਾਰ ਆਇਆ

ਏਥੇ ਭੂਤ ਦੇ ਕਸਬ ਖਰੀਦ ਬੈਠੋਂ, ਕਰਨ ਵਾਸਤੇ ਸੱਚ ਦੀ ਕਾਰ ਆਇਆ

ਦਇਆ ਸਿੰਘ ਖਰੀਦਿਆ ਕੌਡੀਆਂ ਨੂੰ, ਖੱਟਣ ਵਾਸਤੇ ਲਾਲ ਜਵਾਹਰ ਆਇਆ...

ਉੱਨੀ ਸਾਲ ਵਿਚ ਉਤ ਨਾ ਸੋਚਿਆ ਤੈਂ, ਸਦਾ ਨਹੀਂ ਆਰਾਮ ਦੀ ਘੜੀ ਰਹਿਣੀ

ਖਾ ਲੈ ਖਰਚ ਲੈ ਪੁੰਨ ਤੇ ਦਾਨ ਕਰ ਲੈ, ਦੌਲਤ ਵਿਚ ਜ਼ਮੀਨ ਦੇ ਪੜੀ ਰਹਿਣੀ

ਕੋਈ ਰੋਜ਼ ਤੂੰ ਸੜਕ 'ਤੇ ਸੈਰ ਕਰ ਲੈ, ਬੱਘੀ ਵਿਚ ਤਬੇਲਿਆਂ ਖੜ੍ਹੀ ਰਹਿਣੀ

ਆਖ਼ਰ ਉਮਰ ਦੀ ਡੋਰ ਨੇ ਟੁੱਟ ਜਾਣਾ, ਗੁੱਡੀ ਸਦਾ ਨਾ ਜੱਗ 'ਤੇ ਚੜ੍ਹੀ ਰਹਿਣੀ...

ਆਪਣੀ 83 ਸਾਲ ਦੀ ਉਮਰ ਗੁਜ਼ਰ ਜਾਣ ਦਾ ਉਪਦੇਸ਼ ਮੈਂ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਬੈਠਾ ਪੜ੍ਹ ਰਿਹਾਂ:

ਗੁਜ਼ਰੀ ਉਮਰ ਤਿਰਾਸੀ ਬਰਸਾਂ, ਤੈਨੂੰ ਗਿਆਨ ਨਾ ਆਇਆ ਈ

ਇਕ ਨੂੰ ਛੱਡ ਦੂਜਾ ਮੰਨ ਬੈਠੋਂ, ਕਿਸ ਨੇ ਇਲਮ ਪੜ੍ਹਾਇਆ ਈ

ਦਸਮ ਦੁਆਰ ਦਾ ਭੇਤ ਤੁਸਾਂ ਨੂੰ, ਕਿਸੇ ਨਹੀਂ ਕਰਵਾਇਆ ਈ

ਦਇਆ ਸਿੰਘ ਵਿਚ ਗਾੜ੍ਹੀ ਗੁਫਲਤ, ਜਨਮ ਅਮੋਲ ਗੁਆਇਆ ਈ...

ਪਰ ਮੈਂ ਦਇਆ ਸਿੰਘ ਦੇ ਉਪਦੇਸ਼ਾਂ ਅਨੁਸਾਰ ਨਹੀਂ ਜੀਉਂ ਸਕਿਆ। ਮੈਂ ਆਪਣੀ ਸਵੈ-ਜੀਵਨੀ ਦਾ ਨਾਂ 'ਹਸੰਦਿਆਂ ਖੇਲੰਦਿਆਂ' ਰੱਖਿਆ ਹੋਇਐ। ਕਦੇ ਹੱਸ ਵੇ ਮਨਾਂ, ਕਦੇ ਖੇਡ ਵੇ ਮਨਾਂ, ਇਸ ਜੱਗ ਨਹੀਂ ਆਉਣਾ ਦੂਜੀ ਵੇਰ ਵੇ ਮਨਾਂ। ਕੁਦਰਤ ਦਾ ਸ਼ੁਕਰਗੁਜ਼ਾਰ ਹਾਂ ਕਿ ਜੀਵਨ ਦੇ ਤਰਾਸੀ ਸਾਲ ਹਸਦਿਆਂ ਖੇਲਦਿਆਂ ਲੰਘ ਗਏ। ਹਾਲੇ ਨੈਣ ਪ੍ਰਾਣ ਠੀਕ ਠਾਕ ਨੇ ਜਿਸ ਕਰਕੇ ਪੜ੍ਹੀ ਲਿਖੀ ਜਾ ਰਿਹਾਂ। ਸਵੇਰੇ ਸਵੱਖਤੇ ਉੱਠਣਾ, ਲੰਮੀ ਸੈਰ ਕਰਨੀ, ਸੰਜਮ ਨਾਲ ਖਾਣਾ ਪੀਣਾ ਤੇ ਅੱਠ-ਨੌਂ ਘੰਟੇ ਪੜ੍ਹਨਾ ਲਿਖਣਾ, ਮੇਰਾ ਅਜੋਕਾ ਰੁਟੀਨ ਹੈ। ਮੇਰਾ ਅਸਲੀ ਸਰਮਾਇਆ ਮੇਰੇ ਪਾਠਕ ਨੇ ਜੋ ਮੇਰਾ ਸਭ ਤੋਂ ਵੱਡੇ ਸਨਮਾਨ ਨੇ।

ਮੈਂ ਅਖ਼ਬਾਰਾਂ/ਰਸਾਲਿਆਂ ਦੇ ਸੰਪਾਦਕਾਂ ਦਾ ਧੰਨਵਾਦੀ ਹਾਂ ਜੋ ਮੈਥੋਂ ਲਗਾਤਾਰ ਕਾਲਮ ਲਿਖਵਾਈ ਜਾ ਰਹੇ ਹਨ। ਕਦੇ ਖੇਡ ਮੈਦਾਨ 'ਚੋਂ, ਖੇਡ ਖਿਡਾਰੀ, ਖੇਡ ਪਰਿਕਰਮਾ, ਖੇਡ ਦਰਸ਼ਨ, ਖੇਡ ਚਰਚਾ, ਖੇਡ ਮੇਲੇ, ਖੇਡ ਤਬਸਰਾ, ਖੇਡ ਸੰਸਾਰ, ਪਹਿਰੇਦਾਰ, ਕੌਣ ਸਾਹਿਬ ਨੂੰ ਆਖੇ, ਪਿੰਡ ਦੀ ਸੱਥ 'ਚੋਂ, ਬਾਤਾਂ ਵਤਨ ਦੀਆਂ, ਖੇਡ ਜਗਤ ਦੀਆਂ ਬਾਤਾਂ ਤੇ ਕਦੇ 'ਪੰਜਾਬੀ ਖੇਡ ਸਾਹਿਤ'। ਅਜੋਕਾ ਕਾਲਮ 'ਵਿਸ਼ਵ ਦੇ ਮਹਾਨ ਖਿਡਾਰੀ' ਚੱਲ ਰਿਹੈ। 'ਪੰਜਾਬੀ ਖੇਡ ਸਾਹਿਤ' ਪ੍ਰੋਜੈਕਟ **ਜੋ ਕਿਸੇ ਅਕਾਦਮਿਕ ਖੇਡ ਅਦਾਰੇ ਦੇ ਕਰਨ ਕਰਾਉਣ ਵਾਲਾ ਖੋਜ ਕਾਰਜ ਸੀ, ਉਹ 'ਪੰਜਾਬੀ ਟ੍ਰਿਬਿਊਨ' ਨੇ ਕਰਵਾ ਲਿਆ। 2020-22 ਦੌਰਾਨ ਮੈਥੋਂ ਹਰ ਹਫ਼ਤੇ ਲੰਮੇ ਲੇਖ ਲਿਖਵਾਏ ਗਏ। ਅਖ਼ਬਾਰ ਦੇ ਪੂਰੇ ਪੰਨੇ ਦੀਆਂ 111 ਕਿਸ਼ਤਾਂ ਛਾਪੀਆਂ ਗਈਆਂ। ਉਨ੍ਹਾਂ ਨਾਲ ਚਾਰ ਪੁਸਤਕਾਂ ਪ੍ਰਕਾਸ਼ਿਤ ਹੋਈਆਂ, 'ਸ਼ਬਦਾਂ ਦੇ ਖਿਡਾਰੀ', 'ਖੇਡ ਸਾਹਿਤ ਦੀਆਂ ਬਾਤਾਂ', 'ਖੇਡ ਸਾਹਿਤ ਦੇ ਮੋਤੀ' ਤੇ 'ਖੇਡ ਸਾਹਿਤ ਦੇ ਹੀਰੇ'।**

ਉਮਰ ਦੇ 80ਵਿਆਂ ਵਿਚ ਮੇਰੀਆਂ ਉਪ੍ਰੋਕਤ ਪੁਸਤਕਾਂ ਤੋਂ ਬਿਨਾਂ ਸੱਤ ਹੋਰ ਪੁਸਤਕਾਂ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ', 'ਖੇਡ ਖਿਡਾਰੀ', 'ਉਡਣਾ ਸਿੱਖ ਮਿਲਖਾ ਸਿੰਘ', 'ਪੰਜਾਬੀ ਕਹਾਣੀ ਦਾ ਸ਼ਾਹਸਵਾਰ ਵਰਿਆਮ ਸਿੰਘ ਸੰਧੂ', 'ਪੰਜਾਬੀਆਂ ਦਾ ਖੇਡ ਸਭਿਆਚਾਰ', 'ਨਿੰਦਰ ਘੁਗਿਆਣਵੀ ਦੀ ਵਾਰਤਕ ਪੜ੍ਹਦਿਆਂ' ਤੇ 'ਮੇਰੀ ਕਲਮ ਦੀ ਮੈਰਾਥਨ' ਵੀ ਛਪੀਆਂ ਹਨ। ਅਗਲੀ ਪੁਸਤਕ 'ਦੁਨੀਆਂ ਦੇ ਮਹਾਨ ਖਿਡਾਰੀ' ਛਪ ਰਹੀ ਹੈ। ਕੌਣ ਕਹਿੰਦੈ 80ਵਿਆਂ 'ਚ ਪਹੁੰਚ ਕੇ ਬੰਦਾ ਹੋਰ ਗਿਆਨ ਹਾਸਲ ਕਰਨ ਤੇ ਪੜ੍ਹਨ ਲਿਖਣ ਜੋਗਾ ਨਹੀਂ ਰਹਿੰਦਾ?

ਮੇਰੀ ਕਲਮ ਦੀ ਮੈਰਾਥਨ ਦੌੜ ਅਜੇ ਜਾਰੀ ਹੈ ਤੇ ਤਦ ਤਕ ਜਾਰੀ ਰਹੇਗੀ ਜਦੋਂ ਤਕ ਡਿੱਗ ਨਹੀਂ ਪੈਂਦਾ।

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਜਿਉਂਦੇ ਜੀਅ ਮਰਨਾ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।***

ਕੁਝ ਲੋਕ ਮਰ ਮਰ ਕੇ ਜਿਉਂਦੇ। ਉਨ੍ਹਾਂ ਦੇ ਹਰ ਸਾਹ 'ਤੇ ਮੌਤ ਮੰਡਰਾਉਂਦੀ ਅਤੇ ਉਹ ਸਿਰਫ਼ ਜਿਉਣ ਦਾ ਮਜ਼ਾਕ ਬਣ ਕੇ ਰਹਿ ਜਾਂਦੇ। ਕੁਝ ਲੋਕ ਜੀਅ ਜੀਅ ਕੇ ਮਰਨ ਦਾ ਆਹਰ ਕਰਦੇ ਕਿਉਂਕਿ ਉਨ੍ਹਾਂ ਲਈ ਮਰਨ ਵਿਚੋਂ ਹੀ ਜਿਉਣ ਦੇ ਅਰਥ ਲੱਭਣੇ ਹੀ ਜੀਵਨ ਦਾ ਮਕਸਦ। ਕੁਝ ਲੋਕ ਮਰਨ ਲਈ ਹੀ ਜਿਉਂਦੇ ਕਿਉਂਕਿ ਉਨ੍ਹਾਂ ਦੀ ਜ਼ਿੰਦਗੀ ਹੀ ਅਰਥਹੀਣ ਹੁੰਦੀ ਅਤੇ ਬੇ-ਅਰਥੇ ਜਿਉਣਾ, ਮਰਨ ਤੋਂ ਵੀ ਭੈੜਾ। ਕੁਝ ਲੋਕ ਸਿਰਫ਼ ਦੁਨੀਆਂ ਦੀ ਦੌਲਤ ਅਤੇ ਸ਼ੁਹਰਤ 'ਕੱਠਾ ਕਰਨ ਲਈ ਦਿਨ-ਰਾਤ ਹੀ ਭੱਜ ਦੌੜ ਵਿਚ ਲੱਗੇ ਰਹਿੰਦੇ। ਉਨ੍ਹਾਂ ਨੂੰ ਮਰਨਾ ਯਾਦ ਹੀ ਨਹੀਂ ਰਹਿੰਦਾ। ਉਹ ਕਿਸੇ ਦੇ ਬਲਦੇ ਸਿਵੇ 'ਤੇ ਵੀ ਮੌਤ ਨੂੰ ਮਖੌਲ ਹੀ ਸਮਝਦੇ ਕਿਉਂਕਿ ਉਹ ਸਿਰਫ਼ ਇਹੀ ਸੋਚਦੇ ਕਿ ਸਿਵੇ ਵੀ ਸੜ ਰਿਹਾ ਸ਼ਖ਼ਸ ਹੀ ਮਰ ਗਿਆ ਏ ਮੈਂ ਤਾਂ ਮਰਨਾ ਹੀ ਨਹੀਂ।

ਚੰਗਾ ਹੁੰਦਾ ਹੈ ਵਰਤਮਾਨ ਵਿਚ ਜਿਉਣਾ। ਬੀਤੇ ਵਿਚੋਂ ਕੁਝ ਸਿੱਖਣਾ ਤੇ ਭੁੱਲ ਜਾਣਾ। ਭਵਿੱਖ ਵਿਚ ਉਸਾਰੂ ਸੋਚ ਨਾਲ ਕੁਝ ਕਰਦੇ ਰਹਿਣਾ। ਇਸਦਾ ਇਵਜ਼ਾਨਾ ਕੀ ਅਤੇ ਕਦੋਂ ਮਿਲੇਗਾ, ਇਸ ਬਾਰੇ ਮਨ ਵਿਚ ਕੋਈ ਵੀ ਮਲਾਲ ਨਾ ਰੱਖਣਾ। ਅਜੇਹਾ ਨਾ ਹੋਵੇ ਕਿ ਵਰਤਮਾਨ ਬੀਤਣ ਤੋਂ ਬਾਅਦ ਕਿਤੇ ਪੱਲੇ ਵਿਚ ਪਛਤਾਵਾ ਹੀ ਨਾ ਰਹਿ ਜਾਵੇ।

ਪਰ ਸਭ ਤੋਂ ਖੂਬਸੂਰਤ ਹੁੰਦਾ ਏ ਅਜੇਹਾ ਜਿਉਣਾ ਕਿ ਜਿਉਂਦੇ ਜੀਅ ਉਸ ਵਿਅਕਤੀ ਦਾ ਜਿਉਣਾ, ਹਰ ਵਿਅਕਤੀ ਦਾ ਹਿੱਸਾ ਬਣ ਜਾਵੇ। ਮਰਨ ਤੋਂ ਬਾਅਦ ਵੀ ਲੋਕ ਉਸਨੂੰ ਚੰਗੇਰੇ ਰੂਪ ਵਿਚ ਆਪਣੇ ਚੇਤਿਆਂ ਵਿਚ ਵਸਾਈ ਰੱਖਣ ਕਿ ਕੋਈ ਹੁੰਦਾ ਸੀ ਸ਼ਖ਼ਸ ਜਿਸ ਦੀਆਂ ਰਹਿਮਤਾਂ ਨੇ ਜ਼ਿੰਦਗੀ ਨੂੰ ਇਕ ਨਿਆਮਤ ਬਣਾ ਦਿਤਾ, ਜਿਸ ਦੀ ਛੋਹ 'ਚ ਹਰੇਕ ਬੰਦੇ ਨੇ ਭਲਿਆਈ ਦਾ ਮਾਰਗ ਫੜਿਆ ਅਤੇ ਜਿਸਦਾ ਸ਼ਖ਼ਸੀ ਬਿੰਬ ਆਉਣ ਵਾਲੀਆਂ ਪੀੜ੍ਹੀਆਂ ਲਈ ਰੋਲ ਮਾਡਲ ਹੈ।

ਯਾਦ ਰੱਖਣਾ! ਉਮਰ ਨੂੰ ਸਾਲਾਂ ਦੀ ਗਿਣਤੀ ਨਾਲ ਨਾ ਮਿਣੋ ਸਗੋਂ ਆਪਣੀ ਉਮਰ ਨੂੰ ਭਲੇ ਕੰਮਾਂ ਦੀ ਗਿਣਤੀ ਨਾਲ ਮਾਪੋ ਜਿਨ੍ਹਾਂ ਕਰਕੇ ਤੁਹਾਨੂੰ ਚੰਗੇਰੀ ਜੀਵਨ-ਜਾਚ ਹਾਸਲ ਹੋਈ। ਹਰ ਜੀਵ ਜਿਉਂਦਾ। ਪਰ ਮਨੁੱਖ ਦੇ ਜੀਣ ਅਤੇ ਜੀਵਾਂ ਦੇ ਜਿਉਣ ਵਿਚ ਅੰਤਰ। ਸ਼ਾਇਦ ਮਨੁੱਖ ਹੀ ਅਜੇਹਾ ਜੀਵ ਜੋ ਬਾਕੀ ਜੀਵਾਂ ਦੀ ਜ਼ਿੰਦਗੀ 'ਤੇ ਅਸਰ ਪਾ ਸਕਦਾ। ਉਨ੍ਹਾਂ ਦਾ ਵਿਕਾਸ ਵੀ ਕਰ ਸਕਦਾ ਜਾਂ ਵਿਨਾਸ਼ ਵੀ ਕਰ ਸਕਦਾ। ਕੁਦਰਤ ਦੀ ਅਵੱਗਿਆ ਕਰਨੀ ਹੈ ਜਾਂ ਕੁਦਰਤ ਸੰਗ ਇਕਸਾਰਤਾ ਵਿਚੋਂ ਆਪਣੀ ਅਤੇ ਹੋਰਨਾਂ ਦੀ ਜੀਵਨ-ਸ਼ੈਲੀ ਨੂੰ ਨਿਰਧਾਰਤ ਕਰਨਾ।

ਸਾਰੇ ਭਲੇ ਲੋਕਾਂ ਲਈ ਆਪਣੀ ਜ਼ਿੰਦਗੀ ਨਾਲੋਂ ਦੂਸਰਿਆਂ ਦੇ ਜੀਵਨ ਦੀ ਅਹਿਮੀਅਤ ਸਭ ਤੋਂ ਜ਼ਿਆਦਾ। ਉਹ ਲੋਕ ਭਲਾਈ ਦੇ ਕਾਰਜਾਂ ਨਾਲ ਜੀਵਨ ਨੂੰ ਸਫ਼ਲਾ ਕਰਦੇ। ਭਾਵੇਂ ਇਹ ਵਾਤਾਵਰਨ ਦੀ ਸੰਭਾਲ ਹੋਵੇ, ਸਾਧਨਹੀਨ ਬੱਚਿਆਂ ਨੂੰ ਗਿਆਨ ਦੀ ਲੋਅ ਵੰਡਣਾ ਜਾਂ ਨਿਤਾਣਿਆਂ ਤੇ ਬੇਸਹਾਰਿਆਂ ਦਾ ਸਹਾਰਾ ਬਣਨਾ। ਉਨ੍ਹਾਂ ਲਈ ਹੰਝੂ ਨੂੰ ਹਾਸੇ ਅਤੇ ਦੁੱਖ ਨੂੰ ਸੁੱਖ ਵਿਚ ਬਦਲਣਾ, ਪਰਮ ਧਰਮ। ਕਿਸੇ ਰੁਆਂਸੇ ਚਿਹਰੇ 'ਤੇ ਮੁਸਕਰਾਹਟ ਬਿਖੇਰਨਾ ਹੀ ਉਨ੍ਹਾਂ ਲਈ ਭਗਤੀ ਅਤੇ ਰੱਬ ਅੱਗੇ ਜੋਦੜੀ।

ਜਿਉਣਾ ਅਤੇ ਮਰਨਾ, ਕੁਦਰਤ ਦਾ ਨਿਯਮ। ਕਿਸ ਮੋੜ 'ਤੇ ਮੌਤ ਟੱਕਰੇ ਅਤੇ ਕਿਸ ਪਲ ਮੌਤ ਨੂੰ ਝਕਾਨੀ ਦੇ ਕੇ ਜਿਉਣਾ, ਅਜੇਹੇ ਕਰਾਮਾਤੀ ਵਰਤਾਰੇ ਕੁਦਰਤ ਵਿਚ ਆਮ ਹੀ ਵਰਤਦੇ। ਪਰ ਜਿਹੜੇ ਲੋਕ ਮਰਨ ਵਿਚੋਂ ਜਿਉਣ ਦੀ ਨਿਸ਼ਾਨਦੇਹੀ ਕਰਦੇ, ਉਨ੍ਹਾਂ ਦਾ ਜੀਵਨ ਸਕਾਰਥ ਅਤੇ ਸਫ਼ਲਮਈ ਹੁੰਦਾ। ਬਹੁਤ ਅਹਿਮ ਹੁੰਦਾ ਜਿਉਂਦੇ ਜੀਅ ਆਪਣੀ ਹੋਂਦ ਨੂੰ ਵਿਸਥਾਰਨਾ। ਵੱਡੇ ਹੁੰਦਿਆਂ ਵੀ ਖੁਦ ਨੂੰ ਨਿੱਕਾ ਸਮਝਣਾ ਅਤੇ ਖਾਸ ਹੁੰਦਿਆਂ ਵੀ ਆਮ ਵਿਅਕਤੀ ਦਾ ਵਰਤਾਰਾ ਆਪਣੀ ਖ਼ਾਸੀਅਤ ਬਣਾਉਣਾ। ਕਦੇ ਵੀ ਆਪਣੀ ਹੋਂਦ ਨੂੰ ਗਵਾਉਣ ਤੋਂ ਉਕਤਾਉਣਾ ਨਹੀਂ ਚਾਹੀਦਾ ਅਗਰ ਤੁਹਾਡੇ ਮਿਟਣ ਨਾਲ ਹੋਂਦ ਨੂੰ ਵਸੀਹ ਅਰਥ ਮਿਲਦੇ ਹੋਣ। ਕਈ ਵਾਰ ਅਸੀਂ ਘਬਰਾਉਣ ਲੱਗਦੇ ਹਾਂ ਕਿ ਵੱਡੇ ਦਾਇਰੇ ਵਿਚ ਜਾ ਕੇ ਅਸੀਂ ਸ਼ਾਇਦ ਨਿੱਕੇ ਦਾਇਰੇ ਦੇ ਕੈਦੀ ਬਣ ਜਾਵਾਂਗੇ ਪਰ ਅਜੇਹਾ ਨਹੀਂ ਹੁੰਦਾ। ਜਦ ਚੋਅ ਤੇ ਨਾਲੇ, ਨਦੀ ਵਿਚ ਮਿਲਦੇ ਨੇ ਤਾਂ ਚੋਅ ਅਤੇ ਨਾਲ਼ੇ ਗਵਾਚਦੇ ਨਹੀਂ ਸਗੋਂ ਇਹ ਨਦੀ ਬਣ ਜਾਂਦੇ। ਜਦ ਨਦੀ ਦਰਿਆ ਵਿਚ ਸਿਮਟਦੀ ਤਾਂ ਨਦੀ ਇਕ ਦਰਿਆ ਦਾ ਰੂਪ ਧਾਰਦੀ ਅਤੇ ਜਦ ਦਰਿਆ ਪਰਬਤੋਂ ਤੁਰਿਆ ਮੈਦਾਨ ਗਾਹੁੰਦਾ ਆਪਣੇ ਸਫ਼ਰ ਦੇ ਅੰਤਮ ਪੜਾਅ 'ਤੇ ਸਮੁੰਦਰ ਵਿਚ ਰਲਣ ਲੱਗਦਾ ਤਾਂ ਉਸਦੇ ਮਨ ਵਿਚ ਇਹ ਡਰ ਨਹੀਂ ਹੁੰਦਾ ਕਿ ਉਸਦੀ ਹੋਂਦ ਗਵਾਚ ਜਾਵੇਗੀ ਅਤੇ ਨਾ ਹੀ ਉਹ ਪਿੱਛਲਖੁਰੀ ਝਾਕਦਾ। ਸਗੋਂ ਖੁਸ਼ੀ ਖੁਸ਼ੀ ਉਹ ਸਮੁੰਦਰ ਵਿਚ ਸਮਾ ਕੇ ਸਮੁੰਦਰ ਹੀ ਬਣ ਜਾਂਦਾ। ਬਹੁਤ ਲੰਮਾ ਤੇ ਮਾਣਮੱਤਾ ਸਫ਼ਰ ਹੁੰਦਾ ਹੈ ਕਿਸੇ ਦਰਿਆ ਦਾ ਸਮੁੰਦਰ ਹੋ ਜਾਣਾ।



ਬੰਦੇ ਦੇ ਮਨ ਵਿਚ ਚੰਗਿਆਈ ਦੇ ਫੁਰਨੇ ਆਉਂਦੇ ਹੋਣੇ ਚਾਹੀਦੇ ਭਾਵੇਂ ਉਸਦੇ ਨਿੱਜੀ ਸਾਧਨ ਸੀਮਤ ਹੋਣ। ਪਰ ਜਦੋਂ ਉਹੀ ਵਿਅਕਤੀ ਆਪਣੇ ਭਾਵਪੂਰਤ ਸੁਪਨਿਆਂ ਦੀ ਪੂਰਤੀ ਲਈ ਵੱਡੇ ਅਦਾਰੇ ਦਾ ਹਿੱਸਾ ਬਣ ਜਾਂਦਾ ਤਾਂ ਉਸ ਵਿਅਕਤੀ ਦੀ ਅਹਿਮੀਅਤ ਘਟਦੀ ਨਹੀਂ ਸਗੋਂ ਉਸਦੀ ਯਾਤਰਾ ਨਿੱਕੇ ਪੜਾਵਾਂ ਨੂੰ ਉਲੰਘ ਵੱਡੀਆਂ ਮੰਜ਼ਲਾਂ ਦੀ ਪ੍ਰਾਪਤੀ ਬਣ ਜਾਂਦੀ।

ਜਦ ਕੋਈ ਵਿਅਕਤੀ ਧਰਮ-ਕਰਮ ਦੇ ਰਾਹ ਤੁਰਨ ਲੱਗਿਆਂ, ਮਨ ਵਿਚ ਝਿਜਕਦਾ ਨਹੀਂ ਸਗੋਂ ਸਾਬਤ ਕਦਮੀਂ ਨਵੇਂ ਸਫ਼ਰ ਦਾ ਆਗਾਜ਼ ਕਰਦਾ ਤਾਂ ਉਸਦੀ ਪ੍ਰਵਾਜ਼ ਸੁਹੰਦਣੀ ਤੇ ਉਚੇਰੀ ਹੁੰਦੀ। ਉਹ ਜੀਵਨ ਦੇ ਉਨ੍ਹਾਂ ਮਰਹੱਲਿਆਂ ਨੂੰ ਹਾਸਲ ਕਰਨ ਦਾ ਸਬੱਬ ਬਣਦਾ ਜਿਨ੍ਹਾਂ ਦਾ ਕਿਆਸ ਬੰਦਾ ਮਨ ਵਿਚ ਕਰਦਾ।

ਫੁੱਲ ਖਿੜਦਾ ਹੈ। ਆਲੇ-ਦੁਆਲੇ ਰੰਗਾਂ ਦੀ ਛਹਿਬਰ ਲਾਉਂਦਾ ਅਤੇ ਫਿਜ਼ਾ ਵਿਚ ਖੁਸ਼ਬੂ ਵੰਡਦਾ। ਚੌਗਿਰਦੇ ਨੂੰ ਮਹਿਕਾਉਂਦਾ। ਦੇਖਣ ਵਾਲਿਆਂ ਦੇ ਦੀਦਿਆਂ ਵਿਚ ਨਵਾਂ ਖੇੜਾ ਅਤੇ ਹੁਲਾਸ ਭਰਦਾ। ਪਰ ਜਦ ਫੁੱਲ ਮੁਰਝਾਉਣ ਲੱਗਦਾ ਤੇ ਫੁੱਲ-ਪੱਤੀਆਂ ਕਿਰਨ ਲੱਗਦੀਆਂ ਤਾਂ ਫੁੱਲ ਦੇ ਮਨ ਵਿਚ ਸਦਾ ਜਿਉਂਦੇ ਰਹਿਣ ਦਾ ਮਲਾਲ ਨਹੀਂ ਹੁੰਦਾ ਸਗੋਂ ਉਸ ਦੇ ਮਨ ਵਿਚ ਸਕੂਨ ਹੁੰਦਾ ਕਿ ਉਸ ਨੇ ਜਿਉਂਦੇ ਜੀਅ ਆਲੇ-ਦੁਆਲੇ ਵਿਚ ਖੇੜੇ ਵੰਡੇ, ਅਤੇ ਮੰਡਰਾਉਂਦੀਆਂ ਤਿਤਲੀਆਂ ਤੇ ਭੌਰਿਆਂ ਦੀ ਸੰਗਤ ਮਾਣੀ। ਇਹੀ ਤਾਂ ਹੁੰਦਾ ਹੈ ਖੁਸ਼ਬੂਆਂ ਵੰਡਦਿਆਂ ਹੀ ਆਖਰੀ ਸਫ਼ਰ 'ਤੇ ਤੁਰ ਜਾਣਾ।

ਕੁਝ ਲੋਕ ਮਰਨ ਤੋਂ ਬਾਅਦ ਆਪਣੇ ਬੋਲਾਂ ਕਾਰਨ ਜਿਉਂਦੇ, ਕੁਝ ਲੋਕ ਕਿਤਾਬਾਂ ਵਿਚ ਜਿਉਂਦੇ, ਕੁਝ ਕਲਾਕਾਰੀ ਦੇ ਬਿਰਤਾਂਤ ਵਿਚ ਜਿਉਂਦੇ ਪਰ ਕੁਝ ਕੁ ਅਜੇਹੇ ਲੋਕ ਵੀ ਹੁੰਦੇ ਜਿਨ੍ਹਾਂ ਦੇ ਨਾਮ ਮਨੁੱਖੀ ਇਤਿਹਾਸ ਵਿਚ ਉਕਰੇ ਜਾਂਦੇ ਉਨ੍ਹਾਂ ਦੀਆਂ ਮਾਣਮੱਤੀਆਂ ਕੀਰਤੀਆਂ ਕਾਰਨ। ਉਹ ਤਵਾਰੀਖ਼ ਦਾ ਅਜੇਹਾ ਪੰਨਾ ਹੁੰਦੇ ਜਿਹੜਾ ਹਰ ਯੁੱਗ ਵਿਚ ਹੀ ਸੂਰਜ ਵਾਂਗ ਚਮਕਦਾ ਅਤੇ ਚਮਕ ਕਦੇ ਵੀ ਮੱਠੀ ਨਹੀਂ ਪੈਂਦੀ। ਦਰਅਸਲ ਅਜੇਹੇ ਮਹਾਂ ਪੁਰਖਾਂ ਨੇ ਮਰਨ ਵਿਚੋਂ ਜਿਉਣ ਦਾ ਗੁਰ ਲੱਭ ਲਿਆ ਹੁੰਦਾ ਅਤੇ ਇਸਨੂੰ ਆਪਣੀ ਕਰਮਸ਼ੈਲੀ ਦਾ ਅੰਗ ਬਣਾਇਆ ਹੁੰਦਾ।

ਜ਼ਿਆਦਾਤਰ ਲੋਕ ਧਰਮੀ ਤਾਂ ਹੁੰਦੇ ਪਰ ਉਹ ਧਰਮ ਦੀ ਨਹੀਂ ਮੰਨਦੇ ਤਾਂ ਹੀ ਉਹ ਸਿਰਫ਼ ਮਰਨ ਲਈ ਹੀ ਜਿਉਂਦੇ। ਪਰ ਜਿਹੜੇ ਲੋਕ ਧਰਮ ਦੀ ਮੰਨਦੇ, ਉਹ ਮਰ ਕੇ ਲੋਕ-ਮਨਾਂ ਵਿਚ ਸਦਾ ਜਿਉਂਦੇ। ਧਰਮ ਸਿਰਫ਼ ਆਸਥਾ ਹੀ ਨਹੀਂ ਸਗੋਂ ਇਹ ਤੁਹਾਡੀ ਆਤਮਿਕ ਜੋਤ ਦਾ ਪ੍ਰਕਾਸ਼ ਹੁੰਦਾ। ਆਪਣੇ ਕੰਮ ਨੂੰ ਸਿਰਫ਼ ਧਨ ਦੀ ਕਸਵੱਟੀ 'ਤੇ ਤੋਲਣ ਵਾਲੇ ਕਦੇ ਵੀ ਜਿਉਂਦੇ ਜੀਅ, ਜਿਉਂਦੇ ਨਹੀਂ ਸਗੋਂ ਉਹ ਪਲ-ਪਲ ਮਰਨ ਵਿਚੋਂ ਹੀ ਜ਼ਿੰਦਗੀ ਭਾਲਦੇ। ਕਈ ਵਾਰ ਮੈਨੂੰ ਪੁੱਛਿਆ ਜਾਂਦਾ ਕਿ ਇਸ ਸ਼ਬਦ ਸਫ਼ਰ ਨੇ ਤੈਨੂੰ ਕੀ ਦਿੱਤਾ? ਤਾਂ ਮੇਰਾ ਸਿਰਫ਼ ਇਕ ਹੀ ਜਵਾਬ ਹੁੰਦਾ ਕਿ ਜੇ ਇਕ ਹੀ ਸ਼ਬਦ ਜਾਂ ਲਿਖਤ ਕਿਸੇ ਇਕ ਵਿਅਕਤੀ ਦੇ ਜੀਵਨ ਵਿਚ ਉਸਾਰੂ ਤਬਦੀਲੀ ਲਿਆ ਦੇਵੇ ਤਾਂ ਇਹ ਸ਼ਬਦ ਮੇਰੇ ਮਰਨ ਤੋਂ ਬਾਅਦ ਵੀ ਜਿਉਂਦੇ ਰਹਿਣਗੇ। ਇਹੀ ਮੇਰੇ ਸ਼ਬਦਾਂ ਦਾ ਹਾਸਲ ਹੈ।

ਯਾਦ ਰੱਖਣਾ! ਤੁਸੀਂ ਕਿਸ ਅਦਾਰੇ ਵਿਚ ਕੰਮ ਕੀਤਾ, ਕਿਵੇਂ ਕੀਤਾ, ਇਸ ਵਿਚ ਕੀ ਸੁਧਾਰ ਕੀਤਾ ਅਤੇ ਇਸਦੇ ਵਿਸਥਾਰ ਵਿਚ ਤੁਹਾਡੀ ਭੂਮਿਕਾ ਨੇ ਹੀ ਤੁਹਾਡੇ ਜਾਣ ਤੋਂ ਬਾਅਦ ਜਿਉਂਦੀ ਰਹਿਣਾ। ਕੁਝ ਅਦਾਰੇ ਜਦ ਕਿਸੇ ਵਿਅਕਤੀ ਦੀ ਪਛਾਣ ਬਣ ਜਾਣ ਤਾਂ ਉਹ ਵਿਅਕਤੀ ਆਪਣੇ ਅਦਾਰੇ ਜਾਂ ਸੰਸਥਾ ਰਾਹੀਂ ਹਮੇਸ਼ਾ ਜਿਉਂਦਾ ਹੈ ਜਿਵੇਂ ਪਿੰਗਲਵਾੜੇ ਦੇ ਸੰਸਥਾਪਕ ਪੂਰਨ ਸਿੰਘ ਜੀ। ਅਜੇਹੇ ਲੋਕ ਮਰਨ ਤੋਂ ਬਾਅਦ ਵੀ, ਜਿਉਂਦੇ ਲੋਕਾਂ ਵਿਚ ਹਮੇਸ਼ਾ ਜਿਉਂਦੇ ਰਹਿੰਦੇ।

ਜਿਉਣ ਵੇਲੇ ਜਿਉਣਾ ਅਤੇ ਮਰਨ ਦੇ ਸਮੇਂ ਮਰਨ ਵਿਚ ਬਹੁਤ ਅੰਤਰ। ਜਿਊਣ ਲਈ ਮਰਨਾ ਅਤੇ ਮਰਨ ਲਈ ਜਿਊਣਾ, ਵੱਖੋ-ਵੱਖੋ। ਜੋ ਲੋਕ ਮਰਨ ਤੋਂ ਬਾਅਦ ਜਿਉਂਦੇ ਰਹਿੰਦੇ ਉਹ ਸਮਾਜ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਵਰਦਾਨ। ਮਰਨ ਤੋਂ ਪਹਿਲਾਂ ਦੀ ਜ਼ਿੰਦਗੀ ਹੀ ਇਸ ਗੱਲ ਦਾ ਸੂਚਕ ਹੁੰਦੀ ਕਿ ਤੁਸੀਂ ਮਰਨ ਤੋਂ ਬਾਅਦ ਵੀ ਜਿਉਂਦੇ ਰਹਿਣਾ ਹੈ ਜਾਂ ਮਰ ਕੇ ਸਦਾ ਲਈ ਮਰ ਜਾਣਾ। ਸ਼ਾਇਦ ਬਹੁਤ ਲੋਕਾਂ ਨੂੰ ਇਸ ਗੱਲ ਦਾ ਹੀ ਇਲਮ ਨਹੀਂ ਕਿ ਮੌਤ ਥੋੜ੍ਹਚਿਰੀ ਹੁੰਦੀ ਜਦ ਕਿ ਜਿਉਣਾ ਸਦੀਵ ਹੁੰਦਾ। ਭਾਵੇਂ ਇਹ ਮੌਤ ਤੋਂ ਪਹਿਲਾਂ ਹੋਵੇ ਜਾਂ ਬਾਅਦ 'ਚ ਹੋਵੇ। ਮਹਾਨ ਲੋਕ ਕਈ ਸਦੀਆਂ ਤੀਕ ਮਰਨ ਤੋਂ ਬਾਅਦ ਵੀ ਜਿਉਂਦੇ ਰਹਿੰਦੇ। ਜਦ ਸਾਨੂੰ ਜ਼ਿੰਦਗੀ ਦੀ ਸਮਝ ਆ ਜਾਵੇ ਤਾਂ ਫਿਰ ਸਾਨੂੰ ਇਹ ਫਿਕਰ ਕਰਨ ਦੀ ਲੋੜ ਨਹੀਂ ਕਿ ਮਰਨ ਤੋਂ ਬਾਅਦ ਜਿਉਂਦੇ ਰਹਿਣਾ ਜਾਂ ਮਰ ਜਾਣਾ। ਪਤਾ ਤਾਂ ਇਸ ਗੱਲ ਦਾ ਹੋਣਾ ਚਾਹੀਦਾ ਕਿ ਮਰਨ ਨਾਲ ਕੋਈ ਘਾਟਾ ਤਾਂ ਨਹੀਂ ਪੈਂਦਾ। ਸਭ ਕੁਝ ਖਤਮ ਉਦੋਂ ਹੋ ਜਾਂਦਾ ਜਦ ਬੰਦਾ ਜਿਉਂਦੇ ਜੀਅ ਅੰਦਰੋਂ ਹੀ ਮਰ ਜਾਵੇ।

ਹਰੇਕ ਬੰਦੇ ਲਈ ਜਨਮ ਲੈਣਾ ਅਤੇ ਮਰਨਾ, ਇਕਸਾਰ। ਪਰ ਫਰਕ ਇਹ ਹੁੰਦਾ ਕਿ ਕਿਸੇ ਵਿਅਕਤੀ ਨੇ ਜ਼ਿੰਦਗੀ ਨੂੰ ਕਿਵੇਂ ਜੀਵਿਆ ਅਤੇ ਉਹ ਕਿੰਝ ਮਰਿਆ। ਇਹੀ ਸਾਬਤ ਕਰਦਾ ਕਿ ਬੰਦੇ ਨੇ ਜਿਉਂਦੇ-ਜੀਅ ਵੀ ਅਤੇ ਮਰ ਕੇ ਵੀ ਅੰਦਰੋਂ-ਬਾਹਰੋਂ ਜਿਉਂਦੇ ਰਹਿਣਾ। ਜ਼ਿੰਦਗੀ ਇਕ ਗੀਤ ਹੈ, ਇਸਨੂੰ ਰੂਹਦਾਰੀ ਨਾਲ ਗਾਵੋ ਨਾ ਕਿ ਉਦਾਸ ਨਗਮਾ ਬਣਾਓ। ਜ਼ਿੰਦਗੀ ਇਕ ਕਲਾ ਹੈ, ਇਸਦੀ ਬਿਹਤਰ ਚਿੱਤਰਕਾਰੀ ਵਿਚੋਂ ਗੂੜ੍ਹੇ ਰੰਗ ਉਘਾੜੋ ਨਾ ਕਿ ਇਸਦੀ ਕੈਨਵਸ 'ਤੇ ਉਦਾਸ ਸ਼ਾਮਾਂ ਵਾਹੋ।

ਜ਼ਿੰਦਗੀ ਇਕ ਇਬਾਰਤ ਹੈ, ਇਸਦੇ ਹਰਫ਼ਾਂ ਵਿਚ ਅਰਥਾਂ ਦੇ ਜੁਗਨੂੰ ਟਿਕਾਓ ਨਾ ਕਿ ਇਸਦੇ ਓਟੇ 'ਤੇ ਜਗਦੇ ਦੀਵੇ ਬੁਝਾਓ। ਜ਼ਿੰਦਗੀ ਇਕ ਸੁੰਦਰ ਸੁਪਨਾ ਹੈ, ਇਸਨੂੰ ਸੰਪੂਰਨਤਾ ਦਾ ਟਿੱਕਾ ਲਾਓ ਨਾ ਕਿ ਇਸਦੇ ਹੱਥਾਂ 'ਤੇ ਕਾਲੇ ਵਕਤਾਂ ਦੀ ਮਹਿੰਦੀ ਲਾਓ। ਜ਼ਿੰਦਗੀ ਇਕ ਜਸ਼ਨ ਹੈ, ਜ਼ਿੰਦਾਦਿਲੀ ਨਾਲ ਮਨਾਓ ਨਾ ਕਿ ਸੋਗ ਦੀ ਸਫ਼ ਮਨ-ਵਿਹੜੇ 'ਚ ਵਿਛਾਓ। ਜ਼ਿੰਦਗੀ ਇਕ ਫਰਜ਼ ਹੈ, ਇਸਨੂੰ ਖੂਬਸੂਰਤੀ ਨਾਲ ਪੂਰਾ ਕਰੋ ਨਾ ਕਿ ਇਸਦੀ ਝੋਲੀ 'ਚ ਕੁਤਾਹੀਆਂ ਪਾਓ। ਜ਼ਿੰਦਗੀ ਇਕ ਵਰਦਾਨ ਹੈ, ਸ਼ੁਕਰ ਮਨਾਓ ਨਾ ਕਿ ਹਮੇਸ਼ਾ ਨਾ-ਸ਼ੁਕਰੀ 'ਚ ਸਾਹਾਂ ਨੂੰ ਸੂਲੀ 'ਤੇ ਚੜ੍ਹਾਓ।

ਜ਼ਿੰਦਗੀ ਇਕ ਉਤਸਵ, ਮੇਲੇ ਦੇ ਰੰਗ ਵਿਚ ਰੰਗੇ ਜਾਵੋ ਨਾ ਕਿ ਕਾਲੇ ਲਿਬਾਸ ਵਿਚ ਧੂਣੀ ਵਾਂਗ ਧੁਖਦੇ ਰਹੋ। ਜ਼ਿੰਦਗੀ ਇਕ ਜੱਦੋ-ਜਹਿਦ, ਕਰੋ ਅਤੇ ਜਿੱਤੋ ਨਾ ਕਿ ਹਾਰੇ ਹੋਇਆਂ ਦੇ ਕਾਫ਼ਲੇ ਵਿਚ ਰਲ ਜਾਓ। ਜ਼ਿੰਦਗੀ ਇਕ ਹੁਨਰ ਹੈ, ਜੱਗ ਨੂੰ ਦਿਖਾਓ ਨਾ ਕਿ ਖੋਲ ਵਿਚ ਬੰਦ ਹੋ ਸੰਤਾਪ ਬਣ ਜਾਓ। ਜ਼ਿੰਦਗੀ ਜੁਸਤਜੂ ਹੈ, ਪਿੱਛਾ ਕਰੋ ਨਾ ਕਿ ਹਾਰ ਹੰਭ ਕੇ ਲੇਖਾਂ ਦਾ ਰੋਣਾ ਰੋਵੋ। ਜ਼ਿੰਦਗੀ ਇਕ ਸਾਜ਼ ਹੈ, ਸੁਰਾਂ ਦੀ ਛਹਿਬਰ ਲਾਓ ਨਾ ਕਿ ਉਦਾਸੀ ਨਾਲ ਫਿਜ਼ਾ ਨੂੰ ਸਿਸਕਣ ਲਾਓ। ਜ਼ਿੰਦਗੀ ਇਕ ਪ੍ਰਵਾਜ਼ ਹੈ, ਅੰਬਰ ਨੂੰ ਹੱਥ ਲਾਓ ਨਾ ਕਿ ਧਰਤ 'ਤੇ ਬਹਿ ਕੇ ਝੂਰੀ ਜਾਓ। ਜ਼ਿੰਦਗੀ ਇਕ ਅੰਦਾਜ਼ ਹੈ, ਜੀਵਨ-ਸ਼ੈਲੀ ਦੇ ਨਾਮ ਲਾਓ ਨਾ ਕਿ ਸ਼ਿਕਵਿਆਂ ਨੂੰ ਯਾਰ ਬਣਾਓ।

ਜ਼ਿੰਦਗੀ ਇਕ ਅਦਾਅ ਹੈ, ਮਟਕਾਓ ਨਾ ਕਿ ਬੁੱਸੀਆਂ ਜਹੀਆ ਹਰਕਤਾਂ 'ਚ ਸਾਹ ਗਵਾਓ। ਜ਼ਿੰਦਗੀ ਦੁੱਖ ਵੀ ਹੁੰਦੀ, ਸਹਿਣ ਦੀ ਜਾਚ ਹੋਣੀ ਚਾਹੀਦੀ। ਜ਼ਿੰਦਗੀ ਕਿਆਮਤ ਵੀ ਪਰ ਕਿਆਮਤ ਨੂੰ ਨਿਆਮਤ ਬਣਾਉਣ ਦਾ ਗੁਰ ਹੋਣਾ ਚਾਹੀਦਾ। ਜ਼ਿੰਦਗੀ ਜ਼ਖ਼ਮ ਵੀ ਦਿੰਦੀ ਪੀੜ ਜਰਨ ਅਤੇ ਮਰਹਮ ਲਾਉਣ ਦੀ ਜਾਚ ਹੋਣੀ ਚਾਹੀਦੀ। ਜ਼ਿੰਦਗੀ ਇਵਜ਼ਾਨਾ ਵੀ ਹੁੰਦੀ, ਭਰੋ ਪਰ ਗਿਲਾ ਨਾ ਕਰੋ। ਜ਼ਿੰਦਗੀ ਮੁਹੱਬਤ ਵੀ ਹੁੰਦੀ, ਰੱਜ ਕੇ ਮਾਣੋ ਪਰ ਨਫ਼ਰਤ ਦਾ ਵਪਾਰ ਨਾ ਕਰੋ। ਜ਼ਿੰਦਗੀ ਜਜ਼ਬਾਤ ਵੀ ਹੁੰਦੀ, ਜਿਉਂਦੇ ਰੱਖੋ ਕਦੇ ਮਰਨ ਨਾ ਦਿਓ।

ਜ਼ਿੰਦਗੀ ਅਮਾਨਤ ਹੈ, ਇਸ ਵਿਚ ਖ਼ਿਆਨਤ ਨਾ ਕਰੋ। ਜ਼ਿੰਦਗੀ ਸੁੰਦਰਤਾ ਹੈ, ਕੋਹਜ ਨਾ ਬਣਾਓ ਸਗੋਂ ਅੰਤਰੀਵ ਵਿਚ ਉਤਾਰੋ। ਜ਼ਿੰਦਗੀ ਕੁਦਰਤ ਦਾ ਵਰਦਾਨ ਹੈ, ਕਦੇ ਸਰਾਪ ਸਮਝਣ ਦੀ ਖੁਨਾਮੀ ਨਾ ਕਰਨਾ। ਜ਼ਿੰਦਗੀ ਇਕ ਸਫ਼ਰ, ਸਿਰਨਾਵਾਂ ਬਣੋ ਨਾ ਕਿ ਅੱਧਵਾਟੇ ਸਫ਼ਰ ਦਾ ਹਉਕਾ। ਜ਼ਿੰਦਗੀ ਇਕ ਅਹਿਸਾਨ, ਇਸਨੂੰ ਲਾਹੁਣਾ ਸਾਡਾ ਫਰਜ਼ ਨਾ ਕਿ ਅਹਿਸਾਨ-ਫਰਾਮੋਸ਼ ਹੋਣਾ। ਜ਼ਿੰਦਗੀ ਅਹਿਸਾਸ ਹੈ, ਜੀਓ, ਨਾ ਕਿ ਮਰਨ-ਚਾਹਤ ਬਣੋ। ਜ਼ਿੰਦਗੀ ਕਿਤਾਬ ਹੈ, ਰੀਝ ਨਾਲ ਪੜ੍ਹੋ ਨਾ ਕਿ ਇਸਦੇ ਵਰਕੇ ਉਲਥਾਓ। ਜ਼ਿੰਦਗੀ ਸਾਹਾਂ ਦਾ ਜਾਪ ਹੈ, ਜਪਦੇ ਰਹੋ ਨਾ ਕਿ ਇਸਨੂੰ ਸਾਹਾਂ ਦੀ ਧੁਖਧੁੱਖੀ ਬਣਾਓ। ਜ਼ਿੰਦਗੀ ਦੀਦਿਆਂ 'ਚ ਫੈਲਿਆ ਅਕਾਸ਼ ਮੰਡਲ ਹੈ, ਤਾਰਿਆਂ ਦੀ ਜੂਹੇ ਜਾਓ ਨਾ ਕਿ ਅਸਮਾਨ ਨੂੰ ਨਿਗੂਣਾ ਬਣਾਉਣ ਦੀ ਅਕਾਰਥ ਕੋਸ਼ਿਸ਼ ਕਰੋ। ਜ਼ਿੰਦਗੀ ਸੋਚ-ਸਮੁੰਦਰ ਹੈ, ਰਿੜਕ ਕੇ ਅੰਮ੍ਰਿਤ ਬਣਾਓ ਨਾ ਕਿ ਇਸਨੂੰ ਜ਼ਹਿਰ ਸਮਝ ਕੇ ਨਕਾਰੋ।

ਜ਼ਿੰਦਗੀ ਵਿਚੋਂ ਹੀ ਜ਼ਿੰਦਗੀ ਜਨਮਦੀ। ਜ਼ਿੰਦਗੀ ਹੀ ਜ਼ਿੰਦਗੀਆਂ ਦਾ ਮਾਰਗ-ਦਰਸ਼ਨ ਕਰਦੀ। ਜ਼ਿੰਦਗੀ ਹੀ ਜ਼ਿੰਦਗੀਆਂ ਦੀ ਪੀੜਾਂ ਹਰਦੀ। ਜ਼ਿੰਦਗੀ ਹੀ ਜ਼ਿੰਦਗੀ ਦੇ ਨਾਮ ਸੁਖਨ, ਸੁਹਜ ਅਤੇ ਸੁਰਖ ਪਲ ਕਰਦੀ। ਜ਼ਿੰਦਗੀ ਤੋਂ ਕਾਹਦਾ ਝਿਜਕਣਾ। ਇਸਨੂੰ ਖੁਸ਼-ਆਮਦੀਦ ਕਹੋ। ਇਸਨੂੰ ਅਜੇਹਾ ਜੀਵੋ ਕਿ ਅਗਲੀਆਂ ਪੀੜ੍ਹੀਆਂ ਇਸ 'ਤੇ ਨਾਜ਼ ਕਰਦੀਆਂ, ਇਸਨੂੰ ਆਪਣਾ ਆਦਰਸ਼ ਬਣਾਉਣ।

ਦਰਅਸਲ ਮਰ ਕੇ ਜਿਉਂਦੇ ਰਹਿਣ ਲਈ ਸਭ ਤੋਂ ਜ਼ਰੂਰੀ ਹੈ ਆਪਣੇ ਆਪ ਦੀ ਤਫ਼ਤੀਸ਼ ਕਰਨੀ। ਕਮੀਆਂ ਤੇ ਕੁਤਾਹੀਆਂ ਦੀ ਨਿਸ਼ਾਨਦੇਹੀ ਵਿਚੋਂ ਆਪਣੀਆਂ ਉਸਾਰੂ ਬਿਰਤੀਆਂ ਨੂੰ ਹਾਵੀ ਕਰਦਿਆਂ, ਘਟੀਆ ਵਿਚਾਰਾਂ ਨੂੰ ਨਾਸ਼ ਕਰਨਾ। ਆਪਣੀ ਰੂਹ ਦੇ ਨਿਰਮਲ ਪਾਣੀਆਂ ਵਿਚ ਖ਼ਿਆਲਾਂ ਅਤੇ ਖ਼ਾਬਾਂ ਦੀਆਂ ਬੇੜੀਆਂ ਤਾਰਨਾ। ਦੇਖਣਾ! ਇਨ੍ਹਾਂ ਦੀ ਰੂਹਾਨੀਅਤ ਵਿਚੋਂ ਕੇਹੀ ਰਵਾਨੀ ਅਤੇ ਤਾਜ਼ਗੀ ਮਿਲੇਗੀ ਜਿਹੜੀ ਬੰਦੇ ਨੂੰ ਅੰਤਰੀਵ ਤੋਂ ਬਾਹਰੀ ਸਫ਼ਰ 'ਤੇ ਤੋਰੇਗੀ ਜੋ ਬਹੁਤ ਹੀ ਸੁਹਾਵਣਾ ਹੋਵੇਗਾ।

ਮਰ ਕੇ ਜਿਉਣ ਲਈ ਜ਼ਰੂਰੀ ਹੁੰਦਾ ਹੈ ਬੰਦੇ ਦਾ ਧਰਮੀ ਬਣ ਜਾਣਾ, ਅਜੇਹਾ ਧਰਮੀ ਜਿਹੜਾ ਵਿਸ਼ੇਸ਼ ਧਰਮ, ਵਲਗਣਾਂ, ਮਰਿਯਾਦਾਵਾਂ ਅਤੇ ਸੌੜੀਆਂ ਰਹੁ-ਰੀਤਾਂ ਦਾ ਕੈਦੀ ਨਾ ਹੋਵੇ। ਸਗੋਂ ਉਸਦੇ ਮਨ ਵਿਚ ਵਿਚਾਰਾਂ ਦੀ ਸੁੱਚਮਤਾ, ਕਿਰਤ ਦੀ ਸੁਹਿਰਦਤਾ ਅਤੇ ਸੰਬੰਧਾਂ ਵਿਚਲੀ ਪਾਕੀਜ਼ਗੀ ਹੋਵੇ। ਉਹ ਆਪਣੇ ਆਪ ਨੂੰ ਜਵਾਬ-ਦੇਹ ਹੋਵੇ। ਕਿਉਂਕਿ ਖੁਦ ਦੀ ਜਵਾਬਦੇਹੀ ਵਿਚੋਂ ਹੀ ਜਦ ਅਸੀਂ ਪਰਿਵਾਰ ਅਤੇ ਸਮਾਜ ਨੂੰ ਜਵਾਬਦੇਹ ਹੋਵਾਂਗੇ ਤਾਂ ਸਾਡੇ ਕਦਮ ਕਦੇ ਵੀ ਬੁਰਿਆਈ ਵੱਲ ਨਹੀਂ ਜਾਣਗੇ। ਚੰਗਿਆਈ ਦਾ ਚਾਨਣ ਸਾਡੇ ਜਾਣ ਤੋਂ ਬਾਅਦ ਵੀ ਲੋਕਾਂ ਦਾ ਮਾਰਗ-ਦਰਸ਼ਨ ਕਰਦਾ ਰਹੇਗਾ।

ਯਾਦ ਰਹੇ ਕਿ ਜਿਉਣ ਲਈ ਮਰਦੇ ਰਹਿਣਾ, ਜਿਉਣਾ ਨਹੀਂ ਹੁੰਦਾ। ਸਗੋਂ ਮਰਨ ਤੋਂ ਬਾਅਦ ਵੀ ਜਿਉਂਦੇ ਰਹਿਣਾ ਹੀ ਜ਼ਿੰਦਗੀ ਹੁੰਦਾ। ਕੀ ਤੁਸੀਂ ਅਜੇਹੀ ਜੀਵਨ-ਜਾਚ ਬਾਰੇ ਸੋਚਿਆ ਹੈ?

# ਨਵੇਂ ਯੁੱਗ ਵਿਚ ਉਸਰ ਰਹੇ ਨਵ-ਸਮਾਜਿਕ ਯਥਾਰਥ ਨੂੰ ਰੂਪਮਾਨ ਕਰਦਾ ਨਾਵਲ - ਉਜੜੇ ਖੂਹ ਦਾ ਪਾਣੀ

**ਨਿਰੰਜਣ ਬੋਹਾ**
**ਫੋਨ: 89682-82700**


ਪੰਜਾਬੀ ਗ਼ਜ਼ਲ ਦੇ ਨਾਮਵਰ ਹਸਤਾਖ਼ਰ ਬੂਟਾ ਸਿੰਘ ਚੌਹਾਨ ਨੇ ਸਿਰਫ਼ ਚਾਰ ਨਾਵਲ ਲਿਖ ਕੇ ਨਾਵਲ ਦੇ ਖੇਤਰ ਵਿਚ ਸਥਾਪਤੀ ਦੇ ਹਾਣ ਦਾ ਮੁਕਾਮ ਹਾਸਲ ਕਰ ਲਿਆ ਹੈ। ਉਸਦਾ ਨਵਾਂ ਨਾਵਲ 'ਉਜੜੇ ਖੂਹ ਦਾ ਪਾਣੀ' ਨਵੇਂ ਤਕਨੀਕੀ ਯੁੱਗ ਦੀ ਨਵੀਂ ਜੀਵਨ ਜਾਚ ਨੂੰ ਅਪਨਾਉਣ ਵੇਲੇ ਪੇਂਡੂ ਪਿਛੋਕੜ ਦੇ ਲੋਕਾਂ ਅੰਦਰ ਪੈਦਾ ਹੁੰਦੇ ਮਾਨਸਿਕ ਖਲਾਅ ਨੂੰ ਰੂਪਮਾਨ ਕਰ ਕੇ ਇਸ ਸਿੱਟੇ ਦੀ ਨਿਸ਼ਾਨਦੇਹੀ ਉਚੇਚੇ ਤੌਰ 'ਤੇ ਕਰਦਾ ਹੈ ਕਿ ਪਦਾਰਥਕ ਪ੍ਰਾਪਤੀਆਂ ਨੂੰ ਹੀ ਜੀਵਨ ਦੀ ਸੰਪੂਰਨਤਾ ਸਮਝਣ ਵਾਲੀ ਇਸ ਜੀਵਨ ਜਾਚ ਨੇ ਉਨ੍ਹਾਂ ਦੀ ਸਥਿਤੀ ਉਸ ਉਜੜੇ ਖੂਹ ਵਾਲੀ ਬਣਾ ਦਿੱਤੀ ਹੈ ਜਿਸ ਕੋਲ ਕੋਈ ਵੀ ਯਾਤਰੀ ਆਪਣੀ ਪਿਆਸ ਬੁਝਾਉਣ ਲਈ ਨਹੀਂ ਰੁਕਦਾ। ਇਸ ਨਾਵਲ ਦੇ ਪਾਤਰ ਸਮਾਜਿਕ ਰਿਸ਼ਤਿਆਂ ਦੇ ਜਟਿਲ ਤਾਣੇ-ਬਾਣੇ ਨੂੰ ਰੂਪਮਾਨ ਕਰਦੇ ਹੋਏ ਅੱਜ ਦੇ ਮਨੁੱਖ ਦੀਆਂ ਅਜਿਹੀਆਂ ਮਨੋ-ਸਮਾਜਿਕ ਸਮੱਸਿਆਵਾਂ ਦਾ ਵੀ ਬਿਰਤਾਂਤ ਸਿਰਜਦੇ ਹਨ ਜੋ ਪਾਠਕਾਂ ਨੂੰ ਨਵੀਆਂ ਵੀ ਲੱਗਦੀਆਂ ਹਨ ਤੇ ਯਥਾਰਥਕ ਵੀ। ਇਨ੍ਹਾਂ ਪਾਤਰਾਂ ਦੇ ਆਪਣੀ ਸਮਕਾਲੀ ਸਮਾਜਿਕ ਵਿਵਸਥਾ ਨਾਲ ਸਬੰਧ ਸਹਿਜ ਤੇ ਸੁਖਾਵੇਂ ਨਹੀਂ ਸਗੋਂ ਦਵੰਦਾਤਮਕ ਹਨ ਤੇ ਇਹ ਦਵੰਦ ਉਨ੍ਹਾਂ ਦੇ ਜੀਵਨ ਦੀ ਦਸ਼ਾ ਤੇ ਦਿਸ਼ਾ ਨੂੰ ਨਵੇਂ ਤੋਂ ਨਵੇਂ ਅਣ-ਕਿਆਸੇ ਮੋੜ ਦੇਣ ਦਾ ਕਾਰਜ ਕਰਦਾ ਹੈ।

ਨਾਵਲ ਦੀ ਮੁੱਖ ਪਾਤਰ ਸ਼ਰਨ ਦੇ ਜੀਵਨ ਵਿਚ ਵੀ ਕਈ ਅਜਿਹੇ ਮੋੜ ਆਉਂਦੇ ਹਨ ਜਿਨ੍ਹਾਂ ਬਾਰੇ ਉਸ ਨੇ ਕਦੇ ਕਲਪਨਾ ਹੀ ਨਹੀਂ ਸੀ ਕੀਤੀ। ਉਸਦੇ ਬਚਪਨ ਕਾਲ ਦੌਰਾਨ ਉਸਦਾ ਸਾਧੂ ਬਿਰਤੀ ਵਾਲਾ ਨਿਹੰਗ ਸਿੰਘ ਬਾਪ ਉਸਦੀ ਹਰ ਜਾਇਜ਼-ਨਾਜਾਇਜ਼ ਜ਼ਿੱਦ ਪੁਗਾਉਂਦਾ ਹੈ ਤਾਂ ਆਪਣੀ ਗੱਲ ਮੰਨਵਾਉਣ ਦੀ ਪ੍ਰਵਿਰਤੀ ਉਸਦੇ ਸੁਭਾਅ ਦਾ ਸਥਾਈ ਹਿੱਸਾ ਬਣ ਜਾਂਦੀ ਹੈ। ਬਾਅਦ 'ਚ ਇਹ ਆਦਤ ਉਸ ਦੇ ਜੀਵਨ ਵਿਚ ਨਵੀਆਂ ਮੁਸ਼ਕਲਾਂ ਹੀ ਪੈਦਾ ਨਹੀਂ ਕਰਦੀ ਸਗੋਂ ਉਸਦੀ ਜੀਵਨ ਦੀ ਦਿਸ਼ਾ ਨੂੰ ਵੀ ਬਦਲ ਕੇ ਰੱਖ ਦਿੰਦੀ ਹੈ। ਉਸਦਾ ਨਾਬਰ ਸੁਭਾਅ ਉਸਨੂੰ ਜੀਵਨ ਵਿਚ ਆਉਣ ਵਾਲੀ ਕਿਸੇ ਸਮੱਸਿਆ ਦਾ ਹੱਲ ਮਿਲ ਬੈਠ ਕੇ ਕਰਨ ਦੀ ਨੀਤੀ ਨਹੀਂ ਅਪਨਾਉਣ ਦਿੰਦਾ ਸਗੋਂ ਉਸਨੂੰ ਸਾਹਮਣੇ ਵਾਲੀ ਧਿਰ ਨਾਲ ਆਪਣੀਆਂ ਹੀ ਸ਼ਰਤਾਂ ਅਨੁਸਾਰ ਵਰਤੋਂ ਵਿਹਾਰ ਕਰਨ ਦੇ ਰਾਹ ਤੋਰਦਾ ਹੈ। ਉਸਦੀ ਇਹ ਅੜੀਅਲ ਪਹੁੰਚ ਉਸ ਲਈ ਤਾਂ ਨੁਕਸਾਨਦੇਹ ਸਾਬਿਤ ਹੁੰਦੀ ਹੈ ਪਰ ਆਪਣੇ ਹਿੱਤਾਂ ਲਈ ਉਸਦੀ ਵਰਤੋਂ ਕਰਨ ਵਾਲੇ ਰਚਨਾ ਤੇ ਗਿੱਲ ਵਰਗੇ ਲੋਕ ਇਸ ਤੋਂ ਪੂਰਾ ਫਾਇਦਾ ਉਠਾਉਂਦੇ ਹਨ।

ਭਾਵੇਂ ਉਸ ਦੇ ਮਾਪਿਆਂ ਵੱਲੋਂ ਤਲਾਸ਼ਿਆ ਵਰ ਗੁਰਵੀਰ ਉਸ ਦੇ ਸੁਪਨਿਆਂ ਦੇ ਰਾਜ ਕੁਮਾਰ ਵਰਗਾ ਤਾਂ ਨਹੀਂ ਹੈ ਪਰ ਉਸਦੇ ਕਮਾਊ ਤੇ ਸ਼ਾਂਤ ਚਿੱਤ ਹੋਣ ਕਾਰਨ ਕੋਈ ਔਰਤ ਸਹਿਜ ਰੂਪ ਵਿਚ ਉਸ ਨਾਲ ਜ਼ਿੰਦਗੀ ਬਤੀਤ ਕਰ ਸਕਦੀ ਹੈ। ਆਪਣੀ ਸਹੇਲੀ ਰਚਨਾ ਵੱਲੋਂ ਪਤੀ ਨੂੰ ਪਹਿਲੇ ਦਿਨ ਤੋਂ ਆਪਣੇ ਕਾਬੂ ਵਿਚ ਰੱਖਣ ਦੀ ਗੱਲ 'ਤੇ ਅਮਲ ਕਰਦਿਆਂ ਉਹ ਗੁਰਵੀਰ ਨੂੰ ਸਮਰਪਿਤ ਭਾਵ ਨਾਲ ਪਿਆਰ ਕਰਨ ਦੀ ਬਜਾਏ ਉਸਨੂੰ ਆਪਣੇ ਕਾਬੂ ਵਿਚ ਰੱਖਣ ਬਾਰੇ ਸੋਚਦੀ ਹੈ ਤਾਂ ਇਹ ਸੋਚ ਅੰਤ 'ਤੇ ਪਤੀ-ਪਤਨੀ ਵਿਚਲੀਆਂ ਮਾਨਸਿਕ ਦੂਰੀਆਂ ਵਧਾਉਣ ਦਾ ਵੱਡਾ ਕਾਰਨ ਬਣ ਜਾਂਦੀ ਹੈ। ਉਨ੍ਹਾਂ ਦੇ ਵਿਆਹ ਤੋਂ ਪਹਿਲਾਂ ਗੁਰਵੀਰ ਦੇ ਆਪਣੀ ਭਰਜਾਈ ਨਾਲ ਨਾਜਾਇਜ਼ ਸਬੰਧ ਰਹੇ ਹਨ ਪਰ ਉਹ ਸਭ ਕੁਝ ਭੁੱਲ ਕੇ ਆਪਣੇ ਗ੍ਰਹਿਸਥੀ ਜੀਵਨ ਨੂੰ ਬਚਾਉਣਾ ਚਾਹੁੰਦਾ ਹੈ ਪਰ ਸ਼ਰਨ ਉਸਨੂੰ ਅਜਿਹਾ ਕਰਨ ਦਾ ਮੌਕਾ ਦੇਣ ਦੀ ਬਜਾਇ ਉਸਦੀ ਇਸ ਗਲਤੀ ਨੂੰ ਉਸਨੂੰ ਦਬਾ ਕੇ ਰੱਖਣ ਦੇ ਜ਼ਰੀਏ ਵਜੋਂ ਵਰਤਦੀ ਹੈ ਤਾਂ ਉਨ੍ਹਾਂ ਦੇ ਗ੍ਰਹਿਸਥੀ ਜੀਵਨ ਦੀ ਤਾਣੀ ਉਲਝ ਜਾਂਦੀ ਹੈ। ਅਜਿਹੇ ਮੌਕੇ 'ਤੇ ਗੁਰਵੀਰ ਦੀਆਂ ਮਾਨਸਿਕ ਤੇ ਸਰੀਰਕ ਲੋੜਾਂ ਦੀ ਸਹਿਜ ਪੂਰਤੀ ਨਹੀਂ ਹੁੰਦੀ ਤਾਂ ਉਸਦਾ ਝੁਕਾਅ ਫਿਰ ਤੋਂ ਆਪਣੀ ਭਰਜਾਈ ਵੱਲ ਹੋ ਜਾਂਦਾ ਹੈ।


ਲੇਖਕ ਬੂਟਾ ਸਿੰਘ ਚੌਹਾਨ

ਕਿਸੇ ਸਮੇਂ ਆਪਣੇ ਸਿਰ ਦੀ ਚੁੰਨੀ ਨੂੰ ਆਪਣਾ ਸਭ ਤੋਂ ਵੱਡਾ ਗਹਿਣਾ ਸਮਝਣ ਵਾਲੀ ਸ਼ਰਨ ਪਤੀ ਨਾਲ ਤਣਾਅਪੂਰਨ ਸਬੰਧਾਂ ਦੇ ਚਲਦਿਆਂ ਸ਼ਹਿਰ ਦੇ ਐਮ.ਸੀ. ਗਿੱਲ ਨਾਲ ਸਬੰਧ ਜੋੜ ਕੇ ਆਪਣੇ ਅੰਦਰਲੇ ਖਲਾਅ ਨੂੰ ਭਰਨ ਦੀ ਕੋਸ਼ਿਸ਼ ਕਰਦੀ ਹੈ ਪਰ ਉਸਦਾ ਅਜਿਹਾ ਕਰਨਾ ਆਪਣੇ ਪਤੀ ਨਾਲ ਚਲਦੇ ਤਣਾਉ ਨੂੰ ਏਨੇ ਤਿੱਖੇ ਟਕਰਾਅ ਵਿਚ ਬਦਲ ਦਿੰਦਾ ਹੈ ਕਿ ਦੋਵੇਂ ਇਕ ਦੂਜੇ ਦੀ ਜਾਨ ਦੇ ਦੁਸ਼ਮਨ ਬਣ ਜਾਂਦੇ ਹਨ। ਪਹਿਲਾਂ ਗੁਰਵੀਰ ਉਸਨੂੰ ਜਾਨੋਂ ਮਾਰਨ ਦੀ ਕੋਸ਼ਿਸ਼ ਕਰਦਾ ਹੈ ਪਰ ਉਸਦੇ ਅਸਫ਼ਲ ਰਹਿਣ 'ਤੇ ਸ਼ਰਨ ਉਸਦੀ ਸ਼ਰਾਬ ਵਿਚ ਕੀੜੇ ਮਾਰ ਦਵਾਈ ਰਲਾ ਕੇ ਉਸਨੂੰ ਮਾਰ ਮੁਕਾਉਂਦੀ ਹੈ। ਘਰ ਦੇ ਵਿਗੜੇ ਮਾਹੌਲ ਦਾ ਸਿੱਧਾ ਅਸਰ ਉਨ੍ਹਾਂ ਦੀ ਧੀ ਪਰਮਲ 'ਤੇ ਪੈਂਦਾ ਹੈ ਤਾਂ ਮਾਂ ਪ੍ਰਤੀ ਪੈਦਾ ਹੋਈ ਮੋਹਭੰਗਤਾ ਦੀ ਭਾਵਨਾ ਉਸਨੂੰ ਘਰੋਂ ਭਜਾਉਣ ਦਾ ਕਾਰਨ ਬਣ ਜਾਂਦੀ ਹੈ। ਇਸ ਤਰ੍ਹਾਂ ਅੰਤ ਸ਼ਰਨ ਪੈਸੇ ਦੀ ਬਹੁਤਾਤ ਹੁੰਦਿਆਂ ਵੀ ਇੱਕ ਉਜੜਿਆ ਖੂਹ ਬਣ ਕੇ ਰਹਿ ਜਾਂਦੀ ਹੈ।




ਨਾਵਲ ਦੀ ਕਹਾਣੀ ਦੇ ਅਗਲੇ ਫੈਸਲਾਕੁਨ ਮੋੜ 'ਤੇ ਪਤੀ ਪਤਨੀ ਤੋਂ ਬਾਅਦ ਮਾਂ-ਧੀ ਦਾ ਰਿਸ਼ਤਾ ਵੀ ਟਕਰਾਅ ਦੇ ਸਿਖਰਲੇ ਮੁਕਾਮ ਤੱਕ ਪਹੁੰਚ ਜਾਂਦਾ ਹੈ। ਸ਼ਰਨ ਉਸਦੀ ਮਰਜ਼ੀ ਤੋਂ ਉਲਟ ਵਿਆਹ ਕਰਾਉਣ ਵਾਲੀ ਆਪਣੀ ਧੀ ਨੂੰ ਇਸ ਸ਼ਰਤ 'ਤੇ ਅਪਣਾਉਣਾ ਚਾਹੁੰਦੀ ਹੈ ਕਿ ਉਹ ਆਪਣੇ ਪਤੀ ਨੂੰ ਛੱਡ ਕੇ ਉਸ ਕੋਲ ਰਹਿਣ ਲੱਗ ਪਵੇ ਪਰ ਪਰਮਲ ਉਸ ਨਾਲ ਕੋਈ ਰਿਸ਼ਤਾ ਰੱਖਣ ਤੋਂ ਇਨਕਾਰ ਕਰ ਦਿੰਦੀ ਹੈ। ਜਦੋਂ ਧੀ ਪਿਤਾ ਦੀ ਜਾਇਦਾਦ ਵਿਚੋਂ ਆਪਣਾ ਹਿੱਸਾ ਲੈਣ ਲਈ ਉਸਨੂੰ ਨੋਟਿਸ ਭੇਜਦੀ ਹੈ ਤਾਂ ਦੋਹਾਂ ਧਿਰਾਂ ਵਿਚਕਾਰ ਆਰਥਿਕ ਹਿੱਤਾਂ ਲਈ ਪੈਦਾ ਟਕਰਾਓ ਆਪਣੀਆਂ ਅੰਤਿਮ ਨਿਵਾਣਾਂ ਤੱਕ ਚਲਿਆ ਜਾਂਦਾ ਹੈ। ਇਸ ਮੌਕੇ 'ਤੇ ਉਹ ਆਪਣੇ ਧੀ ਦੇ ਪਤੀ ਦੇ ਇਰਾਦਿਆਂ ਨੂੰ ਮਾਤ ਦੇਣ ਲਈ ਆਪਣੇ ਉਸ ਨਿਹੰਗ ਫੁੱਫੜ ਦੀ ਮਦਦ ਲੈਂਦੀ ਹੈ ਜੋ ਬਚਪਨ ਵਿਚ ਉਸਨੂੰ ਨੀਂਦ ਦੀਆਂ ਗੋਲੀਆਂ ਖੁਆ ਕੇ ਧੋਖੇ ਨਾਲ ਉਸਦੀ ਇਜ਼ਤ ਲੁੱਟ ਚੁੱਕਾ ਹੈ ਤੇ ਜਿਸਨੂੰ ਉਹ ਬੇ-ਹੱਦ ਨਫਰਤ ਵੀ ਕਰਦੀ ਰਹੀ ਹੈ। ਨਾਵਲ ਦੇ ਅੰਤਲੇ ਵਾਕ ਵਿਚ ਉਸ ਵੱਲੋਂ "ਸਾਰਾ ਘਰ ਤੇਰਾ ਈ ਐ ਫੁੱਫੜਾ" ਬੋਲਣਾ ਤੇ ਫੁੱਫੜ ਦਾ ਉਸਦੇ ਕਮਰੇ ਅੰਦਰ ਜਾਣਾ' ਭਾਵੇਂ ਉਸ ਵੱਲੋਂ ਆਪਣੇ ਜੀਵਨ ਦੀ ਨਵੇਂ ਸਿਰੇ ਤੋਂ ਕੀਤੀ ਵਿਉਂਤਬੰਦੀ ਹੈ ਪਰ ਇਹ ਵਿਉਂਤਬੰਦੀ ਸਮਾਜਿਕ ਰਿਸ਼ਤਿਆਂ ਨੂੰ ਪੂਰੀ ਤਰ੍ਹਾਂ ਨੈਤਿਕ ਲੀਹਾਂ ਤੋਂ ਲਾਹੁਣ ਵਾਲੀ ਹੈ।

ਇਹ ਨਾਵਲ ਪਾਤਰ ਉਸਾਰੀ ਕਰਨ ਵੇਲੇ ਨੈਤਿਕ-ਅਨੈਤਿਕ , ਨਾਇਕ-ਖਲਨਾਇਕ , ਠੀਕ-ਗਲਤ ਜਾਂ ਪ੍ਰਵਾਨਿਤ-ਵਰਜਿਤ ਦੇ ਦ੍ਰਿਸ਼ਟੀਕੋਣ ਤੋਂ ਕਰਨ ਦੀਆਂ ਪ੍ਰੰਪਰਕ ਲੀਹਾਂ 'ਤੇ ਨਹੀਂ ਤੁਰਦਾ ਸਗੋਂ ਬਦਲ ਰਹੀ ਮਨੁੱਖੀ ਸੋਚ ਨੂੰ ਦਰਸਾਉਣ ਲਈ ਨਿਰੋਲ ਯਥਾਰਥਕ ਦ੍ਰਿਸ਼ਟੀਕੋਣ ਅਪਨਾਉਂਦਾ ਹੈ। ਨਾਵਲ ਦਾ ਨਾਇਕ ਤੇ ਖਲਨਾਇਕ ਇੱਕੋ ਜਿਸਮ ਵਿਚ ਵਾਸਾ ਕਰਦਾ ਹੈ ਅਤੇ ਸਮੇਂ, ਸਥਿਤੀਆਂ, ਸਮਾਜਿਕ ਦਬਾਵਾਂ ਤੇ ਵਿਅਕਤੀਗਤ ਹਿੱਤਾਂ ਅਨੁਸਾਰ ਉਹ ਕਿਸੇ ਵੇਲੇ ਨਾਇਕ ਦਾ ਰੂਪ ਧਾਰ ਲੈਂਦਾ ਹੈ ਤੇ ਕਿਸੇ ਵੇਲੇ ਖਲਨਾਇਕ ਦਾ। ਸਾਡੇ ਪੂਰਵਲੇ ਨਾਵਲਕਾਰ ਆਪਣੇ ਪਾਤਰਾਂ ਦਾ ਸਮਾਜਿਕ ਯਥਾਰਥ ਪੇਸ਼ ਕਰਦਿਆਂ ਇੱਛਤ ਤੇ ਉਦੇਸ਼ ਮੂਲਕ ਆਦਰਸ਼ ਦੀ ਸਥਾਪਨਾ ਦੇ ਮੰਤਵ ਨੂੰ ਪਹਿਲ ਦਿੰਦੇ ਰਹੇ ਹਨ ਪਰ ਇਹ ਨਾਵਲ ਮਨੁੱਖੀ ਮਾਨਸਿਕਤਾ ਵਿਚ ਵੱਖ ਵੱਖ ਸਮੇਂ 'ਤੇ ਵੱਖ-ਵੱਖ ਪ੍ਰਸਥਿਤੀਆਂ ਅਨੁਸਾਰ ਆਉਂਦੇ ਬਦਲਾਵਾਂ ਤੇ ਉਤਰਾਵਾਂ ਚੜ੍ਹਾਵਾਂ ਨੂੰ ਉਨ੍ਹਾਂ ਦੇ ਵਾਸਤਵਿਕ ਰੂਪ ਵਿਚ ਹੀ ਪੇਸ਼ ਕਰਦਾ ਹੈ। ਨਾਵਲ ਵਿਚਲਾ ਕਹਾਣੀ ਰਸ ਤੇ ਇਸਦੀ ਮੁਹਾਵਰੇਦਾਰ ਅੰਲਕਾਰਕ ਭਾਸ਼ਾ ਇਸਦੀ ਪੜ੍ਹਣ ਯੋਗਤਾ ਨੂੰ ਵਧਾਉਂਦੀ ਹੈ। ਇਸ ਨਾਵਲ ਦੇ ਪਾਠ ਰਾਹੀਂ ਨਵੇਂ ਪੰਜਾਬੀ ਨਾਵਲ ਦੀਆਂ ਵਿਸ਼ੇਸ਼ ਪ੍ਰਵਿਰਤੀਆਂ ਤੇ ਵਿਸ਼ੇਸ਼ ਝੁਕਾਵਾਂ ਨੂੰ ਭਲੀ ਭਾਂਤ ਜਾਣਿਆ ਜਾ ਸਕਦਾ ਹੈ। 136 ਪੰਨਿਆ 'ਤੇ ਆਧਾਰਿਤ 200 ਰੁਪਏ ਮੁੱਲ ਵਾਲੇ ਇਸ ਨਾਵਲ ਨੂੰ ਸਪਰੈਡ ਪਬਲੀਕੇਸ਼ਨ ਰਾਮਪੁਰ ਨੇ ਛਾਪਿਆ ਹੈ।

# 'ਰਾਹ' ਗੀਤ ਰਾਹੀਂ ਚਰਚਾ 'ਚ ਆਇਆ - ਅਵਤਾਰ ਭਰਤਗੜੀਆ

**ਬਲਬੀਰ ਸੂਫੀ**

ਕਦੇ-ਕਦੇ ਜ਼ਿੰਦਗੀ ਵੀ ਬਹੁਤ ਸਖ਼ਤ ਇਮਤਿਹਾਨ ਲੈਂਦੀ ਹੈ ਪਰ ਜਿਹੜਾ ਵੀ ਚੁਣੌਤੀਆਂ ਨੂੰ ਖਿੜੇ ਮੱਥੇ ਸਵੀਕਾਰ ਕਰਦਾ ਹੈ ਦੁਨੀਆ 'ਚ ਗੱਲਾਂ ਵੀ ਉਹਦੀਆਂ ਹੀ ਹੁੰਦੀਆਂ ਨੇ। ਉਂਜ ਵੀ ਮੰਜ਼ਿਲ 'ਤੇ ਪਹੁੰਚਣ ਦੀ ਪਹਿਲੀ ਸ਼ਰਤ ਵੀ ਇਹੀ ਹੁੰਦੀ ਹੈ ਕਿ ਰਾਹਾਂ 'ਚ ਭਾਵੇਂ ਕੰਡੇ ਹੋਣ ਜਾਂ ਪੱਥਰ ਚਲਦੇ ਜਾਣਾ ਬਸ ਚਲਦੇ ਜਾਣਾ। ਅਜਿਹਾ ਕੁਝ ਹੀ ਵਾਪਰਿਆ ਹੈ ਉੱਭਰਦੇ ਸੁਰੀਲੇ ਗਾਇਕ ਅਵਤਾਰ ਭਰਤਗੜੀਏ ਨਾਲ, ਜਿਸ ਦੇ ਸਿਰ ਤੋਂ ਪਿਤਾ ਇਕਬਾਲ ਦਾ ਸਾਇਆ ਬਚਪਨ ਵਿਚ ਹੀ ਉੱਠ ਗਿਆ ਤੇ ਘਰ ਵਿਚ ਰੋਟੀ ਦੇ ਵੀ ਲਾਲੇ ਹੋਣ ਕਰਕੇ ਬਚਪਨ ਤਾਂ ਜਿਵੇਂ ਮੁਰਝਾ ਹੀ ਗਿਆ।

ਫਿਰ ਵੀ ਅਵਤਾਰ ਨੇ ਪੜ੍ਹਾਈ ਜਾਰੀ ਰੱਖੀ ਤੇ ਬਾਰ੍ਹਵੀਂ ਤੱਕ ਪੜ੍ਹਾਈ ਕੀਤੀ।

ਸਕੂਲ ਦੀਆਂ ਬਾਲ-ਸਭਾਵਾਂ ਦਾ ਸ਼ਿੰਗਾਰ ਬਣਨ ਵਾਲੇ ਅਵਤਾਰ ਨੇ ਸੰਗੀਤ ਦੀ ਸਿੱਖਿਆ ਉਸਤਾਦ ਡਾਕਟਰ ਪੀ.ਐਲ. ਸ਼ਰਮਾ ਰੋਪੜ ਤੋਂ ਹਾਸਲ ਕੀਤੀ। ਸੁਰੀਲੇ ਗਾਇਕ ਸਰਦੂਲ ਸਿਕੰਦਰ ਦੇ ਰਿਸ਼ਤੇ 'ਚ ਭਤੀਜੇ ਲੱਗਦੇ ਅਵਤਾਰ ਨੇ ਸੰਗੀਤ ਨੂੰ ਜੀ-ਜਾਨ ਨਾਲ ਮੁਹੱਬਤ ਕੀਤੀ ਤੇ ਨਿੱਠ ਕੇ ਰਿਆਜ਼ ਕੀਤਾ। ਬਹੁਤ ਵਾਰੀ ਤੰਗੀਆਂ ਤੁਰਸ਼ੀਆਂ ਕਰਕੇ ਹੁਨਰ ਦੱਬਿਆ ਹੀ ਰਹਿ ਜਾਂਦਾ ਹੈ। ਅਵਤਾਰ ਦੇ ਦਿਲ ਵਿਚ ਵੀ ਰੀਝਾਂ ਪਨਪਦੀਆਂ ਤੇ ਉਦਾਸ ਹੋ ਕੇ ਸੌਂ ਜਾਂਦੀਆਂ।

ਪਰ ਰੱਬ ਨੇ ਇੱਕ ਦਿਨ ਅਵਤਾਰ ਦੀਆਂ ਦੁਆਵਾਂ ਕਬੂਲ ਕੀਤੀਆਂ। ਜਦੋਂ ਅਮਰੀਕਾ ਵੱਸੇ ਬਲਵਿੰਦਰ ਸਿੰਘ ਬਾਸ਼ਲ



ਉਰਫ਼ ਬੈਂਨ ਸਿੰਘ ਬਾਸ਼ਲ ਦੀ ਨਜ਼ਰ ਅਵਤਾਰ 'ਤੇ ਪਈ ਤੇ ਉਹਨੇ ਵਾਅਦਾ ਕੀਤਾ ਕਿ ਉਹ ਉਸ ਨੂੰ ਪਰਮੋਟ ਕਰੇਗਾ।

ਫਿਰ ਬੈਨ ਸਿੰਘ ਹੋਰਾਂ ਨੇ ਆਪਣੇ ਮਿੱਤਰ ਸੂਫ਼ੀ ਬਲਬੀਰ ਦੀ ਜ਼ਿੰਮੇਵਾਰੀ ਲਗਾਈ ਤੇ ਆਪ ਸਾਰੀ ਮਾਲੀ ਮਦਦ ਕਰਨ ਦਾ ਵਾਅਦਾ ਕੀਤਾ ਤੇ ਨਿਭਾਇਆ ਵੀ। ਫਿਰ ਕੀ ਸੀ ਸੂਫੀ ਬਲਬੀਰ ਨੇ ਆਪਣੇ ਲਿਖੇ ਗੀਤਾਂ ਦੀ ਪਿਟਾਰੀ ਅਵਤਾਰ ਅੱਗੇ ਖੋਲ੍ਹ ਦਿੱਤੀ ਤੇ ਕਿਹਾ ਕਿ ਆਪਣੀ ਪਸੰਦ ਦੇ ਗੀਤ ਚੁਣ ਲੈ। ਅਵਤਾਰ ਤੇ ਉਹਦੇ ਦੋਸਤ ਰਵੀ ਨੇ "ਰਾਹ" ਗੀਤ ਸੁਣਿਆ। ਪੂਰੀ ਤਿਆਰੀ ਤੋਂ ਬਾਅਦ ਗੀਤ ਰਿਕਾਰਡ ਹੋਇਆ ਜਿਸ ਦੇ ਬੋਲ ਇਸ ਤਰ੍ਹਾਂ ਹਨ -

ਦੁਨੀਆ ਦੇ ਵਿਚ
ਸਾਡੀ ਵੱਖਰੀ ਪਛਾਣ ਨੀਂ
ਵੱਖਰੀ ਹੈ ਗੱਲ
ਕਦੇ ਕੀਤਾ ਨਹੀਓਂ ਮਾਣ ਨੀਂ।
ਮਿਹਨਤਾਂ 'ਚ ਰੱਖਦੇ ਯਕੀਨ ਹਾਂ
ਤਾਹੀਓਂ ਚੜ੍ਹਦੀ ਕਲਾ ਬੱਲੀਏ
ਜਿਧਰੋਂ ਵੀ ਲੰਘ ਜਾਂਦੇ ਆਂ,
ਉਹੀ ਬਣ ਜਾਂਦਾ ਰਾਹ ਬੱਲੀਏ!!

ਗੀਤ ਲਿਖਣ ਤੋਂ ਤਰਜ਼ ਬਣਾਉਣ ਤੇ ਸੰਗੀਤ ਬਣਾਉਣ ਦੀ ਜ਼ਿੰਮੇਵਾਰੀ ਸੂਫ਼ੀ ਬਲਬੀਰ ਨੇ ਬਾਖੂਬੀ ਨਿਭਾਈ ਹੈ ਤੇ ਵੀਡੀਓ ਸੋਨੀ ਧਾਲੀਵਾਲ ਵੱਲੋਂ ਦੁਬਈ ਵਿਚ ਸ਼ੂਟ ਕੀਤੀ ਗਈ ਹੈ, ਜਿਸ ਨੂੰ ਪੰਜਾਬੀ ਰਿੱਚ ਮਿਊਜ਼ਿਕ ਵੱਲੋਂ ਰਿਲੀਜ਼ ਕੀਤਾ ਗਿਆ ਹੈ ਤੇ ਸਰੋਤਿਆਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ।

ਅਵਤਾਰ ਕਹਿੰਦਾ ਹੈ ਕਿ "ਰਾਹ" ਗੀਤ ਨੇ ਗਾਇਕੀ ਦੇ ਖੇਤਰ ਵਿਚ ਉਸ ਲਈ ਰਾਹ ਖੋਲ੍ਹੇ ਨੇ। ਅਵਤਾਰ ਬੇਹੱਦ ਖੁਸ਼ ਹੈ ਤੇ ਸਾਹ-ਸਾਹ ਨਾਲ ਬਲਵਿੰਦਰ ਸਿੰਘ ਬਾਸ਼ਲ ਹੋਰਾਂ ਦਾ ਧੰਨਵਾਦ ਕਰਦਾ ਹੈ।

ਰੱਬ ਅਵਤਾਰ ਨੂੰ ਹੋਰ ਬੁਲੰਦੀਆਂ ਬਖਸ਼ੇ!!

*'ਪੰਜਾਬ ਟਾਈਮਜ਼' ਦਾ ਸਾਲਾਨਾ ਸਮਾਗਮ ਕੋਵਿਡ-19 ਮਗਰੋਂ ਇੱਕ ਵਕਫੇ ਬਾਅਦ ਸ਼ੁਰੂ ਹੋ ਸਕਿਆ ਹੈ। ਇਹ ਪਹਿਲੀ ਵਾਰ ਸੀ ਜਦੋਂ ਇਹ ਸਮਾਗਮ 'ਪੰਜਾਬ ਟਾਈਮਜ਼' ਦੇ ਰੂਹ-ਏ-ਰਵਾਂ ਅਮੋਲਕ ਸਿੰਘ ਜੰਮੂ ਦੀ ਹਾਜ਼ਰੀ ਤੋਂ ਬਗੈਰ ਹੋ ਰਿਹਾ ਸੀ। ਉਂਝ ਉਨ੍ਹਾਂ ਦੀ ਗੈਰ-ਹਾਜ਼ਰੀ ਨੂੰ 'ਪੰਜਾਬ ਟਾਈਮਜ਼' ਨਾਲ ਜੁੜੇ ਜਿਊੜਿਆਂ ਨੇ ਜਿਸ ਢੰਗ ਨਾਲ ਹਾਜ਼ਰੀ ਵਿਚ ਤਬਦੀਲ ਕੀਤਾ, ਉਸ ਨਾਲ ਇਹ ਸਮਾਗਮ ਆਪਣੀ ਮਿਸਾਲ ਆਪ ਹੋ ਨਿੱਬੜਿਆ। ਉੱਘੇ ਲਿਖਾਰੀ ਵਰਿਆਮ ਸਿੰਘ ਸੰਧੂ ਨੇ ਇਸ ਸਮਾਗਮ ਵਿਚ ਮੁੱਖ ਬੁਲਾਰੇ ਵਜੋਂ ਸ਼ਿਰਕਤ ਕਰਨੀ ਸੀ ਪਰ ਉਨ੍ਹਾਂ ਦੀ ਸਿਹਤ ਨਾਸਾਜ਼ ਹੋਣ ਕਰ ਕੇ ਉਹ ਸਮਾਗਮ ਵਿਚ ਸ਼ਾਮਿਲ ਨਾ ਹੋ ਸਕੇ। ਉਂਝ ਉਨ੍ਹਾਂ ਇਸ ਮੌਕੇ ਆਪਣੇ ਸ਼ਬਦਾਂ ਰਾਹੀਂ ਜਿਵੇਂ ਸ. ਅਮੋਲਕ ਸਿੰਘ ਜੰਮੂ ਅਤੇ 'ਪੰਜਾਬ ਟਾਈਮਜ਼' ਬਾਰੇ ਵਲਵਲੇ ਸਾਂਝੇ ਕੀਤੇ ਹਨ, ਉਹ ਅਸੀਂ ਆਪੇ ਪਾਠਕਾਂ ਅਤੇ ਸਨੇਹੀਆਂ ਨਾਲ ਸਾਂਝੇ ਕਰਨ ਦੀ ਖੁਸ਼ੀ ਲੈ ਰਹੇ ਹਾਂ।*

# ਅਵਾਮ ਦੀ ਆਵਾਜ਼ 'ਪੰਜਾਬ ਟਾਈਮਜ਼' ਅਤੇ ਅਮੋਲਕ ਸਿੰਘ ਜੰਮੂ



**ਵਰਿਆਮ ਸਿੰਘ ਸੰਧੂ**
**ਫੋਨ: 647-535-1539 (ਕੈਨੇਡਾ)**
**98726-02296 (ਭਾਰਤ)**

ਸਾਡੇ ਸਭਨਾਂ ਦੇ ਬਹੁਤ ਪਿਆਰੇ ਅਮੋਲਕ ਸਿੰਘ ਦੇ ਸਦੀਵੀ ਵਿਛੋੜੇ ਬਾਅਦ ਉਹਨੂੰ ਯਾਦ ਕਰਦਿਆਂ ਇਹ ਪਹਿਲੀ ਸ਼ਾਮ ਹੈ, ਜੋ ਉਸਦੀ 'ਔਲਾਦ' 'ਪੰਜਾਬ ਟਾਈਮਜ਼' ਨੂੰ ਸਮਰਪਿਤ ਹੈ। ਮੈਂ ਸਿਹਤ ਦੇ ਨਾਸਾਜ਼ ਹੋਣ ਕਰ ਕੇ ਇਸ ਮੁਬਾਰਕ ਮੌਕੇ 'ਤੇ ਹਾਜ਼ਰ ਨਾ ਹੋ ਸਕਣ ਦੀ ਖ਼ਿਮਾਂ ਮੰਗਦਿਆਂ ਕੁਝ ਸ਼ਬਦ ਅਮੋਲਕ ਸਿੰਘ ਤੇ 'ਪੰਜਾਬ ਟਾਈਮਜ਼' ਬਾਰੇ ਸਾਂਝੇ ਕਰਨ ਦੀ ਖੁੱਲ੍ਹ ਲੈਣੀ ਚਾਹੁੰਦਾ ਹਾਂ।

ਅਸੀਂ ਸਾਰੇ ਜਾਣਦੇ ਹਾਂ ਕਿ ਆਪਣੀ ਬਹੁਤ ਹੀ ਖੀਣ ਹੋ ਚੁੱਕੀ ਸਰੀਰਕ ਹਾਲਤ ਦੇ ਬਾਵਜੂਦ ਉਹਨੇ ਜਿਸ ਹਿੰਮਤ ਨਾਲ 'ਪੰਜਾਬ ਟਾਈਮਜ਼' ਨੂੰ ਜਿਊਂਦਿਆਂ ਰੱਖਿਆ, ਉਹ ਕਿਸੇ ਕੌਤਕ ਤੋਂ ਘੱਟ ਨਹੀਂ ਸੀ। ਉਹਦੀ ਹਾਲਤ ਤੇ ਬੇਵੱਸੀ ਵੇਖ ਕੇ ਕਈ ਵਾਰ ਮਨ ਉਦਾਸ ਵੀ ਹੋ ਜਾਂਦਾ ਸੀ। ਉਦਾਸ ਤਾਂ ਉਹ ਵੀ ਹੁੰਦਾ ਹੋਵੇਗਾ, ਪਰ ਮੈਨੂੰ ਲੱਗਦਾ ਹੈ ਕਿ ਉਹਨੇ 'ਬੇਵੱਸੀ' ਨੂੰ ਵੀ ਆਪਣੇ ਵੱਸ ਵਿੱਚ ਕਰ ਕੇ ਸਰੀਰਕ, ਸਮਾਜਿਕ ਤੇ ਰਚਨਾਤਮਕ ਲੜਾਈ ਨੂੰ ਜਾਰੀ ਰੱਖਿਆ ਹੋਇਆ ਸੀ। ਜਦੋਂ ਕੋਈ ਉਹਦੀ ਇਸ ਸੂਰਮਗਤੀ ਨੂੰ, ਉਹਦੇ ਹਿਸਾਬ ਨਾਲ, ਸਟੀਫ਼ਨ ਹਾਕਿੰਗ ਆਖ ਕੇ 'ਲੋੜੋਂ ਵੱਧ' ਵਡਿਆਉਂਦਾ ਤਾਂ ਉਹ ਸੰਗ ਜਾਂਦਾ। ਉਹਦੀ ਬੀਮਾਰੀ, ਉਹਦੀ ਲੜਾਈ ਤੇ ਉਹਦਾ ਮੈਦਾਨ ਆਪਣਾ ਸੀ। ਉਹ ਇਸ ਮੈਦਾਨ ਵਿਚ ਪੂਰੇ ਤਾਣ ਨਾਲ ਜੂਝਦਾ ਰਿਹਾ। ਪਰ ਕਿਸੇ ਨਾਲ ਮੁਕਾਬਲਾ ਕਰਨਾ ਜਾਂ ਕਿਸੇ ਵਰਗਾ ਹੋਣਾ ਜਾਂ ਦਿਸਣਾ ਉਹਦੀ ਲਲਕ ਨਹੀਂ ਸੀ। ਉਹ ਅਮੋਲਕ ਸਿੰਘ ਹੀ ਰਹਿਣਾ ਚਾਹੁੰਦਾ ਸੀ। ਮਾਪਿਆਂ ਨੇ ਉਹਦਾ ਨਾਂ 'ਅਮੋਲਕ' ਰੱਖਿਆ ਸੀ। ਢਾਡੀ-ਕਵੀਸ਼ਰ ਗਾਇਆ ਕਰਦੇ ਸਨ:

ਇਹ ਜਨਮ ਅਮੋਲਕ ਹੀਰਾ, ਸਬੱਬ ਨਾਲ ਹੱਥ ਲੱਗਿਆ।

ਮਾਪਿਆਂ ਦਾ ਅਮੋਲਕ ਪੁੱਤ, ਸਬੱਬ ਨਾਲ ਹੀ, ਪੰਜਾਬੀ ਪੱਤਰਕਾਰੀ ਦਾ ਬੇਸ਼ਕੀਮਤੀ ਹੀਰਾ ਹੋ ਨਿੱਬੜਿਆ। ਅਮੋਲਕ ਹੀਰਾ!

ਇਹ ਉਹਦੀ ਬਹਾਦਰੀ ਤੇ ਜਵਾਂ-ਮਰਦੀ ਹੀ ਸੀ ਕਿ ਏਨੀ ਵੱਡੀ ਸਰੀਰਕ ਤਕਲੀਫ਼ ਦੇ ਹੁੰਦਿਆਂ ਵੀ ਉਹਨੇ ਕਿਵੇਂ ਅਖ਼ਬਾਰ ਨੂੰ ਆਪਣਾ-ਆਪ ਸਮਰਪਿਤ ਕਰ ਦਿੱਤਾ। 'ਪੰਜਾਬ-ਟਾਈਮਜ਼' ਉਹਦਾ 'ਓੜ੍ਹਣਾ-ਵਿਛੌਣਾ' ਬਣ ਗਿਆ। ਉਹਨੇ ਹਰ ਸਾਹ ਅਖ਼ਬਾਰ ਨੂੰ ਅਰਪਿਤ ਕਰ ਦਿੱਤਾ। ਅੱਠੋ-ਪਹਿਰ ਅਖ਼ਬਾਰ ਬਾਰੇ ਸੋਚਣਾ, ਅਖ਼ਬਾਰ ਬਾਰੇ ਲਿਖਣਾ-ਲਿਖਵਾਉਣਾ, ਅਖ਼ਬਾਰ ਚੱਲਦਾ ਰੱਖਣ ਲਈ ਆਰਥਿਕ ਮੁਹਾਜ਼ 'ਤੇ ਵੀ ਸੰਘਰਸ਼ ਕਰਨਾ। ਭਾਵੇਂ ਉਹ ਕਹਿੰਦਾ ਸੀ ਕਿ ਆਪਣੀ ਬੀਮਾਰੀ ਤੋਂ ਮਨ ਨੂੰ ਓਹਲਾ ਦੇਣ ਲਈ ਉਹਨੇ ਆਪਣੇ-ਆਪ ਨੂੰ ਅਖ਼ਬਾਰ ਦੇ ਕੰਮਾਂ ਵਿੱਚ ਰੁਝਾ ਲਿਆ। ਇਹ ਵੀ ਠੀਕ ਹੋ ਸਕਦਾ ਹੈ ਤੇ ਹੈ ਵੀ ਸੀ, ਪਰ ਅਜਿਹੀ ਬੀਮਾਰੀ ਵਿੱਚ ਸਾਧਾਰਨ ਬੰਦਾ ਤਾਂ ਅਸਲੋਂ ਢੇਰੀ ਢਾਹ ਬਹਿੰਦਾ ਹੈ। ਸਰੀਰ ਡੋਲ ਜਾਵੇ ਤਾਂ ਮਨ ਵੀ ਡੋਲਣਾ ਹੋਇਆ। ਪਰ ਉਹ 'ਸਾਧਾਰਨ ਬੰਦਾ' ਨਹੀਂ ਸੀ। ਉਹ ਤਾਂ ਖ਼ਾਸ ਬੰਦਾ ਸੀ। ਨਿਕਲੋਲਾਈ ਆਸਤ੍ਰੋਵਰਕੀ ਦੇ ਨਾਵਲ ਦੇ ਜੁਝਾਰੂ ਪਾਤਰ ਵਰਗਾ। ਸ਼ਬਦ ਦੇ ਸਹੀ ਅਰਥਾਂ ਵਿੱਚ 'ਸੂਰਮਾ'।

ਹੁਣ ਸਵਾਲ ਉਠਦਾ ਹੈ ਕਿ ਕੀ ਬੀਮਾਰੀ ਦੀ ਹਾਲਤ ਵਿੱਚ ਅਖ਼ਬਾਰ ਕੱਢ ਲੈਣਾ ਹੀ ਸੂਰਮਗਤੀ ਹੁੰਦੀ ਹੈ? ਹਾਂ, ਇਹ ਵੀ ਹੁੰਦੀ ਹੈ। ਪਰ ਗੱਲ ਏਨੀ ਹੀ ਨਹੀਂ। ਵੱਡੀ ਗੱਲ ਤਾਂ ਇਹ ਹੈ ਕਿ ਅਖ਼ਬਾਰ ਕਿਹੋ ਜਿਹੀ ਕੱਢਣੀ ਏਂ। ਕਿਸ ਨਜ਼ਰੀਏ ਤੋਂ ਕੱਢਣੀ ਏਂ। ਏਥੇ ਆ ਕੇ ਗੱਲ ਉਸ ਨੁਕਤੇ 'ਤੇ ਅੱਪੜਦੀ ਹੈ ਕਿ 'ਸ਼ਬਦ' ਦੀ ਜਿਹੜੀ ਅਜ਼ਮਤ ਸਾਡੇ ਵਡੇਰਿਆਂ ਨੇ ਕਾਇਮ ਰੱਖੀ ਸੀ, ਕੀ ਇਹ ਅਖ਼ਬਾਰ ਉਸ ਅਜ਼ਮਤ ਦਾ ਰਖਵਾਲਾ ਹੈ ਜਾਂ ਕੇਵਲ ਚਲਾਵੀਆਂ ਗੱਲਾਂ ਕਰ ਕੇ, ਚਾਪਲੂਸੀਆਂ ਤੇ ਤਿਕੜਮਬਾਜ਼ੀਆਂ ਕਰ ਕੇ ਅਖ਼ਬਾਰ ਨੂੰ ਡਾਲਰ ਕਮਾਉਣ ਦਾ ਵਸੀਲਾ ਹੀ ਬਣਾਉਂਦਾ ਹੈ। ਰੋਜ਼ੀ ਰੋਟੀ ਲਈ ਡਾਲਰਾਂ ਦਾ ਹੋਣਾ ਵੀ ਜ਼ਰੂਰੀ ਹੈ। ਪਰ ਡਾਲਰਾਂ ਵਾਸਤੇ ਜ਼ਮੀਰ ਵੇਚਣ ਵਾਲਾ ਪੱਤਰਕਾਰ ਜਿਊਂਦਾ ਹੋਇਆ ਵੀ ਮਰਿਆਂ-ਮੋਇਆਂ ਨਾਲੋਂ ਭੈੜਾ! ਪੱਤਰਕਾਰ ਓਹੋ ਜਿਸਦੀ ਜ਼ਮੀਰ ਜਿਊਂਦੀ ਹੋਵੇ।

ਅਮੋਲਕ ਸਿੰਘ ਜਿਊਂਦੀ ਤੇ ਜਗਦੀ-ਜਾਗਦੀ ਜ਼ਮੀਰ ਵਾਲਾ ਸੰਪਾਦਕ, ਪੱਤਰਕਾਰ ਤੇ ਲੇਖਕ ਸੀ। 'ਪੰਜਾਬ ਟਾਈਮਜ਼' ਦੀ ਵਿਚਾਰਧਾਰਕ ਜਾਂ ਨਜ਼ਰਿਆਤੀ ਪਹੁੰਚ ਤੋਂ ਹੀ ਉਸ ਵੱਲੋਂ 'ਸ਼ਬਦ' ਦੀ ਅਜ਼ਮਤ ਨੂੰ ਕਾਇਮ ਅਤੇ ਬੁਲੰਦ ਰੱਖਣ ਦੀ ਗਵਾਹੀ ਮਿਲਦੀ ਹੈ। ਬੇਸ਼ੱਕ ਉਹ ਆਪਣੀ ਵਿਚਾਰਧਾਰਾ ਦਾ ਐਲਾਨਨਾਮਾ ਨਹੀਂ ਸੀ ਛਾਪਦਾ। ਤਰਦੀ ਨਜ਼ਰ ਨਾਲ ਵੇਖਣ ਵਾਲਿਆਂ ਨੂੰ ਉਹ ਕਦੀ ਖ਼ਾਲਿਸਤਾਨ ਦਾ ਹਮਾਇਤੀ, ਕਦੀ ਵਿਰੋਧੀ, ਕਦੀ ਕੱਟੜ ਸਿੱਖ, ਕਦੀ ਪੂਰਾ ਆਸਤਿਕ, ਕਦੀ ਨਾਸਤਿਕ, ਕਦੀ ਖੁੱਲ੍ਹ-ਦਿਲਾ ਸੈਕੂਲਰ, ਮਾਨਵਵਾਦੀ, ਸਰਬ-ਧਰਮ ਪ੍ਰੇਮੀ ਤੇ ਹੋਰ ਵੀ ਕਿੰਨਾ ਕੁੱਝ ਲੱਗਣ ਲੱਗ ਜਾਂਦਾ ਸੀ। ਅਜਿਹਾ ਪਾਠਕ ਪਰਚੇ ਵਿੱਚ ਛਪੀ ਕਿਸੇ ਵਿਸ਼ੇਸ਼ ਲਿਖਤ ਵਿਚਲੇ ਲੇਖਕ ਦੇ ਸਿਧਾਂਤਕ ਪੈਂਤੜੇ ਨੂੰ ਹੀ ਅਮੋਲਕ ਦਾ ਨਜ਼ਰੀਆ ਸਮਝਣ ਦੀ ਉਕਾਈ ਕਰ ਜਾਂਦਾ। ਏਸੇ ਕਰ ਕੇ ਕਈ ਅਖ਼ਬਾਰਾਂ ਵਾਲੇ ਸ਼ੁਰੂ ਵਿੱਚ ਲਿਖ ਦਿੰਦੇ ਨੇ, "ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।"



*ਪੰਜਾਬ ਟਾਈਮਜ਼ ਨਾਈਟ 2023 ਵਿਚ ਹਾਜ਼ਰ ਸ਼ਾਇਰ ਤੇ ਕਲਾਕਾਰ*

ਸੋ ਲੇਖਕ ਦੇ ਵਿਚਾਰ ਅਮੋਲਕ ਦੇ ਨਹੀਂ ਸਨ ਹੁੰਦੇ। ਪਰ ਉਸ ਵਿਸ਼ੇਸ਼ ਲੇਖਕ ਦੀ ਲਿਖਤ ਨੂੰ ਛਾਪਣ ਦੀ ਚੋਣ ਤਾਂ ਸੰਪਾਦਕ ਦੀ ਹੀ ਹੁੰਦੀ ਹੈ। ਇਸ ਚੋਣ ਪਿੱਛੇ ਨਿਸਚੈ ਹੀ ਕੋਈ ਵਿਚਾਰਧਾਰਕ ਪੈਂਤੜਾ ਸੰਪਾਦਕ ਦਾ ਵੀ ਹੁੰਦਾ ਹੈ। ਇਸਤੋਂ ਪਤਾ ਲੱਗਦਾ ਹੈ ਕਿ ਸੰਪਾਦਕ ਵੱਖ-ਵੱਖ ਲੇਖਕਾਂ ਦੇ ਵੱਖੋ-ਵੱਖ ਸਿਧਾਂਤਕ ਪੈਂਤੜਿਆਂ ਨੂੰ ਇੱਕ ਦੂਜੇ ਨਾਲ ਭਿੜਨ ਦਾ ਮੌਕਾ ਦਿੰਦਾ ਹੈ। ਸੌ ਫੁੱਲ ਖਿੜਨ ਦਿੰਦਾ ਹੈ। ਸੰਵਾਦ ਲਈ ਮੈਦਾਨ ਮੁਹੱਈਆ ਕਰਵਾਉਂਦਾ ਹੈ। ਏਸੇ ਸੰਵਾਦੀ ਮੈਦਾਨ ਦੇ ਧੁਰ ਹੇਠਾਂ ਕਿਧਰੇ ਅਮੋਲਕ ਦੀ ਵਿਚਾਰਧਾਰਾ ਵੀ ਅੰਤਰਧਾਰਾ ਬਣ ਕੇ ਵਹਿ ਰਹੀ ਹੁੰਦੀ। ਬਾਰੀਕ ਨਜ਼ਰ ਵਾਲਾ ਪਾਠਕ ਉਸ ਵਿਚਾਰਧਾਰਾ ਨੂੰ ਪਛਾਣ ਲੈਂਦਾ। ਸੋ ਕਿਹਾ ਜਾ ਸਕਦਾ ਹੈ ਕਿ ਅਖ਼ਬਾਰ ਦੀ ਵਿਚਾਰਧਾਰਕ ਪਹੁੰਚ ਚੁਪਕੇ ਜਿਹੇ ਕਈ ਝਰੋਖ਼ਿਆਂ ਵਿਚੋਂ ਝਾਤੀ ਮਾਰਦੀ ਨਜ਼ਰ ਆਉਂਦੀ ਸੀ।

ਅਖ਼ਬਾਰ ਦੀ ਵਿਸ਼ੇਸ਼ਤਾ ਇਹ ਰਹੀ ਹੈ ਕਿ ਇਹ ਨਾ ਕਿਸੇ ਇੱਕ ਰਾਜਨੀਤਕ ਪਾਰਟੀ ਦੀ ਹੈ, ਨਾ ਕਿਸੇ ਪੈਸੇ ਵਾਲੇ ਵੱਡੇ ਬੰਦੇ ਦੀ। ਨਾ ਕਿਸੇ ਖਾਸ ਧਾਰਮਿਕ ਵਿਸ਼ਵਾਸ ਵਾਲੇ ਲੋਕਾਂ ਦੀ। ਨਾ ਕਿਸੇ ਆਸਤਕ ਦੀ ਨਾ ਕਿਸੇ ਨਾਸਤਕ ਦੀ। ਨਾ ਕਿਸੇ ਸੱਜੇ-ਪੱਖੀ ਦੀ, ਨਾ ਕਿਸੇ ਖੱਬੇ-ਪੱਖੀ ਦੀ। ਨਾ ਹਿੰਸਾ ਤੇ ਵਿਸ਼ਵਾਸੀ ਦੀ ਤੇ ਨਾ ਕਿਸੇ ਅਹਿੰਸਾ ਦੇ ਪੁਜਾਰੀ ਦੀ। ਅਸਲ ਵਿੱਚ ਇਹ ਲੋਕਾਂ ਦੀ ਅਖ਼ਬਾਰ ਰਹੀ ਹੈ। ਸਭਨਾਂ ਦੀ ਆਪਣੀ। ਸਭਨਾਂ ਦੀ ਆਵਾਜ਼।

ਜਿਵੇਂ ਅਸੀਂ ਹੁਣੇ ਕਹਿ ਹਟੇ ਹਾਂ ਕਿ ਇਹਦਾ ਇਹ ਮਤਲਬ ਨਹੀਂ ਕਿ 'ਪੰਜਾਬ ਟਾਈਮਜ਼' ਦੀ ਆਪਣੀ ਕੋਈ ਆਵਾਜ਼ ਨਹੀਂ। ਆਵਾਜ਼ ਤਾਂ ਹੈ। ਨਿਸਚੈ ਹੀ ਹੈ। ਪਰ ਇਹ ਆਵਾਜ਼ ਉਹਨਾਂ ਨਚਾਰਾਂ ਦੀ ਆਵਾਜ਼ ਨਹੀਂ ਜੋ ਕਿਸੇ ਪਿੱਛੇ ਬੈਠੀ ਤੇ ਕਠਪੁਤਲੀਆਂ ਦੀਆਂ ਤਾਰਾਂ ਹਿਲਾ ਰਹੀ ਸੱਤਾ ਦੇ ਇਸ਼ਾਰੇ 'ਤੇ ਨੱਚਦੇ ਤੇ ਗਾਉਂਦੇ ਨੇ। ਕਿਸੇ ਨੂੰ ਕੋਈ ਭੁਲੇਖਾ ਨਹੀਂ ਕਿ ਅੱਜ ਸਾਰਾ ਬਿਜਲਈ ਤੇ ਪ੍ਰਿੰਟ ਮੀਡੀਆ ਵਿਕਿਆ ਪਿਆ ਹੈ, ਪੱਤਰਕਾਰ ਦੀ ਆਪਣੀ ਆਵਾਜ਼ ਕੋਈ ਨਹੀਂ, ਉਹ ਤਾਂ ਧੂਤੂ ਨੇ, ਉਹ ਤਾਂ ਉਹ ਕੁੱਝ ਬੋਲਦੇ ਨੇ ਜੋ ਉਨ੍ਹਾਂ ਦੇ ਪਿਛੇ ਬੈਠੇ ਉਨ੍ਹਾਂ ਦੇ ਆਕਾ, ਉਨ੍ਹਾਂ ਨੂੰ ਪੈਸੇ ਦੇਣ ਵਾਲੇ ਉਨ੍ਹਾਂ ਦੇ ਮਾਲਕ ਤੇ ਉਨ੍ਹਾਂ ਦੇ ਹਿਤ ਕਹਿੰਦੇ ਨੇ। ਮੂੰਹ ਖਾਵੇ ਤੇ ਅੱਖਾਂ ਸ਼ਰਮਾਉਣ। ਸੱਚ ਬੋਲਣ ਵਾਲਾ ਤਾਂ ਹੁਣ ਕੋਈ ਕੋਈ ਬਚਿਆ ਹੈ। ਕੋਈ ਹਰਿਆ ਬੂਟ ਰਹੀਓ ਰੀ! ਸ਼ੁਕਰ ਹੈ, 'ਪੰਜਾਬ ਟਾਈਮਜ਼' ਜਿਊਂਦਾ ਰਿਹਾ। ਅਮੋਲਕ ਵੀ 'ਜਿਊਂਦਾ' ਰਿਹਾ। ਦੋਵੇਂ ਪਤਝੜੀ ਮਾਹੌਲ ਵਿੱਚ ਵੀ ਹਰੇ ਭਰੇ ਰਹੇ। ਅਮੋਲਕ ਦੀ ਸੱਤਾ ਦੇ ਗਲਿਆਰਿਆਂ ਵਿੱਚ ਵਿਚਰਦੇ ਵੱਡੇ ਬੰਦਿਆਂ 'ਤੇ ਕੋਈ ਟੇਕ ਨਹੀਂ ਸੀ, ਉਹਦੀ ਟੇਕ ਤਾਂ ਸੀ, ਆਪਣੇ ਲੋਕਾਂ 'ਤੇ, ਆਪਣੇ ਭਾਈਚਾਰੇ 'ਤੇ। ਇਸੇ ਕਰ ਕੇ ਅਖ਼ਬਾਰ ਲੋਕਾਂ ਦੀ ਆਵਾਜ਼ ਬਣ ਕੇ ਰਿਹਾ ਹੈ। ਪੂਰੇ ਭਾਈਚਾਰੇ ਦੀ ਆਵਾਜ਼!

'ਪੰਜਾਬ ਟਾਈਮਜ਼' ਸੰਗਤ ਦੇ ਪੈਸੇ ਨਾਲ ਚੱਲਣ ਵਾਲਾ ਅਖ਼ਬਾਰ ਹੋਣ ਕਰ ਕੇ ਟਾਹਰਾਂ ਵੀ ਸੰਗਤ ਦੇ ਹੱਕ ਵਿੱਚ ਹੀ ਮਾਰਦਾ ਰਿਹਾ ਹੈ। ਪੰਜਾਬ ਟਾਈਮਜ਼ ਦੀ ਆਵਾਜ਼ 'ਸੰਗਤ ਦੀ ਆਵਾਜ਼' ਰਹੀ ਹੈ।

ਇਹ ਆਵਾਜ਼ ਉਚੀ ਰੌਲਾ ਪਾਉਣ ਵਾਲੇ ਤੇ ਆਪਣੀ ਗੱਲ ਧੱਕੇ ਨਾਲ ਮਨਵਾਉਣ ਵਾਲੇ ਅੰਦਾਜ਼ ਵਿੱਚ ਪ੍ਰਗਟ ਨਹੀਂ ਹੁੰਦੀ। ਸਗੋਂ ਇਹ ਆਵਾਜ਼ ਅਖ਼ਬਾਰ ਦੇ ਸੰਵਾਦੀ ਅੰਦਾਜ਼ ਵਿਚੋਂ, ਕਿਸੇ ਵੀ ਮਸਲੇ ਤੇ ਵਰਤਾਰੇ ਦੇ ਸਾਰੇ ਵਿਚਾਰਧਾਰਕ ਪੱਖਾਂ ਨੂੰ ਰਿੜਕਣ ਤੋਂ ਬਾਅਦ ਸਹਿਜ ਧੁਨੀ ਵਾਂਗ ਉਦੈ ਹੁੰਦੀ ਹੈ। ਇਹ ਆਵਾਜ਼ ਮਾਨਵਤਾ ਦੀ ਆਵਾਜ਼ ਹੈ। ਲੁੱਟੀ-ਥੁੜੀ ਲੋਕਾਈ ਦੀ ਆਵਾਜ਼ ਹੈ। ਰਾਜਨੀਤਕ, ਧਾਰਮਿਕ ਤੇ ਸਮਾਜਿਕ ਸੱਤਾ 'ਤੇ ਕਾਬਜ਼ ਧਿਰ ਦੇ ਧੱਕਿਆਂ, ਧੋਖਿਆਂ ਨੂੰ ਜੱਗ-ਜ਼ਾਹਿਰ ਕਰਦੀ, ਜ਼ਾਲਮ ਨੂੰ ਲਲਕਾਰਦੀ, ਦੁਖਿਆਰੀਆਂ ਤੇ ਦਲੀਆਂ-ਮਲੀਆਂ ਧਿਰਾਂ ਨੂੰ ਹੱਕ ਸੱਚ ਦੀ ਲੜਾਈ ਲਈ ਲਲਕਾਰਦੀ-ਵੰਗਾਰਦੀ ਆਵਾਜ਼ ਹੈ। ਇਹ ਮਾਨਵਤਾ ਦੀ ਆਵਾਜ਼ ਹੈ। ਇਹ ਤਾਂ ਹੀ ਸੰਭਵ ਹੋ ਸਕਿਆ ਹੈ ਕਿਉਂਕਿ 'ਪੰਜਾਬ ਟਾਈਮਜ਼' ਨੇ ਬਾਬਾ ਨਾਨਕ ਜੀ ਦੀ 'ਕਿਛ ਸੁਣੀਐ ਕਿਛੁ ਕਹੀਐ ਨਾਨਕ॥' ਦੀ ਪਰੰਪਰਾ ਨੂੰ ਜਾਰੀ ਰੱਖਿਆ ਹੈ। ਅੱਜ ਦੀ ਪਰੰਪਰਾ ਨੂੰ ਜਾਰੀ ਰੱਖਿਆ ਹੈ। ਅੱਜ ਅਸੀਂ ਉਸ ਮਹਾਨ ਪਰੰਪਰਾ ਤੋਂ ਵਿਜੋਗੇ ਤੇ ਵਿਛੁੰਨੇ ਜਾ ਚੁੱਕੇ ਹਾਂ। ਅਸੀਂ ਉਸ ਪਰੰਪਰਾ ਨੂੰ ਭੁੱਲਦੇ ਜਾਂ ਰਹੇ ਹਾਂ। 'ਪੰਜਾਬ ਟਾਈਮਜ਼' ਉਸ ਸੰਵਾਦ ਦੀ ਪਰੰਪਰਾ ਨੂੰ ਸਾਡੇ ਸਾਹਮਣੇ ਰੱਖ ਕੇ ਵਿਰੋਧੀ ਵਿਚਾਰਾਂ ਨੂੰ, ਇੱਕ ਦੂਜੇ ਤੋਂ ਵੱਖਰੇ ਵਿਚਾਰਾਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਬਣਦੀ ਥਾਂ ਦਿੰਦਾ ਹੋਇਆ ਕਹਿੰਦਾ ਰਿਹਾ ਹੈ, "ਆਓ, ਇੱਕ ਦੂਜੇ ਦੇ ਗਲ ਨਾ ਪਈਏ, ਇੱਕ ਦੂਜੇ ਦੀਆਂ ਪੱਗਾਂ ਨਾ ਲਾਹੀਏ ਸਗੋਂ ਇੱਕ ਦੂਜੇ ਨੂੰ ਸਮਝਣ ਦੀ ਕੋਸ਼ਿਸ਼ ਕਰੀਏ, ਵਿਰੋਧੀ ਵਿਚਾਰ ਦੀ ਧਾਰ ਨੂੰ ਦਲੀਲ ਨਾਲ ਕੱਟੀਏ, ਤੇ ਆਪਣੇ ਵਿਚਾਰ ਨੂੰ ਸਥਾਪਤ ਕਰਨ ਦਾ ਚਾਰਾ ਕਰੀਏ।"

ਪੰਜਾਬੀ ਜਗਤ ਦੇ ਬਹੁਤੇ ਅਖ਼ਬਾਰਾਂ ਦਾ ਤੋਰੀ ਫੁਲਕਾ ਸਿਆਸਤ ਦੀ ਪੱਤਰਕਾਰੀ ਦੇ ਸਿਰ 'ਤੇ ਚੱਲਦਾ ਹੈ। ਕੁੱਝ ਪਰਚੇ ਨਿਰੋਲ ਸਾਹਿਤ ਨੂੰ ਸਮਰਪਿਤ ਹੁੰਦੇ ਨੇ। ਕੁੱਝ ਗਿਆਨ-ਵਿਗਿਆਨ ਨਾਲ ਜੁੜੇ ਹੁੰਦੇ ਨੇ। ਕੁੱਝ ਫ਼ਿਲਮਾਂ ਨਾਲ, ਕੁੱਝ ਇਤਿਹਾਸ ਨਾਲ ਤੇ ਕੁੱਝ ਕਿਸੇ ਹੋਰ ਇਕੱਲ੍ਹੇ-ਇਕਹਿਰੇ ਪੱਖ ਨਾਲ। ਪਰ 'ਪੰਜਾਬ ਟਾਈਮਜ਼' ਇਨ੍ਹਾਂ ਸਾਰੇ ਬਹੁਰੰਗੇ ਫੁੱਲਾਂ ਦੇ ਰਸ ਨੂੰ ਕਸ਼ੀਦ ਕਰ ਕੇ ਪਾਠਕਾਂ ਨੂੰ ਚਖਾਉਂਦਾ ਹੈ। ਕਿਹਾ ਜਾ ਸਕਦਾ ਹੈ ਕਿ 'ਪੰਜਾਬ ਟਾਈਮਜ਼', ਸ਼ਾਇਦ ਦੁਨੀਆਂ ਭਰ ਵਿੱਚ ਪੰਜਾਬੀ ਦਾ ਇੱਕੋ ਇੱਕ ਅਖ਼ਬਾਰ ਹੈ, ਜਿਸ ਵਿੱਚ ਜ਼ਿੰਦਗੀ, ਸਿਆਸਤ, ਇਤਿਹਾਸ, ਭਾਸ਼ਾ, ਕਲਾ ਤੇ ਸਾਹਿਤ ਦੇ ਏਨੇ ਰੰਗ ਹੁੰਦੇ ਨੇ ਕਿ ਹਰ ਵੰਨਗੀ ਦਾ ਪਾਠਕ ਇਸਨੂੰ ਪੜ੍ਹ ਕੇ ਤਰੋਤਾਜ਼ਾ ਤੇ ਹਫ਼ਤੇ ਭਰ ਲਈ ਰੱਜਿਆ-ਰੱਜਿਆ ਮਹਿਸੂਸ ਕਰਦਾ ਹੈ। ਹਥਲਾ ਅੰਕ ਮੁੱਕਦਿਆਂ ਹੀ ਅਗਲੇ ਅੰਕ ਦੀ ਉਡੀਕ ਲੱਗ ਜਾਂਦੀ ਹੈ। ਇਸਤਰ੍ਹਾਂ ਦੀ ਉਡੀਕ ਕਦੀ ਲੋਕ 'ਪ੍ਰੀਤ-ਲੜੀ' ਦੀ ਕਰਿਆ ਕਰਦੇ ਸਨ।

ਅਸੀਂ ਜਾਣਦੇ ਹਾਂ ਕਿ ਅੱਜ ਇਹ ਪਰਚਾ ਸ਼ਿਕਾਗੋ, ਨਿਊਯਾਰਕ ਤੇ ਕੈਲੇਫ਼ੋਰਨੀਆਂ ਤੋਂ ਤਿੰਨ ਐਡੀਸ਼ਨਾਂ ਵਿੱਚ ਛਪਦਾ ਹੈ ਤੇ ਸਭ ਤੋਂ ਵੱਧ ਪੜ੍ਹਿਆ ਜਾਂਦਾ ਹੈ। ਸੰਸਾਰ ਭਰ ਵਿੱਚ ਵੱਸਦੇ ਪੰਜਾਬੀ ਇਹਨੂੰ ਨੈਟ ਤੋਂ ਪੜ੍ਹਦੇ ਨੇ। ਮੈਂ ਖ਼ੁਦ ਕੋਸ਼ਿਸ਼ ਕਰਦਾ ਹਾਂ ਕਿ ਇਹਦਾ ਨਵਾਂ ਪਰਚਾ ਵੇਖਣਾ ਭੁੱਲ ਨਾ ਜਾਵਾਂ।

ਅਮੋਲਕ ਸਿੰਘ ਦੀ ਸੰਪਾਦਕੀ ਸੂਝ ਅਖ਼ਬਾਰ ਵਿੱਚ ਛਪਣ ਵਾਲੇ ਮਸਾਲੇ ਅਤੇ ਸੰਬੰਧਿਤ ਰਚਨਾਵਾਂ ਬਾਰੇ ਮੁਲਵਾਨ ਟਿੱਪਣੀਆਂ ਵਿਚੋਂ ਹੀ ਨਜ਼ਰ ਨਹੀਂ ਸੀ ਆਉਂਦੀ, ਅਸਲ ਵਿੱਚ ਪੂਰੇ ਦਾ ਪੂਰਾ ਅਖ਼ਬਾਰ ਉਹਦੀ ਉਤਮ ਸੰਪਾਦਕੀ ਸੂਝ ਦਾ ਨਮੂਨਾ ਸੀ।

ਉਹਨੇ ਅਖ਼ਬਾਰ ਨੂੰ ਮੈਟਰ ਪੱਖੋਂ ਏਨਾ ਬਹੁਰੰਗਾ ਬਣਾ ਧਰਿਆ ਕਿ ਇਸ ਨੂੰ ਪੜ੍ਹ ਕੇ ਹਰੇਕ ਰੁਚੀ ਦੇ ਪਾਠਕ ਨੂੰ ਤਸੱਲੀ ਦਾ ਅਹਿਸਾਸ ਹੁੰਦਾ ਰਿਹਾ ਹੈ। ਤਾਜ਼ੀਆਂ ਖ਼ਬਰਾਂ ਪੜ੍ਹਨ ਵਾਲਿਆਂ ਤੇ ਸਿਆਸਤ ਵਿੱਚ ਦਿਲਚਸਪੀ ਰੱਖਣ ਵਾਲੇ ਪਾਠਕਾਂ ਨੂੰ ਦੇਸ਼ ਵਿਦੇਸ਼ ਵਿੱਚ ਵੱਸਦੇ ਪੰਜਾਬੀਆਂ ਬਾਰੇ ਹਰੇਕ ਵੰਨਗੀ ਦੀ ਖ਼ਬਰ ਵੀ ਪੜ੍ਹਨ ਨੂੰ ਮਿਲ ਜਾਂਦੀ ਹੈ ਤੇ ਵਰਤਮਾਨ ਪੰਜਾਬ ਤੇ ਸੰਸਾਰ ਸਿਆਸਤ ਬਾਰੇ ਬਹੁਮੁੱਲੇ ਲੇਖ ਵੀ ਪੜ੍ਹਨ ਨੂੰ ਮਿਲ ਜਾਂਦੇ ਨੇ। ਇਨ੍ਹਾਂ ਸਿਆਸੀ ਲਿਖ਼ਤਾਂ



*ਪੰਜਾਬ ਟਾਈਮਜ਼ ਨਾਈਟ 2019 ਵਿਚ ਸਵ. ਸ.ਅਮੋਲਕ ਸਿੰਘ ਜੰਮੂ ਨਾਲ ਸ. ਵਰਿਆਮ ਸਿੰਘ ਸੰਧੂ, ਸ. ਗੁਰਬਖਸ਼ ਸਿੰਘ ਭੰਡਾਲ ਅਤੇ ਪ੍ਰਿ. ਸਰਵਣ ਸਿੰਘ ਸੰਧੂ।*

ਵਿੱਚ ਸਿਆਸਤ ਦਾ ਸੰਤੁਲਿਤ ਨਜ਼ਰੀਆ ਦ੍ਰਿਸ਼ਟੀ ਗੋਚਰ ਹੁੰਦਾ ਹੈ।

ਇਸਤੋਂ ਇਲਾਵਾ ਅਖ਼ਬਾਰ ਦਾ ਸੰਪਾਦਕੀ ਤੇ ਛਪਣ ਵਾਲੇ ਹੋਰ ਸੰਪਾਦਕੀ ਲੇਖ ਵਰਤਮਾਨ ਸਿਆਸਤ ਤੇ ਭਖ਼ਦੇ ਮਸਲਿਆਂ ਬਾਰੇ ਸਹਿਜ, ਸੰਤੁਲਿਤ, ਸੁਦ੍ਰਿੜ੍ਹ ਤੇ ਭਰਪੂਰ ਵਿਸ਼ਲੇਸ਼ਣੀ ਟਿੱਪਣੀ ਹੁੰਦੇ ਹਨ। ਨਿਰਸੰਦੇਹ ਅਖ਼ਬਾਰ ਦਾ ਮੁੱਲ ਉਸ ਵਿੱਚ ਛਪਣ ਵਾਲੇ ਲੇਖਕਾਂ ਤੇ ਉਨ੍ਹਾਂ ਦੀਆਂ ਲਿਖਤਾਂ ਨਾਲ ਬਣਦਾ ਹੈ। ਇਹ ਸੰਪਾਦਕ ਦੀ ਜੌਹਰੀ ਨਜ਼ਰ ਦਾ ਕਮਾਲ ਰਿਹਾ ਹੈ ਕਿ ਉਹਨੇ ਆਪਣੇ ਨਾਲ ਪ੍ਰਬੁੱਧ ਚਿੰਤਕ, ਵਿਦਵਾਨ ਤੇ ਲੇਖਕ ਜੋੜ ਲਏ ਸਨ, ਜਿਨ੍ਹਾਂ ਵਿਚੋਂ ਕੁੱਝ ਤਾਂ ਹਰੇਕ ਹਫ਼ਤੇ ਆਪਣੀਆਂ ਕੀਮਤੀ ਰਚਨਾਵਾਂ ਨਾਲ ਹਾਜ਼ਰ ਹੁੰਦੇ ਰਹਿੰਦੇ ਹਨ।

ਅਖ਼ਬਾਰ ਦਾ ਪਹਿਲਾ ਅੱਧ ਸਿਆਸਤ ਬਾਰੇ ਸੂਤਵੀਂ ਤੇ ਰੱਜਵੀਂ ਜਾਣਕਾਰੀ ਦੇ ਕੇ ਪਾਠਕ ਦੀ ਸੋਚ ਵਿੱਚ ਨਵੇਂ ਝਰੋਖੇ ਖੋਲ੍ਹਦਾ ਹੈ। ਇਹ ਝਰੋਖੇ ਹੋਰ ਵੀ ਵਿਸ਼ਾਲ ਹੋ ਜਾਂਦੇ ਹਨ ਜਦ ਵਿਰੋਧੀ ਤੇ ਟਕਰਾਵੇਂ ਵਿਚਾਰਾਂ ਵਾਲਾ ਸੰਵਾਦ ਪਾਠਕਾਂ ਨੂੰ ਪੜ੍ਹਨ ਨੂੰ ਮਿਲਦਾ ਹੈ। ਪਰਚੇ ਦੀ ਏਸੇ ਸੰਵਾਦੀ ਬਿਰਤੀ ਦਾ ਜ਼ਿਕਰ ਹੀ ਅਸੀਂ ਪਹਿਲਾਂ ਕਰ ਆਏ ਹਾਂ। ਇਹ ਸੰਵਾਦ ਕੇਵਲ ਸਿਆਸੀ ਹੀ ਨਹੀਂ ਹੁੰਦੇ, ਸਗੋਂ ਧਾਰਮਿਕ, ਸਮਾਜਿਕ ਤੇ ਸਭਿਆਚਾਰ ਨਾਲ ਜੁੜੇ ਬਲਦੇ ਮੁੱਦਿਆਂ ਬਾਰੇ ਵੀ ਹੁੰਦੇ ਹਨ। ਕਿਹਾ ਜਾ ਸਕਦਾ ਹੈ ਕਿ 'ਪੰਜਾਬ ਟਾਈਮਜ਼' ਕੇਵਲ ਖ਼ਬਰਾਂ ਅਤੇ ਸਿਆਸਤ ਨੂੰ ਸਮਰਪਤਿ ਅਖ਼ਬਾਰ ਨਹੀਂ ਸਗੋਂ ਇਸ ਦੇ ਵਿੱਚ ਸਾਹਿਤ, ਸਭਿਆਚਾਰ, ਇਤਿਹਾਸ, ਫ਼ਿਲਮਾਂ, ਭਾਸ਼ਾ, ਖੇਡਾਂ ਬਾਰੇ ਵੀ ਬਹੁਤ ਮੁੱਲਵਾਨ ਸਾਮੱਗਰੀ ਪੜ੍ਹਨ ਨੂੰ ਮਿਲ ਜਾਂਦੀ ਹੈ। ਇਹ ਬਹੁ-ਰੰਗੀ ਸਾਮੱਗਰੀ ਪਾਠਕਾਂ ਦੇ ਇੱਕ ਵੱਡੇ ਵਰਗ ਦੀ ਸਾਹਿਤਕ, ਸੁਹਜਾਤਮਕ ਤੇ ਗਿਆਨਾਤਮਕ ਭੁੱਖ ਨੂੰ ਤਾਂ ਸੰਤੁਸ਼ਟ ਕਰਦੀ ਹੀ ਹੈ ਨਾਲ ਦੇ ਨਾਲ ਉਨ੍ਹਾਂ ਹਜ਼ਾਰਾਂ ਸਾਧਾਰਨ ਪਾਠਕਾਂ ਦੇ ਮਨਾਂ ਵਿੱਚ, ਜਿਨ੍ਹਾਂ ਦਾ ਪਹਿਲਾਂ ਕਦੀ ਇਨ੍ਹਾਂ ਕੋਮਲ ਕਲਾਵਾਂ ਨਾਲ ਬਹੁਤਾ ਵਾਹ-ਵਾਸਤਾ ਨਹੀਂ ਰਿਹਾ ਹੁੰਦਾ, ਵੀ ਬਹੁਤ ਕੁੱਝ ਨਵਾਂ ਜੋੜ ਦਿੰਦੀ ਹੈ। ਉਨ੍ਹਾਂ ਅੰਦਰ ਸੁਹਜ ਤੇ ਸੰਵੇਦਨਾ ਦੇ ਨਵੇਂ ਫੁੱਲ ਖਿੜ ਉਠਦੇ ਨੇ ਤੇ ਉਹ ਪਹਿਲਾਂ ਨਾਲੋਂ ਆਪਣੇ ਆਪ ਨੂੰ ਬਦਲਿਆ ਤੇ ਰੂਹ ਪੱਖੋਂ ਰੱਜਿਆ ਬੰਦਾ

**(ਬਾਕੀ ਸਫਾ 25 'ਤੇ)**

# ਗੁਰਮਤੇ ਵਾਲੀਆਂ ਧਿਰਾਂ ਰਾਹੇ ਜਾਂ ਕੁਰਾਹੇ?

## ਮੁੱਦਾ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਦੇ ਸਿਧਾਂਤ ਦਾ

ਹਜ਼ਾਰਾ ਸਿੰਘ ਮਿਸੀਸਾਗਾ
ਫੋਨ: (647)685-5997

28 ਜੂਨ ਨੂੰ ਅਨੰਦਪੁਰ ਸਾਹਿਬ ਵਿਖੇ ਵਿਸ਼ਵ ਸਿੱਖ ਇਕੱਤਰਤਾ ਹੋਈ ਜਿਸ ਦਾ ਮਨੋਰਥ ਗੁਰਮਤੇ ਦੀ ਪ੍ਰੰਪਰਾ ਨੂੰ ਮੁੜ ਸੁਰਜੀਤ ਕਰਨਾ ਦੱਸਿਆ ਗਿਆ। ਇਸ ਇਕੱਤਰਤਾ ਵਿਚ ਬਹੁਤ ਸਾਰੀਆਂ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਿਲ ਹੋਏ। ਇਕੱਤਰਤਾ ਵਿਚ ਵਿਚਾਰਾਂ ਤੋਂ ਬਾਅਦ ਅਕਾਲ ਤਖਤ ਨੂੰ ਆਜ਼ਾਦ ਕਰਵਾਉਣ ਬਾਰੇ ਗੁਰਮਤਾ ਸੋਧਿਆ ਗਿਆ।

ਗੁਰਮਤੇ ਰਾਹੀਂ ਅਕਾਲ ਤਖਤ ਦੇ ਮੌਜੂਦਾ ਪ੍ਰਬੰਧ ਨੂੰ ਰੱਦ ਕਰ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਅਕਾਲ ਤਖਤ ਦੇ ਜਥੇਦਾਰ ਥਾਪਣ ਦੀ ਵਿਧੀ ਨੂੰ ਵੀ ਨਕਾਰ ਦਿੱਤਾ ਗਿਆ। ਕਿਉਂਕਿ ਇਹ ਵਿਧੀ ਅਕਾਲ ਤਖਤ ਨੂੰ ਦੁਨਿਆਵੀ ਸੰਸਥਾ ਆਧੀਨ ਲਿਆ ਕੇ ਅਕਾਲ ਤਖਤ ਦੀ ਸਰਵਉੱਚਤਾ ਨੂੰ ਘਟਾਉਂਦੀ ਹੈ। ਸੋਧੇ ਗਏ ਗੁਰਮਤੇ ਅਨੁਸਾਰ ਅਕਾਲ ਤਖਤ ਦੇ ਪ੍ਰਬੰਧ ਲਈ ਇੱਕ ਨਿਸ਼ਕਾਮ, ਖੁਦਮੁਖਤਿਆਰ ਜਥਾ ਬਣਾਉਣ ਦੀ ਗੱਲ ਕੀਤੀ ਗਈ। ਇਸ ਇਕੱਤਰਤਾ ਲਈ ਗੁਰਮਤਾ ਕਰਨ ਵਾਲੇ ਚੁਣੇ ਗਏ ਸਿੰਘ ਗੁਰਮਤੇ ਤੋਂ ਬਾਅਦ ਮੁੜ ਸੰਗਤ ਵਿਚ ਅਭੇਦ ਹੋ ਗਏ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਗੁਰਮਤਾ ਤਾਂ ਸੋਧ ਲਿਆ, ਹੁਣ ਇਸ ਗੁਰਮਤੇ ਦਾ ਸਿੱਖ ਕੀ ਕਰਨ? ਗੁਰਮਤੇ ਅਨੁਸਾਰ ਨਿਸ਼ਕਾਮ ਜਥਾ ਬਣਾਉਣ ਦੀ ਜ਼ਿੰਮੇਵਾਰੀ ਕਿਸ ਦੀ ਹੋਵੇਗੀ? ਨਿਸ਼ਕਾਮ ਅਤੇ ਖੁਦਮੁਖਤਿਆਰ ਜਥੇ ਵਿਚ ਸ਼ਾਮਿਲ ਕੀਤੇ ਜਾਣ ਵਾਲੇ ਨਰ-ਨਾਰੀਆਂ ਦੀ ਨਿਰਖ ਪਰਖ ਕੌਣ ਕਰੇਗਾ? ਗੁਰਮਤੇ ਅਨੁਸਾਰ ਜਥੇ ਦੇ ਮੈਂਬਰ ਕਿਸੇ ਦੁਨਿਆਵੀ ਅਹੁਦੇ, ਧਨ, ਜਾਇਦਾਦ, ਪਦਾਰਥ ਆਦਿ ਦੁਨਿਆਵੀ ਲਾਲਸਾਵਾਂ ਤੋਂ ਮੁਕਤ ਹੋਣੇ ਚਾਹੀਦੇ ਹਨ। ਨਾਮ ਬਾਣੀ ਦੇ ਅਭਿਆਸੀ, ਤਿਆਗੀ ਅਤੇ ਸਿਆਸਤ ਦੇ ਗਿਆਤਾ ਹੋਣ ਪਰ ਸਿਆਸੀ ਅਹੁਦਾ ਲੈਣ ਦੇ ਚਾਹਵਾਨ ਨਾ ਹੋਣ। ਸਵਾਲ ਪੈਦਾ ਹੁੰਦਾ ਕਿ ਫਿਰ ਅਕਾਲ ਤਖਤ ਦਾ ਪ੍ਰਬੰਧ ਸੰਭਾਲ ਕੇ ਕਰਨਾ ਕੀ ਹੈ? ਜੋ ਨਰ ਨਾਰੀਆਂ ਦੁਨਿਆਵੀ ਸਰੋਕਾਰਾਂ ਤੋਂ ਉੱਚੇ ਉਠ ਜਾਣ, ਉਨ੍ਹਾਂ ਨੂੰ ਤਖਤ ਦੀ ਸੰਭਾਲ ਦੇ ਜੰਜਾਲ ਵਿਚ ਮੁੜ ਫਸਾਉਣ ਦੀ ਕੋਈ ਤੁਕ ਨਹੀਂ ਬਣਦੀ ਹੈ। ਕਿਉਂਕਿ ਐਸੇ ਨਿਸ਼ਕਾਮ ਗੁਰਮੁਖਾਂ ਦੀ ਅਵਸਥਾ ਤਾਂ, "ਰਾਮ ਪਦਾਰਥੁ ਪਾਇ ਕੈ; ਕਬੀਰਾ ਗਾਂਠਿ ਨ ਖੋਲ੍ਹ", ਵਰਗੀ ਹੋ ਚੁੱਕੀ ਹੋਵੇਗੀ। ਐਸੀਆਂ ਮੁਕਤ ਆਤਮਾਵਾਂ ਨੂੰ ਸਮੁੱਚੇ ਪੰਥ ਦੇ ਮਸਲਿਆਂ ਵਿਚ ਉਲਝਾ ਦੇਣਾ ਯੋਗ ਨਹੀਂ।

28 ਜੂਨ ਵਾਲੇ ਸਮਾਗਮ ਦੇ ਪ੍ਰਬੰਧਕ ਪ੍ਰੰਪਰਾਵਾਂ ਨੂੰ ਮੁੜ ਸੁਰਜੀਤ ਕਰਨ ਬਾਰੇ ਜੋ ਮਰਜ਼ੀ ਕਹੀ ਜਾਣ ਪਰ ਅਠਾਹਰਵੀਂ ਸਦੀ ਵਾਲੀਆਂ ਪ੍ਰੰਪਰਾਵਾਂ ਹੁਣ ਇੰਨ ਬਿੰਨ ਲਾਗੂ ਨਹੀਂ ਹੋ ਸਕਣੀਆਂ। ਗੁਰਮਤਾ ਕਰਨ ਲਈ ਪੰਜ ਸਿੰਘਾਂ ਦੀ ਚੋਣ ਦਾ ਨਾਟਕੀਕਰਨ ਵੇਖਣ ਸੁਣਨ ਨੂੰ ਚੰਗਾ ਲੱਗ ਸਕਦਾ ਹੈ ਪਰ ਅਮਲੀ ਤੌਰ 'ਤੇ ਇਹ ਤਰੀਕਾ ਲਾਗੂ ਕਰਨ ਯੋਗ ਨਹੀਂ। ਭਲਾ ਜੇ ਇੱਕ ਬੰਦਾ ਹੀ ਸਮਾਗਮ ਫੇਲ੍ਹ ਕਰਨ ਦੇ ਯਤਨ ਵਜੋਂ ਹਰ ਤਜਵੀਜ਼ ਕੀਤੇ ਨਾਂ ਬਾਰੇ ਅਸਹਿਮਤੀ ਪਰਗਟ ਕਰਨ ਲੱਗ ਪਵੇ ਤਾਂ ਪੰਜ ਸਿੰਘਾਂ ਦੀ ਚੋਣ ਹੀ ਮਸਲਾ ਬਣ ਜਾਵੇਗੀ। ਹੁਣ ਸਮਾਜਿਕ ਅਤੇ ਰਾਜਨੀਤਕ ਹਾਲਾਤ ਪਹਿਲਾਂ ਨਾਲੋਂ ਬਹੁਤ ਬਦਲ ਚੁੱਕੇ ਹਨ। ਪਰੰਪਰਾਵਾਂ ਤੋਂ ਸੇਧ ਲਈ ਜਾ ਸਕਦੀ ਪਰ ਉਨ੍ਹਾਂ ਨੂੰ ਪੁਰਾਤਨ ਰੂਪ ਵਿਚ ਲਾਗੂ ਨਹੀਂ ਕੀਤਾ ਜਾ ਸਕਦਾ।



ਅਕਾਲੀ ਫੂਲਾ ਸਿੰਘ

ਗੁਰਮਤਾ ਸੋਧਣ ਦੀ ਰਵਾਇਤ ਨੂੰ ਮੁੜ ਸੁਰਜੀਤ ਕਰਨ ਦੀ ਲੋਚਾ ਰੱਖਣ ਵਾਲੇ ਸੁਹਿਰਦ ਹੋ ਸਕਦੇ ਹਨ। ਐਸੇ ਲੋਕ ਹਰ ਸਮਾਜ ਵਿਚ ਹਮੇਸ਼ਾਂ ਹੀ ਰਹੇ ਹਨ। 1984 ਤੋਂ ਬਾਅਦ ਸਿੱਖ ਸਮਾਜ ਵਿਚ ਅਕਾਲ ਤਖਤ ਨੂੰ ਸਰਵਉੱਚ ਕਹਿ ਕੇ ਜਥੇਦਾਰ ਰਾਹੀਂ ਸਮੁੱਚੀ ਕੌਮ 'ਤੇ ਹੁਕਮਨਾਮੇ ਲਾਗੂ ਕਰਵਾਉਣ ਵਾਲੀ ਪਰਪਾਟੀ ਵੀ ਪ੍ਰੰਪਰਾ ਬਹਾਲ ਕਰਨ ਦਾ ਹੀ ਯਤਨ ਸੀ। ਪਰ ਇਸਦੇ ਸਾਰਥਕ ਨਤੀਜੇ ਨਹੀਂ ਨਿਕਲੇ। 28 ਜੂਨ ਨੂੰ ਸੋਧੇ ਗਏ ਗੁਰਮਤੇ ਰਾਹੀਂ ਇਸੇ ਪ੍ਰਬੰਧ ਨੂੰ ਰੱਦ ਕਰਨਾ ਅਸਲ ਵਿਚ ਆਪਣੇ ਹੱਥੀਂ ਲਾਏ ਬੂਟੇ ਨੂੰ ਵੱਢਣ ਵਾਂਗ ਹੀ ਹੈ। ਅਕਾਲ ਤਖਤ ਦੀ ਸੰਸਥਾ ਵਾਂਗ ਹੀ ਸਰਬੱਤ ਖਾਲਸਾ ਦੀ ਪਰੰਪਰਾ ਨੂੰ ਮੁੜ ਸੁਰਜੀਤ ਕਰ ਕੇ ਖਾੜਕੂ ਰਾਜਨੀਤੀ ਨੇ ਆਪਣੀਆਂ ਸੰਭਾਵਨਾਵਾਂ ਤਲਾਸ਼ੀਆਂ ਪਰ ਸਫਲਤਾ ਨਾ ਮਿਲੀ। 2015 ਵਿਚ ਇਸੇ ਵਰਤੀ ਹੋਈ ਜੁਗਤ ਨੂੰ ਮੁੜ ਵਰਤਣ ਦੀ ਕੋਸ਼ਿਸ਼ ਹੋਈ ਪਰ ਕੋਈ ਸਾਰਥਕ ਪ੍ਰਾਪਤੀ ਨਾ ਹੋਣੀ ਸੀ ਨਾ ਹੋਈ।

ਸੋ, ਅਕਾਲ ਤਖਤ, ਸਰਬੱਤ ਖਾਲਸਾ ਜਾਂ ਗੁਰਮਤੇ ਵਰਗੀਆਂ ਪ੍ਰੰਪਰਾਵਾਂ ਵਿਚੋਂ ਜੋ ਨਿਕਲ ਸਕਦਾ ਸੀ ਉਹ ਕੱਢ ਕੇ ਵੇਖਿਆ ਜਾ ਚੁੱਕਾ ਹੈ। ਇਹ ਸਭ ਜਟਕੇ ਫੰਧ ਸਾਬਿਤ ਹੋਏ। ਕਿਸੇ ਵਿਚੋਂ ਵੀ ਕੋਈ ਪ੍ਰਾਪਤੀ ਨਹੀਂ ਹੋਈ। ਹੁਣ ਲੋੜ ਹੈ ਕਿਸੇ ਅਸੂਲ ਪ੍ਰਸਤ, ਸਪੱਸ਼ਟ ਪ੍ਰੋਗਰਾਮ ਵਾਲੀ ਲੋਕਤੰਤਰੀ ਜਥੇਬੰਦੀ ਦੀ ਜੋ ਲਿਖਤੀ ਸੰਵਿਧਾਨ ਅਨੁਸਾਰ ਪਾਰਦਰਸ਼ੀ ਅਤੇ ਜਵਾਬਦੇਹੀ ਵਾਲੇ ਤਰੀਕੇ ਨਾਲ ਕੰਮ ਕਰੇ।



ਸਰਬੱਤ ਖਾਲਸਾ ਚੱਬੇਵਾਲ ਦਾ ਇਕ ਦ੍ਰਿਸ਼

28 ਜੂਨ ਵਾਲੀ ਇਕੱਤਰਤਾ ਵੱਲੋਂ ਗੁਰਮਤੇ ਰਾਹੀਂ ਅਕਾਲ ਤਖਤ ਦੇ ਪ੍ਰਬੰਧ ਨੂੰ ਰੱਦ ਕਰਨ ਦਾ ਭਾਵ ਹੈ ਕਿ ਇਕੱਤਰਤਾ ਵਿਚ ਸ਼ਾਮਿਲ ਹੋਣ ਵਾਲੇ ਮਾਈ ਭਾਈ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਹਰ ਵੰਨਗੀ ਦੇ ਜਥੇਦਾਰ ਨੂੰ ਰੱਦ ਕਰਦੀਆਂ ਹਨ। ਉਹ ਭਾਵੇਂ ਸ਼੍ਰੋਮਣੀ ਕਮੇਟੀ ਵੱਲੋਂ ਥਾਪੇ ਹੋਣ ਜਾਂ 2015 ਵਾਲੇ ਸਰਬੱਤ ਖਾਲਸਾ ਵੱਲੋਂ। ਸੋ, ਗੁਰਮਤੇ ਅਨੁਸਾਰ ਹੁਣ ਭਾਈ ਹਵਾਰਾ, ਧਿਆਨ ਸਿੰਘ ਮੰਡ ਅਤੇ ਭਾਈ ਰਘਬੀਰ ਸਿੰਘ ਸਭ ਜਥੇਦਾਰਾਂ ਨੂੰ ਰੱਦ ਕੀਤਾ ਜਾ ਚੁੱਕਾ ਹੈ। ਇੱਥੇ ਹੀ ਬੱਸ ਨਹੀਂ ਹੁਣ ਅਗਲੇ ਗੁਰਮਤੇ ਤੱਕ ਅਕਾਲ ਤਖਤ ਅਤੇ ਅਕਾਲ ਤਖਤ ਦੇ ਜਥੇਦਾਰ ਰੱਦ ਹੀ ਰਹਿਣਗੇ।

ਕੀ ਹੁਣ ਇਸ ਇਕੱਤਰਤਾ ਵਿਚ ਸ਼ਾਮਿਲ ਹੋਣ ਵਾਲੇ ਆਪੋ ਆਪਣੀਆਂ ਜਥੇਬੰਦੀਆਂ ਸਮੇਤ ਇਸ 'ਤੇ ਪਹਿਰਾ ਦੇਣਗੇ? ਪਰ ਲਗਦਾ ਨਹੀਂ। ਇਸ ਇਕੱਠ ਵਿਚ ਸ਼ਾਮਿਲ ਹੋਣ ਵਾਲੇ ਲੋਕ ਅਕਾਲ ਤਖਤ ਦੇ ਜਥੇਦਾਰ ਤੋਂ ਪਹਿਲਾਂ ਵਾਂਗ ਹੀ ਸੇਧ ਦੀ ਆਸ ਵਾਲੇ ਬਿਆਨ ਵੀ ਦੇ ਰਹੇ ਹਨ। ਗੁਰਮਤਾ ਕਰਨ ਵਾਲੇ ਲੋਕ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਨੂੰ ਹੁਣ ਅਕਾਲ ਤਖਤ ਦੇ ਜਥੇਦਾਰ ਕੋਲ ਨਾ ਤਾਂ ਕੋਈ ਸ਼ਿਕਾਇਤ ਲੈ ਕੇ ਜਾਣੀ ਚਾਹੀਦੀ ਹੈ ਅਤੇ ਨਾ ਹੀ ਜਥੇਦਾਰ ਦੇ ਕਿਸੇ ਫੈਸਲੇ ਨੂੰ ਚੰਗਾ ਜਾਂ ਮਾੜਾ ਕਹਿਣਾ ਚਾਹੀਦਾ ਹੈ। ਹੁਣ ਗੁਰਮਤੇ ਰਾਹੀਂ ਅਕਾਲ ਤਖਤ ਦਾ ਪ੍ਰਬੰਧ ਰੱਦ ਕਰਨ ਵਾਲਿਆਂ ਲਈ ਇਹ ਵੀ ਸਵਾਲ ਹੈ ਕਿ ਅਕਾਲ ਤਖਤ ਤੋਂ ਹੁਣ ਤੱਕ ਦੇ ਹੋਏ ਫੈਸਲਿਆਂ ਬਾਰੇ ਉਨ੍ਹਾਂ ਦੀ ਕੀ ਰਾਇ ਹੈ?

ਭਗਵੰਤ ਮਾਨ ਵੱਲੋਂ ਗੁਰਬਾਣੀ ਦੇ ਪ੍ਰਸਾਰਨ ਬਾਰੇ ਸੋਧ ਕਰਨ ਬਾਰੇ ਲਿਆਂਦੇ ਬਿਲ ਕਾਰਨ ਸਥਿਤੀ ਹੋਰ ਵੀ ਦਿਲਚਸਪ ਹੋ ਗਈ ਹੈ। ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਭਗਵੰਤ ਮਾਨ 'ਤੇ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਦਖਲ-ਅੰਦਾਜ਼ੀ ਦਾ ਦੋਸ਼ ਲਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਥਾਪੇ ਜਥੇਦਾਰ ਨੇ ਤਾਂ ਇਸ ਬਾਰੇ ਕੋਈ ਕਾਰਵਾਈ ਨਹੀਂ ਆਰੰਭੀ ਪਰ ਸਰਬੱਤ ਖਾਲਸੇ ਵੱਲੋਂ ਥਾਪੇ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨੇ ਭਗਵੰਤ ਮਾਨ ਨੂੰ ਤਲਬ ਕਰ ਲਿਆ ਹੈ। ਦੋ ਤਾਰੀਕਾਂ ਲੰਘ ਚੁੱਕੀਆਂ ਹਨ ਅਤੇ ਮੰਡ ਨੇ ਹੁਣ ਤੀਸਰੀ ਅਤੇ ਆਖਰੀ ਤਾਰੀਕ 17 ਜੁਲਾਈ ਦੀ ਦੇ ਦਿੱਤੀ ਹੈ। ਹੋ ਸਕਦਾ ਹੈ, 17 ਜੁਲਾਈ ਜਾਂ ਉਸਤੋਂ ਬਾਅਦ ਜਥੇਦਾਰ ਮੰਡ ਭਗਵੰਤ ਮਾਨ ਨੂੰ ਪੰਥ ਵਿਚੋਂ ਵੀ ਛੇਕ ਦੇਵੇ। ਦੇਖਣ ਵਾਲੀ ਗੱਲ ਇਹ ਹੋਏਗੀ ਕਿ ਗੁਰਮਤਾ ਕਰਨ ਵਾਲੀਆਂ ਧਿਰਾਂ ਇਸ ਫੈਸਲੇ ਬਾਰੇ ਕੀ ਪ੍ਰਤੀਕਰਮ ਦਿੰਦੀਆਂ ਹਨ।

ਗੁਰਮਤੇ ਵਿਚ ਅਹਿਮ ਨੁਕਤਾ ਹੈ ਖੁਦਮੁਖਤਿਆਰ ਜਥੇ ਵੱਲੋਂ ਅਕਾਲ ਤਖਤ ਨੂੰ ਆਜ਼ਾਦ ਕਰਵਾਉਣ ਦਾ। ਇਹ ਬਚਕਾਨਾਪਣ ਦਾ ਸਿਖਰ ਹੈ। ਜੇ ਕੋਈ ਖੁਦਮੁਖਤਿਆਰ ਜਥਾ ਅਕਾਲ ਤਖਤ ਆਜ਼ਾਦ ਕਰਾਊ ਤਾਂ ਫਿਰ ਇਹ ਉਸਦੇ ਪ੍ਰਬੰਧ ਹੇਠ ਆ ਜਾਊ, ਆਜ਼ਾਦ ਕਿਵੇਂ ਹੋਊ? ਸਰਵਉੱਚ ਤਾਂ ਫਿਰ ਇਹ ਜਥਾ ਹੀ ਹੋਊ। ਅਸਲ ਵਿਚ ਜਥਾ ਵੀ ਸਰਵਉੱਚ ਨਹੀਂ ਹੋਊ। ਸਰਵਉੱਚ ਹੋਣਗੇ ਜਥੇ ਦੇ ਸਿਰਜਕ। ਇਹ ਸੋਚ ਤਾਂ ਸਿੱਖਾਂ ਵਿਚ ਨਵਾਂ ਖਲੀਫਾ ਸਿਰਜਣ ਵਰਗੀ ਜਾਪਦੀ ਹੈ। ਯਾਦ ਰਹੇ, ਮੁਸਲਮਾਨਾਂ ਨੇ 1924 ਵਿਚ ਖਲੀਫਾ (ਮੁਹੰਮਦ ਸਾਹਿਬ ਤੋਂ ਬਾਅਦ ਇਸਲਾਮ ਦਾ ਆਗੂ) ਖਤਮ ਕਰ ਦਿੱਤਾ ਪਰ ਸਿੱਖਾਂ ਨੇ 1925 ਵਿਚ ਐਕਟ ਰਾਹੀਂ ਆਪਣਾ ਖਲੀਫਾ (ਜਥੇਦਾਰ) ਸਿਰਜਣਾ ਸ਼ੁਰੂ ਕਰ ਦਿੱਤਾ।

ਚੰਗਾ ਹੁੰਦਾ ਜੇਕਰ ਇਹ ਇਕੱਤਰਤਾ ਕੋਈ ਅਸਥਾਈ ਕਮੇਟੀ ਬਣਾ ਕੇ ਕਿਸੇ ਲੋਕਤੰਤਰੀ ਸੰਗਠਨ ਦਾ ਮੁੱਢ ਬੰਨ੍ਹਣ ਵਾਸਤੇ ਕਾਰਜ ਆਰੰਭਦੀ। ਬੀਤੇ ਦੀਆਂ ਪ੍ਰੰਪਰਾਵਾਂ ਨੂੰ ਅੱਜ ਦੇ ਸਮਾਜ 'ਤੇ ਲਾਗੂ ਕਰਨ ਦੀ ਗੱਲ ਕੇਵਲ ਖਾਮ ਖਿਆਲੀ ਹੈ।

ਮੌਜੂਦਾ ਸਮੇਂ ਧਾਰਮਿਕ ਖੇਤਰ ਵਿਚ ਸ਼੍ਰੋਮਣੀ ਕਮੇਟੀ ਸਿੱਖ ਸ਼ਕਤੀ ਦਾ ਅਹਿਮ ਧੁਰਾ ਹੈ। ਗੁਰਮਤਾ ਕਰਨ ਵਾਲੀਆਂ ਅਟਪਟੀਆਂ ਸ਼ਰਤਾਂ ਅਧੀਨ ਨਿਸ਼ਕਾਮ ਜਥਾ ਸਿਰਜਣ ਵਰਗੀਆਂ ਗੱਲਾਂ ਕਰਨ ਦੀ ਥਾਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦਾ ਮੁੱਦਾ ਉਠਾਉਣ ਦਾ ਕਦਮ ਵੱਧ ਸਾਰਥਿਕ ਹੋਣਾ ਸੀ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਸਿੱਖ ਵੋਟਰਾਂ ਦੀ ਵੋਟ ਬਣਾਈ ਜਾਂਦੀ ਹੈ। ਪਰ ਜਾਗ੍ਰਿਤੀ ਦੀ ਘਾਟ ਕਾਰਨ ਵੋਟਾਂ ਬਣਦੀਆਂ ਵੀ ਘੱਟ ਹਨ ਅਤੇ ਭੁਗਤਦੀਆਂ ਵੀ ਘੱਟ ਹਨ। ਜੇਕਰ ਇਹ ਧਿਰਾਂ ਲੋਕਾਂ ਨੂੰ ਇਸ ਪਾਸੇ ਜਾਗ੍ਰਿਤ ਕਰਨ ਦੀ ਮੁਹਿੰਮ ਛੇੜਨ ਤਾਂ ਕਮੇਟੀ ਚੋਣਾਂ ਵਿਚ ਚੰਗੇ ਨਤੀਜੇ ਨਿਕਲ ਸਕਦੇ ਹਨ।

ਸਵਾਲਾਂ ਦਾ ਸਵਾਲ ਇਹ ਹੈ ਕਿ ਅਕਾਲ ਤਖਤ ਆਜ਼ਾਦ ਕਰਵਾਉਣ ਤੋਂ ਕੀ ਭਾਵ ਹੈ? ਨਿਸ਼ਕਾਮ ਜਥਾ ਪ੍ਰਬੰਧ ਸੰਭਾਲ ਕੇ ਪੰਥ ਦੇ ਕਿਹੜੇ ਮਸਲਿਆਂ ਨੂੰ ਨਜਿੱਠਣਾ ਚਾਹੁੰਦਾ ਹੈ? ਇਹ ਨਿਸ਼ਕਾਮ ਜਥਾ ਅਕਾਲ ਤਖਤ ਦੇ ਸਿਧਾਂਤ ਨੂੰ ਤਖਤ 'ਤੇ ਕਾਬਜ਼ ਹੋਏ ਬਗੈਰ ਵੀ ਲਾਗੂ ਕਰ ਸਕਦਾ ਹੈ। ਲੋਕਤੰਤਰੀ ਤੌਰ ਤਰੀਕੇ ਵਿਚ ਤਖਤ ਦਾ ਪ੍ਰਬੰਧ ਸੰਭਾਲੇ ਬਗੈਰ ਵੀ ਸਭ ਕੁਝ ਕੀਤਾ ਜਾ ਸਕਦਾ ਹੈ।

ਜੇ ਅਕਾਲ ਤਖਤ ਦਾ ਪ੍ਰਬੰਧ ਸੰਭਾਲ ਕੇ ਸੱਤਾ ਦਾ ਕੇਂਦਰ ਸਿਰਜਣ ਦੀ ਲੋਚਾ ਹੈ ਤਾਂ ਇਹ ਗੱਲ ਸਮਝਣੀ ਪਏਗੀ ਕਿ ਕਿਸੇ ਵੀ ਸਿਸਟਮ ਵਿਚ ਸੱਤਾ ਦੇ ਦੋ ਕੇਂਦਰ ਸੰਭਵ ਨਹੀਂ। ਖੁਦਮੁਖਤਿਆਰ ਰਾਜ ਅੰਦਰ ਵੀ ਐਸਾ ਸੰਭਵ ਨਹੀਂ ਹੋ ਸਕਣਾ। ਮਹਾਰਾਜਾ ਰਣਜੀਤ ਸਿੰਘ ਵੇਲੇ ਵੀ ਰਾਜ ਪ੍ਰਬੰਧ ਅਕਾਲ ਤਖਤ ਦਾ ਨਹੀਂ ਸੀ। ਖਾਲਿਸਤਾਨ ਵਿਚ ਵੀ ਐਸਾ ਨਹੀਂ ਹੋ ਸਕੇਗਾ ਕਿ ਅਕਾਲ ਤਖਤ ਅਤੇ ਰਾਜ ਪ੍ਰਬੰਧ ਦੋਨੋਂ ਹੀ ਖੁਦਮੁਖਤਿਆਰ ਹੋਣ। ਇਹ ਤਾਂ ਹੀ ਸੰਭਵ ਹੈ ਜੇਕਰ ਅਕਾਲ ਤਖਤ ਦਾ ਜਥੇਦਾਰ ਸਟੇਟ ਦਾ ਮੁਖੀ ਵੀ ਹੋਵੇ।

ਕੁੱਝ ਵੀ ਹੋਵੇ 28 ਜੂਨ ਨੂੰ ਗੁਰਮਤਾ ਕਰਨ ਵਾਲੀਆਂ ਧਿਰਾਂ ਅਕਾਲ ਤਖਤ ਦੇ ਮੌਜੂਦਾ ਪ੍ਰਬੰਧ ਨੂੰ ਰੱਦ ਕਰ ਆਈਆਂ ਹਨ। ਗੁਰਮਤੇ ਅਨੁਸਾਰ ਨਿਸ਼ਕਾਮ ਜਥਾ ਕੌਣ ਸਿਰਜੇਗਾ ਅਤੇ ਕਿਵੇਂ ਸਿਰਜਿਆ ਜਾਏਗਾ ਇਸ ਬਾਰੇ ਕਿਸੇ ਨੂੰ ਕੁੱਝ ਵੀ ਸਪੱਸ਼ਟ ਨਹੀਂ। ਜੇਕਰ ਸਿੱਖ ਸਿਧਾਂਤਕਾਰ ਸਰਦਾਰ ਅਜਮੇਰ ਸਿੰਘ ਦੀ ਮੰਨੀਏ ਤਾਂ ਗੁਰਮਤਾ ਕਰਨ ਵਾਲੀਆਂ ਧਿਰਾਂ ਕਿਸੇ ਰਾਹ ਨਹੀਂ ਕੁਰਾਹੇ ਪੈ ਰਹੀਆਂ ਹਨ।

## ਸ੍ਰੀ ਅਨੰਦਪੁਰ ਸਾਹਿਬ ਵਿਖੇ 28 ਜੂਨ ਦਾ ਗੁਰਮਤਾ

ਹਰਪਾਲ ਸਿੰਘ ਪੰਨੂੰ

ਉਮੀਦ ਸੀ ਕਿ ਪੰਥਕ ਨੁਮਾਇੰਦਿਆਂ ਵੱਲੋਂ ਤਖਤਾਂ ਦੇ ਸਿੰਘ ਸਾਹਿਬਾਨ ਦੀ ਪਰਿਭਾਸ਼ਾ ਅਤੇ ਚੋਣ ਬਾਰੇ ਕੋਈ ਸਾਰਥਕ ਵਿਚਾਰ ਹੋਵੇਗੀ ਪਰ ਅਜਿਹਾ ਹੋਇਆ ਨਹੀਂ। ਜਥੇਦਾਰਾਂ ਦਾ ਸਕੱਤਰੇਤ ਕਿਹੋ ਜਿਹਾ ਹੋਵੇ, ਉਸ ਬਾਰੇ ਚਰਚਾ ਹੋਈ। ਸਕੱਤਰੇਤ ਦੇ ਪ੍ਰਬੰਧਕੀ ਜਥੇ ਦੀ ਚੋਣ ਕਿਵੇਂ ਹੋਵੇਗੀ, ਕੌਣ ਕਰੇਗਾ, ਕੋਈ ਦਿਸ਼ਾ ਨਹੀਂ। ਬੇਸ਼ੱਕ ਵੱਡੇ ਇਕੱਠਾਂ ਵਿੱਚ ਬਦਲਵੇਂ ਜਥੇਦਾਰ ਚੁਣ ਲਏ ਗਏ ਸਨ ਪਰ ਮਾਨਤਾ ਪ੍ਰਾਪਤ ਜਥੇਦਾਰ ਉਹੋ ਹਨ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਥਾਪੇ। ਸਹੀ ਕਦਮ ਇਹ ਹੋਣਾ ਸੀ ਕਿ ਵੇਲਾ ਵਿਹਾ ਚੁੱਕੀ ਸ਼੍ਰੋਮਣੀ ਕਮੇਟੀ ਦੀ ਚੋਣ ਕਰਵਾਈ ਜਾਵੇ। ਨਵੀਂ ਕਮੇਟੀ ਆਪਣੇ ਨਵੇਂ ਜਥੇਦਾਰ ਨਿਯੁਕਤ ਕਰੇ।

ਕੁਝ ਮੱਦਾਂ ਹਾਸੋਹੀਣੀਆਂ ਹਨ ਜਿਵੇਂ, "ਪੂਰਨ ਰੂਪ ਵਿਚ ਤਿਆਗੀ ਬਿਰਤੀ ਦਾ ਹੋਵੇ, ਭਾਵ ਧਨ, ਪਦਾਰਥ, ਜਾਇਦਾਦ ਦਾ ਦਾਅਵਾ ਨਾ ਰੱਖਦਾ ਹੋਵੇ"। ਤਾਂ ਫਿਰ ਕੋਈ ਨਾਥ, ਜੋਗੀ ਜਾਂ ਭਿੱਖੂ ਹੋਵੇ? ਜਿਸ ਸਿੱਖ ਦੇ ਨਾਮ ਘਰ ਜਾਂ ਜ਼ਮੀਨ ਹੈ, ਉਹ ਅਯੋਗ ਹੈ! ਮੰਗ ਖਾਲਸਾ ਰਾਜ ਦੀ ਪਰ ਜਾਇਦਾਦ ਨਾ ਹੋਵੇ।

ਅਗਲੀ ਅਜੀਬ ਮੱਦ ਹੈ, "ਆਪਣੀ ਪਰਿਵਾਰਕ ਅਤੇ ਕਿੱਤੇ ਦੀ ਪੇਸ਼ਾਵਰ ਜ਼ਿੰਮੇਵਾਰੀ ਤੋਂ ਪੂਰਨ ਰੂਪ ਵਿਚ ਮੁਕਤ ਹੋਵੇ"। ਪਰਿਵਾਰ ਦੀ ਜ਼ਿੰਮੇਵਾਰੀ ਕੌਣ ਸੰਭਾਲੇ? ਗਵਾਂਢੀ? ਗੁਰੂ ਜੀ ਨੇ ਗ੍ਰਿਹਸਥ ਧਰਮ ਨੂੰ ਸ਼੍ਰੋਮਣੀ ਜੀਵਨ ਥਾਪਿਆ ਹੈ, ਸਿੱਧਾਂ ਨੂੰ ਫਟਕਾਰਾਂ ਪਾਈਆਂ ਹਨ ਕਿ ਗ੍ਰਿਹਸਥ ਦੀਆਂ ਜ਼ਿੰਮੇਵਾਰੀਆਂ ਤੋਂ ਕਿਉਂ ਭਗੌੜੇ ਹੋਏ ਹੋ। ਪਰ ਤਤਕਾਲੀ ਮਤਾ ਪਰਿਵਾਰਕ ਜ਼ਿੰਮੇਵਾਰੀ ਤੋਂ ਭਗੌੜਾ ਹੋਣ ਦੀ ਬਿਰਤੀ ਦਾ ਸਮਰਥਕ ਹੈ। ਇਹੋ ਖਿਆਲ ਮੋਦੀ ਸਮਰਥਕਾਂ ਦਾ ਹੈ ਕਿ ਪ੍ਰਧਾਨ ਮੰਤਰੀ ਪੂਰਨ ਰੂਪ ਵਿਚ ਦੇਸ਼ ਨੂੰ ਸਮਰਪਿਤ ਹਨ।

ਗੁਰਮੁਖੀ ਸ਼ਬਦ ਜੋੜਾਂ ਦੀ ਸਿੱਖ ਘੱਟ ਹੀ ਪਰਵਾਹ ਕਦੇ ਹਨ। ਗੁਰਮਤਾ ਡ੍ਰਾਫਟ ਕਮੇਟੀ ਨੂੰ ਧੰਨ ਅਤੇ ਧਨ ਵਿਚਲੇ ਫਰਕ ਦਾ ਪਤਾ ਨਹੀਂ। ਸ਼ਖਸ ਨੂੰ ਸਖਸ਼ ਲਿਖ ਰਹੇ ਹਨ। ਵਿਵੇਕੀ ਸਿਖਾਂ ਦੀ ਦਲੀਲ ਦਾ ਕੋਈ ਸਾਨੀ ਨਹੀਂ। ਅਸੀਂ ਸਿਖ ਸ਼ਹਾਦਤ ਅਖਬਾਰ ਦੇ ਸੰਪਾਦਕ ਨੂੰ ਕਿਹਾ - ਸ਼ਬਦ ਜੋੜਾਂ ਦੀਆਂ ਗਲਤੀਆਂ ਦਰੁਸਤ ਕਰੋ।

ਕਹਿੰਦੇ - ਫਿਰ ਖਾਲਿਸਤਾਨ ਬਣਜੂ?

# ਸਿੱਖਾਂ ਨੂੰ ਸਦੀਵੀ ਗਧੀਗੇੜ ਪਾਈ ਰੱਖਣ ਦੇ ਅਜਬ ਤਰੀਕੇ ਸਿਰਫ ਅਜਮੇਰ ਸਿੰਘ ਹੀ ਦੱਸ ਸਕਦਾ ਹੈ!

## (ਅਕਾਲ ਤਖਤ ਸਾਹਿਬ ਦੀ ਸਰਬ ਉਚਤਾ; ਬਿੱਟੂ ਧੜੇ ਨੂੰ ਘੁਰਕੀਆਂ ਤੇ ਨਸੀਹਤਾਂ)

ਅਜਮੇਰ ਸਿੰਘ ਨੇ ਆਪਣੀ ਇਕ ਤਾਜ਼ਾ ਯੂਟਿਊਬ ਵੀਡੀਓ ਗੱਲਬਾਤ ਦਾ ਹੈਡਿੰਗ "ਕੀ ਅਕਾਲ ਤਖ਼ਤ ਸਾਹਿਬ ਆਜ਼ਾਦ ਹੋ ਸਕਦਾ ਹੈ" ਰੱਖਿਆ ਹੈ। ਉਹ ਆਪਣੇ ਹਰ ਵਿਚਾਰ ਨੂੰ ਠੋਸਣ ਲਈ "ਇਕ ਧਾਰਨਾ ਬਣ ਗਈ ਹੈ" ਦਾ ਤਕੀਆ ਕਲਾਮ ਵਰਤਣ ਦਾ ਮਾਹਿਰ ਹੈ ਅਤੇ ਇਸ ਗੱਲਬਾਤ ਵਿਚ ਇਹੀ ਟੋਟਕਾ ਕਈ ਵਾਰ ਵਰਤਦਾ ਹੈ। ਇਹ ਗੱਲਬਾਤ ਅਕਾਲ ਤਖ਼ਤ ਅਤੇ ਸਿੱਖ ਕੌਮ ਦੀ ਆਜ਼ਾਦੀ ਦੁਆਲੇ ਘੁੰਮਦੀ ਹੈ ਅਤੇ ਉਹ ਦਲਜੀਤ ਸਿੰਘ ਬਿੱਟੂ ਧੜੇ ਵਲੋਂ ਕੁਝ ਦਿਨ ਪਹਿਲਾਂ ਸ੍ਰੀ ਆਨੰਦਪੁਰ ਸਾਹਿਬ ਵਿਚ ਕੀਤੀ ਓਸ ਮੀਟਿੰਗ ਵੱਲ ਸੈਨਤਾਂ ਮਾਰਦਾ ਹੈ, ਜਿਸ ਵਿਚ ਉਸ ਨੂੰ ਸੱਦਿਆ ਨਹੀਂ ਸੀ ਗਿਆ। ਬਿੱਟੂ ਧੜੇ ਵਲੋਂ ਨਕਸਲਬਾੜੀ ਪਿਛੋਕੜ ਦੇ ਏਸ

ਬਲਰਾਜ ਦਿਓਲ
ਫੋਨ: 416-671-5072

ਕ੍ਰੋਧੀ, ਖਾਲਿਸਤਾਨੀ ਆਈਡਾਲੌਗ ਅਤੇ ਕਥਿਤ ਸਿੱਖ ਹਿਸਟੋਰੀਅਨ ਨੂੰ ਵਰ੍ਹਿਆਂ ਬੱਧੀ ਰਹਿਬਰ ਮੰਨੀ ਰੱਖਣ ਤੋਂ ਬਾਅਦ ਮੀਟਿੰਗ ਵਿਚ ਨਾ ਸੱਦਣਾ ਕਈ ਸਵਾਲ ਖੜੇ ਕਰਦਾ ਹੈ? ਇਸ ਮੀਟਿੰਗ ਤੋਂ ਬਾਹਰ ਕਿਉਂ ਰੱਖਿਆ ਗਿਆ? ਕੀ ਅਜਮੇਰ ਸਿੰਘ ਕਿਸੇ ਐਸੇ ਇਕੱਠ ਦੇ 'ਗੁਰਮਤੇ' ਪ੍ਰਵਾਨ ਕਰ ਲਵੇਗਾ, ਜਿਸ ਵਿਚ ਓਸ ਨੇ ਸਾਰੇ ਮੀਟਿੰਗਕਰਤਾ ਆਪਣੀ ਉਂਗਲੀ 'ਤੇ ਨਾ ਘੁੰਮਾਏ ਹੋਣ? ਇਹ ਆਪਣੇ ਆਪ ਵਿਚ ਵੱਡੇ ਸਵਾਲ ਹਨ ਅਤੇ ਅਜਮੇਰ ਨੇ ਏਸ ਵੀਡੀਓ ਗੱਲਬਾਤ ਵਿਚ ਜੋ ਕੜ੍ਹੀ ਘੋਲੀ ਹੈ ਓਸ ਤੋਂ ਅਜਮੇਰ ਦੀ ਨਿਰਾਸ਼ਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਅਜਮੇਰ ਸਿੰਘ ਆਪਣੀ ਗੱਲਬਾਤ ਬਾਦਲਾਂ ਵਲੋਂ ਪਿਛਲੇ ਢਾਈ ਤਿੰਨ ਦਹਾਕਿਆਂ ਤੋਂ ਅਕਾਲ ਤਖ਼ਤ ਅਤੇ ਇਸ ਦੇ ਜਥੇਦਾਰਾਂ ਨੂੰ ਆਪਣੇ ਸਿਆਸੀ ਹਿੱਤਾਂ ਲਈ ਵਰਤਣ ਤੋਂ ਸ਼ੁਰੂ ਕਰਦਾ ਹੋਇਆ ਕਹਿੰਦਾ ਹੈ ਕਿ ਇਕ ਧਾਰਨਾ ਬਣ ਗਈ ਹੈ ਕਿ ਇਸ ਨਾਲ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਦੀ ਮਾਣ-ਮਰਿਯਾਦਾ ਨੂੰ ਠੇਸ ਪੁੱਜੀ ਹੈ। ਇਕ ਤਰ੍ਹਾਂ ਇਸ ਨੂੰ ਘੱਟੇ ਰੋਲਣ ਦੀ ਕੋਸ਼ਿਸ਼ ਹੋਈ ਹੈ। ਅਜਮੇਰ ਮੁਤਾਬਿਕ ਇਸ ਦੇ ਹੱਲ ਲਈ ਦੋ ਕਿਸਮ ਦੇ ਵਿਚਾਰ ਸਾਹਮਣੇ ਆਏ। ਇਕ ਸੀ ਕਿ ਜਥੇਦਾਰ ਸ਼੍ਰੋਮਣੀ ਕਮੇਟੀ ਨਾਮਜ਼ਦ ਕਰਦੀ ਹੈ ਅਤੇ ਇਸ ਤੋਂ ਇਹ ਅਧਿਕਾਰ ਵਾਪਸ ਲੈ ਕੇ ਨਾਮਜ਼ਦਗੀ ਦਾ ਹੋਰ ਤਰੀਕਾ ਅਪਣਾਇਆ ਜਾਵੇ ਅਤੇ ਦੂਜਾ ਸੀ ਕਿ ਸ਼੍ਰੋਮਣੀ ਕਮੇਟੀ 'ਤੇ ਬਾਦਲਾਂ ਦਾ ਕਬਜ਼ਾ ਹੈ ਅਤੇ ਇਸ ਨੂੰ ਮੁਕਤ ਕਰਵਾਇਆ ਜਾਵੇ। ਬਹੁਤ ਯਤਨ ਹੋਏ ਪਰ ਅਜੇ ਤੱਕ ਨਾ ਬਾਦਲਾਂ ਦਾ ਗਲਬਾ ਖ਼ਤਮ ਹੋਇਆ ਹੈ ਅਤੇ ਨਾ ਜਥੇਦਾਰ ਨਾਮਜ਼ਦਗੀ ਦੀ ਵਿਧੀ ਬਦਲੀ ਜਾ ਸਕੀ ਹੈ।

ਅਜਮੇਰ ਮੁਤਾਬਿਕ ਸ਼੍ਰੋਮਣੀ ਕਮੇਟੀ ਦੀ ਚੋਣ ਸੈਂਟਰ ਸਰਕਾਰ ਕਰਵਾਉਂਦੀ ਹੈ ਜੋ ਆਪਣੀ ਲੋੜ ਅਨੁਸਾਰ ਚੋਣ ਦਾ ਸਮਾਂ ਨਿਰਧਾਰਤ ਕਰਦੀ ਹੈ। ਕਿਉਂਕਿ ਚੋਣ ਸੈਂਟਰ ਸਰਕਾਰ ਦੇ ਹੱਥ ਵਿਚ ਇਸ ਲਈ ਅਜਮੇਰ ਮੁਤਾਬਿਕ ਇਸ ਤੋਂ ਸਿੱਟਾ ਨਿਕਲਦਾ ਹੈ ਕਿ ਸਿੱਖ ਕੌਮ ਆਜ਼ਾਦ ਨਹੀਂ ਹੈ ਅਤੇ ਜੇ ਸਿੱਖ ਕੌਮ ਆਪਣੀ ਏਸ ਸੰਸਥਾ ਦੀ ਚੋਣ ਕਰਨ ਲਈ ਆਜ਼ਾਦ ਨਹੀਂ ਹੈ ਤਾਂ ਅਕਾਲ ਤਖ਼ਤ ਕਿਵੇਂ ਆਜ਼ਾਦ ਹੋ ਸਕਦਾ ਹੈ? ਅਜਮੇਰ ਨੇ ਸਿੱਖ ਕੌਮ ਦੀ ਆਜ਼ਾਦੀ ਮਾਪਣ ਲਈ ਨਵਾਂ ਪੈਮਾਨਾ ਨਿਰਧਾਰਤ ਕਰ ਦਿੱਤਾ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਦੀ ਚੋਣ ਸੈਂਟਰ ਸਰਕਾਰ ਕਰਵੌਂਦੀ ਹੈ ਇਸ ਲਈ ਸਿੱਖ ਕੌਮ ਸੈਂਟਰ ਸਰਕਾਰ ਦੀ ਗੁਲਾਮ ਹੈ। ਅਜਮੇਰ ਇਸ ਇਤਿਹਾਸਕ ਤੱਥ 'ਤੇ ਮਿੱਟੀ ਪਾ ਦਿੰਦਾ ਹੈ ਕਿ ਸ਼੍ਰੋਮਣੀ ਕਮੇਟੀ ਦੀ ਚੋਣ 1925 ਦੇ ਐਕਟ ਮੁਤਾਬਿਕ ਕਰਵਾਈ ਜਾਂਦੀ ਹੈ ਜਿਸ ਐਕਟ ਨੂੰ ਸਿੱਖ ਵੱਡੀ ਪ੍ਰਾਪਤੀ ਮੰਨਦੇ ਆ ਰਹੇ ਹਨ ਅਤੇ ਇਸ ਐਕਟ ਵਿਚ ਆਪਣੀ ਲੋੜ ਮੁਤਾਬਿਕ ਸੋਧਾਂ ਵੀ ਕਰਵਾ ਚੁੱਕੇ ਹਨ। ਬੀਜੇਪੀ ਸਰਕਾਰ ਤੋਂ ਇਸ ਐਕਟ ਵਿਚ ਸੋਧ ਕਰਵਾ ਕੇ ਸਹਿਜਧਾਰੀ ਸਿੱਖਾਂ ਤੋਂ ਵੋਟ ਦਾ ਹੱਕ ਖੋਹ ਚੁੱਕੇ ਹਨ। ਅਜਮੇਰ ਮੁਤਾਬਿਕ ਸਿੱਖ ਕੌਮ ਕੇਂਦਰ ਸਰਕਾਰ ਭਾਵ ਭਾਰਤ ਦੀ ਗੁਲਾਮ ਹੈ ਜਿਸ ਨੂੰ ਆਜ਼ਾਦ ਕਰਵਾਉਣਾ ਮੁੱਖ ਨਿਸ਼ਾਨਾ ਹੋਣਾ ਚਾਹੀਦਾ ਹੈ ਪਰ ਪੁੱਛਣਾ ਬਣਦਾ ਹੈ ਕਿ ਇਸ ਸਿੱਖ ਕੌਮ ਵਿਚ ਕੀ ਸਹਿਜਧਾਰੀ ਸਿੱਖ ਵੀ ਸ਼ਾਮਲ ਹਨ ਜਿਨ੍ਹਾਂ ਤੋਂ ਵੋਟ ਦਾ ਹੱਕ ਖੋਹ ਲਿਆ ਗਿਆ ਹੈ? ਅਗਰ ਖਾਲਿਸਤਾਨ ਬਣ ਜਾਵੇ ਤਾਂ ਸਹਿਜਧਾਰੀ ਸਿੱਖਾਂ ਦਾ ਕੀ ਬਣੇਗਾ? ਉਹ ਤਾਂ ਫਿਰ ਪਹਿਰਾਵਾਵਾਦੀਆਂ ਦੇ ਗੁਲਾਮ ਹੀ ਰਹਿਣਗੇ ਅਤੇ ਪੰਜਾਬ ਦੀਆਂ ਗੈਰ ਸਿੱਖ ਘੱਟ-ਗਿਣਤੀਆਂ ਦਾ ਤਾਂ ਰੱਬ ਹੀ ਰਾਖਾ ਹੋਵੇਗਾ।

ਅਜਮੇਰ ਮੁਤਬਿਕ ਸਿੱਖਾਂ ਵਿਚ ਇਕ ਰਵਾਇਤੀ ਧਾਰਾ ਚੱਲ ਰਹੀ ਹੈ ਅਤੇ ਦੂਜੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਸੋਚ ਦੀ ਧਾਰਾ ਚੱਲ ਰਹੀ ਹੈ ਜਿਸ ਨੂੰ ਓਹ ਰੈਡੀਕਲ ਧਾਰਾ ਵੀ ਕਹਿੰਦਾ ਹੈ। ਅਜਮੇਰ ਕਹਿੰਦਾ ਹੈ ਕਿ ਜੋ ਭਿੰਡਰਾਂਵਾਲਾ ਦੀ ਧਾਰਨਾ ਨੂੰ ਮੰਨਦੇ ਹਨ ਉਹ ਤਾਂ ਚਿਰਾਂ ਦੇ ਇਹ ਮਨ ਬਣਾਈ ਬੈਠੇ ਹਨ ਕਿ ਸਿੱਖ ਗੁਲਾਮ ਹਨ ਅਤੇ ਸਿੱਖਾਂ ਤੋਂ ਗੁਲਾਮੀ ਦਾ ਜੂਲਾ ਲੌਣਾ ਹੈ। ਆਜ਼ਾਦ ਸਿੱਖ ਰਾਜ ਕਾਇਮ ਕਰਨਾ ਹੈ ਜਿਸ ਲਈ ਹਥਿਆਰਬੰਦ ਲਹਿਰ ਚੱਲੀ ਅਤੇ ਹੁਣ ਸ਼ਾਂਤੀਪੂਰਨ ਲਹਿਰ ਚੱਲ ਰਹੀ ਹੈ। ਦੂਜੀ ਧਾਰਨਾ ਵਾਲੇ ਭਾਰਤੀ ਸੰਵਿਧਾਨ ਅੰਦਰ ਰਹਿਣਾ ਚਾਹੁੰਦੇ ਹਨ। ਸੰਤ ਭਿੰਡਰਾਂਵਾਲਾ ਦੀ ਸੋਚ ਨੂੰ ਪ੍ਰਨਾਏ ਸਿੱਖਾਂ ਨੂੰ ਵੀ ਅਜਮੇਰ ਅੱਗੇ ਦੋ ਹਿੱਸਿਆਂ ਵਿਚ ਵੰਡਦਾ ਹੈ। ਇਕ ਉਹ ਜਿਨ੍ਹਾਂ ਦਾ ਵਿਸ਼ਵਾਸ ਪੇਤਲਾ ਹੈ ਅਤੇ ਦੂਜੇ ਜਿਨ੍ਹਾਂ ਦਾ ਵਿਸ਼ਵਾਸ ਪੱਕਾ ਹੈ। ਹੁਣ ਅੰਦਾਜ਼ਾ ਲਗਾਓ ਕਿ ਅਜਮੇਰ ਕਿੰਨੇ ਕੁ ਸਿੱਖਾਂ ਦੀ ਗੱਲ ਕਰਦਾ ਹੈ ਜਿਨ੍ਹਾਂ ਦਾ ਵਿਸ਼ਵਾਸ ਭਿੰਡਰਾਂਵਾਲਾ ਦੀ ਸੋਚ ਵਿਚ ਪੱਕਾ ਹੈ ਕਿ ਸਿੱਖ ਗੁਲਾਮ ਹਨ ਅਤੇ ਗੁਲਾਮੀ ਦਾ ਜੂਲਾ ਲੋਹਣਾ ਹੈ? ਪਹਿਲਾਂ ਸਹਿਜਧਾਰੀ ਵੱਖ ਕਰ ਦਿੱਤੇ, ਫਿਰ ਬਚਦੇ ਸਿੱਖਾਂ ਵਿਚੋਂ ਰਵਾਇਤੀ (ਅਕਾਲੀ ਅਤੇ ਹੋਰ) ਬਾਹਰ ਕਰ ਦਿੱਤੇ ਅਤੇ ਹੁਣ ਪੇਤਲੇ ਵਿਸ਼ਵਾਸ ਵਾਲਿਆਂ ਨੂੰ ਵੱਖ ਕਰ ਲਿਆ ਅਤੇ ਅਜਮੇਰ ਨੇ ਰੱਖ ਲਏ ਓਹ ਜੋ ਓਸ ਮੁਤਾਬਿਕ ਭਿੰਡਰਾਂਵਾਲਾ ਦੀ ਸੋਚ ਵਿਚ ਪੱਕਾ ਵਿਸ਼ਵਾਸ ਕਰਦੇ ਹਨ। ਅਜਮੇਰ ਸਿੰਘ ਜੀ ਇਹ ਕਿੰਨੇ ਕੁ ਹੋਣਗੇ? ਇਕ, ਦੋ, ਤਿੰਨ, ਚਾਰ, ਪੰਜ ਫੀਸਦੀ? ਇਨ੍ਹਾਂ ਨੂੰ ਸਾਰੀ ਸਿੱਖ ਕੌਮ ਦੇ ਭਵਿੱਖ ਦਾ ਫੈਸਲਾ ਕਰਨ ਦਾ ਕੀ ਹੱਕ ਹੈ?

ਅਜਮੇਰ ਅੱਗੇ ਕਹਿੰਦਾ ਹੈ ਕਿ ਰੈਡੀਕਲ ਵਿਚਾਰਧਾਰਾ ਵਿਚ ਵੀ ਬਹੁਤ ਵਖਰੇਵੇਂ ਹਨ। ਕਰ ਲਓ ਗੱਲ! ਅਖੇ ਕਈ ਕਹਿੰਦੇ ਹਨ ਕਿ ਪਹਿਲਾਂ ਏਕਤਾ ਕਰੋ ਅਤੇ ਫਿਰ ਅੱਗੇ ਵਧਾਂਗੇ। ਅਤੇ ਆਪ ਹੀ ਕਹਿੰਦਾ ਹੈ ਏਕਤਾ ਹੋਣੀ ਨਹੀਂ। ਅਖੇ ਨਾ ਨੌਂ ਮਣ ਤੇਲ ਹੋਵੇ ਅਤੇ ਨਾ ਰਾਧਾ ਨੱਚੇ, ਇਹ ਅਜਮੇਰ ਦੇ ਲਫ਼ਜ਼ ਅਤੇ ਅਜਮੇਰ ਦਾ ਨਿਰਣਾ ਹੈ ਪਰ ਫਿਰ ਵੀ ਸਿੱਖ ਕੌਮ ਨੂੰ ਸੇਧ ਦੇਣਾ ਆਪਣਾ ਹੱਕ ਸਮਝਦਾ ਹੈ।

ਅਕਾਲ ਤਖ਼ਤ ਦੇ ਜਥੇਦਾਰ ਦੀ ਨਿਯੁਕਤੀ, ਸ਼੍ਰੋਮਣੀ ਕਮੇਟੀ ਅਤੇ ਅਸੈਂਬਲੀ ਚੋਣ ਦੇ ਮਾਮਲੇ ਵਿਚ ਅਜਮੇਰ ਦਾ ਕਹਿਣਾ ਹੈ ਗੁਰੂਆਂ ਦੇ ਵੇਲੇ ਤੋਂ ਸਿੱਖ ਪ੍ਰੰਪਰਾ ਵਿਚ ਕੌਮ ਦੇ ਆਗੂ ਚੁਣਨ ਦੀ ਵਿਧੀ ਸਿਰ ਗਿਣਨਾ (ਵੋਟਾਂ) ਨਹੀਂ ਹੈ, ਸਗੋਂ ਕਾਬਲੀਅਤ (ਗੁਣ) ਰਹੀ ਹੈ। ਸੋ ਏਥੇ ਹੀ ਗੜਬੜ ਹੋਈ ਹੈ ਕਿਉਂਕਿ ਸਿੱਖ ਵਿਧੀ ਇਲੈਕਸ਼ਨ ਨਹੀਂ ਸਿਲੈਕਸ਼ਨ ਹੈ। ਅਜਮੇਰ ਸਿੰਘ ਦੀ ਸਿੱਖਾਂ ਦੀ ਆਜ਼ਾਦੀ ਦੀ ਧਾਰਨਾ 'ਤਲਵਾਰਵਾਦੀ' ਅਤੇ ਈਰਾਨ ਦੇ ਅਇਤਉਲਾ ਨਿਜ਼ਾਮ ਵਰਗੀ ਹੈ ਜੋ ਲੋਕਤੰਤਰ ਦੇ ਨੇੜੇ ਤੇੜੇ ਵੀ ਨਹੀਂ ਢੁਕਦੀ।

ਫਿਰ ਅਜਮੇਰ ਬਿੱਟੂ ਧੜੇ ਦੀ 28 ਜੂਨ ਦੀ ਗੱਲ ਕਰਦਾ ਹੋਇਆ ਆਪਣਾ ਦੁੱਖ ਟੇਡੇ ਢੰਗ ਨਾਲ ਜ਼ਾਹਰ ਕਰਦਾ ਹੋਇਆ ਕਹਿੰਦਾ ਹੈ ਕਿ ਇਕ ਧੜੇ ਵਲੋਂ ਵਿਸ਼ਵ ਇਕੱਤਰਤਾ ਬੁਲਾਈ ਗਈ ਸੀ ਜਿਸ ਵਿਚ ਗੁਰਮਤਾ ਪਾਸ ਕੀਤਾ ਗਿਆ ਹੈ ਕਿ ਇਕ ਜਥਾ ਸਿਰਜਿਆ ਜਾਵੇ ਜੋ ਖੁਦਮੁਖਤਿਆਰ ਹੋਵੇ ਅਤੇ ਨਿਸ਼ਕਾਮ ਹੋਵੇ ਜੋ ਅਕਾਲ ਤਖਤ ਦੀ ਮਾਣ ਮਰਿਯਾਦਾ ਬਹਾਲ ਕਰੇ ਭਾਵ ਜਥੇਦਾਰ ਨਿਯੁਕਤ ਕਰੇ। ਅਜਮੇਰ ਪੁੱਛਦਾ ਹੈ ਕਿ ਕੀ ਸਿੱਖ ਕੌਮ ਦੇ ਗੁਲਾਮ ਹੁੰਦਿਆਂ ਇਹ ਕੁਝ ਹੋ ਸਕਦਾ ਹੈ? ਅਗਰ ਬਿੱਟੂ ਧੜੇ ਦੇ ਮਤੇ ਮੁਤਾਬਿਕ ਜਥੇਦਾਰ ਨਿਯੁਕਤ ਕਰ ਲਿਆ ਜਾਵੇ ਤਦ ਵੀ ਅਜਮੇਰ ਮੁਤਾਬਿਕ ਸਿੱਖ ਕੌਮ ਦੇ ਗੁਲਾਮ ਹੁੰਦਿਆਂ ਅਕਾਲ ਤਖਤ ਵੀ ਗੁਲਾਮ ਹੀ ਰਹੇਗਾ। ਅਜਮੇਰ ਮੁਤਾਬਿਕ 18ਵੀਂ ਸਦੀ ਤੋਂ ਹੁਣ ਤੱਕ ਅਕਾਲ ਤਖ਼ਤ ਸਿੱਖ ਕੌਮ ਦੇ ਸੰਘਰਸ਼ ਦੀ ਸਥਿਤੀ ਮੁਤਾਬਿਕ ਕਈ ਵਾਰ ਆਜ਼ਾਦ ਅਤੇ ਕਈ ਵਾਰ ਗੁਲਾਮ ਹੁੰਦਾ ਰਿਹਾ ਹੈ ਇਸ ਲਈ ਸਿੱਖ ਕੌਮ ਦੀ ਆਜ਼ਾਦੀ ਦਾ ਸੰਘਰਸ਼ ਮੁੱਖ ਮੁੱਦਾ ਭਾਵ ਸੂਤਰਧਾਰ ਹੈ ਅਤੇ ਸਾਰੀ ਐਨਰਜੀ ਏਸ ਪਾਸੇ ਲੌਣੀ ਚਾਹੀਦੀ ਹੈ।

ਅਜਮੇਰ ਮੁਤਾਬਿਕ 18ਵੀਂ ਸਦੀ ਵਿਚ ਸਿੱਖ ਬਹੁਤ ਉੱਚੀ ਰੂਹਾਨੀ ਅਵਸਥਾ ਵਿਚ ਸਨ ਅਤੇ ਖਾਲਸਾ ਬਹੁਤ ਉੱਚੀ ਸੁਰਤ ਵਿਚ ਵਿਚਰ ਰਿਹਾ ਸੀ ਜੋ ਗੁਰਮਤਿਆਂ ਦੀ ਜਾਮਨ ਸੀ ਪਰ ਅੱਜ ਸਿੱਖਾਂ ਦੀ ਰੂਹਾਨੀ ਅਵਸਥਾ ਉਹ ਨਹੀਂ ਹੈ। ਅਜਮੇਰ ਦਾ ਭੂੰਬਲਭੂਸੇ ਵਾਲਾ ਨਿਚੋੜ ਇਹ



ਅਜਮੇਰ ਸਿੰਘ



ਦਲਜੀਤ ਸਿੰਘ ਬਿੱਟੂ

ਹੈ ਕਿ ਅੱਜ ਸਿੱਖਾਂ ਦੀ ਅਵਸਥਾ ਉੱਚੀ ਨਹੀਂ ਹੈ ਜੋ ਗੁਰਮਤੇ ਦੀ ਜਾਮਨ ਬਣ ਸਕੇ ...ਸੋ ਗੁਰਮਤੇ ਵਾਲੇ ਹਾਲਾਤ ਨਹੀਂ ਹਨ। ਅਜਮੇਰ ਜੀ ਕ੍ਰਿਪਾ ਕਰ ਕੇ ਦੱਸੋ ਕਿ ਪਹਿਲਾਂ ਸਿੱਖ ਆਜ਼ਾਦੀ ਵਾਸਤੇ ਲੜਨ ਜਿਸ ਤਰ੍ਹਾਂ ਤੁਸਾਂ ਪਹਿਲਾਂ ਦਾਅਵੇ ਨਾਲ ਆਖਿਆ ਹੈ ਜਾਂ ਪਹਿਲਾਂ ਰੂਹਾਨੀ ਅਵਸਥਾ ਉੱਚੀ ਚੁੱਕਣ ਵਾਸਤੇ ਸਾਰਾ ਤਾਣ ਲਗਾ ਦੇਣ ਤਾਂ ਕਿ ਗੁਰਮਤਿਆਂ ਦੀ ਜਾਮਨੀ ਵਾਲਾ 18ਵੀਂ ਸਦੀ ਵਰਗਾ ਮਾਹੌਲ ਬਣ ਸਕੇ? ਕੌਮ ਨੂੰ ਸੇਧ ਪੂਰੀ ਅਤੇ ਸਿੱਧੀ ਦਿਓ ਲੱਛੇਦਾਰ ਅਤੇ ਲੜਖੜਾਵੀਂ ਸੇਧ ਤਾਂ ਹੋਰ ਭੱਠਾ ਬਿਠਾ ਦੇਵੇਗੀ ਕਿਉਂਕਿ ਤੁਹਾਡੇ ਮੁਤਾਬਿਕ ਸੰਤਾਂ ਦੀ ਰੈਡੀਕਲ ਸੋਚ ਦੀ ਧਾਰਨਾ ਵਾਲੀ ਧਿਰ ਤਾਂ ਪਹਿਲਾਂ ਹੀ ਖਖੜੀਆਂ ਹੋਈ ਪਈ ਅਤੇ ਕੌਮੀ ਏਕਤਾ ਬਾਰੇ ਤੁਹਾਨੂੰ ਵੱਡਾ ਸੰਦੇਹ ਹੈ ਜੋ ਤੁਸੀਂ ਇਸ ਵੀਡੀਓ ਵਿਚ ਪਹਿਲਾਂ ਪ੍ਰਗਟ ਕਰ ਚੁੱਕੇ ਹੋ। ਉਂਝ 18ਵੀਂ ਸਦੀ ਵਿਚ ਵੀ ਕਦੇ ਏਕਤਾ ਅਤੇ ਕਦੇ ਪਾਟੋਧਾੜ ਬਰਾਬਰ ਚਲਦੀਆਂ ਰਹੀਆਂ ਹਨ ਜਿਸ ਨੂੰ ਤੁਸਾਂ "ਪਰੰਪਰਾ" ਵਿਚ ਸਮੇਟ ਦਿੱਤਾ।

ਇਸ ਤੋਂ ਅੱਗੇ ਅਜਮੇਰ ਨੇ ਪਰੰਪਰਾਵਾਂ ਨੂੰ ਵੀ ਅਸਮਾਨੀ ਰੂਪ ਦੇ ਦਿੱਤਾ ਹੈ ਅਖੇ ਪਰੰਪਰਾਵਾਂ ਮੀਟਿੰਗਾਂ ਕਰ ਕੇ ਅਤੇ ਅਕਲਾਂ ਦੁੜਾ ਕੇ ਨਹੀਂ ਬਣੀਆਂ ਸਗੋਂ ਪ੍ਰਗਟ ਹੋਈਆਂ ਸਨ ਜਿਵੇਂ ਗੁਰੂ ਪ੍ਰਗਟ ਹੋਏ, ਬਾਣੀ ਪ੍ਰਗਟ ਹੋਈ ਅਤੇ ਖਾਲਸਾ ਪ੍ਰਗਟ ਹੋਇਆ ਸੀ। ਸੋ ਇਹ ਕੰਮ ਯੁਗਤਾਂ ਨਾਲ ਨਹੀਂ ਹੋਇਆ, ਅਖੇ ਪਹਿਲੀ ਸੁਰਤ ਨਿੱਜ ਤੋਂ ਸੁਤੰਤਰ ਹੋਣਾ ਹੈ। ਅਜਮੇਰ ਕਹਿੰਦਾ ਹੈ ਕਿ ਜਦ ਕੌਮ ਏਸ ਅਵਸਥਾ ਵਿਚ ਪਹੁੰਚੇਗੀ ਤਾਂ ਪਰੰਪਰਾਵਾਂ ਆਪੇ ਪ੍ਰਗਟ ਹੋ ਜਾਣਗੀਆਂ। ਉਹ ਭਾਈ ਜੇ ਇਹ ਸੱਭ ਕੁਝ ਆਪਣੇ ਆਪ ਹੀ ਪ੍ਰਗਟ ਹੋਣਾ ਹੈ ਤਾਂ ਤੈਨੂੰ ਏਨੀ ਝੱਗ ਸੁੱਟਣ ਦੀ ਕੀ ਲੋੜ ਹੈ?

ਅਜਮੇਰ ਕਹਿੰਦਾ ਹੈ ਕਿ ਹਰ ਮਸਲੇ ਵਿਚ ਕੁਝ ਬੰਦੇ ਬੈਠ ਕੇ ਵਿਚਾਰ ਕਰ ਕੇ ਜਾਂ ਸੈਮੀਨਾਰ ਕਰ ਕੇ ਫੈਸਲਾ ਕਰਨ ਦਾ ਅੱਜ ਵਾਲਾ ਤਰੀਕਾ ਖਾਲਸੇ 'ਤੇ ਲਾਗੂ ਹੀ ਨਹੀਂ ਹੁੰਦਾ ਕਿਉਂਕਿ ਅੱਜ ਓਹ ਰੂਹਾਨੀ ਮਾਹੌਲ ਨਹੀਂ ਹੈ। 28 ਜੂਨ ਵਾਲੇ ਅਨੰਦਪੁਰ (ਬਿੱਟੂ ਧੜੇ) ਵਾਲੇ ਮਤੇ ਵਿਚ ਇਕ ਖੁਦਮੁਖਤਿਆਰ ਅਤੇ ਨਿਸ਼ਕਾਮ ਜਥਾ ਸਿਰਜਣ ਦੀ ਗੱਲ ਕੀਤੀ ਗਈ ਹੈ ਅਤੇ ਅਜਮੇਰ ਮੁਤਾਬਿਕ ਇਹ ਬਹੁਤ ਵੱਡਾ "ਕੁਰਾਹਾ" ਹੈ ਕਿਉਂਕਿ ਸਿਰਜਣ ਵਾਲੇ ਤਾਂ ਆਪ ਫਿਰ ਜਥੇ ਤੋਂ ਵੀ ਉਪਰ ਹੋ ਗਏ। ਅਜਮੇਰ ਨੂੰ ਇਹ ਸੋਚ ਦੇ ਲੈਵਲ 'ਤੇ ਕੁਰਾਹਾ ਜਾਪਦਾ ਹੈ ਕਿਉਂਕਿ ਕੀ (ਸਿਰਜਣ ਵਾਲੇ) ਆਪ ਨਿਸ਼ਕਾਮ ਹਨ? ਅਜਮੇਰ ਮੁਤਾਬਿਕ ਨਿਸ਼ਕਾਮ ਹੋਣ ਦਾ ਭਾਵ ਹੈ ਸਾਰੀਆਂ ਕਾਮਨਾਵਾਂ ਤੋਂ ਮੁਕਤ ਹੋਣਾ ਅਤੇ ਇਸ ਨੂੰ ਆਪ ਕੋਈ ਅਹੁਦਾ ਨਾ ਲੈਣ ਤੱਕ ਸੀਮਤ ਕਰ ਦੇਣਾ ਸਹੀ ਨਹੀਂ ਹੈ। ਕਹਿੰਦਾ ਨਿਸ਼ਕਾਮ ਹੋਣ ਦਾ ਦਾਅਵਾ ਤਾਂ ਭਿੰਡਰਾਂਵਾਲਾ ਨੇ ਵੀ ਨਹੀਂ ਸੀ ਕੀਤਾ ਸਿਰਫ ਆਪ ਅਹੁਦਾ ਨਾ ਲੈਣ ਦੀ ਗੱਲ ਆਖੀ ਸੀ। ਵਾਲ ਦੀ ਖੱਲ ਲਾਹੁੰਦਾ ਹੋਇਆ ਅਜਮੇਰ ਆਖਦਾ ਹੈ ਕਿ ਜਿਸ ਦਿਨ ਕੋਈ ਨਿਸ਼ਕਾਮ ਹੋ ਗਿਆ ਤਾਂ ਉਹ ਮਹਾਂਪੁਰਸ਼ ਬਣ ਜਾਵੇਗਾ ਤੇ ਪਰਮਪਦ ਪਾ ਲਵੇਗਾ। ਅਜਮੇਰ ਆਖਦਾ ਹੈ ਕਿ ਨਿਸ਼ਕਾਮ ਹੋਣ ਦਾ ਦਾਅਵਾ ਨਹੀਂ ਕਰਨਾ ਚਾਹੀਦਾ ਅਤੇ ਉਸ ਦਾ ਇਸ਼ਾਰਾ ਬਿੱਟੂ ਧੜੇ ਦੀ 28 ਜੂਨ ਦੀ ਮੀਟਿੰਗ ਦੇ ਕਥਿਤ ਗੁਰਮਤੇ ਵੱਲ ਹੈ ਜਿਸ ਵਿਚੋਂ ਅਜਮੇਰ ਨੂੰ ਬਾਹਰ ਰੱਖਿਆ ਗਿਆ ਸੀ।

ਅਜਮੇਰ ਦਾ ਦਾਅਵਾ ਹੈ ਕਿ ਖੁਦਮੁਖਤਾਰ ਅਤੇ ਨਿਸ਼ਕਾਮ ਬੰਦੇ ਰੂਹਾਨੀ ਮਾਹੌਲ ਵਿਚ ਆਪੇ ਪੈਦਾ ਹੁੰਦੇ ਹਨ ਤੇ ਹੁੰਦੇ ਰਹੇ ਹਨ ਅਤੇ ਸੰਘਰਸ਼ ਤੋਂ ਟੁੱਟ ਕੇ ਇਹ (ਬਿੱਟੂ ਧੜੇ ਦਾ ਮਤਾ) ਤਾਂ ਆਧੁਨਿਕ ਕੰਮ ਕਰਨ ਦੇ ਤੌਰ ਤਰੀਕੇ ਦੀ ਨਕਲ ਹੈ। ਨਿਚੋੜ; "ਅੱਜ ਸਾਰੀ ਸ਼ਕਤੀ, ਸੂਤਾ ਜੋ ਸੁਰਤ ਹੈ ਉਹ ਕੌਮ ਦੀ ਆਜ਼ਾਦੀ ਤੇ ਸੰਘਰਸ਼ ਵਾਸਤੇ ਲਗਾ ਦੇਣੀ ਚਾਹੀਦੀ ਹੈ। ਏਸ ਤੋਂ ਭਟਕ ਕੇ ਅਜੇਹੇ ਕਾਰਜ ਕੱਢ ਲੈਣੇ ਕਦੇ ਵੀ ਸਾਕਾਰ ਨਹੀਂ ਹੋਣਗੇ ਅਤੇ ਇਹ ਕੌਮ ਦੀ ਸੁਰਤ ਅਤੇ ਸ਼ਕਤੀ ਨੂੰ ਵਖੇਰਨ ਵਾਲੀ ਗੱਲ ਹੈ।" ਅਜਮੇਰ ਇਸ ਉੱਤੇ ਬਹਿਸ ਚਲਾਉਣੀ ਲੋਚਦਾ ਹੈ ਪਰ ਸਿੱਖਾਂ ਨੂੰ ਸਦੀਵੀ ਗਧੀਗੇੜ ਪਾਈ ਰੱਖਣ ਦੇ ਅਜਬ ਤਰੀਕੇ ਦੱਸਣ ਵਾਲਾ ਅਜਮੇਰ ਇਸ ਗੱਲਬਾਤ ਵਿਚ ਤਾਣੀ ਨੂੰ ਹੋਰ ਉਲਝਾਅ ਗਿਆ ਹੈ। ਫਿਕਰ ਨਾ ਕਰੋ ਇਹ ਤਾਣੀ "ਰੈਡੀਕਲ ਸੋਚ" ਵਾਲੇ ਧੜੇ ਦੀ ਹੀ ਹੈ ਸੋ ਸਿੱਖਾਂ ਦੀ 95% ਤੋਂ ਵੱਧ ਗਿਣਤੀ ਇਸ ਤੋਂ ਪਹਿਲਾਂ ਹੀ ਨਿਰਲੇਪ ਹੈ। ਰਹੀ ਗੱਲ ਅਜਮੇਰ ਸਿੰਘ ਦੇ ਪਿਛੋਕੜ ਤੇ ਵਿਰਸੇ ਦੀ। ਇਹ ਰੱਬ ਦਾ ਬੰਦਾ ਜਮਾਂਦਰੂ ਮਾਅਰਕੇਬਾਜ਼ ਹੈ। ਇਸ ਦੀਆਂ ਮਾਅਰਕੇਬਾਜ਼ੀਆਂ ਦੀ ਤਸਦੀਕ ਪੰਜਾਬ ਦੇ ਕਿਸੇ ਵੀ ਪੁਰਾਣੇ ਕਿਸੇ ਵੀ ਨਕਸਲੀ ਸਾਥੀ ਤੋਂ ਕਰਵਾਈ ਜਾ ਸਕਦੀ ਹੈ। 1992 ਦੀਆਂ ਚੋਣਾਂ ਦਾ ਬਾਈਕਾਟ ਕਰਵਾਉਣ ਤੋਂ ਲੈ ਕੇ ਆਪਣੇ ਓਬੜ ਚੇਲੇ ਦੀਪ ਸਿੱਧੂ ਨੂੰ ਚੁੱਕਣਾ ਦੇ ਕੇ ਉਸ ਕੋਲੋਂ ਲਾਲ ਕਿਲ੍ਹੇ ਕੇਸਰੀ ਝੰਡਾ ਝੁਲਵਾਉਣ ਤੱਕ ਬੜੀਆਂ ਮਿਸਾਲਾਂ ਹਨ। ਰੰਜ ਤਾਂ ਇਸਨੂੰ ਇਹ ਵੀ ਹੈ ਕਿ ਇਸ ਵਲੋਂ ਵਰਤਾਈ ਕਲਾ ਦੇ ਬਾਵਜੂਦ ਕਿਸਾਨ ਸੁੱਕੇ ਬਚ ਕੇ ਦਿਲੀਓਂ ਵਾਪਿਸ ਕਿਉਂ ਆ ਗਏ? ਸਿੱਖਾਂ ਨੂੰ ਭਾਰਤ ਵਿਚ ਗੁਲਾਮ ਦੱਸੀ ਜਾਂਦਾ। ਓਏ ਭੜੂਏ, ਜੇ ਸਿੱਖ ਭਾਰਤ 'ਚ ਗੁਲਾਮ ਹੁੰਦੇ ਤਾਂ ਤੂੰ ਅਜੇ ਤੱਕ ਚੰਡੀਗੜ੍ਹ ਸ਼ਹਿਰ 'ਚ ਆਦਮਬੋ-ਆਦਮਬੋ ਕਰਦਿਆਂ ਨਹੀਂ ਸੀ ਰਹਿ ਸਕਣਾ ਤੇ ਨਾ ਤੈਥੋਂ ਨੌਜਵਾਨ ਮੁੰਡਿਆਂ ਨੂੰ ਗੁਮਰਾਹਕੁਨ ਭੜਕਾਊ ਪ੍ਰਵਚਨ ਹੀ ਸੁਣਾਏ ਜਾਣੇ ਸਨ?

# ਅਵਾਮ ਦੀ ਆਵਾਜ਼ 'ਪੰਜਾਬ ਟਾਈਮਜ਼' ਅਤੇ ਅਮੋਲਕ ਸਿੰਘ ਜੰਮੂ

(ਸਫਾ 23 ਦਾ ਬਾਕੀ)

ਸਮਝਣ ਲੱਗਦੇ ਨੇ। ਅਖ਼ਬਾਰ ਕੁੱਝ ਅਜਿਹੀਆਂ ਪੁਰਾਣੀਆਂ 'ਮਾਖਿਓਂ ਮਿੱਠੀਆਂ' ਸਾਹਿਤਕ ਰਚਨਾਵਾਂ ਵੀ ਖੋਜ-ਭਾਲ ਕੇ ਛਾਪਦਾ ਰਹਿੰਦਾ ਹੈ, ਜਿਸ ਤੋਂ ਅਖ਼ਬਾਰ ਦੀ ਨਵੀਂ ਪਾਠਕ-ਪੀੜ੍ਹੀ ਜਾਣੂ ਵੀ ਹੁੰਦੀ ਹੈ ਤੇ ਧੰਨ ਧੰਨ ਵੀ।

ਗੱਲ ਸਿਰਫ਼ ਏਨੀ ਕੁ ਨਹੀਂ ਕਿ ਇਹਨੂੰ ਹਰ ਕਿਸਮ ਦਾ ਪਾਠਕ ਪੜ੍ਹਨ ਲਈ ਉਡੀਕਦਾ ਰਹਿੰਦਾ ਹੈ ਸਗੋਂ ਇਸ ਅਖ਼ਬਾਰ ਦੀ ਵੱਡੀ ਖ਼ੂਬੀ ਇਹ ਵੀ ਹੈ ਕਿ ਇਸ ਵਿੱਚ ਕਹਿੰਦਾ-ਕਹਾਉਂਦਾ, ਵੱਡੇ ਤੋਂ ਵੱਡਾ ਲੇਖਕ ਤੇ ਦਾਨਿਸ਼ਵਰ ਵੀ ਛਪਣਾ ਚਾਹੁੰਦਾ ਏ। ਮੈਨੂੰ ਉਹ ਸਾਰੇ ਨਾਂ ਗਿਨਾਉਣ ਦੀ ਲੋੜ ਨਹੀਂ, ਜਿਨ੍ਹਾਂ ਦੀਆਂ ਲਿਖਤਾਂ ਤੁਸੀਂ 'ਪੰਜਾਬ ਟਾਈਮਜ਼' ਵਿੱਚ ਪੜ੍ਹਦੇ ਰਹਿੰਦੇ ਹੋ। ਨਿਰਸੰਦੇਹ ਇਹਨੂੰ ਦੁਨੀਆਂ ਦੇ ਹਰੇਕ ਖ਼ਿੱਤੇ ਵਿੱਚ ਵੱਸਦੇ ਪੰਜਾਬੀ ਪਾਠਕ ਬੜੇ ਉਤਸ਼ਾਹ ਨਾਲ ਪੜ੍ਹਦੇ ਨੇ। ਇਹਦੀ ਛਪੀ ਹੋਈ ਕਾਪੀ ਨੂੰ ਨਿਊਯਾਰਕ, ਸ਼ਿਕਾਗੋ ਤੇ ਕੈਲੇਫ਼ੋਰਨੀਆਂ ਵਿੱਚ ਹਰੇਕ ਸੂਝਵਾਨ ਪਾਠਕ ਤਾਂ ਪੜ੍ਹਦਾ ਹੀ ਹੈ ਤੇ ਇਹ ਉਨ੍ਹਾਂ ਦੀ ਪੜ੍ਹਨ-ਮੇਜ ਦਾ ਸ਼ਿੰਗਾਰ ਬਣਿਆ ਮੈਂ ਖ਼ੁਦ ਵੇਖਿਆ ਹੈ। ਅਖ਼ਬਾਰ ਦਾ ਘੇਰਾ ਏਨਾ ਵਿਆਪਕ ਹੈ ਕਿ ਇਹਨੂੰ ਵਿਦਵਾਨ ਵੀ ਪੜ੍ਹਦੇ ਨੇ, ਲੇਖਕ ਤੇ ਬੁੱਧੀਜੀਵੀ ਵੀ ਤੇ ਆਮ 'ਸਾਧਾਰਨ' ਆਖੇ ਜਾਣ ਵਾਲੇ ਲੋਕ ਵੀ। ਮੈਨੂੰ ਹਰ ਤਰ੍ਹਾਂ ਦੇ ਪਾਠਕਾਂ ਦੇ ਫ਼ੋਨ ਆਉਂਦੇ। ਲਿਖਤ ਦੀ ਅਜਿਹੀ ਕਦਰਦਾਨੀ ਕਮਾਲ ਸੀ। ਮੈਂ ਅਕਸਰ 'ਅਖ਼ਬਾਰਾਂ' ਵਿੱਚ ਛਪਣ ਵਾਲਾ ਲੇਖਕ ਨਹੀਂ ਹਾਂ। ਪਿਛਲੇ ਦਸ-ਬਾਰਾਂ ਸਾਲ ਤੋਂ ਮੈਂ ਆਪਣੀ ਕੋਈ ਲਿਖਤ ਪੰਜਾਬ ਦੇ ਕਿਸੇ ਅਖ਼ਬਾਰ ਵਿੱਚ ਛਪਵਾਉਣ ਨਾਲੋਂ 'ਪੰਜਾਬ ਟਾਈਮਜ਼' ਵਿੱਚ ਛਪਵਾਉਣੀ ਬਿਹਤਰ ਸਮਝਦਾਂ। ਇਸਤੋਂ ਅਨੁਮਾਨ ਲਾਇਆ ਜਾ ਸਕਦਾ ਏ ਕਿ ਇਸ ਅਖ਼ਬਾਰ ਦਾ ਦਰਜਾ ਮੇਰੀ ਨਜ਼ਰ ਵਿੱਚ ਕਿੰਨਾਂ ਉਚਾ ਹੈ। ਇਹ ਦਰਜਾ ਸਿਰਫ਼ ਇਸ ਕਰ ਕੇ ਉਚਾ ਨਹੀਂ ਕਿ ਇਸ ਵਿੱਚ ਮੈਨੂੰ ਆਪਣੀ ਲਿਖਤ ਛਪੀ ਵੇਖਣੀ ਚੰਗੀ ਲੱਗਦੀ ਏ, ਸਗੋਂ ਇਸ ਕਰ ਕੇ ਵੀ ਹੈ ਕਿ ਇਸ ਵਿੱਚ ਜਿਸ ਤਰ੍ਹਾਂ ਦੇ ਨਾਮਵਰ ਵਿਦਵਾਨ ਛਪਦੇ ਨੇ, ਉਨ੍ਹਾਂ ਨਾਲ ਛਪਣਾ ਵੀ ਮੈਨੂੰ ਚੰਗਾ ਲੱਗਦਾ ਏ।

ਤੇ ਏਨੇ ਸਾਰੇ ਚੰਗੇ ਲੇਖਕਾਂ ਨੂੰ ਲੱਭ ਕੇ, ਪਛਾਣ ਕੇ ਅਮੋਲਕ ਨੇ 'ਪੰਜਾਬ ਟਾਈਮਜ਼' ਦਾ ਹਿੱਸਾ ਬਣਾ ਲਿਆ ਹੈ, ਇਹ ਕੋਈ ਛੋਟੀ ਗੱਲ ਨਹੀਂ।

ਹੁਣ ਅਮੋਲਕ ਇਸ ਦੁਨੀਆਂ ਵਿੱਚ ਨਹੀਂ ਰਿਹਾ। ਪਰ ਉਹਦੀ ਪਤਨੀ ਜਸਪ੍ਰੀਤ ਦੀ ਹਿੰਮਤ ਹੈ ਕਿ ਉਹਨੇ ਅਖ਼ਬਾਰ ਨੂੰ ਚਾਲੂ ਹੀ ਨਹੀਂ ਰੱਖਿਆ ਸਗੋਂ ਉਸਦਾ ਪੱਧਰ ਕਾਇਮ ਰੱਖ ਕੇ ਅਮੋਲਕ ਨੂੰ ਵੀ ਜਿਉਂਦਿਆਂ ਰੱਖਿਆ ਹੋਇਆ ਹੈ। ਅਖ਼ਬਾਰ ਓਸੇ ਰਾਹ 'ਤੇ ਸਾਬਤ ਕਦਮੀਂ ਚੱਲ ਰਿਹਾ ਹੈ, ਜਿਸ ਰਾਹੇ ਅਮੋਲਕ ਨੇ ਇਸਨੂੰ ਤੋਰਿਆ ਸੀ। ਸਾਨੂੰ ਲੱਗਦਾ ਹੈ, ਅਮੋਲਕ ਕਿਧਰੇ ਨਹੀਂ ਗਿਆ। ਏਥੇ ਹੀ ਹੈ, ਸਾਡੇ ਆਸ ਪਾਸ। ਔਹ ਇੱਕ ਪਾਸੇ ਕੁਰਸੀ 'ਤੇ ਬੈਠਾ ਹੋਇਆ। ਤੁਹਾਡੇ ਸਭਨਾਂ ਦੇ ਬੋਲ ਸੁਣਦਾ। ਮੰਦ ਮੰਦ ਮੁਸਕਾਉਂਦਾ।

ਸਾਡੀ ਅਰਦਾਸ ਹੈ ਕਿ ਜਸਪ੍ਰੀਤ ਦੀ ਹਿੰਮਤ ਕਾਇਮ ਰਹੇ ਤੇ ਤੁਹਾਡਾ ਸਭਨਾਂ ਦਾ ਭਰਪੂਰ ਸਾਥ ਉਹਨੂੰ ਮਿਲਦਾ ਰਹੇ ਤੇ ਉਹ ਅਤੇ 'ਪੰਜਾਬ ਟਾਈਮਜ਼' ਲੰਮਾਂ ਸਮਾਂ ਸਾਡੇ ਦਰਮਿਆਨ ਰੌਸ਼ਨੀ ਵੰਡਦੇ ਰਹਿਣ। ਤੇ ਅਮੋਲਕ ਇੰਝ ਹੀ ਕੁਰਸੀ 'ਤੇ ਬੈਠਾ 'ਪੰਜਾਬ ਟਾਈਮਜ਼', ਤੁਹਾਨੂੰ ਤੇ ਜਸਪ੍ਰੀਤ ਨੂੰ ਵੇਖ ਕੇ ਮੰਦ ਮੰਦ ਮੁਸਕਰਾਉਂਦਾ ਰਹੇ।

# ਮੇਰਾ ਕੋਈ ਕਸੂਰ ਨਹੀਂ

ਕਹਾਣੀ

ਜਿੰਦਰ
ਫੋਨ : 98148-03254

ਮੈਂ ਕਹਾਣੀ ਦੇ ਅੰਤ 'ਤੇ ਆ ਕੇ ਰੁਕ ਗਿਆ।

ਆਈਪੈਡ ਸੱਜੇ ਹੱਥ ਪਏ ਮੇਜ਼ 'ਤੇ ਰੱਖ ਦਿੱਤਾ। ਰਸੋਈ ਵਿਚ ਮੈਗੀ ਬਣਾਉਣ ਲੱਗਾ। ਮੇਰੀਆਂ ਨਜ਼ਰਾਂ ਫਰਾਈਪੇਨ ਵੱਲ ਤੇ ਖਿਆਲ ਗਿਆਨ ਸਿੰਘ ਵੱਲ। ਜਦੋਂ ਮੈਂ ਗਿਆਨ ਸਿੰਘ ਨੂੰ ਲੈ ਕੇ ਕਹਾਣੀ ਲਿਖਣੀ ਸ਼ੁਰੂ ਕੀਤੀ, ਮੇਰੇ ਸਾਹਮਣੇ ਪੰਜਾਬ ਦੇ ਤਿੰਨ ਦੌਰ ਸਨ। ਪਹਿਲਾ, 1984 ਦੇ ਅੱਤਵਾਦ ਵੇਲੇ ਰੁਲੀ ਜਵਾਨੀ; ਦੂਜਾ, ਨਸ਼ਿਆਂ ਨੇ ਮੁੰਡਿਆਂ ਤੇ ਕੁੜੀਆਂ ਦੇ ਸੁੰਨ ਕੀਤੇ ਦਿਮਾਗ। ਤੀਜਾ, ਆਸਟ੍ਰੇਲੀਆ, ਕੈਨੇਡਾ, ਅਮਰੀਕਾ ਤੇ ਹੋਰ ਯੂਰਪੀਨ ਦੇਸ਼ਾਂ ਵੱਲ ਮੁੰਡੇ-ਕੁੜੀਆਂ ਦੀ ਲੱਗੀ ਅੰਨ੍ਹੀ ਦੌੜ। ਮੈਂ ਤਿੰਨਾਂ ਨੂੰ ਇਕ ਲੜੀ ਵਿਚ ਪਰੋਣਾ ਚਾਹੁੰਦਾ ਸੀ ਪਰ ਜਦੋਂ ਮੈਂ ਕਹਾਣੀ ਲਿਖਣੀ ਸ਼ੁਰੂ ਕੀਤੀ, ਸੋਚਿਆ-ਵਿਚਾਰਿਆ ਹੋਇਆ ਮੇਰੇ ਵੱਸ ਵਿਚ ਨਾ ਰਿਹਾ। ਇਹ ਤਾਂ ਹੋਰ ਹੀ ਕਹਾਣੀ ਬਣ ਗਈ। ਮੈਂ ਅਜਿਹੀ ਕਹਾਣੀ ਨਹੀਂ ਲਿਖਣਾ ਚਾਹੁੰਦਾ ਸੀ। ਦੋ ਕੁ ਘੰਟਿਆਂ ਵਿਚ ਜੋ ਲਿਖਿਆ, ਉਸ ਨੂੰ ਪੜ੍ਹ ਕੇ ਮੇਰੇ ਧੁਰ ਅੰਦਰੋਂ ਆਵਾਜ਼ ਆਈ, "ਇਸੇ ਨੂੰ ਹੀ ਤਾਂ ਕ੍ਰਿਏਸ਼ਨ ਕਹਿੰਦੇ ਨੇ।"

ਬੈਡ 'ਤੇ ਬੈਠਣ ਸਾਰ ਮੈਂ ਅੱਖਾਂ ਬੰਦ ਕਰ ਲਈਆਂ। ਆਤਮ-ਧਿਆਨ ਹੁੰਦਾ ਕਿੰਨਾ ਚਿਰ ਕਹਾਣੀ ਦੇ ਅੰਗ-ਸੰਗ ਤੁਰਦਾ ਰਿਹਾ। ਅਸੀਂ ਦੋਵੇਂ ਇਕ-ਮਿਕ ਹੋ ਗਏ। ਮੈਂ ਫੇਰ ਆਈਪੈਡ ਚੁੱਕ ਲਿਆ। ਕਹਾਣੀ ਦਾ ਆਖ਼ਰੀ ਪੈਰ੍ਹਾ ਲਿਖ ਲਿਆ। ਗਿਆਨ ਸਿੰਘ ਮੇਰੇ ਹੁਝਾਂ ਮਾਰਨ ਲੱਗਾ, "ਯਾਰ ਮੈਂ ਅਜਿਹਾ ਨ੍ਹੀਂ ਸੀ ਜਿਹੋ ਜਿਹਾ ਤੂੰ ਮੈਨੂੰ ਬਣਾ ਦਿੱਤਾ।" ਸਿਮਰਨ ਬੋਲੀ, "ਤੁਸੀਂ ਮੇਰੇ ਪਾਤਰ ਨੂੰ ਛੋਟਾ ਕਰ ਦਿੱਤਾ।" ਸਾਰਿਆਂ ਤੋਂ ਜ਼ਿਆਦਾ ਲਵਜੀਤ ਔਖੀ ਹੋਈ, "ਤੁਸੀਂ ਕਹਾਣੀ ਤਾਂ ਗਿਆਨ ਸਿੰਘ-ਸਿਮਰਨ ਦੀ ਲਿਖਣੀ ਸੀ, ਮੈਨੂੰ ਖਾਹਮਖਾਹ ਵਿਚ ਘਸੋੜ ਦਿੱਤਾ। ਕਸੂਰ ਮੇਰਾ ਨ੍ਹੀਂ - ਮੇਰੇ ਡੈਡੀ ਦਾ ਏ।" ਮੈਂ ਚੁੱਪ ਰਿਹਾ। ਮੇਰੀ ਚੁੱਪ ਤੋਂ ਉਕਤਾ ਕੇ ਉਹ ਮਿਹਣੇ-ਕੁਮਿਹਣੇ ਹੋਣ ਲੱਗੇ। ਹੱਥੋਪਾਈ ਤੱਕ ਗਏ। ਇਕ ਸਮਾਂ ਆਇਆ ਕਿ ਉਹ ਇੰਨੀ ਕਾਹਲੀ-ਕਾਹਲੀ ਬੋਲੇ ਕਿ ਮੈਨੂੰ ਕੰਨਾਂ ਵਿਚ ਉਂਗਲਾਂ ਦੇਣੀਆਂ ਪਈਆਂ। ਉਨ੍ਹਾਂ ਮੇਰੇ ਵੱਲ ਪ੍ਰਸ਼ਨਾਂ ਨਾਲ ਭਰੀਆਂ ਨਜ਼ਰਾਂ ਨਾਲ ਦੇਖਿਆ। ਮੈਂ ਉਨ੍ਹਾਂ ਵੱਲ ਦੇਖਣ ਲੱਗਾ। ਬੁੱਲ੍ਹਾਂ 'ਚ ਮਿੰਨਾ-ਮਿੰਨਾ ਮੁਸਕਰਾਇਆ। ਉਹ ਵੀ ਮੇਰੀ ਰੀਸ ਕਰਨ ਲੱਗੇ। ਮੈਂ ਗੰਭੀਰ ਹੋ ਗਿਆ। ਉਹ ਵੀ ਗੰਭੀਰ ਰੂਪ ਵਿਚ ਦਿਸੇ। ਤਿੰਨਾਂ ਨੇ ਇਕੋ ਆਵਾਜ਼ ਵਿਚ ਪੁੱਛਿਆ। ਕੀ ਪੁੱਛਿਆ- ਇਸ ਨੂੰ ਭੇਤ ਹੀ ਰਹਿਣ ਦਿਓ। ਮੈਂ ਕੀ ਜੁਆਬ ਦਿੱਤਾ, ਇਸ ਬਾਰੇ ਮੈਂ ਕੁਝ ਨਹੀਂ ਦੱਸਣਾ।

ਹੁਣ ਮੇਰੇ ਅਲੋਪ ਹੋਣ ਦਾ ਸਮਾਂ ਆ ਗਿਆ। ਤੁਸੀਂ ਸਿੱਧੇ ਉਨ੍ਹਾਂ ਨਾਲ ਜੁੜੋ।

* * *

ਵੱਡੀ ਸੜਕ ਤੋਂ ਪੰਦਰ੍ਹਾਂ ਕੁ ਮੀਲ ਹਟਵਾਂ ਪੈਂਦਾ ਪਿੰਡ ਬਾਗਪੁਰ। ਜੇ ਕਪੂਰਥਲੇ ਵਾਲੇ ਪਾਸੇ ਜਾਣਾ ਹੁੰਦਾ ਤਾਂ ਬਈਂ ਦਾ ਪੱਤਣ ਟਪਣਾ ਪੈਂਦਾ। ਗੋਢੇ-ਗੋਢੇ ਪਾਣੀ ਵਿਚ ਦੀ ਲੰਘ ਕੇ। ਜੇ ਨਕੋਦਰ ਜਾਣਾ ਹੁੰਦਾ ਤਾਂ ਦੋ ਰਸਤੇ ਸਨ। ਇਕ ਵਾਇਆ ਨੂਰਪੁਰ। ਦੂਜਾ ਵਾਇਆ ਕੋਟਲਾ। ਵਾਇਆ ਕੋਟਲਾ ਬੜਾ ਗੰਦਾ ਰਸਤਾ ਸੀ। ਚਾਲੀ ਪੰਜਾਹ ਫੁਟ ਚੰਗੀ ਭਲੀ ਸੜਕ ਆ ਜਾਂਦੀ। ਅਗਲਾ ਸੌ ਫੁਟ ਉਬੜ-ਖਾਬੜ। ਥਾਂ-ਥਾਂ 'ਤੇ ਟੋਏ। ਵਾਇਆ ਨੂਰਪੁਰ ਥ੍ਰੀਵ੍ਹੀਲਰ ਵਾਲਾ ਦਿਨ ਵਿਚ ਦੋ ਗੇੜੇ ਲਾਉਂਦਾ। ਉਸ ਦਾ ਕੋਈ ਪੱਕਾ ਸਮਾਂ ਨਾ ਹੁੰਦਾ। ਇੰਨਾ ਜ਼ਰੂਰ ਹੁੰਦਾ ਕਿ ਉਸ ਦੇ ਥ੍ਰੀਵ੍ਹੀਲਰ ਦੀ ਆਵਾਜ਼ ਦੋ ਫਰਲਾਂਗਾਂ ਤੋਂ ਸੁਣਨ ਲੱਗ ਪੈਂਦੀ। ਇਸੇ ਪਿੰਡ ਦਾ ਗਿਆਨ ਸਿੰਘ ਦੋ ਰਾਤਾਂ ਦਾ ਉਨੀਂਦਰਾ ਲਾਹੁਣ ਲਈ ਮੰਜੇ 'ਤੇ ਪਿਆ ਹੀ ਸੀ ਕਿ ਉਸ ਨੂੰ ਮਾਸਟਰ ਜਗਦੀਸ਼ ਸਿੰਘ ਦੇ ਫ਼ੋਨ ਦਾ ਚੇਤਾ ਆ ਗਿਆ। ਮਾਸਟਰ ਨੇ ਉਸ ਨੂੰ ਬੜੀ ਰੁਖੀ ਆਵਾਜ਼ ਵਿਚ ਪੁੱਛਿਆ, "ਕੀ ਸੋਚ ਕੇ ਕੁੜੀ ਨੂੰ ਕੈਨੇਡਾ ਭੇਜ ਰਿਹਾਂ?" ਘਰ ਵਿਚ ਉਹ ਇਕੱਲਾ ਮਰਦ-ਮੈਂਬਰ ਸੀ। ਪੈਂਤੀ ਸੌ ਕਰਨ ਵਾਲੇ ਕੰਮ ਸਨ। ਉਸ ਨੇ ਤਾਰੋ ਨੂੰ ਬਹੁਤ ਕਿਹਾ ਸੀ, "ਛੱਡ ਪਰਾਂ ਘਰ ਨੂੰ। ਆਪਾਂ ਗੁਰਦੁਆਰੇ ਹੀ ਅਖੰਡ ਪਾਠ ਰਖਵਾ ਲੈਨੇ ਆਂ। ਖਾਣ-ਪੀਣ ਦਾ ਵਧੀਆ ਪ੍ਰਬੰਧ ਹੋ ਜਾਣਾ।" ਤਾਰੋ ਕੁਝ ਹੋਰ ਹੀ ਸੋਚੀ ਬੈਠੀ ਸੀ, "ਨ੍ਹੀਂ। ਆਪਾਂ ਘਰੇ ਹੀ ਰੱਖਣਾ। ਇਸੇ ਬਹਾਨੇ ਮਹਾਰਾਜ ਦੇ ਚਰਨ ਘਰੇ ਪੈ ਜਾਣਗੇ। ਘਰ ਪਵਿੱਤਰ ਹੋ ਜਾਊ। ਤੂੰ ਕੰਮ ਦਾ ਫਿਕਰ ਨਾ ਕਰੀਂ। ਮੈਂ ਆਪਣੇ ਭਾਣਜਿਆਂ ਨੂੰ ਬੁਲਾ ਲੈਣਾ। ਉਨ੍ਹਾਂ ਨੂੰ ਕੰਮ ਸਮਝਾਉਣ ਦੀ ਲੋੜ ਏ- ਫੇਰ ਤੂੰ ਭਾਵੇਂ ਮਹਾਰਾਜ ਦੀ ਤਾਬਿਆ 'ਚ ਬੈਠਾ ਰਹੀਂ।" ਜਦੋਂ ਦਾ ਕੁਲਵੰਤ ਦਾ ਐਕਸੀਡੈਂਟ ਹੋਇਆ ਸੀ ਤੇ ਉਹ ਤਿੰਨ ਦਿਨ ਹਸਪਤਾਲ ਵਿਚ ਰਹਿ ਕੇ, ਉਨ੍ਹਾਂ ਨੂੰ ਇਕੱਲਾ ਛੱਡ ਗਿਆ ਸੀ, ਉਦੋਂ ਦਾ ਉਸ ਨੇ ਬਹੁਤ ਕੁਝ ਤਾਰੋ ਤੇ ਸਿਮਰਨ 'ਤੇ ਛੱਡ ਦਿੱਤਾ ਸੀ। ਉਹ ਨੌਂ ਕਰਨ ਜਾਂ ਤੇਰਾਂ, ਉਸ ਨੇ ਪੁੱਛਣਾ-ਗਿੱਛਣਾ ਛੱਡ ਦਿੱਤਾ ਸੀ। ਪੁੱਤ ਦੀ ਮੌਤ ਨੇ ਉਸ ਦਾ ਲੱਕ ਤੋੜ ਦਿੱਤਾ ਸੀ। ਇਹ ਤਾਂ ਸਿਮਰਨ ਸੀ ਜਿਸ ਨੇ ਉਸ ਨੂੰ ਡੋਲਣ ਨਹੀਂ ਦਿੱਤਾ, "ਪਾਪਾ ਜੀ, ਭਾ ਜੀ ਚਲਾ ਗਿਆ। ਇਹ ਕਿਹੜਾ ਆਪਣੇ ਵੱਸ ਦੀ ਗੱਲ ਸੀ। ਮਿੰਦਾ ਮੋਟਰਸਾਈਕਲ ਚਲਾ ਰਿਹਾ ਸੀ। ਭਾ ਜੀ ਪਿੱਛੇ ਬੈਠਾ ਸੀ। ਮਿੰਦੇ ਨੇ ਬਚਣ ਲਈ ਐਨੀ ਜ਼ੋਰ ਦੀ ਬ੍ਰੇਕ ਮਾਰੀ ਕਿ ਭਾ ਜੀ ਬੁੜਕ ਕੇ ਬੱਸ ਅੱਗੇ ਜਾ ਡਿਗਿਆ। ਮਿੰਦਾ ਇਕ ਪਾਸੇ ਨੂੰ। ਉਸ ਦੇ ਸਿਰਫ਼ ਗੋਡੇ 'ਤੇ ਝਰੀਟ ਆਈ। ਮੈਨੂੰ ਪਤਾ ਕਿ ਹੁਣ ਮੈਂ ਹੀ ਤੁਹਾਡਾ ਪੁੱਤ ਆਂ। ਮੈਂ ਹੀ ਤੁਹਾਡੀ ਧੀ ਆਂ। ਮੈਂ ਸਭ ਕੁਸ਼ ਨੂੰ ਸੰਭਾਲਾਂਗੀ।" ਉਹ ਮੈਟ੍ਰਿਕ ਵਿਚ ਪੜ੍ਹਦੀ ਸੀ। ਪੜ੍ਹਨ ਤੇ ਘਰ ਦੇ ਕੰਮਾਂ ਦੀ ਛੋਹਲੀ ਸੀ। ਉਸ ਦੇ ਜ਼ੋਰ ਪਾਉਣ 'ਤੇ ਗਿਆਨ ਸਿੰਘ ਨੇ ਧੀਮਾਨ ਪੇਪਰ ਮਿੱਲ ਵਿਚ ਨੌਕਰੀ ਕਰਨੀ ਸ਼ੁਰੂ ਕੀਤੀ ਸੀ। "ਤੁਸੀਂ ਜਿੰਨਾ ਆਪਣੇ ਆਪ ਨੂੰ ਕੰਮ 'ਚ ਬਿਜ਼ੀ ਰੱਖੋਂਗੇ, ਉਨੇ ਹੀ ਤੰਦਰੁਸਤ ਰਹੋਂਗੇ। ਆਪਣੇ ਚਾਰ ਖੇਤਾਂ ਨੂੰ ਸੰਭਾਲਣ ਲਈ ਕਿੰਨਾ ਕੁ ਸਮਾਂ ਲੱਗਦਾ। ਹਾੜੀ-ਸਾਉਣੀ ਸਰਬਜੀਤ ਕੋਲੋਂ ਟਰੈਕਟਰ ਨਾਲ ਵਹਾ ਕੇ ਬੀਜ ਲਿਆ ਕਰਾਂਗੇ। ਦੋ ਮੱਝਾਂ ਲਈ ਪੱਠੇ ਵੱਢ ਕੇ ਲਿਆਉਣ ਨੂੰ ਕਿੰਨਾ ਕੁ ਚਿਰ ਲੱਗਦਾ। ਪੈਸੇ ਘਰੇ ਆਉਣਗੇ। ਕੰਮ 'ਤੇ ਜਾਉਂਗੇ ਤਾਂ ਤੁਹਾਡੀ ਇਕ ਰੁਟੀਨ ਬਣੇਗੀ। ਆਹ ਕੀ ਗੱਲ ਹੋਈ। ਕਦੇ ਕਿਸੇ ਕੋਲ ਖੜ੍ਹ ਬੇਸਿਰ ਪੈਰ ਦੀਆਂ ਗੱਲਾਂ ਮਾਰੀ ਗਏ।" ਉਹ ਆਪਣੇ ਪਾਪਾ ਨੂੰ ਸਮਝਾਉਂਦੀ ਤਾਂ ਉਹ ਸਿਮਰਨ ਨੂੰ ਵੱਖੀ ਨਾਲ ਘੁਟ ਲੈਂਦਾ, "ਮੇਰਾ ਪੁੱਤ ਬੜਾ ਸਿਆਣਾ ਹੋ ਗਿਆ।" ਉਹ ਕਹਿੰਦੀ, "ਬਸ, ਮੈਨੂੰ ਪੜ੍ਹਾਉਣ ਤੋਂ ਨ੍ਹੀਂ ਹਟਾਉਣਾ।" "ਮੈਂ ਸੋਚਿਆ ਹੋਇਆ ਕਿ 10+2 ਕਰ ਕੇ ਆਈਲੈਟਸ ਕਰਨੀ ਏ। ਕੈਨੇਡਾ ਜਾਣਾ। ਫੇਰ ਤੁਹਾਨੂੰ ਆਪਣੇ ਕੋਲ ਲੈ ਜਾਣਾ।" ਤੇਰੇ ਬਿਨਾਂ ਸਾਡਾ ਕੌਣ ਏ। ਮੈਂ ਤੈਨੂੰ ਜ਼ਰੂਰ ਭੇਜੂੰਗਾ।"

ਉਸ ਨੇ ਦੇਖ ਲਿਆ ਸੀ ਕਿ ਉਹ ਪੜ੍ਹਨ ਨੂੰ ਬੜੀ ਤੇਜ਼ ਨਿਕਲੇਗੀ। ਇਕ ਵਾਰ ਉਸ ਨੇ ਜਲੰਧਰ ਜਾਣਾ ਸੀ। ਨਕੋਦਰ ਦੇ ਬੱਸ ਸਟੈਂਡ ਵਿੱਚੋਂ ਬੱਸ ਨਿਕਲ ਕੇ ਮੇਨ ਰੋਡ 'ਤੇ ਆ ਖੜ੍ਹੀ। ਸਿਮਰਨ ਖੱਬੇ ਪਾਸੇ ਸ਼ੀਸ਼ੇ ਵਾਲੀ ਤਾਕੀ ਕੋਲ ਬੈਠੀ ਬੈਂਕ ਦੀ ਬਿਲਡਿੰਗ ਵੱਲ ਦੇਖਣ ਲੱਗੀ। ਇਕੱਲਾ-ਇਕੱਲਾ ਅੱਖਰ ਪੜ੍ਹਨ ਲੱਗੀ। ਉਨ੍ਹਾਂ ਦੀ ਅਗਲੀ ਸੀਟ 'ਤੇ ਬੈਠੇ ਬਾਬੂ ਨੇ ਪਿਛਾਂਹ ਨੂੰ ਮੂੰਹ ਕਰ ਕੇ ਦੇਖਿਆ। ਸਿਮਰਨ ਦੇ ਸਿਰ 'ਤੇ ਪਿਆਰ ਦਿੱਤਾ। "ਸਰਦਾਰ ਜੀ, ਤੁਸੀਂ ਆਪ ਭਾਵੇਂ ਤੰਗ ਹੋ ਲਿਓ- ਇਸ ਬੱਚੀ ਨੂੰ ਪੜ੍ਹਨੋਂ ਨਾ ਹਟਾਇਓ। ਮੇਰਾ ਕਿਹਾ ਯਾਦ ਰੱਖਣਾ। ਇਹ ਬੱਚੀ ਬਹੁਤ ਤਰੱਕੀ ਕਰੇਗੀ।"

ਦਿਨ ਬੀਤਦਿਆਂ ਦਾ ਕਿਹੜਾ ਪਤਾ ਲੱਗਦਾ। ਸਿਮਰਨ ਨੇ ਟਚਸਟੋਨ ਆਈਲੈਟਸ ਸੈਂਟਰ ਤੋਂ ਕੋਚਿੰਗ ਲਈ। ਸੱਤ ਬੈਂਡ ਲਏ। ਕੰਡਾ ਟ੍ਰੈਵਲਜ਼, ਨਕੋਦਰ ਵਾਲਿਆਂ ਰਾਹੀਂ ਟੋਰੈਂਟੋ ਦੇ ਟ੍ਰੀਵਨ ਕਾਲਜ ਵਿਚ ਦਾਖਲਾ ਲੈਣ ਲਈ ਅਪਲਾਈ ਕਰ ਦਿੱਤਾ। ਉਹ ਜੋ ਕੁਝ ਕਰਦੀ, ਰਾਤ ਨੂੰ ਆਪਣੇ ਪਾਪੇ ਨੂੰ ਦੱਸਦੀ। ਬਹੁਤੀਆਂ ਗੱਲਾਂ ਗਿਆਨ ਦੇ ਸਿਰ ਉਪਰੋਂ ਦੀ ਲੰਘ ਜਾਂਦੀਆਂ। "ਪੁੱਤ ਮੇਰਿਆ, ਮੈਨੂੰ ਅਨਪੜ੍ਹ ਜਿਹੇ ਬੰਦੇ ਨੂੰ ਕੁਸ਼ ਸਮਝ ਨ੍ਹੀਂ ਲੱਗਦੀ। ਜਿੱਦਾਂ ਤੈਨੂੰ ਚੰਗਾ ਲੱਗਦਾ, ਕਰੀ ਚੱਲ। ਪੈਸਿਆਂ ਦਾ ਪ੍ਰਬੰਧ ਕਰਨਾ ਮੇਰੀ ਜ਼ਿੰਮੇਵਾਰੀ ਏ। ਪਹਿਲਾਂ ਸਿਮਰਨ ਜ਼ਮੀਨ ਵੇਚਣ ਦੇ ਹੱਕ ਵਿਚ ਨਹੀਂ ਸੀ। ਅਧਿਆਪਕ ਦੀਪਕ ਅਰੋੜਾ ਸਮਝਾਇਆ ਕਿ ਜਿਹੜੀ ਚੀਜ਼ ਇਕ ਵਾਰ ਹੱਥੋਂ ਨਿਕਲ ਗਈ, ਉਸ ਨੂੰ ਮੁੜ ਹਾਸਿਲ ਕਰਨਾ ਡਾਢਾ ਔਖਾ ਹੋ ਜਾਂਦਾ। ਉਹ ਕਹਿੰਦੀ, "ਇਕ ਮੇਰਾ ਮਨ ਕਰਦਾ ਕਿ ਬੈਂਕ 'ਚੋਂ ਲੋਨ ਲੈ ਲਿਆ ਜਾਵੇ। ਇਕ ਮਨ 'ਚ ਇਹ ਵੀ ਆਉਂਦਾ ਰਹਿੰਦਾ ਕਿ ਲੋਨ ਲੈਣ ਜਾਂ ਕਿਸੇ ਕੋਲੋਂ ਪੈਸੇ ਫੜਨ ਨਾਲੋਂ ਇਕ ਖੇਤ ਵੇਚ ਦੇਈਏ। ਮੈਂ ਬਾਹਰ ਸੈਟਲਿਡ ਹੋਣਾ, ਜ਼ਮੀਨ ਤੇ ਘਰ ਕੌਣ ਸੰਭਾਲੂਗਾ। ਗਿਆਨ ਉਸ ਨੂੰ ਵਿਚਕਾਰੋਂ ਹੀ ਟੋਕਦਾ, "ਤੂੰ ਬਹੁਤਾ ਸ਼ੇਖ਼ਚਿੱਲੀ ਵਾਂਗੂ ਸਕੀਮਾਂ ਨਾ ਬਣਾਇਆ ਕਰ। ਮੈਂ ਤੇ ਤੇਰੀ ਮੰਮੀ ਨੇ ਬਈਂ ਵਾਲੇ ਪਾਸੇ ਦਾ ਖੇਤ ਸਰਦਾਰ ਫੁੰਮਣ ਸਿਹੁੰ ਨੂੰ ਵੇਚਣ ਦਾ ਫੈਸਲਾ ਕਰ ਲਿਆ।" ਸਿਮਰਨ ਦੇ ਕੈਨੇਡਾ ਜਾਣ ਦੀ ਖੁਸ਼ੀ ਵਿਚ ਗਿਆਨ ਨੇ ਅਖੰਡ ਪਾਠ ਰਖਵਾਇਆ ਸੀ। ਰਿਸ਼ਤੇਦਾਰਾਂ, ਮੂੰਹ-ਮੱਥੇ ਲੱਗਣ ਵਾਲੇ ਤੇ ਸਕੂਲ ਵੇਲੇ ਦੇ ਆਪਣੇ ਦੋਸਤਾਂ ਨੂੰ ਬੁਲਾਇਆ। ਤਾਰੋ ਨੇ ਇਕੋ ਰਟ ਲਾਈ ਰੱਖੀ ਸੀ, "ਕੁੜੀ ਨੇ ਬਾਹਰ ਚਲੇ ਜਾਣਾ। ਇਸ ਘਰ 'ਚ ਆਪਣਾ ਇਹ ਆਖ਼ਰੀ ਦਿਨ ਸੁਧ ਏ। ਆਪਾਂ ਗੱਜ-ਬੱਝ ਕੇ ਪ੍ਰੋਗਰਾਮ ਕਰਨਾ।"

ਉਸ ਨੇ ਸਿਮਰਨ ਨੂੰ ਬਹੁਤੀਆਂ ਬੰਦਿਸ਼ਾਂ ਵਿਚ ਨਹੀਂ ਰੱਖਿਆ ਸੀ। 10+1 ਵਿਚ ਦਾਖਲਾ ਲੈਂਦਿਆਂ ਸਾਰ ਐਕਟਿਵਾ ਲੈ ਦਿੱਤੀ ਸੀ। ਸਿਮਰਨ ਆਪਣੀ ਮੰਮੀ ਨੂੰ ਪਿੱਛੇ ਬਿਠਾਉਂਦੀ। ਘਰ ਦਾ ਸਾਮਾਨ ਨਕੋਦਰ ਤੋਂ ਖਰੀਦ ਲਿਆਉਂਦੀ। ਉਸ ਨੂੰ ਪਤਾ ਹੁੰਦਾ ਕਿ ਬਿਜਲੀ ਦਾ ਬਿਲ ਕਦੋਂ ਤਾਰਨਾ। ਐਕਟਿਵਾ ਦੀ ਅਗਲੀ ਕਿਸ਼ਤ ਕਦੋਂ ਭਰਨੀ ।



ਜਦੋਂ ਹਰਨਾਮ ਸਿੰਘ ਧੀਮਾਨ ਨੂੰ ਪਤਾ ਲੱਗਾ ਕਿ ਸਿਮਰਨ ਨੇ ਆਈਲੈਟਸ ਵਿੱਚੋਂ ਸਤ ਬੈਂਡ ਲਏ ਹਨ ਤਾਂ ਉਸ ਨੇ ਗਿਆਨ ਨੂੰ ਆਪਣੇ ਕੈਬਿਨ ਵਿਚ ਬੁਲਾਇਆ ਸੀ। ਵਧਾਈਆਂ ਦਿੱਤੀਆਂ ਸਨ, "ਵਾਹਿਗੁਰੂ ਦਾ ਸ਼ੁਕਰਾਨਾ ਕਰੋ । ਇੱਥੇ ਬਥੇਰੇ ਕੁੜੀਆਂ-ਮੁੰਡੇ ਨੇ ਜਿਹੜੇ ਮਹਿੰਗੇ ਕੌਨਵੈਂਟ ਸਕੂਲਾਂ ਤੋਂ ਪੜ੍ਹਿਆਂ ਨੇ ਪਹਿਲੀ ਵਾਰ 'ਚ ਸਤ ਬੈਂਡ ਲਏ ਹੋਣ। ਮੈਨੂੰ ਪਤਾ ਕਿ ਸਾਡੇ ਮੁਲਕ 'ਚ ਬੱਚਿਆਂ ਨੂੰ ਸੈੱਟ ਕਰਨਾ ਬੜਾ ਔਖਾ ਹੋ ਗਿਆ। ਤੁਹਾਡੇ ਕੋਲ ਚਾਰ ਸਿਆੜ ਨੇ। ਜੇ ਤੁਸੀਂ ਆਪਣੀ ਤਨਖਾਹ ਨਾਲ ਘਰ ਚਲਾਉਣਾ ਹੋਵੇ ਤਾਂ ਬੜਾ ਔਖਾ। ਹੁਣ ਤਾਂ ਗੈਸ-ਸੀਲੈਂਡਰ ਵੀ ਇਕ ਹਜ਼ਾਰ ਦਾ ਹੋ ਗਿਆ। ਅੱਜ ਕੱਲ੍ਹ ਦਸ-ਬਾਰ੍ਹਾਂ ਹਜ਼ਾਰ ਨਾਲ ਕੀ ਬਣਦਾ। ਦੁਨੀਆ ਬੜੀ ਤੇਜ਼ੀ ਨਾਲ ਬਦਲ ਰਹੀ ਏ। ਆਪਣੇ ਆਪ ਨੂੰ ਸਮੇਂ ਨਾਲ ਬਦਲੋ।"

* * *

ਜਦੋਂ ਮਾਸਟਰ ਦਾ ਫ਼ੋਨ ਆਇਆ ਸੀ, ਉਦੋਂ ਉਸ ਦੇ ਮਨ ਵਿਚ ਆਇਆ ਸੀ ਕਿ ਉਹ ਮਾਸਟਰ ਕੋਲੋਂ ਪੁੱਛੇ ਕਿ ਉਸ ਨੇ ਇਹ ਕਿਉਂ ਪੁੱਛਿਆ ਸੀ? ਵਧਾਈਆਂ ਕਿਉਂ ਨਹੀਂ ਦਿੱਤੀਆਂ ਸਨ? ਮਾਸਟਰ ਨੇ ਅਖੰਡ ਪਾਠ 'ਤੇ ਨਾ ਆਉਣ ਬਾਰੇ ਦੱਸਿਆ ਸੀ, "ਯਾਰ ਮੇਰਿਆ, ਗੁੱਸਾ ਨਾ ਕਰੀਂ। ਮੈਥੋਂ ਭੋਗ ਵੇਲੇ ਆਇਆ ਨ੍ਹੀਂ ਜਾਣਾ। ਮੇਰੀ ਲਿੱਤਰਾਂ ਵਾਲੀ ਸਾਲੀ ਦੇ ਸਹੁਰੇ ਦੇ ਮਰਗ ਦਾ ਭੋਗ ਵੀ ਕੱਲ੍ਹ ਨੂੰ ਹੀ ਏ। ਮੇਰਾ ਉੱਥੇ ਜਾਣਾ ਜ਼ਰੂਰੀ ਏ। ਮੈਂ ਕਿਸੇ ਹੋਰ ਦਿਨ ਆਵਾਂਗਾ ਕੁੜੀ ਨੂੰ ਪਿਆਰ ਦੇਣ ਤੇ ਤੈਨੂੰ ਸਮਝਾਉਣ।" ਉਹ ਮਹਾਰਾਜ ਦੀ ਤਾਬਿਆ ਵਿਚ ਬੈਠਾ ਸੀ। ਲੰਬੀ ਗੱਲਬਾਤ ਕਰਨ ਦਾ ਸਮਾਂ ਨਹੀਂ ਸੀ। ਮਾਸਟਰ ਨੂੰ ਲੰਬੀ ਗੱਲ ਕਰਨ ਦੀ ਆਦਤ। ਉਸ ਨੇ ਦੱਸਿਆ ਸੀ, "ਆਹ ਭਜਨ ਸਿਹੁੰ ਮੱਥਾ ਟੇਕਣ ਆਇਆ। ਪਹਿਲਾਂ ਉਸ ਨੂੰ ਪ੍ਰਸ਼ਾਦ ਦੇ ਦੇਵਾਂ। ਫੇਰ ਬਾਹਰ ਆ ਕੇ ਤੈਨੂੰ ਫ਼ੋਨ ਕਰਦਾਂ।" ਦੋ ਕੁ ਮਿੰਟਾਂ ਮਗਰੋਂ ਉਹ ਬਾਹਰ ਆਇਆ ਤਾਂ ਕਰਤਾਰਾ ਹਲਵਾਈ ਆਇਆ ਬੈਠਾ ਸੀ। ਕੱਲ੍ਹ ਦੇ ਕੰਮਾਂ ਦੀ ਵਿਉਂਤਬੰਦੀ ਵਿਚ ਉਹ ਅਜਿਹਾ ਉਲਝਿਆ ਕਿ ਉਸ ਨੂੰ ਮਾਸਟਰ ਦੀ ਗੱਲ ਭੁੱਲ ਗਈ।

ਉਸ ਦੇ ਮਨ ਵਿਚ ਆਇਆ ਕਿ ਉਹ ਮਾਸਟਰ ਨੂੰ ਪੁੱਛ ਲਏ ਕਿ ਉਸ ਦੇ ਕਹਿਣ ਦਾ ਕੀ ਭਾਵ। ਅਜੇ ਉਹ ਸੁੱਤਾ ਨਹੀਂ ਹੋਣਾ। ਕੋਈ ਕਿਤਾਬ ਲੈ ਕੇ ਪੜ੍ਹ ਰਿਹਾ ਹੋਵੇਗਾ ਜਾਂ ਟੀ. ਵੀ. 'ਤੇ ਡਿਸਕਵਰੀ ਚੈਨਲ ਵਰਗਾ ਕੋਈ ਚੈਨਲ ਦੇਖ ਰਿਹਾ ਹੋਵੇਗਾ। ਗਿਆਰ੍ਹਾਂ ਵੱਜੇ ਤੋਂ ਪਹਿਲਾਂ ਉਹ ਸੌਂਦਾ ਨਹੀਂ, ਵਧਾ-ਚੜ੍ਹਾ ਕੇ ਗੱਲ ਨਹੀਂ ਕਰਦਾ। ਉਸ ਦਾ ਫ਼ੋਨ ਆਵੇ ਜਾਂ ਉਹ ਮਹੀਨੇ ਦੋ ਮਹੀਨਿਆਂ ਮਗਰੋਂ ਆਪ ਫ਼ੋਨ ਕਰ ਲਵੇ ਤਾਂ ਮਾਸਟਰ ਆਪਣੇ ਗਿਆਨ ਦੀ ਪਟਾਰੀ ਖੋਲ੍ਹ ਬੈਠਦਾ ਹੈ।

ਉਨ੍ਹਾਂ ਦੋਹਾਂ ਨੇ ਆਰੀਆ ਸਕੂਲ, ਨਕੋਦਰ ਤੋਂ ਮਿਡਲ ਪਾਸ ਕੀਤੀ ਸੀ। ਫੇਰ ਮਾਸਟਰ ਫੌਜ ਵਿਚ ਭਰਤੀ ਹੋ ਗਿਆ। ਗਿਆਨ ਨੇ ਖੇਤੀਬਾੜੀ ਸੰਭਾਲ ਲਈ। ਮਾਸਟਰ ਨੇ ਫੌਜ ਵਿਚ ਬੀ. ਏ. ਕੀਤੀ। ਬੀ. ਐੱਡ. ਵੀ ਕਰ ਲਈ। ਉਹ ਗਿਆਨ ਨੂੰ ਮੇਰਠ ਛਾਉਣੀ ਤੋਂ ਚਿੱਠੀ ਲਿਖਦਾ। ਜੁਆਬ ਦੇਣ ਵਿਚ ਗਿਆਨ ਘੋਲ ਕਰ ਜਾਂਦਾ। ਮਾਸਟਰ ਦੀ ਹੋਰ ਚਿੱਠੀ ਆ ਜਾਂਦੀ। ਇਕ-ਅੱਧੀ ਲਾਈਨ ਵਿਚ ਘਰ-ਪਰਿਵਾਰ ਦੀ ਰਾਜ਼ੀ-ਖੁਸ਼ੀ ਪੁੱਛ ਕੇ ਉਹ ਨਵੇਂ ਦੇਖੇ ਥਾਵਾਂ ਬਾਰੇ ਦੱਸਦਾ। ਛੁੱਟੀ ਆਇਆ ਗਿਆਨ ਲਈ ਰੰਮ ਦੀ ਬੋਤਲ ਲਿਆਉਂਦਾ। ਮਾਸਟਰ ਦੀਆਂ ਗਿਆਨ ਭਰਪੂਰ ਗੱਲਾਂ ਸੁਣਦਾ-ਸੁਣਦਾ ਉਹ ਕਹਿੰਦਾ, "ਮੈਂ ਤਾਂ ਖੂਹ ਦਾ ਡੱਡੂ ਹੀ ਰਿਹਾਂ।" ਮਾਸਟਰ ਕਹਿੰਦਾ, "ਆਪਾਂ ਘਰੋਂ ਨਿਕਲਾਂਗੇ ਤਾਂ ਨਵੇਂ ਲੋਕਾਂ ਨਾਲ ਵਾਹ ਪਵੇਗਾ। ਮੇਰੇ ਘਰ ਦੇ ਮੇਰੇ ਫੌਜ 'ਚ ਭਰਤੀ ਹੋਣ ਨੂੰ ਚੰਗਾ ਨ੍ਹੀਂ ਸੀ ਸਮਝਦੇ। ਇਹ ਮੈਨੂੰ ਪਤਾ ਕਿ ਮੈਂ ਫੌਜ 'ਚ ਜਾ ਕੇ ਕਿੰਨਾ ਕੁਸ਼ ਸਿੱਖਿਆ। ਤੂੰ ਆਪਣੀ ਜ਼ਿੰਦਗੀ ਕਿਉਂ ਖਰਾਬ ਕਰ ਰਿਹਾਂ। ਪ੍ਰਾਈਵੇਟ ਤੌਰ 'ਤੇ ਮੈਟ੍ਰਿਕ ਕਰ। ਬੀ. ਏ. ਕਰ। ਤੂੰ ਪਿੰਡ 'ਚੋਂ ਬਾਹਰ ਨਿਕਲ। ਇਸ ਪਿਛੜੇ ਪਿੰਡ 'ਚੋਂ ਕੁਸ਼ ਨ੍ਹੀਂ ਲੱਭਣਾ।" ਉਹ 'ਅੱਛਾ ਸੋਚਦਾ ਹਾਂ' ਕਹਿ ਛੱਡਦਾ। ਉਸ ਨੂੰ ਲੱਗਦਾ ਕਿ ਮਾਸਟਰ ਬਹੁਤ ਸੂਝਵਾਨ ਹੋ ਗਿਆ। ਆਪਣੀ ਗੱਲ ਮੰਨਵਾਉਣ 'ਤੇ ਜ਼ੋਰ ਨਾ ਦਿੰਦਾ, "ਮੈਂ ਤਾਂ ਤੇਰੇ ਭਲੇ ਦੀ ਗੱਲ ਕਰ ਰਿਹਾਂ। ਚੰਗੀ ਲੱਗੇ ਤਾਂ ਅਮਲ ਕਰ ਲਈਂ।"

'ਛੱਲ ਮਨਾ ਐਵੇਂ ਕਿਉਂ ਮਨ 'ਤੇ ਬੋਝ ਪਾਉਣਾ- ਫ਼ੋਨ ਕਰ ਕੇ ਮਾਸਟਰ ਕੋਲੋਂ ਪੁੱਛ ਹੀ ਲੈ,' ਉਸ ਨੇ ਫ਼ੋਨ ਚੁੱਕਿਆ ਹੀ ਸੀ ਕਿ ਤਾਰੋ ਆ ਗਈ। "ਤੂੰ ਅਜੇ ਸੁੱਤਾ ਨ੍ਹੀਂ? ਮੈਂ ਤਾਂ ਬੋਚ-ਬੋਚ ਕੇ ਕਦਮ ਪੁੱਟਦੀ ਅੰਦਰ ਆਈ ਕਿ ਕਿਤੇ ਮੇਰੀ ਪੈਛਲ ਸੁਣ ਕੇ ਤੂੰ ਜਾਗ ਹੀ ਨਾ ਪਵੇਂ।"

"ਸੌਣ ਹੀ ਲੱਗਾ ਸੀ ਕਿ ਸੋਚੀਂ ਪੈ ਗਿਆ,

"ਹੁਣ ਸੋਚਣ ਵਾਲੀ ਕਿਹੜੀ ਗੱਲ ਰਹਿ ਗਈ? ਸਭ ਕੁਸ਼ ਸੁਖ-ਸਵੀਲੀ ਨਿਬੜ ਗਿਆ।" ਅਲਮਾਰੀ ਵਾਲੇ ਪਾਸੇ ਹੱਥ ਮਾਰਦੀ ਨੇ ਕਿਹਾ।

ਉਸ ਨੇ ਤਾਰੋ ਨੂੰ ਮਾਸਟਰ ਦੇ ਫ਼ੋਨ ਬਾਰੇ ਦੱਸਿਆ ਤਾਂ ਉਹ ਬੋਲੀ, "ਸਾਡੇ ਪਿੰਡ 'ਚ ਉਨ੍ਹਾਂ ਦੇ ਟੱਬਰ ਨੂੰ ਸਿਆਣਿਆਂ ਦਾ ਟੱਬਰ ਮੰਨਿਆ ਜਾਂਦਾ। ਪਹਿਲਾਂ ਬਾਬਾ ਮਾਸਟਰ ਹੁੰਦਾ ਸੀ ਬਾਰ 'ਚ। ਪੁੱਤ ਨੂੰ ਵੀ ਮਾਸਟਰ ਬਣਾਇਆ। ਹੁਣ ਜਗਦੀਸ਼ ਸਿਹੁੰ ਫੌਜ 'ਚੋਂ ਪੈਨਸ਼ਨ ਲੈ ਕੇ ਬੀਰ ਪਿੰਡ ਮਾਸਟਰ ਲੱਗ ਗਿਆ।"

"ਅੱਜ ਤਾਂ ਬੜੀਆਂ ਸਿਫਤਾਂ ਕਰ ਰਹੀ ਏਂ ਆਪਣੇ ਪੇਕਿਆਂ ਦੇ ਮਾਸਟਰ ਦੀਆਂ।"

"ਇਕੋ ਗਲੀ 'ਚ ਰਹਿੰਦਿਆਂ ਕਿਹੜੀ ਗੱਲ ਲੁਕੀ-ਛਿਪੀ ਰਹਿੰਦੀ ਏ। ਮੈਨੂੰ ਦੱਸ ਮੈਂ ਉਸ ਭਲੇ ਮਾਨਸ ਦੀ ਕਦੋਂ ਨਖੇਧੀ ਕੀਤੀ ਸੀ।" ਕੱਲ੍ਹ ਦੀ ਗੱਲ ਬਾਰੇ ਪੁੱਛਣ ਲੱਗਾ, "ਤੂੰ ਰਾਤੀਂ ਮਾਲੜੀ ਵਾਲੀ ਰਾਣੀ ਨਾਲ ਬੜੀ ਸਲਾਹੀਂ ਪਈ ਸੀ। ਮੈਂ ਗਿਆ ਤਾਂ ਰਾਣੀ ਚੁੱਪ ਕਰ ਗਈ ਸੀ। ਕੋਈ ਖਾਸ ਗੱਲ ਕਰ ਰਹੀ ਸੀ।"

"ਇਕ ਗੱਲ ਥੋੜ੍ਹੇ ਆ। ਉਸ ਕੋਲ ਤਾਂ ਗੱਲਾਂ ਦੀਆਂ ਪੰਡਾਂ ਨੇ। ਦੋ ਕੁ ਮਹੀਨੇ ਪਹਿਲਾਂ ਆਪਣੀ ਭਤੀਜੀ ਲਵਜੀਤ ਨੂੰ ਮਿਲ ਕੇ ਆਈ ਏ ਕੈਨੇਡਾ ਤੋਂ।"

"ਕੋਈ ਖਾਸ ਗੱਲ ਏ ਤਾਂ ਮੈਨੂੰ ਵੀ ਦੱਸ ਦੇ। ਹੁਣ ਮੇਰੀ ਨੀਂਦ ਉਖੜ ਗਈ। ਛੇਤੀ ਕਿਤੇ ਨ੍ਹੀਂ ਆਉਣੀ," ਉਹ ਉੱਠ ਕੇ ਬੈਠ ਗਿਆ।

"ਪਹਿਲਾਂ ਆਹ ਵਾਲਾ ਲਿਫ਼ਾਫ਼ਾ ਸਿਮਰਨ ਨੂੰ ਫੜਾ ਆਵਾਂ। ਜਿਸ ਕੋਲ ਜਾਣਾ ਏ, ਜੇ ਉਸ ਦਾ ਸਾਮਾਨ ਹੀ ਇੱਥੇ ਰਹਿ ਗਿਆ ਤਾਂ ਕੀ ਕਰਾਂਗੇ। ਤਾਰੋ ਨੇ ਇਕ ਪੈਕ ਕੀਤਾ ਹੋਇਆ ਹਲਕੇ ਹਰੇ ਰੰਗ ਦਾ ਲਿਫ਼ਾਫ਼ਾ ਚੁੱਕਿਆ। ਫੇਰ ਜਾਣ ਦੀ ਕੀਤੀ।

ਜਿਉਂ-ਜਿਉਂ ਸਿਮਰਨ ਦੇ ਜਾਣ ਦਾ ਦਿਨ ਨੇੜੇ ਆ ਰਿਹਾ ਸੀ, ਤਿਉਂ-ਤਿਉਂ ਉਹ ਜ਼ਿਆਦਾ ਸੋਚਣ ਲੱਗਾ। ਇਕੱਲੀ ਕੁੜੀ ਕਿੱਥੇ ਰਹੇਗੀ? ਜਿੱਥੇ ਜਾ ਕੇ ਉਸ ਨੇ ਰਹਿਣਾ; ਉੱਥੋਂ ਕਾਲਜ ਕਿੰਨੀ ਦੂਰ ਹੋਵੇਗਾ? ਜਿੱਥੇ ਕੰਮ ਕਰਨਾ, ਉੱਥੇ ਪਹੁੰਚਣ ਨੂੰ ਕਿੰਨੇ ਘੰਟੇ ਲੱਗਣਗੇ। ਚਾਰ ਦਿਨ ਕਾਲਜ। ਤਿੰਨ ਦਿਨ ਕੰਮ 'ਤੇ। ਪਤਾ ਨਹੀਂ ਕਿੰਨੀ ਵਾਰ ਉਸ ਨੇ ਸਿਮਰਨ ਤੋਂ ਇਸ ਬਾਰੇ ਪੁੱਛਿਆ ਸੀ। ਸਿਮਰਨ ਦੱਸਦੀ ਨਾ ਅੱਕਦੀ, "ਤੁਹਾਨੂੰ ਕਾਹਦੀ ਚਿੰਤਾ ਏ। ਪਹਿਲਾਂ ਇਹ ਦੱਸੋ ਕਿ ਤੁਹਾਨੂੰ ਮੇਰੇ 'ਤੇ ਯਕੀਨ ਨ੍ਹੀਂ?" ਉਹ ਹਾਂ ਵਿਚ ਸਿਰ ਹਿਲਾ ਦਿੰਦਾ। ਸਿਮਰਨ ਦੱਸਣ ਲੱਗਦੀ, "ਮੈਨੂੰ ਏਅਰਪੋਰਟ ਤੋਂ ਫੇਸਬੁੱਕ ਫਰੈਂਡ ਰਜਨੀ ਆਪਣੇ ਕੋਲ ਲੈ ਜਾਵੇਗੀ। ਮੈਂ ਉਸੇ ਨਾਲ ਕਮਰਾ ਸ਼ੇਅਰ ਕਰਨਾ। ਰਜਨੀ ਵੀ ਉਸੇ ਕਾਲਜ 'ਚ ਪੜ੍ਹਦੀ ਏ। ਅੱਜ-ਕੱਲ੍ਹ ਰਿਸ਼ਤੇਦਾਰ ਨ੍ਹੀਂ, ਫਰੈਂਡ ਸਰਕਲ ਕੰਮ ਆਉਂਦਾ।" ਪਿਉ-ਧੀ ਦੀਆਂ ਗੱਲਾਂ ਵਿਚ ਤਾਰੋ ਵੀ ਸ਼ਾਮਿਲ ਹੋ ਜਾਂਦੀ, "ਜਿਨ੍ਹਾਂ ਨੂੰ ਅਸੀਂ ਆਪਣੇ ਨੇੜਲੇ ਸਮਝਦੇ ਆਂ, ਸਭ ਤੋਂ ਜ਼ਿਆਦਾ ਸਾੜਾ ਉਨ੍ਹਾਂ ਨੂੰ ਹੁੰਦਾ।"

ਸਿਮਰਨ ਨੂੰ ਲਿਫ਼ਾਫ਼ਾ ਫੜਾ ਕੇ ਤਾਰੋ ਉਸ ਦੀ ਵੱਖੀ ਵਾਲੇ ਪਾਸੇ ਆ ਬੈਠੀ। ਕੁੱਝ ਪਲ ਅੱਖਾਂ ਬੰਦ ਕਰੀ ਰੱਖੀਆਂ ਜਿੱਦਾਂ ਸੋਚ ਰਹੀ ਹੋਵੇ ਕਿ ਰਾਣੀ ਵਾਲੀ ਗੱਲ ਦੱਸੇ ਜਾਂ ਨਾ ਦੱਸੇ।

"ਹੁਣ ਕਿਹੜੀਆਂ ਗਿਣਤੀਆਂ-ਮਿਣਤੀਆਂ 'ਚ ਪੈ ਗਈਂ?" ਉਸ ਨੇ ਤਾਰੋ ਨੂੰ ਬਾਹੋਂ ਫੜ ਕੇ ਹਲੂਣਿਆ।

"ਸੋਚਦੀ ਸੀ ਕਿ ਅਸੀਂ ਵੀ ਕਿੰਨੇ ਕਮਲੇ ਆਂ। ਪੱਚੀ-ਤੀਹ ਲੱਖ ਖਰਚ ਕੇ ਇਕੱਲੀ ਕੁੜੀ ਨੂੰ ਬੇਗਾਨੇ ਮੁਲਕ ਭੇਜ ਰਹੇ ਆਂ। ਨਾ ਸਾਡੀ ਉੱਧਰ ਸਾਕ-ਸਕੀਰੀ। ਮੈਂ ਸਿਮਰਨ ਨੂੰ ਇਕੱਲੀ ਕਿਤੇ ਨ੍ਹੀਂ ਭੇਜਿਆ ਭਾਵੇਂ ਕਿੰਨਾ ਵੀ ਜ਼ਰੂਰੀ ਕੰਮ ਹੋਵੇ। ਹੁਣ ਪ੍ਰਦੇਸ਼ਾਂ 'ਚ ਇਕੱਲੀ ਰਹੇਗੀ। ਬਾਅਦ 'ਚ ਪਤਾ ਨ੍ਹੀਂ ਕਿੰਨੇ ਪੈਸੇ ਭੇਜਣੇ ਪੈਣੇ।" ਤਾਰੋ ਦੀ ਆਵਾਜ਼ ਬੈਠਣ ਲੱਗੀ ਸੀ।

"ਜੇ ਲੋਕਾਂ ਦੀਆਂ ਗੱਲਾਂ ਵੱਲ ਜਾਈਏ ਤਾਂ ਇਹ ਕੈਨੇਡਾ ਦਾ ਬਿਜ਼ਨੈਸ ਆ। ਤਰਸੇਮ ਲਾਲ ਦੱਸਦਾ ਸੀ ਕਿ ਉੱਧਰ ਦੀ ਸਰਕਾਰ ਨੇ ਕਾਲਜਾਂ ਤੇ ਯੂਨੀਵਰਸਿਟੀਆਂ ਨੂੰ ਮਦਦ ਦੇਣੀ ਬੰਦ ਕਰ ਦਿੱਤੀ ਸੀ। ਕਾਲਜ ਤੇ ਯੂਨੀਵਰਸਿਟੀਆਂ ਬੰਦ ਹੋਣ ਦੇ ਕੰਢੇ 'ਤੇ ਸਨ ਕਿ ਉਨ੍ਹਾਂ ਨੂੰ ਨਵਾਂ ਫੁਰਨਾ ਫੁਰਿਆ। ਉਨ੍ਹਾਂ ਨੇ ਏਸ਼ੀਆ ਦੇ ਮੁੰਡੇ-ਕੁੜੀਆਂ ਲਈ ਕਾਲਜ ਤੇ ਯੂਨੀਵਰਸਿਟੀਆਂ ਦੇ ਦਰਵਾਜ਼ੇ ਖੋਲ੍ਹ ਦਿੱਤੇ। ਹਵਾਈ ਜਹਾਜ਼ਾਂ ਨੂੰ ਸਵਾਰੀਆਂ ਮਿਲ ਗਈਆਂ। ਫੇਰ ਨਿਆਣਿਆਂ ਦੇ ਮਾਂ-ਪਿਓ ਜਾਣਗੇ। ਇੱਧਰਲੀਆਂ ਜ਼ਮੀਨਾਂ-ਜਾਇਦਾਦਾਂ ਵੇਚ ਕੇ ਪੈਸਾ ਉੱਧਰ ਚਲੇ ਜਾਵੇਗਾ। ਉਨ੍ਹਾਂ ਨੂੰ ਸਸਤੀ ਲੇਬਰ ਮਿਲ ਜਾਵੇਗੀ। ਪਤਾ ਨ੍ਹੀਂ ਇਸ ਪਿੱਛੇ ਹੋਰ ਕੀ-ਕੀ ਛੱਲ ਰਿਹਾ। ਮੇਰੇ ਵਰਗਿਆਂ ਨੂੰ ਕੁਸ਼ ਸਮਝ ਨ੍ਹੀਂ ਲੱਗਦੀ। ਮਹਿੰਗਾਈ ਇੰਨੀ ਵਧ ਗਈ ਆ ਕਿ ਚੰਗੇ-ਭਲੇ ਦੀ ਮੱਤ ਮਾਰੀ ਗਈ ਏ।" ਉਹ ਵੀ ਉੱਠ ਕੇ ਬੈਠ ਗਿਆ। ਜੇ ਉਨ੍ਹਾਂ ਨੂੰ ਸਿਮਰਨ ਦੇ ਬਾਹਰ ਜਾਣ ਦੀ ਖੁਸ਼ੀ ਸੀ ਤਾਂ ਨਾਲ ਦੀ ਨਾਲ ਫਿਕਰਾਂ ਦੀ ਪੰਡ ਦਾ ਭਾਰ ਘਟਿਆ ਨਹੀਂ, ਪਲ-ਪਲ ਵੱਧ ਰਿਹਾ ਸੀ। "ਮੈਂ ਤਾਂ ਸਭ ਕੁਸ਼ ਰੱਬ 'ਤੇ ਛੱਡ ਦਿੱਤਾ। ਉਹਦੀਆਂ ਉਹੀ ਜਾਣੇ। ਤੂੰ ਰਾਣੀ ਬਾਰੇ ਦੱਸਣ ਲੱਗੀ ਸੀ।"

ਤਾਰੋ ਨੇ ਦੱਸਣਾ ਸ਼ੁਰੂ ਕੀਤਾ, "ਰਾਣੀ ਦੇ ਭਰਾ ਸੁਰਜਨ ਦੀ ਗੋਹੀਰਾਂ ਵਾਲੀ ਸਾਲੀ ਸੱਤਿਆ ਦੀ ਵੱਡੀ ਨੂੰਹ ਹਰਕੀਰਤ ਸਟੱਡੀ ਬੇਸ 'ਤੇ ਕੈਨੇਡਾ ਗਈ ਸੀ। ਸਾਰਾ ਖਰਚਾ ਉਨ੍ਹਾਂ ਨੇ ਕੀਤਾ। ਸਮੇਤ ਵਿਆਹ ਦੇ। ਮਾਂ-ਪਿਉ ਕੋਲ ਐਨੇ ਪੈਸੇ ਨ੍ਹੀਂ ਸੀ ਕਿ ਆਈਲੈਟਸ 'ਚੋਂ ਸਾਢੇ ਸੱਤ ਬੈਂਡ ਲੈਣ ਵਾਲੀ ਆਪਣੀ ਧੀ ਨੂੰ ਬਾਹਰ ਭੇਜ ਦੇਣ। ਸੱਤਿਆ ਲਾਲਚ ਕਰ ਗਈ। ਪਹਿਲਾਂ ਨੂੰਹ ਜਾਵੇਗੀ। ਫੇਰ ਬੀ. ਏ. 'ਚੋਂ ਦੋ ਵਾਰ ਫੇਲ੍ਹ ਹੋਇਆ ਮੁੰਡਾ। ਮਗਰੋਂ ਘਰ ਦੇ ਬਾਕੀ ਜੀਆਂ ਦਾ ਦਾਹ ਲੱਗ ਜਾਵੇਗਾ। ਸੱਤਿਆ ਨੇ ਨੂੰਹ 'ਤੇ ਖੁੱਲ੍ਹਾ ਖਰਚਾ ਕੀਤਾ। ਪਹਿਲਾਂ-ਪਹਿਲਾਂ ਨੂੰਹ ਦੇ ਦਿਨ 'ਚ ਦੋ-ਤਿੰਨ ਵਾਰ ਫ਼ੋਨ ਆਉਂਦੇ ਰਹੇ। ਫੇਰ ਦਿਨਾਂ ਤੋਂ ਹਫ਼ਤੇ, ਹਫ਼ਤੇ ਤੋਂ ਮਹੀਨਾ-ਮਹੀਨਾ ਬੀਤਣ ਲੱਗਾ। ਜੇ ਇਨ੍ਹਾਂ ਨੇ ਇੱਧਰੋਂ ਫ਼ੋਨ ਕੀਤਾ, ਨੂੰਹ ਨੇ ਕਹਿ ਦਿੱਤਾ, 'ਕੰਮ 'ਤੇ ਆ।' ਫੇਰ ਨੂੰਹ ਨੇ ਫ਼ੋਨ ਸੁਣਨਾ ਬੰਦ ਕਰ ਦਿੱਤਾ। ਸਿਰੋਂ ਰੰਡੀ ਸੱਤਿਆ ਨੇ ਚਾਲੀ ਲੱਖ ਖਰਚਿਆ ਸੀ। ਸੱਤਿਆ ਵਿਚਾਰੀ ਸੋਚ-ਸੋਚ ਕੇ ਪਾਗਲਾਂ ਵਰਗੀ ਹੋ ਗਈ। ਉਹ ਸੁਰਜਨ ਕੋਲ ਆ ਕੇ ਧਾਈਂ ਰੋਈ, 'ਭਾ ਜੀ, ਸਾਡੀ ਨੂੰਹ ਨੇ ਸਾਨੂੰ ਕੰਗਾਲ ਕਰ ਦਿੱਤਾ।

(ਬਾਕੀ ਅਗਲੇ ਸਫੇ 'ਤੇ)

*(ਪਿਛਲੇ ਸਫੇ ਦਾ ਬਾਕੀ )*

ਤੁਸੀਂ ਸਿਆਣੇ ਹੋ। ਕੋਈ ਰਾਹ ਲੱਭੋ। ਗੁਰਪ੍ਰੀਤ ਦਾ ਉਦਾਸਿਆ-ਹਿਰਸਿਆ ਚਿਹਰਾ ਮੈਥੋਂ ਦੇਖਿਆ ਨ੍ਹੀਂ ਜਾਂਦਾ। ਨੌਜੁਆਨ ਮੁੰਡਾ ਕੋਈ ਗਲਤ ਕੰਮ ਨਾ ਕਰ ਬੈਠੇ। ਜਦੋਂ ਮੈਂ ਮੁੰਡੇ ਬਾਰੇ ਸੋਚਦੀ ਆਂ ਤਾਂ ਮੈਨੂੰ ਸਾਰੀ-ਸਾਰੀ ਰਾਤ ਨੀਂਦ ਨ੍ਹੀਂ ਆਉਂਦੀ।' ਸੁਰਜਨ ਕਿਆਂ ਦੇ ਪਰਿਵਾਰ 'ਚ ਸਭ ਤੋਂ ਸਿਆਣੀ ਤੇ ਪੜ੍ਹੀ-ਲਿਖੀ ਰਾਣੀ ਹੀ ਏ। ਉਨ੍ਹਾਂ ਨੇ ਰਾਣੀ ਨੂੰ ਫ਼ੋਨ ਕਰ ਕੇ ਆਪਣੇ ਕੋਲ ਸੱਦਿਆ। ਸੁਰਜਨ ਦੀ ਘਰ ਵਾਲੀ ਸੁਖਜੀਤ ਨੇ ਕਿਹਾ, 'ਭੈਣ ਜੀ, ਤੁਹਾਡੇ ਕੋਲ ਕੈਨੇਡਾ ਦਾ ਵੀਜ਼ਾ ਗਾ। ਟਿਕਟ ਸੱਤਿਆ ਲੈ ਦਊਗੀ। ਤੁਸੀਂ ਜਾ ਕੇ ਹਰਕੀਰਤ ਨੂੰ ਸਮਝਾਉ ਕਿ ਉਹ ਗੁਰਪ੍ਰੀਤ ਨੂੰ ਆਪਣੇ ਕੋਲ ਬੁਲਾ ਲਵੇ। ਤੁਹਾਨੂੰ ਪਤਾ ਹੀ ਆ ਕਿ ਵਿਆਹ ਤੋਂ ਬਾਅਦ ਮੁੰਡੇ ਲਈ ਇਕੱਲਾ ਰਹਿਣਾ ਕਿੰਨਾ ਔਖਾ ਹੁੰਦਾ। ਆਪਣੇ ਦੋ ਕਾਜ ਹੋ ਜਾਣਗੇ। ਤੁਸੀਂ ਆਪਣੀ ਲਵਜੀਤ ਨੂੰ ਵੀ ਮਿਲ ਆਉਗੇ।' ਰਾਣੀ ਨੂੰ ਗੱਲ ਜਚ ਗਈ। ਕੈਨੇਡਾ ਜਾਣ ਨੂੰ ਕਿਸ ਦਾ ਮਨ ਨ੍ਹੀਂ ਕਰਦਾ। ਉਸ ਕੋਲ ਦਸ ਸਾਲਾਂ ਦਾ ਵੀਜ਼ਾ ਸੀ। ਉਸ ਦਾ ਮੁੰਡਾ ਜਸਪ੍ਰੀਤ ਕਿਸੇ ਯੂਨੀਵਰਸਿਟੀ ਤੋਂ ਪੜ੍ਹ ਕੇ ਇੱਧਰ ਵਾਪਸ ਮੁੜ ਆਇਆ ਸੀ।

''ਰਾਣੀ ਸਿੱਧੀ ਆਪਣੀ ਭਤੀਜੀ ਲਵਜੀਤ ਕੋਲ ਗਈ। ਲਵਜੀਤ ਏਅਰਪੋਰਟ ਤੋਂ ਉਸ ਨੂੰ ਲੈਣ ਆਈ ਸੀ। ਜਦੋਂ ਲਵਜੀਤ ਨੇ ਆਪਣੀ ਭੂਆ ਨੂੰ ਘੁੱਟ ਕੇ ਜੱਫੀ ਪਾਈ ਤਾਂ ਉਸ ਨੂੰ ਕੁੜੀ ਦੇ ਮੂੰਹ 'ਚੋਂ ਸ਼ਰਾਬ ਦੀ ਬੂ ਆਈ। ਪਰ ਉਸ ਨੇ ਜਾਹਿਰ ਨਾ ਹੋਣ ਦਿੱਤਾ। ਉਸ ਨੇ ਹਰਕੀਰਤ ਬਾਰੇ ਪੁੱਛਿਆ ਤਾਂ ਲਵਜੀਤ ਨੇ ਲਾਹਪ੍ਰਵਾਹੀ ਨਾਲ ਕਿਹਾ, 'ਭੂਆ ਜੀ, ਇੱਥੇ ਕਿਸ ਕੋਲ ਸਮਾਂ ਕਿ ਕਿਸੇ ਦੀ ਖ਼ਬਰਸਾਰ ਰੱਖੇ। ਆਪਣੀ ਆਜ਼ਾਦੀ 'ਚ ਕਿਸੇ ਦੀ ਦਖਲਅੰਦਾਜ਼ੀ ਨ੍ਹੀਂ ਪਸੰਦ ਕਰਦੇ।' ਉਸ ਦਾ ਫਰੈਂਡ ਬੋਲਿਆ, 'ਚੰਗੀ ਗੱਲ ਇਹੀ ਆ ਕਿ ਏਅਰਪੋਰਟ 'ਤੇ ਉਤਰਦੇ ਸਾਰ ਇੰਡੀਆ ਨੂੰ ਭੁੱਲ ਜਾਣਾ ਚਾਹੀਦਾ। ਜਿਸ ਕੰਟਰੀ ਨੇ ਸਾਨੂੰ ਰੁਜ਼ਗਾਰ ਨ੍ਹੀਂ ਦਿੱਤਾ, ਉਸ ਬਾਰੇ ਸੀਰੀਅਸ ਹੋਣ ਦੀ ਕੀ ਲੋੜ ਏ। ਮੈਂ ਇੱਥੇ ਆ ਕੇ ਇਹੀ ਸਿੱਖਿਆ ਕਿ ਦੱਬ ਕੇ ਕੰਮ ਕਰੋ। ਆਪਣੀ ਲਾਈਫ ਨੂੰ ਇੰਜੁਆਏ ਕਰੋ।' ਰਾਣੀ ਨੇ ਕਿਹਾ, 'ਪਿਛਲੇ ਪੈਣ ਢਿੱਠੇ ਖੂਹ 'ਚ?' ਲਵਜੀਤ ਆਪਣੇ ਫਰੈਂਡ ਨਾਲ ਮੋਹਰਲੀ ਸੀਟ 'ਤੇ ਰਾਣੀ ਪਿੱਛੇ ਬੈਠੀ ਸੀ। ਉਸ ਦਾ ਫਰੈਂਡ ਬੋਲਿਆ, 'ਮੈਂ ਤੁਹਾਨੂੰ ਦੋ ਗੱਲਾਂ ਦੱਸਦਾਂ। ਪਹਿਲੀ ਗੱਲ ਤਾਂ ਇਹ ਆ ਕਿ ਕਿਸੇ ਨੂੰ ਪੀ. ਸੀ. ਐਸ. ਜਾਂ ਆਈ. ਏ. ਐਸ. ਬਣਨ ਦੀ ਐਨੀ ਖੁਸ਼ੀ ਨ੍ਹੀਂ ਹੁੰਦੀ ਜਿੰਨੀ ਅਮਰੀਕਾ ਜਾਂ ਕੈਨੇਡਾ ਆਉਣ ਦੀ ਹੁੰਦੀ ਆ। ਮੇਰੇ ਡੈਡੀ ਜੀ ਦਾ ਇਕ ਕਲਾਸਫੈਲੋ ਸੁਖਵਿੰਦਰ ਪਰਮਾਰ, ਪੰਜਾਬ ਰੋਡਵੇਜ਼, ਚੰਡੀਗੜ੍ਹ 'ਚ ਵਰਕਸ ਮੈਨੇਜਰ ਲੱਗਾ ਸੀ। ਉਸ ਦੇ ਅਧੀਨ ਗੁਰਮੁਖ ਲਾਲ ਡਰਾਈਵਰ ਲੱਗਾ ਹੁੰਦਾ ਸੀ। ਆਪਣੀ ਰਿਟਾਇਰਮੈਂਟ ਮਗਰੋਂ ਦੋਵੇਂ ਆਪਣੇ ਮੁੰਡਿਆਂ ਕੋਲ ਆ ਗਏ। ਮੈਂ ਦੋਹਾਂ ਨੂੰ ਇਕੋ ਸਟੋਰ 'ਚ ਸਿਕਿਊਰਟੀ ਗਾਰਡ ਲੱਗਿਆ ਆਪ ਦੇਖਿਆ। ਦੂਜੀ ਗੱਲ ਮੇਰੇ ਨਾਲ ਬੀਤੀ ਆ। ਪਹਿਲਾਂ ਮੈਂ ਅਲਬਰਟਾ ਰਹਿੰਦਾ ਸੀ। ਸਾਡਾ ਪੰਜ ਮੁੰਡਿਆਂ ਤੇ ਪੰਜ ਕੁੜੀਆਂ ਦਾ ਗਰੁੱਪ ਸੀ। ਚਹੁੰਆਂ ਦੇ ਪਿੱਛੇ ਵਿਆਹ ਹੋਏ ਸੀ। ਕੁਸ਼ ਚਿਰ ਉਹ ਪਿੱਛੇ ਨਾਲ ਜੁੜੀਆਂ ਰਹੀਆਂ। ਟੁੱਟ-ਟੁੱਟ ਉਹ ਮਰਨ। ਬਾਰ੍ਹਾਂ-ਬਾਰ੍ਹਾਂ ਘੰਟੇ ਕੰਮ ਕਰਨ। ਸੋਚਣ ਪਿਛਲਿਆਂ ਬਾਰੇ। ਇਹ ਕਿੱਥੋਂ ਦਾ ਕਾਨੂੰਨ ਹੋਇਆ। ਅੱਕ ਕੇ ਉਨ੍ਹਾਂ ਨੇ ਆਪਣੇ ਹਸਬੈਂਡਾਂ ਦੇ ਫ਼ੋਨ ਸੁਣਨੇ ਬੰਦ ਕਰ ਦਿੱਤੇ। ਕੈਂਟੀ ਨੇ ਦੱਸਿਆ ਸੀ ਕਿ ਉਸ ਨਾਲ ਉਸ ਦੇ ਘਰ ਵਾਲੇ ਨੇ ਇਸ ਕਰ ਕੇ ਵਿਆਹ ਕੀਤਾ ਕਿ ਉਸ ਨੇ ਆਈਲੈਟਸ 'ਚੋਂ ਸਾਢੇ ਚਾਰ ਬੈਂਡ ਲਏ ਸੀ। ਉਸੇ ਦੇ ਪਿੱਛੇ ਲੱਗ ਕੇ ਉਹ ਇੱਧਰ ਆ ਜਾਵੇਗਾ। ਜਦੋਂ ਪੀ. ਆਰ. ਮਿਲ ਗਈ, ਕੈਂਟੀ ਨੂੰ ਤਲਾਕ ਦੇ ਕੇ ਇੰਡੀਆ ਜਾਵੇਗਾ। ਆਪਣੀ ਮਨਪਸੰਦ ਕੁੜੀ ਨਾਲ ਲਾਵਾਂ ਲਵੇਗਾ। ਮੈਨੂੰ ਦੱਸੋ ਕਿ ਜਦੋਂ ਵਿਆਹ ਦੀ ਨੀਂਹ ਹੀ ਸੁਆਰਥ ਨਾਲ ਰੱਖੀ ਜਾਵੇ, ਉੱਥੇ ਪਿਆਰ ਪਿਊਰ ਕਿੱਥੋਂ ਹੋਵੇਗਾ।' ਰਾਣੀ ਨੂੰ ਲੱਗਾ ਕਿ ਉਸ ਦੀ ਇੰਗਲਿਸ਼ ਦੀ ਮਾਸਟਰ ਡਿਗਰੀ ਇਨ੍ਹਾਂ ਕੁੜੀਆਂ-ਮੁੰਡਿਆਂ ਅੱਗੇ ਕੁਸ਼ ਵੀ ਨ੍ਹੀਂ।''

''ਤੀਜੇ ਦਿਨ ਹੀ ਰਾਣੀ ਦਾ ਸਾਹ ਘੁੱਟ ਹੋਣ ਲੱਗਾ। ਜਿਹੜੀ ਜਨਾਨੀ ਆਪਣੀ ਦੋ ਕਨਾਲਾਂ 'ਚ ਬਣੀ ਵੱਡੀ ਸਾਰੀ ਕੋਠੀ 'ਚ ਰਹੀ ਹੋਵੇ, ਉਸ ਦਾ ਘੁਰਣੇ ਜਿਹੇ 'ਚ ਕੀ ਜੀਅ ਲੱਗਣਾ ਸੀ। ਜੇ ਉਹ ਬਾਹਰ ਨਿਕਲਦੀ ਤਾਂ ਠੰਢ ਕੰਬਣੀ ਛੇੜ ਦਿੰਦੀ। ਜਦੋਂ ਉਹ ਆਪਣੇ ਮੁੰਡੇ ਜਸਪ੍ਰੀਤ ਕੋਲ ਮਾਂਟਰੀਅਲ ਆਈ ਸੀ, ਉਸ ਕੋਲ ਤਿੰਨ ਕਮਰਿਆਂ ਦਾ ਘਰ ਸੀ। ਦੋ ਮੁੰਡਿਆਂ ਨੇ ਰਲ ਕੇ ਕਿਰਾਏ 'ਤੇ ਲਿਆ ਸੀ। ਉਸ ਨੂੰ ਉੱਥੇ ਓਪਰਾਪਨ ਨ੍ਹੀਂ ਲੱਗਾ ਸੀ। ਇੱਥੇ ਬੇਸਮੈਂਟ 'ਚ ਬਾਹਰਲੀ ਹਵਾ ਨਾ ਲੱਗਦੀ। ਭੂਆ-ਭਤੀਜੀ ਇਕੋ ਗੱਦੇ 'ਤੇ ਪਾਸੇ ਮਾਰਦੀਆਂ ਰਹਿੰਦੀਆਂ। ਲਵਜੀਤ ਨੂੰ ਕਾਲਜ 'ਚ ਛੁੱਟੀਆਂ ਸਨ। ਉਸ ਦੀਆਂ ਦੋ ਸਪਲੀਆਂ ਆਈਆਂ ਸਨ। ਰਾਣੀ ਨੇ ਇਸ ਬਾਰੇ ਪੁੱਛਿਆ ਤਾਂ ਲਵਜੀਤ ਨੇ ਲਾਹਪ੍ਰਵਾਹੀ ਨਾਲ ਕਿਹਾ, 'ਫੇਰ ਕੀ ਹੋਇਆ।' ਰਾਣੀ ਨੇ ਕਿਹਾ ਕਿ ਇਸ ਦਾ ਕੀ ਮਤਲਬ ਹੋਇਆ। ਲਵਜੀਤ ਨੇ ਗੁੱਸੇ ਨਾਲ ਕਿਹਾ, 'ਜਦੋਂ ਅਸੀਂ ਤੁਹਾਨੂੰ ਏਅਰਪੋਰਟ ਤੋਂ ਲੈਣ ਗਏ ਸੀ, ਦੱਸਿਆ ਸੀ ਨਾ ਕਿ ਹੁਣ ਅਸੀਂ ਬੰਦਿਸਾਂ 'ਚ ਨ੍ਹੀਂ ਰਹਿਣਾ ਪਸੰਦ ਕਰਦੇ।' ਰਾਣੀ ਨੇ ਪਿਆਰ ਨਾਲ ਕਿਹਾ, 'ਧੀਏ, ਆਪਣੇ ਪਿਉ ਬਾਰੇ ਵੀ ਸੋਚ। ਪੈਸਿਆਂ ਦੀ ਪੰਡ ਖਰਚ ਕੇ ਤੈਨੂੰ ਬਾਹਰ ਭੇਜਿਆ।' ਲਵਜੀਤ ਨੇ ਟੋਨ ਨਾ ਬਦਲੀ, 'ਜੇ ਇੰਡੀਆ 'ਚ ਮੇਰਾ ਵਿਆਹ ਕਰਦੇ, ਆਪਣੇ ਨੱਕ ਨੂੰ ਬਚਾਉਣ ਲਈ ਐਦੂੰ ਜ਼ਿਆਦਾ ਖਰਚਣੇ ਪੈਣੇ ਸੀ।' ਰਾਣੀ ਨੂੰ ਲੱਗਿਆ ਕਿ ਕੁੜੀ ਪੈਰਾਂ 'ਤੇ ਪਾਣੀ ਨ੍ਹੀਂ ਪੈਣ ਦਿੰਦੀ। ਉਹ ਹਰਕੀਰਤ ਨੂੰ ਲੱਭਣ ਆਈ ਸੀ। ਪਰ ਇੱਥੇ ਤਾਂ ਉਸ ਦੀ ਆਪਣੀ ਭਤੀਜੀ ਗੁਆਚ ਗਈ ਸੀ। ਸੋਚ-ਸੋਚ ਕੇ ਉਸ ਦਾ ਸਿਰ ਪਾਟਣ 'ਤੇ ਆ ਜਾਂਦਾ। ਇਕ ਦੋ ਵਾਰ ਸੱਤਿਆ ਦਾ ਫ਼ੋਨ ਆਇਆ ਕਿ ਉਹ ਹਰਕੀਰਤ ਨੂੰ ਮਿਲੀ ਏ ਕਿ ਨ੍ਹੀਂ। ਉਸ ਕਿਹਾ ਜਿਸ ਦਿਨ ਲਵਜੀਤ ਵਿਹਲੀ ਹੋਈ, ਉਹ ਹਰਕੀਰਤ ਕੋਲ ਜਾਣਗੀਆਂ। ਹਰਕੀਰਤ ਮਿਸੀਸਾਗਾ ਰਹਿੰਦੀ ਸੀ। ਲਵਜੀਤ ਮਿਲਟਨ। ਰਾਣੀ ਨੇ ਹਰਕੀਰਤ ਦਾ ਪਤਾ ਕਰ ਲਿਆ ਸੀ। ਸਮੱਸਿਆ ਸੀ ਕਿ ਉਸ ਕੋਲ ਉਸ ਨੂੰ ਕੌਣ ਛੱਡ ਕੇ ਆਵੇ।''

''ਲਵਜੀਤ ਪੰਜ ਦਿਨ ਕੰਮ ਕਰਦੀ। ਜਿੰਨਾ ਚਿਰ ਕਮਰੇ 'ਚ ਹੁੰਦੀ, ਉਸ ਦੇ ਕੰਨਾਂ ਤੋਂ ਮੋਬਾਇਲ ਦੀਆਂ ਟੂਟੀਆਂ ਨਾ ਲਥਦੀਆਂ। ਰਾਣੀ ਡਰਦੀ ਮਾਰੀ ਕੁਸ਼ ਨਾ ਪੁੱਛਦੀ। ਲੋਹੜੀ ਵਾਲੇ ਦਿਨ ਉਸ ਨੇ ਇਸ ਫਿਲਮ ਦਾ ਟ੍ਰੇਲਰ ਦੇਖਿਆ। ਘਰ ਦੇ ਪਿੱਛਲੇ ਪਾਸੇ ਪੈਂਦੇ ਲਾਨ 'ਚ ਅੱਠ ਮੁੰਡੇ ਕੁੜੀਆਂ ਨੇ ਧੂਣੀ ਬਾਲੀ। ਧੂਣੀ ਦੇ ਆਲੇ-ਦੁਆਲੇ ਬੈਠ ਗਏ। ਇਕ ਮੁੰਡੇ ਨੇ ਵਿਸ਼ਕੀ ਦੀ ਬੋਤਲ ਖੋਲ੍ਹੀ। ਇਕ ਜਣਾ ਬੋਤਲ ਨੂੰ ਮੂੰਹ ਲਾ ਕੇ ਵੱਡਾ ਸਾਰਾ ਘੁੱਟ ਭਰਦਾ। ਬੋਤਲ ਅੱਠਾਂ ਦੇ ਦਾਇਰੇ 'ਚ ਘੁੰਮਦੀ ਰਹੀ। ਇਕ ਖਤਮ ਹੋਈ ਤਾਂ ਉਨ੍ਹਾਂ ਨੇ ਦੂਜੀ ਖੋਲ੍ਹ ਲਈ। ਲਵਜੀਤ ਨੇ ਮੋਬਾਇਲ 'ਤੇ ਗਾਣਾ ਲਾ ਦਿੱਤਾ 'ਤੂੰ ਨਹੀਂ ਬੋਲਦੀ ਰਕਾਨੇ, ਤੂੰ ਨਹੀਂ ਬੋਲਦੀ, ਤੇਰੇ 'ਚ ਤੇਰਾ ਯਾਰ ਬੋਲਦਾ।' ਸਾਰੇ ਨੱਚਣ ਲੱਗੇ। ਜੋੜੀਆਂ ਬਣ ਗਈਆਂ। ਜੋੜੀਆਂ ਟੁੱਟੀਆਂ। ਫੇਰ ਨਵੀਆਂ ਜੋੜੀਆਂ ਬਣ ਗਈਆਂ। ਉਹ ਆਪਣੀ ਦੁਨੀਆ 'ਚ ਗੁਆਚੇ ਰਹੇ। ਭੂਰੇ ਰੰਗ ਦੀ ਕਮੀਜ਼ ਵਾਲੇ ਮੁੰਡੇ ਨੇ 'ਹਮ ਦੁਨੀਆ ਕੀ ਪ੍ਰਵਾਹ ਕਰੇ ਕਯੋਂ" ਗੀਤ ਲਾਇਆ ਤਾਂ ਰਾਣੀ ਨੇ ਟੂਟੀਆਂ ਕੰਨਾਂ 'ਚ ਘਸੋੜ ਲਈਆਂ। ਉਸ ਨੇ ਸਵੇਰ ਨੂੰ ਬਾਹਰ ਜਾ ਕੇ ਦੇਖਿਆ। ਪੰਜ ਖਾਲੀ ਬੋਤਲਾਂ ਇੱਧਰ ਉੱਧਰ ਪਈਆਂ ਸੀ। ਇਸ ਦਾ ਮਤਲਬ ਲਵਜੀਤ ਅੱਧੀ ਬੋਤਲ ਪੀ ਗਈ ਸੀ। ਨੌਂ ਕੁ ਵੱਜੇ ਲਵਜੀਤ ਉੱਠੀ। ਦੋ ਬ੍ਰੈਡ-ਪੀਸਾਂ ਨੂੰ ਜੈਮ ਲਾਇਆ। ਕਾਹਲੀ-ਕਾਹਲੀ ਖਾ ਪੀ ਕੇ ਬੋਲੀ, 'ਚੰਗਾ ਭੂਆ ਜੀ, ਰਾਤ ਨੂੰ ਮਿਲਦੇ ਆਂ।' ਉਸ ਨੇ ਇਹ ਵੀ ਨਾ ਪੁੱਛਿਆ ਕਿ ਭੂਆ ਜੀ ਤੁਹਾਡਾ ਅੱਜ ਦਾ ਕੀ ਪ੍ਰੋਗ੍ਰਾਮ ਏ। ਮੇਰੇ ਪਿੱਛੋਂ ਤੁਸੀਂ ਕੀ ਖਾਉਂਗੇ। ਉਸ ਦਾ ਇੱਥੇ ਜਾਣ-ਪਹਿਚਾਣ ਵਾਲਾ ਕੋਈ ਨ੍ਹੀਂ ਸੀ। ਬੇਸਮੈਂਟ ਤੱਕ ਸੀਮਤ ਹੋ ਕੇ ਰਹਿ ਗਈ ਸੀ। ਵਿਹਲੀ ਬੈਠੀ ਇੱਧਰ-ਉੱਧਰ ਪਈਆਂ ਚੀਜ਼ਾਂ ਤੇ ਰੁਖ ਸਿਰ ਕਰਨ ਲੱਗੀ। ਗੋਲੀਆਂ ਤੇ ਨਿਰੋਧਾਂ ਦੇ ਪੈਕਿਟਾਂ ਨੂੰ ਹੱਥ ਲੱਗਦਿਆਂ ਸਾਰ ਕੰਬ ਉੱਠੀ।'' ਤਾਰੋ ਨੂੰ ਗੈਸ ਦਾ ਚੇਤਾ ਆ ਗਿਆ, ''ਇਕ ਮਿੰਟ ਠਹਿਰੋ। ਮੈਂ ਕਿਤੇ ਗੈਸ ਚਲਦਾ ਤਾਂ ਨ੍ਹੀਂ ਛੱਡ ਆਈ।''

ਤਾਰੋ ਰਸੋਈ ਵੱਲ ਨੂੰ ਦੌੜੀ। ਗਿਆਨ ਨੂੰ ਮਿੱਲ ਵਿਚ ਕੰਮ ਕਰਦੇ ਭਗਵੰਤ ਦੀ ਕੰਟੀਨ ਵਿਚ ਦੱਸੀ ਹੋਈ ਗੱਲ ਯਾਦ ਆ ਗਈ। ਇਕ ਦਿਨ ਉਹ ਤੇ ਭਗਵੰਤ ਚਾਹ ਪੀਣ ਬੈਠੇ ਸਨ। ਭਗਵੰਤ ਨੇ ਗੱਲ ਛੇੜੀ, ''ਬਾਹਰ ਵੀ ਆਪਣੇ ਲੋਕਾਂ ਵਾਂਗੂੰ ਆ। ਜਿਨ੍ਹਾਂ ਦੇ ਚੰਗੇ ਕਾਰੋਬਾਰ ਨੇ। ਉਨ੍ਹਾਂ ਦੀ ਜ਼ਿੰਦਗੀ ਸੌਖਾਲੀ ਏ। ਮਹਾਤੜ ਆਪਣੇ ਨਾਲੋਂ ਵੀ ਗਏ ਗੁਜ਼ਰੇ ਨੇ। ਮੈਂ ਵੀ ਇਕ ਵਾਰ ਇੰਗਲੈਂਡ ਜਾ ਆਇਆਂ ਆਪਣੇ ਸਾਲੇ ਦੇ ਮੁੰਡੇ ਦੇ ਵਿਆਹ 'ਤੇ। ਸਾਡੇ ਪਿੰਡ ਵਾਲਾ ਲੈਂਬਰ ਬਰਮਿੰਘਮ ਰਹਿੰਦਾ। ਮੈਨੂੰ ਉਸ ਦਾ ਫ਼ੋਨ ਆਇਆ ਕਿ ਅੰਕਲ ਜੀ ਮੈਨੂੰ ਮਿਲ ਕੇ ਜਾਇਓ। ਮੈਂ ਤੁਹਾਨੂੰ ਇਕ ਦਿਨ ਘੁੰਮਾਂ-ਫਿਰਾ ਲਿਆਵਾਂਗਾ। ਮੇਰੇ ਸਾਲੇ ਨੇ ਮੈਨੂੰ ਈਥਰੋ ਏਅਰਪੋਰਟ 'ਤੇ ਬਰਮਿੰਘਮ ਵਾਲੀ ਕੋਚ 'ਚ ਬੈਠਾ ਦਿੱਤਾ। ਉੱਥੇ ਬੱਸ ਨੂੰ ਕੋਚ ਕਹਿੰਦੇ ਨੇ। ਅੱਗੋਂ ਮੈਨੂੰ ਲੈਂਬਰ ਨੇ ਲੈ ਲਿਆ। ਉਸ ਦੇ ਰਹਿਣ-ਬਸੇਰੇ ਵੱਲ ਜਾਂਦਿਆਂ ਹੋਇਆਂ ਇਕ ਪਾਊਂਡ ਵਾਲੀ ਦੁਕਾਨ ਆਈ। ਲੈਂਬਰ ਜ਼ੋਰ ਪਾਉਣ ਲੱਗਾ ਕਿ ਜੇ ਕੋਈ ਚੀਜ਼ ਚਾਹੀਦੀ ਏ ਤਾਂ ਇੱਥੋਂ ਲੈ ਲਓ। ਦੋ ਕੁ ਫਰਲਾਂਗਾਂ ਦੂਰ ਤੁਰ ਕੇ ਉਹ ਦੁਕਾਨ ਉੱਪਰ ਛੱਤੇ ਕਮਰੇ 'ਚ ਲੈ ਗਿਆ। ਤਿੰਨ-ਚਾਰ ਟੈਲੀਵੀਜ਼ਨ ਪਏ ਸੀ। 'ਐਨੇ ਕਿਉਂ ਰੱਖੇ ਨੇ? ਜਿਸ ਘਰ 'ਚ ਉਹ ਐਲ. ਸੀਡੀ ਛੱਡਣ ਜਾਂਦੇ ਨੇ, ਉਹ ਚਕਾ ਦਿੰਦੇ ਨੇ। ਸੁੱਟਣ ਨੂੰ ਮਨ ਨ੍ਹੀਂ ਕਰਦਾ। ਉਹ ਇੱਥੇ ਲਿਆ ਰੱਖਦਾ ਕਿ ਸਾਡੇ ਕਿਸੇ ਭਰਾ ਦੇ ਕੰਮ ਆ ਜਾਵੇਗਾ। ਹੋਰ ਵੀ ਬਥੇਰੀਆਂ ਪੁਰਾਣੀਆਂ ਚੀਜ਼ਾਂ ਪਈਆਂ ਸੀ। ਸ਼ਾਮ ਨੂੰ ਉਹ ਵਿਸਕੀ ਦੀ ਬੋਤਲ ਫੜ ਲਿਆਇਆ। ਰਾਤ ਨੂੰ ਉਸ ਦੇ ਦੋ ਸਾਥੀ ਆ ਗਏ। ਉਨ੍ਹਾਂ ਨੇ ਮੁਰਗੇ ਨੂੰ ਤੜਕਾ ਲਾਇਆ। ਅਸੀਂ ਪੈੱਗ ਲਾਈ ਗਏ। ਪਿੰਡ ਬਾਰੇ ਗੱਲਾਂ ਕਰੀ ਗਏ। ਹੇਠਾਂ ਵਿਛਾਏ ਗੱਦਿਆਂ 'ਤੇ ਲਮਲੇਟ ਹੋ ਗਏ। ਟੁੱਟੇ ਜਿਹੇ ਮੰਜੇ 'ਤੇ ਕੌਣ ਕਦੋਂ ਆ ਪਆ, ਮੈਨੂੰ ਨ੍ਹੀਂ ਪਤਾ। ਸਵੇਰ ਨੂੰ ਚਾਹ ਪੀਂਦਿਆਂ ਲੈਂਬਰ ਨੇ ਦੱਸਿਆ, 'ਅੰਕਲ ਜੀ, ਅਸੀਂ ਤੁਹਾਡੇ ਆਇਆਂ 'ਤੇ ਅੱਜ ਰੋਟੀ ਬਣਾਈ ਆ। ਨ੍ਹੀਂ ਤਾਂ ਇਕ ਵੇਲੇ ਸਿੰਘ ਸਭਾ ਗੁਰਦੁਆਰਿਓਂ ਲੰਗਰ ਛੱਕ ਆਈਦਾ। ਦੂਜੇ ਟਾਈਮ ਰਵਿਦਾਸੀਆਂ ਦੇ' ਇੰਡੀਆ ਤੋਂ ਉਸ ਦੇ ਮੁੰਡੇ ਫੀਟੇ ਦਾ ਫ਼ੋਨ ਆ ਗਿਆ। ਉਸ ਨੇ ਮੇਰੇ ਆਏ ਬਾਰੇ ਦੱਸਿਆ ਤਾਂ ਫੀਟੇ ਨੇ ਕਿਹਾ, ਤੂੰ ਇਨ੍ਹਾਂ ਦੇ ਹੱਥੀਂ ਮੇਰੇ ਲਈ ਰੀਬੋਕ ਦੇ ਸ਼ੂਅ ਭੇਜੀਂ।' ਉਸ ਨੇ ਫੀਟੇ ਨੂੰ ਟਿਕਾ ਕੇ ਗਾਲ੍ਹ ਕੱਢੀ, 'ਮਾਂ ਆਪਣੀ ਦਾ ਖਸਮ, ਰੀਬੋਕ ਦੇ ਸ਼ੂਅ ਭਾਲਦਾ। ਅਸੀਂ ਗੁਰਦੁਆਰਿਓਂ ਰੋਟੀ ਖਾ ਕੇ ਆਪਣਾ ਟਾਈਮ ਲੰਘਾ ਰਹੇ ਆਂ।' ਅੱਗੋਂ ਫੀਟੇ ਨੇ ਹੌਕਾ ਲਿਆ ਤਾਂ ਲੈਂਬਰ ਦਾ ਮਨ ਘਾਊਂ-ਮਾਊਂ ਕਰਨ ਲੱਗਾ। ਉਸ ਨੇ ਕਿਹਾ, ''ਕੋਈ ਨਾ ਪੁੱਤ ਮੇਰਿਆ। ਤੂੰ ਜੋ-ਜੋ ਮੰਗਦਾ, ਮੈਂ ਭੇਜ ਦਿੰਨਾ। ਤੂੰ ਆਪਣੀ ਮੰਮੀ ਦਾ ਧਿਆਨ ਰੱਖੀਂ।' ਮੈਂ ਨਹਾਉਣ ਲਈ ਬਾਥਰੂਮ 'ਚ ਵੜ੍ਹਿਆ ਤਾਂ ਟੱਬ ਟੇਢਾ ਹੋਇਆ ਪਿਆ ਸੀ। ਪਤਾ ਨ੍ਹੀਂ ਕਦੋਂ ਆਖਰੀ ਵਾਰ ਇਸ ਨੂੰ ਸਾਫ ਕੀਤਾ ਹੋਣਾ। ਬੋਅ ਆ ਰਹੀ ਸੀ। ਟੋਅਲਿਟ ਸੀਟ ਦਾ ਵੀ ਇਹੀ ਹਾਲ ਸੀ। ਮੈਂ ਮੂੰਹ-ਹੱਥ ਧੋ ਕੇ ਬਾਹਰ ਆ ਗਿਆ । ਲੈਂਬਰ ਨੇ ਮੇਰੇ ਲਈ ਛੁੱਟੀ ਕੀਤੀ ਸੀ। ਉਹ ਮੈਨੂੰ ਘੁੰਮਾਉਣਾ ਚਾਹੁੰਦਾ ਸੀ ਪਰ ਮੇਰਾ ਮਨ ਨਾ ਮੰਨਿਆ।''

ਉਨ੍ਹਾਂ ਦੇ ਪਿੱਛਲੇ ਪਾਸੇ ਬੈਠਾ ਕਾਂਗਣੇ ਵਾਲਾ ਮਨਜੀਤ ਸਿੰਘ ਕਹਿਣ ਲੱਗਾ, ''ਇਕ ਤਾਂ ਸਾਡੇ ਲੋਕ ਬਹੁਤਾ ਸੋਚਦੇ ਨ੍ਹੀਂ। ਮੇਰੇ ਨਾਨਕੇ ਨੇ ਭਗਵੰਤ ਦੇ ਪਿੰਡ। ਮੈਂ ਪਿਆਰੇ ਦੇ ਮੁੰਡੇ ਬਬਲੂ ਨੂੰ ਚੰਗੀ ਤਰ੍ਹਾਂ ਜਾਣਦਾਂ। ਜਦੋਂ ਬਬਲੂ ਬਾਹਰ ਜਾਣ ਲਈ ਕਮਰਕੱਸੀ ਫਿਰਦਾ ਸੀ, ਉਸ ਨੇ ਇਸ ਬਾਬਤ ਮੈਥੋਂ ਵੀ ਪੁੱਛਿਆ ਸੀ। ਮੈਂ ਉਸ ਨੂੰ ਸਮਝਾਇਆ ਕਿ ਉਹ ਦੇ ਦਸ-ਗਿਆਰ੍ਹਾਂ ਖੇਤ ਨੇ। ਬਾਹਰ ਜਾ ਕੇ ਛਿਕੂ ਲੈਣਾ। ਜਿਹੜਾ ਤੂੰ ਪੈਂਤੀ-ਚਾਲੀ ਲੱਖ ਖਰਚ ਕੇ, ਉਹ ਵੀ ਈਲੀਗਲ ਜਾਣ ਨੂੰ ਫਿਰਦਾਂ, ਉਨੇ ਦੀਆਂ ਪੰਜਾਹ-ਸੱਠ ਮੱਝਾਂ ਆ ਜਾਣੀਆਂ। ਡੇਅਰੀ ਬਣਾ ਲੈ। ਸ਼ਹਿਰ 'ਚ ਜਿੰਨਾ ਦੁੱਧ ਜਾਂਦਾ, ਉਹ ਘੱਟ ਹੀ ਹੁੰਦਾ। ਜਿਸ ਨੂੰ ਬਾਹਰ ਜਾਣ ਦੀ ਅੱਗ ਲੱਗੀ ਹੋਵੇ, ਉਸ ਨੂੰ ਸੱਚੀਆਂ ਗੱਲਾਂ ਵੀ ਝੂਠੀਆਂ ਲੱਗਦੀਆਂ ਹੁੰਦੀਆਂ। ਹੁਣ ਈਲੀਗਲ ਗਿਆ, ਧੱਕੇ ਖਾਂਦਾ ਫਿਰਦਾ। ਪਿੱਛੋਂ ਜਨਾਨੀ ਖਰਾਬ ਹੋ ਗਈ। ਮੁੰਡੇ ਡਰੱਗੀ ਹੋ ਗਏ। ਜਾਵੇ ਤਾਂ ਉਹ ਜਿਸ ਦਾ ਇੱਥੇ ਸਰਦਾ ਨ੍ਹੀਂ। ਫੇਰ ਧੀ ਪੁੱਤ ਸਿਆਣਾ ਹੋਵੇ ਤਾਂ ਘਰ ਦਾ ਅੱਗਾ ਸਵਾਰ ਦਿੰਦਾ। ਸਾਡੇ ਪਿੰਡ ਦਾ ਆ ਪ੍ਰਕਾਸ਼ ਰਾਮ ਸੋਨੀਭਗਤ। ਉਸ ਦਾ ਕੰਮ ਐਸਾ-ਵੈਸਾ ਰਿਹਾ। ਔਲਾਦ ਬੜੀ ਸਿਆਣੀ ਨਿਕਲੀ। ਪਹਿਲਾਂ ਵੱਡੀ ਕੁੜੀ ਕੈਨੇਡਾ ਗਈ ਪੜ੍ਹਣ। ਉਸ ਨੇ ਬੈਂਕ ਤੋਂ ਲੋਨ ਲਿਆ ਸੀ। ਕੁਸ਼ ਕੁੜੀ ਦੇ ਨਾਨਕਿਆਂ ਨੇ ਮਦਦ ਕੀਤੀ ਸੀ। ਕੁੜੀ ਨੇ ਤਿੰਨ ਸਾਲਾਂ ਮਗਰੋਂ ਆਪਣੇ ਛੋਟੇ ਭਰਾ ਨੂੰ ਬੁਲਾ ਲਿਆ। ਪ੍ਰਕਾਸ਼ ਰਾਮ ਦੇ ਦਿਨ ਫਿਰਨ ਲੱਗੇ। ਕੁੜੀ ਦੀ ਮਾਂ ਜ਼ਿੱਦ ਕਰਨ ਲੱਗੀ ਕਿ ਉਨ੍ਹਾਂ ਨੇ ਪਿੰਡ 'ਚ ਵਧੀਆ ਕੋਠੀ ਛੱਤਣੀ ਆ। ਸਰਪੰਚਾਂ ਨਾਲੋਂ ਵੀ ਉੱਤੋਂ ਦੀ। ਕੁੜੀ ਨੇ ਆਪਣੀ ਮਾਂ ਨੂੰ ਸਮਝਾਇਆ ਕਿ ਜਦੋਂ ਤੁਸੀਂ ਪਿੰਡ 'ਚ ਰਹਿਣਾ ਹੀ ਨ੍ਹੀਂ- ਫੇਰ ਕੋਠੀ 'ਤੇ ਪੈਸੇ ਲਾਉਣ ਦੀ ਕੀ ਤੁੱਕ ਬਣਦੀ ਏ।''

ਮਨਜੀਤ ਦੀ ਗੱਲ ਮੁੱਕੀ ਤਾਂ ਸ਼ਾਹਕੋਟ ਵਾਲਾ ਰਮੇਸ਼ ਕੁਮਾਰ ਸ਼ੁਰੂ ਹੋ ਗਿਆ, ''ਇਹ ਤਾਂ ਭਲਾ ਹੋਵੇ ਬਾਹਰਲੀਆਂ ਸਰਕਾਰਾਂ ਦਾ ਜਿਨ੍ਹਾਂ ਨੇ ਸਾਡੇ ਬੱਚਿਆਂ ਲਈ ਆਪਣੇ ਦੇਸ਼ ਦੇ ਦਰਵਾਜ਼ੇ ਖੋਲ੍ਹ ਦਿੱਤੇ। ਨ੍ਹੀਂ ਤਾਂ ਅਸੀਂ ਜਿਨ੍ਹਾਂ ਲੀਡਰਾਂ ਨੂੰ ਚਾਂਭਲ-ਚਾਂਭਲ ਕੇ ਵੋਟਾਂ ਪਾਉਂਦੇ ਆਂ- ਉਨ੍ਹਾਂ ਨੇ ਸਾਡੇ ਹੱਥ ਲਾਰਿਆਂ ਵਾਲੇ ਛੁਨਛੁਨੇ ਫੜਾਈ ਰੱਖਣੇ ਸੀ। ਇਨ੍ਹਾਂ ਲੋਕਾਂ ਕੋਲ ਧਰਮ ਬਿਨਾਂ ਕੋਈ ਦੂਜਾ ਮੁੱਦਾ ਹੀ ਨ੍ਹੀਂ। ਮੈਂ ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ ਦੀ ਰਿਪੋਰਟ ਪੜ੍ਹੀ ਸੀ ਕਿ ਪੰਜਾਬ 'ਚ ਕਣਕ ਦਾ ਇਕ ਦਾਣਾ ਵੀ ਨ੍ਹੀਂ ਬਚਿਆ ਜਿਸ 'ਤੇ ਖਾਦਾਂ ਜਾਂ ਦਵਾਈਆਂ ਦਾ ਅਸਰ ਨਾ ਹੋਇਆ ਹੋਵੇ। ਸ਼ਹਿਰਾਂ 'ਚ ਐਨਾ ਪ੍ਰਦੂਸ਼ਣ ਫੈਲਿਆ ਕਿ ਰਹੇ ਰੱਬ ਦਾ ਨਾਂ। ਨਸ਼ਿਆਂ ਬਾਰੇ ਤੁਹਾਨੂੰ ਸਾਰਿਆਂ ਨੂੰ ਪਤਾ। ਮੈਂ ਤਾਂ ਕਹਿਣਾਂ ਕਿ ਜਿਸ ਕੋਲ ਚਾਰ ਪੈਸੇ ਨੇ ਜਾਂ ਜਿਸ ਕੋਲ ਹੋਰ ਸਾਧਨ ਨੇ, ਉਹ ਆਪਣੇ ਬੱਚਿਆਂ ਨੂੰ ਬਾਹਰ ਭੇਜ ਦੇਣ। ਇਕ ਪੀੜ੍ਹੀ ਔਖੀ ਹੋ ਜਾਊ, ਪਰ ਉਨ੍ਹਾਂ ਦੇ ਪੋਤੇ-ਪੋਤੀਆਂ ਦੀ ਜ਼ਿੰਦਗੀ ਸੰਵਰ ਜਾਊਗੀ। ਇੱਥੇ ਹੋਰ ਵੀਹਾਂ ਸਾਲਾਂ ਤੱਕ ਪਾਣੀ ਮੁੱਕ ਜਾਣਾ- ਫੇਰ ਦੇਖਿਓ ਕੀ ਭਾਅ ਬੀਤਦੀ ਏ।''

''ਮੇਰੇ ਦਿਮਾਗ ਨੂੰ ਪਤਾ ਨ੍ਹੀਂ ਕੀ ਹੋਈ ਜਾਂਦਾ, ਹੁਣ ਚੇਤਾ ਭੁੱਲਣ ਲੱਗ ਪਿਆ,'' ਤਾਰੋ ਨੇ ਰਸੋਈ ਵਿੱਚੋਂ ਆ ਕੇ ਕਿਹਾ।

''ਤੂੰ ਦੱਸ ਰਹੀ ਸੀ ਕਿ ਰਾਣੀ ਨੇ ਕੁੜੀ ਦੇ ਸਾਮਾਨ ਦੀ ਤਲਾਸ਼ੀ ਲੈਣੀ ਸ਼ੁਰੂ ਕੀਤੀ,'' ਗਿਆਨ ਨੇ ਛੱਡੀ ਹੋਈ ਗੱਲ ਦਾ ਸਿਰਾ ਫੜਾਉਣ ਲਈ ਦੱਸਿਆ।

''ਸ਼ੁਕਰਵਾਰ ਰਾਤ ਨੂੰ ਲਵਜੀਤ ਨੇ ਆਪਣੀ ਭੂਆ ਨੂੰ ਕਿਹਾ ਕਿ ਉਹ ਬਾਹਰ ਜਾ ਰਹੀ ਏ। ਐਤਵਾਰ ਸ਼ਾਮ ਨੂੰ ਆਵੇਗੀ। ਰਾਣੀ ਨੇ ਉਸ ਨੂੰ ਚੇਤੇ ਕਰਾਇਆ ਕਿ ਕੱਲ੍ਹ ਨੂੰ ਉਨ੍ਹਾਂ ਨੇ ਹਰਕੀਰਤ ਕੋਲ ਜਾਣਾ ਸੀ। ਲਵਜੀਤ ਬੋਲੀ, 'ਸਾਡੇ ਵੀਕਇੰਡ ਦਾ ਪ੍ਰੋਗਰਾਮ ਪਹਿਲਾਂ ਹੀ ਬਣਾਇਆ ਹੁੰਦਾ। ਮੈਨੂੰ ਜਾਣਾ ਪੈਣਾ। ਜੇ ਮੈਂ ਨਾ ਗਈ ਤਾਂ ਸਾਡੇ ਗਰੁੱਪ ਨੇ ਆਪ ਆ ਕੇ ਲੈ ਜਾਣਾ।' ਉਸ ਨੇ ਆਪਣੀ ਭੂਆ ਵੱਲ ਦੇਖਿਆ ਤੱਕ ਨਾ। ਜਾਣ ਦੀ ਕੀਤੀ। ਰਾਣੀ ਦੇ ਮਨ 'ਚ ਆਵੇ ਕਿ ਉਹ ਸੁਰਜਨ ਨੂੰ ਦੱਸੇ ਕਿ ਤੂੰ ਆਪਣੀ ਸਾਲੀ ਦੀ ਚਿੰਤਾ ਛੱਡ ਦੇ। ਆਪਣੀ ਕੁੜੀ ਬਾਰੇ ਸੋਚ। ਦੂਜਾ ਮਨ ਕਹੇ ਕਿ ਅਜੇ ਤੇਲ ਦੇਖ-ਤੇਲ ਦੀ ਧਾਰ ਦੇਖ। ਜਿੰਦਾਂ ਕਿੱਦਾਂ ਕਰ ਕੇ ਸ਼ਨੀਵਾਰ ਤੇ ਐਤਵਾਰ ਲੰਘਾਇਆ। ਤੀਜੇ ਦਿਨ ਰਾਤ ਦੇ ਨੌਂ ਕੁ ਵਜੇ ਲਵਜੀਤ ਆਈ। ਉਸ ਦੇ ਸਿਰ ਦੇ ਵਾਲ ਖਿਲਰੇ ਸੀ। ਉਗੜੇ-ਦੁਗੜੇ ਕੱਪੜੇ ਤੇ ਮੂੰਹ 'ਚੋਂ ਸ਼ਰਾਬ ਦੀ ਬੋਅ ਆ ਰਹੀ ਸੀ। ਅਲਮ-ਮਟਲੀਆਂ ਮਾਰ ਰਹੀ ਸੀ। ਉਹ ਧੜੱਮ ਕਰ ਕੇ ਅੱਧੀ ਗੱਦੇ 'ਤੇ, ਅੱਧੀ ਫਰਸ਼ 'ਤੇ ਡਿਗ ਪਈ। ਰਾਣੀ ਨੇ ਫਰਸ਼ 'ਤੇ ਡਿੱਗੀ ਹੋਈ ਨੂੰ ਖਿੱਚ ਕੇ ਗੱਦੇ 'ਤੇ ਕੀਤਾ। ਉਸ ਦੀ ਨਜ਼ਰ ਕੁੜੀ ਦੀ ਖੱਬੀ ਬਾਂਹ 'ਤੇ ਚਲੇ ਗਈ। ਉਕਰਿਆ ਸੀ- ਜਗਦੀਸ਼ ਕੁਮਾਰ ਰੱਤੂ। ਪੜ੍ਹਦਿਆਂ ਸਾਰ ਉਸ ਦੀ ਚੀਕ ਨਿਕਲਦੀ-ਨਿਕਲਦੀ ਮਸਾਂ ਰੁਕੀ। ਅੱਲ੍ਹੀ-ਅੱਲ੍ਹੀ ਕਰ ਕੇ ਉਸ ਨੇ ਰਾਤ ਲੰਘਾਈ। ਸਵੇਰ ਨੂੰ ਚਾਹ ਬਣਾ ਕੇ ਕੁੜੀ ਨੂੰ ਜਗਾਇਆ। ਅੱਧ-ਸੁੱਤੀ ਕੁੜੀ ਕਹਿਣ ਲੱਗੀ, 'ਮੈਨੂੰ ਸੌਣ ਲੈਣ ਦਿਓ। ਮੈਥੋਂ ਅੱਜ ਸੁੱਖੇ ਡਰਾਈਵਰ ਨਾਲ ਨ੍ਹੀਂ ਜਾਇਆ ਜਾਣਾ। ਉਹ ਤਾਂ ਸਾਲਾ ਹਬਸੀਆਂ ਵਰਗਾ। ਪੰਜ ਸੌ ਡਾਲਰ ਵੀ ਦੇਵੇ ਤਾਂ ਵੀ ਮੈਂ ਨ੍ਹੀਂ ਜਾਣਾ।' ਫੇਰ ਉਹ ਕਿੰਨਾ ਚਿਰ ਬੇਸਿਰ ਪੈਰ ਗੱਲਾਂ ਕਰੀ ਗਈ। ਕੁੜੀ ਦੁਪਹਿਰੋਂ ਬਾਅਦ ਉੱਠੀ। ਰਾਣੀ ਨੇ ਉਸ ਦੇ ਵਾਲਾਂ ਦੀ ਗੁੱਤ ਕੀਤੀ। ਸਿਰ ਨੂੰ ਆਪਣੇ ਪੱਟਾਂ 'ਤੇ ਰੱਖ ਕੇ ਉਸ ਦੀ ਪੜ੍ਹਾਈ ਤੇ ਕੰਮ ਬਾਰੇ ਗੱਲਾਂ ਕੀਤੀਆਂ। ਜਦੋਂ ਉਸ ਨੂੰ ਲੱਗਾ ਕਿ ਉਹ ਜੁਆਬ ਠੀਕ ਢੰਗ ਨਾਲ ਦੇ ਰਹੀ ਏ ਤਾਂ ਉਸ ਲਾਲ ਪੀਲੀ ਹੁੰਦਿਆਂ ਪੁੱਛਿਆ, 'ਤੂੰ ਬਾਂਹ 'ਤੇ ਰੱਤੂ ਦਾ ਨਾਂ ਲਿਖਾਈ ਫਿਰਦੀ ਏ?' ਕੁੜੀ ਨੇ ਕਿਹਾ, 'ਹਾਂ- ਇਹ ਮੇਰਾ ਬੁਆਏ ਫਰੈਂਡ ਏ।' ਰਾਣੀ ਨੇ ਪੁੱਛਿਆ, 'ਲੋਹੜੀ ਵਾਲੇ ਦਿਨ ਕੋਈ ਹੋਰ ਮੁੰਡਾ ਸੀ। ਤੂੰ ਕੀ ਸੋਚ ਕੇ ਇਹ ਰਾਹ ਅਖਤਿਆਰ ਕੀਤਾ?' ਉਹ ਉੱਠ ਕੇ ਬੈਠ ਗਈ। ਖਾ ਜਾਣ ਵਾਲੀਆਂ ਨਜ਼ਰਾਂ ਨਾਲ ਆਪਣੀ ਭੂਆ ਵੱਲ ਦੇਖਿਆ। ਰਾਣੀ ਦਾ ਰੋਣ ਨਿਕਲ ਗਿਆ। ਉਸ ਰੋਂਦੀ-ਰੋਂਦੀ ਨੇ ਕਿਹਾ, 'ਕੁੜੀਏ, ਕੁਸ਼ ਤਾਂ ਆਪਣੇ ਪਿਉ ਦੀ ਇੱਜ਼ਤ ਬਾਰੇ ਸੋਚ ਲੈਂਦੀ।' ਉਸ ਨੇ ਆਪਣੀ ਭੂਆ ਦੀ ਕਿਸੇ ਗੱਲ ਦਾ ਜੁਆਬ ਨਾ ਦਿੱਤਾ। ਘੰਟੇ ਕੁ ਮਗਰੋਂ ਨੁੱਕਰ 'ਚ ਪਈ ਬੋਤਲ 'ਚੋਂ ਅੱਧ ਕੁ ਪਾਈਏ ਦਾ ਪੈੱਗ ਪਾ ਕੇ ਇਕੋ ਸਾਹ ਪੀ ਗਈ। ਫੇਰ ਬੋਲੀ, 'ਮੈਂ ਕਿਉਂ ਕਿਸੇ ਬਾਰੇ ਸੋਚਾਂ। ਸੱਚ ਤੁਹਾਡੇ ਤੋਂ ਦੇਖਿਆ ਨ੍ਹੀਂ ਜਾਂਦਾ। ਨਾ ਤੁਸੀਂ ਲੋਕ ਸੱਚ ਸੁਣ ਸਕਦੇ ਹੋ। ਹੁਣ ਮੈਂ ਨ੍ਹੀਂ ਕਿਸੇ ਦੀ ਸਾਲੇ ਦੀ ਪ੍ਰਵਾਹ ਕਰਦੀ।'' ਰਾਣੀ ਨੂੰ ਲੱਗਿਆ ਕਿ ਕੁੜੀ ਰਿਸ਼ਤਿਆਂ ਤੋਂ ਪਾਰ ਚਲੇ ਗਈ ਏ। ਉਸ ਨੇ ਆਪਣੀ ਹੀ ਦੁਨੀਆ ਸਿਰਜ ਲਈ ਏ। ਰਾਣੀ ਵਿਚਾਰੀ ਫਸ ਗਈ ਵਿੱਚ-ਵਿਚਾਲੇ। ਸੱਕੀ ਭਤੀਜੀ ਦਾ ਮਾਮਲਾ ਸੀ। ਆਪਣਾ ਖੂਨ ਮਾਰ ਕਰ ਰਿਹਾ ਸੀ। ਕੌਣ ਉਸ ਨੂੰ ਸਮਝਾਵੇ।''

''ਰਾਣੀ ਦੀ ਕੋਈ ਪੇਸ਼ ਨ੍ਹੀਂ ਜਾ ਰਹੀ ਸੀ। ਉਹ ਜਿੰਨਾ ਕੁੜੀ ਦੇ ਸਾਹਮਣੇ ਰੋਈ ਸੀ, ਜਿੰਨਾ ਕਲਪੀ ਸੀ, ਫੇਰ ਕੁੜੀ ਦਾ ਮੂਡ ਦੇਖ ਕੇ ਗੱਲ ਕਰਨ ਲੱਗੀ। 'ਆਹ ਜਿਹੜੀ ਤੂੰ ਮੁੰਡੇ ਬਦਲਣ ਦੀ ਆਦਤ ਪਾ ਲਈ ਏ, ਇਹਨੇ, ਜਿਸ ਨਾਲ ਤੂੰ ਵਿਆਹ ਕਰਵਾਵੇਂਗੀ, ਉਸ ਨਾਲ ਜੁੜਣ ਨ੍ਹੀਂ ਦੇਣਾ। ਆਪਣੀ ਆਉਣ ਵਾਲੀ ਜ਼ਿੰਦਗੀ ਬਾਰੇ ਸੀਰੀਅਸ ਹੋ। ਦੱਸ ਤੂੰ ਕੀ ਚਾਹੁੰਦੀ ਏਂ?' ਲਵਜੀਤ ਨੇ ਦੱਸਿਆ ਕਿ ਉਸ ਨੂੰ ਵਿਆਹ ਕਰਵਾਉਣ ਦੀ ਲੋੜ ਨ੍ਹੀਂ ਪੈਣੀ। ਵਿਆਹ ਕਾਸ ਲਈ ਕਰਾਉਣਾ। ਰਾਣੀ ਨੇ ਆਸ ਦਾ ਪੱਲਾ ਨਾ ਛੱਡਿਆ। ਉਸ ਨੇ ਕੁੜੀ ਨੂੰ ਕਿਹਾ ਕਿ ਸਾਰੀ ਉਮਰ ਐਦਾਂ ਨ੍ਹੀਂ ਲੰਘਦੀ ਹੁੰਦੀ। ਇਹ ਤਾਂ ਉਹ ਗੱਲ ਹੁੰਦੀ- ਚਾਰ ਦਿਨ ਕੀ ਚਾਂਦਨੀ-ਫੇਰ ਹਨੇਰੀ ਰਾਤ। ਫੇਰ ਕਹਾਣੀਆਂ ਸੁਣਾਉਣੀਆਂ ਸ਼ੁਰੂ ਕੀਤੀਆਂ, 'ਗੰਧਾਰੀ ਦੇ ਪਿਉ ਨੇ ਅੰਨੇ ਧ੍ਰਿਤਰਾਸ਼ਟਰ ਨਾਲ ਉਸ ਦਾ ਵਿਆਹ ਕਰ ਦਿੱਤਾ। ਗੰਧਾਰੀ ਨੇ ਚੂੰ-ਚਾਅ ਨਾ ਕੀਤੀ। ਕਿਹਾ- ਜੋ ਪਿਉ ਨੇ ਕੀਤਾ, ਚੰਗਾ ਹੀ ਕੀਤਾ ਹੋਵੇਗਾ। ਉਸ ਨੇ ਆਪਣੀਆਂ ਅੱਖਾਂ 'ਤੇ ਕਾਲੀ ਪੱਟੀ ਬੰਨ੍ਹ ਲਈ। ਤਮਾਮ ਉਮਰ ਪੱਟੀ ਨਾ ਖੋਲ੍ਹੀ।' ਕੁੜੀ ਨੇ ਪੁੱਛ ਲਿਆ, 'ਇਸ ਗੱਲ ਦਾ ਮੇਰੇ ਨਾਲ ਕੀ ਸੰਬੰਧ ਏ?' ਰਾਣੀ ਨੇ ਕਿਹਾ ਕਿ ਸਾਡੇ ਸਮਾਜ 'ਚ ਪਤੀ-ਪਰਮੇਸ਼ਵਰ ਹੁੰਦਾ। ਕੁੜੀ ਆਪਣਾ ਆਪ ਪਤੀ ਲਈ ਸੰਭਾਲ ਕੇ ਰੱਖਦੀ ਏ। ਕੁੜੀ ਨੇ ਕਿਹਾ ਕਿ ਇਹ ਨੌਨਸੈਂਸ ਗੱਲਾਂ ਨੇ। ਰਾਣੀ ਨੇ ਇਕ ਹੋਰ ਕਥਾ ਸੁਣਾਈ, 'ਪੱਟੀ ਸ਼ਹਿਰ 'ਚ ਦੁਨੀ ਚੰਦ ਨਾਂ ਦਾ ਖੱਤਰੀ ਰਹਿੰਦਾ ਸੀ। ਉਸ ਕੋਲ ਬੇ-ਅੰਤ ਧਨ-ਦੌਲਤ ਤੇ ਜ਼ਮੀਨ ਸੀ। ਉਸ ਦੀਆਂ ਪੰਜ ਕੁੜੀਆਂ ਸੀ। ਇਕ ਦਿਨ ਉਸ ਨੇ ਪੰਜਾਂ ਕੁੜੀਆਂ ਨੂੰ ਆਪਣੇ ਸਾਹਮਣੇ ਬੈਠਾ ਲਿਆ। ਪੁੱਛਿਆ ਕਿ ਉਹ ਕਿਸ ਦਾ ਦਿੱਤਾ ਖਾਂਦੀਆਂ ਨੇ। ਚਹੁੰਆਂ ਨੇ ਕਿਹਾ ਪਿਉ ਦਾ ਦਿੱਤਾ। ਪੰਜਵੀਂ ਕੁੜੀ ਰਜਨੀ ਨੇ ਕਿਹਾ, 'ਪਰਮਾਤਮਾ। ਪਰਮਾਤਮਾ ਸਾਰੇ ਜਿਉਂਦੇ ਜੀਆਂ ਨੂੰ ਰਿਜ਼ਕ ਦਿੰਦਾ ਏ।' ਪਿਉ ਨੂੰ ਗੁੱਸਾ ਆ ਗਿਆ। ਉਸ ਨੇ ਰਜਨੀ ਦਾ ਵਿਆਹ ਇਕ ਕੋਹੜੀ ਨਾਲ ਕਰ ਦਿੱਤਾ। ਰਜਨੀ ਨੇ ਧਾਰ ਲਿਆ ਕਿ ਜੇ ਉਸ ਦੇ ਪਿਉ ਨੇ ਉਸ ਦਾ ਵਿਆਹ ਕੋਹੜੀ ਨਾਲ ਕੀਤਾ ਏ ਤਾਂ ਉਹ ਕੋਹੜੀ ਨੂੰ ਕਦੇ ਨ੍ਹੀਂ ਛੱਡੇਗੀ। ਉਸ ਦਾ ਇਲਾਜ ਕਰੇਗੀ। ਉਹ ਉਸ ਨੂੰ ਵਹਿੰਗੀ 'ਚ ਬੈਠਾ ਕੇ ਵੱਖ-ਵੱਖ ਹਕੀਮਾਂ ਦੇ ਘਰੇ ਜਾਣ ਲੱਗੀ। ਤੁਰਦੀ ਫਿਰਦੀ ਹਰਿਮੰਦਰ ਸਾਹਬ ਆ ਗਈ। ਉਸ ਨੇ ਆਪਣੇ ਘਰ ਵਾਲੇ ਨੂੰ ਇਕ ਬੇਰੀ ਹੇਠਾਂ ਬੈਠਾ ਦਿੱਤਾ। ਆਪ ਲੰਗਰ ਦੀ ਸੇਵਾ ਕਰਨ ਲੱਗੀ। ਇਕ ਦਿਨ ਉਸ ਦੇ ਘਰ ਵਾਲੇ ਨੇ ਦੇਖਿਆ ਕਿ ਕਾਲੇ ਕਾਂ ਨੇ ਸਰੋਵਰ 'ਚ ਡੁਬਕੀ ਮਾਰੀ। ਜਦੋਂ ਉਹ ਬਾਹਰ ਨਿਕਲਿਆ ਤਾਂ ਉਸ ਦਾ ਰੰਗ ਛਿੱਟਾ ਸੀ। ਉਹ ਵੀ ਰੁੜਦਾ-ਖੁੜਦਾ ਸਰੋਵਰ 'ਚ ਜਾ ਵੜ੍ਹਿਆ। ਉਸ ਦਾ ਕੋਹੜ ਹਟ ਗਿਆ। ਹੁਣ ਵੀ ਲੋਕ ਰਜਨੀ ਨੂੰ ਪਤੀਵਰਤਾ ਔਰਤ ਵਜੋਂ ਨਮਸਕਾਰ ਕਰਦੇ ਨੇ।' ਕੁੜੀ ਨੇ ਹਾਂ 'ਚ ਸਿਰ ਹਿਲਾਇਆ। ਰਾਣੀ ਨੇ ਕਿਹਾ ਕਿ ਤੇਰੇ ਡੈਡੀ ਨੇ ਵੀ ਤੇਰੇ ਲਈ ਬਹੁਤ ਕੁਸ਼ ਸੋਚ ਰੱਖਿਆ। ਉਸ ਨੇ ਬੜਾ ਗਜ-ਬਜ ਕੇ ਵਿਆਹ ਕਰਨਾ। ਕਹਿੰਦਾ ਸੀ ਕਿ ਜੇ ਕੁੜੀ ਨੂੰ ਉੱਧਰ ਹੀ ਮੁੰਡਾ ਪਸੰਦ ਆ ਗਿਆ, ਆਪਾਂ ਕੈਨੇਡਾ ਜਾ ਕੇ ਉਸ ਦਾ ਵਿਆਹ ਕਰ ਦੇਣਾ। ਕੁੜੀਏ ਸਿਆਣੀ ਬਣ। ਤੇਰੇ ਨਾਲ ਛੋਟੇ ਦੀ ਜ਼ਿੰਦਗੀ ਜੁੜੀ ਹੋਈ ਏ।''

''ਕੁੜੀ 'ਤੇ ਕੋਈ ਅਸਰ ਨ੍ਹੀਂ ਹੋ ਰਿਹਾ ਸੀ। ਉਸ ਲਈ ਸਮਝੌਤੇ ਫਜ਼ੂਲ ਸਨ। ਅੱਕ ਕੇ ਰਾਣੀ ਨੇ ਲਵਜੀਤ ਕੋਲੋਂ ਪੁੱਛਿਆ, 'ਚੱਲ, ਮੈਨੂੰ ਇਹ ਗੱਲ ਤਾਂ ਦੱਸ ਕਿ ਤੈਨੂੰ ਕਿਸ ਕੰਜਰ ਨੇ ਇਸ ਰਸਤੇ 'ਤੇ ਤੋਰਿਆ?' ਲਵਜੀਤ ਨੇ ਕਿਹਾ ਕਿ ਪਿਉ ਤੇ ਭਰਾ ਨੇ। ਰਾਣੀ ਨੇ ਪੁੱਛਿਆ- ਇਹ ਕਿੱਦਾਂ? ਕੁੜੀ ਦਾ ਜੁਆਬ ਸੀ ਕਿ ਉਸ ਦੇ ਪਿਉ ਨੇ ਉਸ ਨੂੰ ਜਹਾਜ਼ੇ ਚੜ੍ਹਾਉਣ ਮਗਰੋਂ ਕੋਈ ਪੈਸਾ ਨ੍ਹੀਂ ਭੇਜਿਆ। ਜਦੋਂ ਵੀ ਉਸ ਨੇ ਇੱਥੋਂ ਦੇ ਖਰਚਿਆਂ ਬਾਰੇ ਦੱਸਿਆ ਤਾਂ ਅੱਗੋਂ ਜੁਆਬ ਮਿਲਿਆ ਕਿ ਜਿੱਦਾਂ ਦੂਜੇ ਮੁੰਡੇ-ਕੁੜੀਆਂ ਕੰਮ ਕਰ ਕੇ ਆਪਣਾ ਖਰਚਾ ਪੂਰਾ ਕਰਦੇ ਨੇ, ਤੂੰ ਵੀ ਕਰ। ਕੁਲਜਿੰਦਰ ਨਾਲ ਜਿੰਨੀ ਵਾਰ ਵੀ ਫ਼ੋਨ 'ਤੇ ਗੱਲ ਹੁੰਦੀ, ਉਹ ਵੈਨਊ ਸੁਪਰ ਮਾਡਲ ਕਾਰ ਲੈਣ ਲਈ ਪੈਸੇ ਮੰਗਦਾ। ਉਸ ਨੂੰ ਕੀ ਪਤਾ ਕਿ ਇੱਥੋਂ ਦੇ ਕਿੰਨੇ ਖਰਚੇ ਨੇ। ਮੈਂ ਕੁਲਵਿੰਦਰ ਨੂੰ ਉਸ ਦੀ ਪਸੰਦ ਵਾਲੀ ਕਾਰ ਖਰੀਦਣ ਲਈ ਪੈਸੇ ਭੇਜੇ। ਐਪਲ ਤੇਰ੍ਹਾਂ ਲੈ ਕੇ ਦਿੱਤਾ। ਪੈਸੇ ਕਿੱਥੋਂ ਆਏ- ਹੁਣ ਇਹ ਸਭ ਕੁਸ਼ ਤੁਹਾਡੇ ਸਾਹਮਣੇ ਏ।'' ਗੱਲ ਮੁਕਾ ਕੇ ਤਾਰੋ ਰੋਣ ਲੱਗ ਪਈ।

ਹੁਣ ਗਿਆਨ ਨੂੰ ਸਮਝ ਲੱਗੀ ਕਿ ਮਾਸਟਰ ਨੇ ਕਿਉਂ ਕਿਹਾ ਸੀ- 'ਤੂੰ ਕੀ ਸੋਚ ਕੇ ਕੁੜੀ ਨੂੰ ਬਾਹਰ ਭੇਜ ਰਿਹਾਂ?' ਉਸ ਨੇ ਤਾਰੋ ਦੇ ਹੰਝੂ ਪੂੰਝੇ। ਆਪਣਾ ਹੱਥ ਫੈਲਾ ਕੇ ਬੋਲਿਆ, ''ਆਹ ਦੇਖ- ਪੰਜੇ ਉਂਗਲਾਂ ਇਕੋ ਜਿਹੀਆਂ ਨ੍ਹੀਂ। ਸਿਮਰਨ ਦੇ ਖਰਚੇ ਲਈ, ਜੇ ਲੋੜ ਪਈ ਤਾਂ ਮੈਂ ਦੂਜਾ ਖੇਤ ਵੀ ਵੇਚ ਦੇਣਾ।''

ਉਸ ਨੇ ਤਾਰੋ ਨੂੰ ਦਿਲਾਸਾ ਦੇ ਦਿੱਤਾ ਪਰ ਸਾਰੀ ਰਾਤ ਲਵਜੀਤ ਦਾ ਚਿਹਰਾ ਉਸ ਦੀਆਂ ਨਜ਼ਰਾਂ ਅੱਗਿਉਂ ਇਕ ਪਲ ਲਈ ਵੀ ਪਰ੍ਹੇ ਨਹੀਂ ਹੋਇਆ ਸੀ।

# ਗ੍ਰੇਗ ਮਾਰਟੈਨਸਨ ਦੀ ਕਿਤਾਬ 'ਪਥਰਾਂ ਤੋਂ ਸਕੂਲ' ਪੜ੍ਹਦਿਆਂ ਕੁਝ ਵਿਚਾਰਨਯੋਗ ਨੁਕਤੇ

ਸੁੱਚਾ ਸਿੰਘ ਗਿੱਲ


ਪੰਜਾਬ ਦੀ ਤ੍ਰਾਸਦੀ ਹੈ ਕਿ ਸੂਬਾ ਆਰਥਿਕ, ਸਮਾਜਿਕ ਅਤੇ ਬੌਧਿਕ ਤੌਰ 'ਤੇ ਨਿਰਾਸ਼ਾ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਸ ਦੌਰ ਨੂੰ ਪਿਛਲੇ ਚਾਰ ਦਹਾਕਿਆਂ ਦੀਆਂ ਸਿਆਸੀ ਕਲਾਬਾਜ਼ੀਆਂ ਅਤੇ ਲੀਡਰਸ਼ਿਪ ਦੀਆਂ ਕਮਜ਼ੋਰੀਆਂ ਨੇ ਸਿਰਜਿਆ ਅਤੇ ਵਿਕਸਿਤ ਕੀਤਾ ਹੈ। ਇਸ ਨੂੰ ਪਲਣ ਵਿਚ ਪੰਜਾਬ ਤੋਂ ਬਾਹਰ ਦੀਆਂ ਸਿਆਸੀ ਪਾਰਟੀਆਂ ਅਤੇ ਕੇਂਦਰ ਸਰਕਾਰ ਨੇ ਵੀ ਚੋਖਾ ਰੋਲ ਨਿਭਾਇਆ ਹੈ। ਬਾਹਰ ਦੀਆਂ ਸ਼ਕਤੀਆਂ ਨੂੰ ਪੰਜਾਬ ਵਿਚ ਘਿਨਾਉਣਾ ਯੋਗਦਾਨ ਪਾਉਣ ਲਈ ਮਾਹੌਲ ਸੂਬੇ ਵਿਚਲੀਆਂ ਹਾਲਤਾਂ ਨੇ ਪੈਦਾ ਕੀਤੇ ਸਨ। ਇਸ ਦੌਰ ਨੂੰ ਬਦਲ ਕੇ ਸਿਰਜਣਾਤਮਕ ਦੌਰ ਵਿਚ ਬਦਲਣ ਦੀ ਜ਼ਿੰਮੇਵਾਰੀ ਅਤੇ ਭੂਮਿਕਾ ਸੂਬਾ ਵਾਸੀਆਂ, ਜਥੇਬੰਦੀਆਂ ਅਤੇ ਪਾਰਟੀਆਂ ਨੂੰ ਹੀ ਨਿਭਾਉਣੀ ਪੈਣੀ ਹੈ। ਪੰਜਾਬ ਜਿਸ ਭੂਗੋਲਿਕ ਖਿੱਤੇ ਵਿਚ ਹੈ ਅਤੇ ਜਿਨ੍ਹਾਂ ਇਤਿਹਾਸਕ ਹਾਲਤਾਂ ਵਿਚੋਂ ਗੁਜ਼ਰਦਾ ਰਿਹਾ ਹੈ ਉਹ ਇਸ ਸਚਾਈ ਦਾ ਗਵਾਹ ਹੈ ਕਿ ਇਸ ਵਿਚ ਸਿਰਜਣਾਤਮਕ ਸਮਰੱਥਾ ਸਮੇਂ ਸਮੇਂ ਪੈਦਾ ਹੁੰਦੀ ਰਹਿੰਦੀ ਹੈ। ਇਸ ਸਿਰਜਣਾਤਮਕ ਸਮਰੱਥਾ ਨੂੰ ਸੰਭਾਲਣ ਅਤੇ ਉਸ 'ਤੇ ਅਮਲ ਕਰਨ ਦੀ ਲੋੜ ਹੈ। ਇਸ ਨਾਲ ਸੂਬੇ ਨੂੰ ਨਿਰਾਸ਼ਾ ਦੇ ਦੌਰ ਵਿਚੋਂ ਕੱਢਣ ਵੱਲ ਵਧਿਆ ਜਾ ਸਕਦਾ ਹੈ। ਇਸ ਕਾਰਜ ਹਿੱਤ ਕੁਝ ਵਿਚਾਰਨਯੋਗ ਨੁਕਤੇ ਸਾਂਝੇ ਕਰਨ ਦਾ ਯਤਨ ਕੀਤਾ ਗਿਆ ਹੈ।

ਇਸ ਦੌਰ ਵਿਚ ਦਾਖਲ ਹੋਣ ਵੱਲ ਪੰਜਾਬ ਦੇ ਆਪਣੇ ਇਤਿਹਾਸ ਤੋਂ ਸਬਕ ਸਿੱਖਿਆ ਜਾ ਸਕਦਾ ਹੈ। ਦੇਸ਼ ਦੀ ਆਜ਼ਾਦੀ ਆਉਣ 'ਤੇ ਪੰਜਾਬ ਵੰਡਿਆ ਗਿਆ। ਅੱਧੀ ਆਬਾਦੀ ਨੂੰ ਤਬਾਦਲੇ ਸਮੇਂ ਬੇਘਰ ਹੋ ਕੇ ਸ਼ਰਨਾਰਥੀ ਬਣਨਾ ਪਿਆ। ਲੱਖਾਂ ਦੀ ਗਿਣਤੀ ਵਿਚ ਆਮ ਲੋਕਾਂ ਅਤੇ ਬੱਚਿਆਂ ਦੇ ਕਤਲ ਹੋਏ ਅਤੇ ਔਰਤਾਂ ਨੂੰ ਅਣਮਨੁੱਖੀ ਅੱਤਿਆਚਾਰ ਦਾ ਸ਼ਿਕਾਰ ਹੋਣਾ ਪਿਆ ਸੀ। ਇਸ ਦਾ ਖੁਲਾਸਾ ਇਤਿਹਾਸਕਾਰਾਂ ਵਲੋਂ ਬੜੀ ਤਫਸੀਲ ਨਾਲ ਕੀਤਾ ਗਿਆ ਹੈ। ਇਸ ਨਿਰਾਸ਼ਾ ਦੇ ਦੌਰ ਵਿਚੋਂ ਬਾਹਰ ਕੱਢ ਕੇ ਭਾਰਤੀ ਪੰਜਾਬ ਨੂੰ ਮੁੜ ਪੈਰਾਂ ਸਿਰ ਕਰਨ ਦਾ ਬੀੜਾ ਪੰਜਾਬ ਦੀ ਸਿਆਸੀ ਲੀਡਰਸ਼ਿਪ ਵਲੋਂ ਆਪਣੇ ਹੱਥ ਵਿਚ ਲਿਆ ਗਿਆ ਸੀ। ਇਸ ਲੀਡਰਸ਼ਿਪ ਵਲੋਂ ਚੋਟੀ ਦੇ ਇਮਾਨਦਾਰ ਅਤੇ ਕੁਸ਼ਲ ਅਫਸਰਾਂ ਨੂੰ ਨਾਲ ਲੈ ਕੇ ਉਜੜੇ ਪੁੱਜੜੇ ਪਰਿਵਾਰਾਂ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਮੁੜ ਵਸੇਬੇ ਦਾ ਪ੍ਰਬੰਧ ਤਿੰਨ-ਚਾਰ ਸਾਲਾਂ ਵਿਚ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਆਰਥਿਕ ਅਤੇ ਸਮਾਜਿਕ ਵਿਕਾਸ ਦੇ ਕਾਰਜਾਂ ਵੱਲ ਤਵੱਜੋਂ ਦਿੱਤੀ। ਇਸ ਵਿਚ ਜੋਤਾਂ ਦੀ ਚਕਬੰਦੀ, ਨਹਿਰੀ ਸਿੰਚਾਈ ਦਾ ਇੰਤਜ਼ਾਮ, ਬਿਜਲੀ ਦੀ ਸਪਲਾਈ, ਖੇਤੀ ਖੋਜ ਅਤੇ ਸੰਚਾਰ ਆਦਿ ਨਾਲ ਪੰਜਾਬ ਨੂੰ 1955-56 ਵਿਚ ਦੇਸ਼ ਦਾ ਪਹਿਲੇ ਨੰਬਰ ਦਾ ਸੂਬਾ ਬਣਾ ਦਿੱਤਾ। ਇਸ ਤੋਂ ਬਾਅਦ 1965-66 ਵਿਚ ਕਾਮਯਾਬੀ ਨਾਲ ਹਰੇ ਇਨਕਲਾਬ ਨੂੰ ਪੈਦਾ ਕੀਤਾ ਅਤੇ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇ ਕੇ ਪੰਜਾਬ ਨੂੰ ਦੇਸ਼ ਦੇ ਮਾਡਲ ਸੂਬੇ ਵਿਚ ਤਬਦੀਲ ਕਰ ਦਿੱਤਾ ਸੀ। ਜਦੋਂ ਇਸ ਮਾਡਲ ਵਿਚ ਵਿਗਾੜ ਆਏ ਅਤੇ ਇਸ ਨੂੰ ਠੀਕ ਕਰਨ ਬਾਰੇ ਵਿਚਾਰਾਂ 1980ਵਿਆਂ ਵਿਚ ਸ਼ੁਰੂ ਹੋਈਆਂ ਤਾਂ ਸਿਆਸੀ ਲੀਡਰਸ਼ਿਪ ਵਲੋਂ ਹੱਥ ਖੜ੍ਹੇ ਕਰ ਦਿੱਤੇ ਗਏ। ਲੀਡਰਸ਼ਿਪ ਇਨ੍ਹਾਂ ਵਿਗਾੜਾਂ ਨੂੰ ਠੀਕ ਕਰਨ ਦੀ ਬਜਾਏ ਆਪਣੇ ਵਿਅਕਤੀਗਤ ਫਾਇਦੇ ਲਈ ਕੰਮ ਕਰਨ ਲੱਗ ਪਈ। ਇਨ੍ਹਾਂ ਨੇ ਪੰਜਾਬ, ਲੋਕਾਂ, ਵਾਤਾਵਰਣ ਅਤੇ ਆਰਥਿਕਤਾ ਨੂੰ ਤਬਾਹ ਕਰਨ ਦਾ ਘਿਨਾਉਣਾ ਰੋਲ ਨਿਭਾਇਆ। ਇਸ ਦੇ ਸਬੂਤ ਹਰ ਰੋਜ਼ ਸਾਡੇ ਸਾਹਮਣੇ ਆ ਰਹੇ ਹਨ। ਇਸ ਕਰਕੇ ਮੌਜੂਦਾ ਸਿਆਸੀ ਲੀਡਰਸ਼ਿਪ ਨੂੰ ਪਾਜ਼ੀਟਿਵ ਰੋਲ ਵਾਸਤੇ ਮੋੜਨ ਲਈ ਅਤੇ ਸੁਖਾਵੇਂ ਹਾਲਾਤ ਪੈਦਾ ਕਰਨ ਵਿਚ ਸਮਾਂ ਲੱਗ ਸਕਦਾ ਹੈ। ਇਸ ਵਾਸਤੇ ਸਮਾਜਿਕ ਲਹਿਰ ਨੂੰ ਕਾਫ਼ੀ ਕੋਸ਼ਿਸ਼ ਕਰਨੀ ਪੈਣੀ ਹੈ ਅਤੇ ਵਿਚਾਰਧਾਰਕ ਜੱਦੋ-ਜਹਿਦ ਵਿਚ ਪੈਣਾ ਹੋਵੇਗਾ। ਇਸ ਕਾਰਜ ਵਿਚ ਸੂਬੇ ਦੇ ਸੁਹਿਰਦ ਅਤੇ ਸੰਜੀਦਾ ਬੁੱਧੀਮਾਨ ਵਿਅਕਤੀਆਂ ਨੂੰ ਸਮਾਜਿਕ ਲਹਿਰ ਨਾਲ ਰਲ ਕੇ ਸਥਿਤੀ ਨੂੰ ਰਿੜਕਣਾ ਪੈਣਾ ਹੈ। ਇਸ ਸਬੰਧ ਵਿਚ ਵਿਚਾਰ ਚਰਚਾ, ਗੋਸ਼ਟੀਆਂ, ਸੈਮੀਨਾਰ ਅਤੇ ਕਾਨਫਰੰਸਾਂ ਸਮਾਜਿਕ ਜਥੇਬੰਦੀਆਂ ਅਤੇ ਸੂਝਵਾਨ ਵਿਦਵਾਨਾਂ ਨਾਲ ਲਗਾਤਾਰ ਕਰਨੀਆਂ ਪੈਣਗੀਆਂ। ਇਹ ਪ੍ਰਕਿਰਿਆ ਹੀ ਸੂਬੇ ਨੂੰ ਨਿਰਾਸ਼ਾ ਵਿਚੋਂ ਬਾਹਰ ਕੱਢਣ ਲਈ ਸਹਾਈ ਹੋ ਸਕਦੀ ਹੈ।

ਇਸ ਸੰਦਰਭ ਵਿਚ ਦੇਸ਼ ਦੇ ਦੂਜੇ ਸੂਬਿਆਂ ਵਿਚ ਸਫ਼ਲ ਤਜਰਬਿਆਂ ਨੂੰ ਘੋਖਣ ਤੋਂ ਬਾਅਦ ਸੂਬੇ ਲਈ ਸਾਜ਼ਗਾਰ ਸੁਝਾਅ ਦਿੱਤੇ ਜਾ ਸਕਦੇ ਹਨ। ਇਨ੍ਹਾਂ ਸੁਝਾਵਾਂ ਨੂੰ ਲਾਗੂ ਕਰਨ ਲਈ ਮਾਹੌਲ ਵੀ ਤਿਆਰ ਕੀਤਾ ਜਾ ਸਕਦਾ ਹੈ। ਇਹ ਵਿਸ਼ਵਾਸ ਪੈਦਾ ਕੀਤਾ ਜਾ ਸਕਦਾ ਹੈ ਕਿ ਪੰਜਾਬ ਨੂੰ ਮੁੜ ਲੀਹਾਂ 'ਤੇ ਲਿਆਂਦਾ ਜਾ ਸਕਦਾ ਹੈ। ਖੇਤੀ ਲਾਹੇਵੰਦ ਬਣਾਈ ਜਾ ਸਕਦੀ ਹੈ ਅਤੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਆਤਮ ਹੱਤਿਆਵਾਂ ਨੂੰ ਰੋਕਿਆ ਜਾ ਸਕਦਾ ਹੈ। ਪੰਜਾਬ ਵਿਚ ਉਦਯੋਗਿਕ ਤਰੱਕੀ ਨੂੰ ਹੁਲਾਰਾ ਦਿੱਤਾ ਜਾ ਸਕਦਾ, ਵਾਤਾਵਰਣ ਨੂੰ ਬਚਾਇਆ ਜਾ ਸਕਦਾ, ਪੰਜਾਬ ਵਿਚ ਰੁਜ਼ਗਾਰ ਦੇ ਮੌਕੇ ਪੈਦਾ ਕਰ ਕੇ ਜਵਾਨੀ ਦਾ ਵਿਦੇਸ਼ਾਂ ਵੱਲ ਪਲਾਇਨ ਰੋਕਿਆ ਜਾ ਸਕਦਾ ਹੈ। ਇਹ ਵਿਸ਼ਵਾਸ ਪੈਦਾ ਕਰਨ ਲਈ ਜ਼ਰੂਰੀ ਹੈ ਕਿ ਮੌਜੂਦਾ ਸਮਾਜਿਕ ਲਹਿਰ ਨੂੰ ਸੰਘਰਸ਼ ਦੇ ਨਾਲ ਨਾਲ ਨਿਰਮਾਣ ਦੇ ਕਾਰਜਾਂ ਵੱਲ ਪ੍ਰੇਰਿਆ ਜਾਵੇ।

ਕਿਉਂਕਿ ਸਿਆਸੀ ਪਾਰਟੀਆਂ ਦੀ ਲੀਡਰਸ਼ਿਪ ਅਜੇ ਪੰਜਾਬ ਨੂੰ ਮੁੜ ਲੀਹਾਂ 'ਤੇ ਤੋਰਨ ਦੇ ਸਮਰੱਥ ਨਹੀਂ ਹੋ ਰਹੇ ਇਸ ਕਰਕੇ ਸਮਾਜਿਕ ਲਹਿਰ ਦੀ ਜ਼ਿੰਮੇਵਾਰੀ ਸੰਘਰਸ਼ ਤੋਂ ਅੱਗੇ ਲੰਘ ਕੇ ਨਿਰਮਾਣ ਦੇ ਕਾਰਜ ਵਿਚ ਆਪਣੀ ਭੂਮਿਕਾ ਨਿਭਾ ਸਕਦੀ ਹੈ।

ਜਦੋਂ ਸਿਆਸੀ ਪਾਰਟੀਆਂ ਲੋਕਾਂ ਦੇ ਮਸਲਿਆਂ ਬਾਰੇ ਸੁਹਿਰਦ ਨਹੀਂ ਰਹਿੰਦੀਆਂ ਤਾਂ ਲੋਕਾਂ ਦੀਆਂ ਹੇਠਾਂ ਤੋਂ ਸਿਰਜਣਾਤਮਕ ਕਾਰਵਾਈਆਂ ਕਾਫ਼ੀ ਫਾਇਦੇਮੰਦ ਹੋ ਸਕਦੀਆਂ ਹਨ। ਇਸ ਦੀ ਸਫਲ ਮਿਸਾਲ ਜੰਗ ਦੀ ਮਾਰ ਹੇਠ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਦੇ ਪਹਾੜੀ ਪੇਂਡੂ ਇਲਾਕਿਆਂ ਤੋਂ ਮਿਲਦੀ ਹੈ। ਇਸ ਨੂੰ ਗ੍ਰੇਗ ਮਾਰਟੈਨਸਨ (Greg Mortenson) ਨੇ ਆਪਣੀ ਕਿਤਾਬ ਪਥਰਾਂ ਤੋਂ ਸਕੂਲ ( From Stonesi nto Schools: Promoitng peace iwth books, Not Bombs, In Afgainstan and Paikstan) ਵਿਚ ਬੜੇ ਵਿਸਥਾਰ ਨਾਲ ਬਿਆਨ ਕੀਤਾ ਹੈ। ਇਨ੍ਹਾਂ ਇਲਾਕਿਆਂ ਵਿਚ ਤਾਲਿਬਾਨ ਹਕੂਮਤ ਅਤੇ ਗਰੁਪਾਂ ਵਲੋਂ ਲੜਕੀਆਂ ਨੂੰ ਸਕੂਲਾਂ ਵਿਚ ਸਿੱਖਿਆ ਦੇਣ ਤੋਂ ਮਨਾਹੀ ਦੇ ਹੁਕਮ ਜਾਰੀ ਕੀਤੇ ਗਏ ਸਨ। ਅਮਰੀਕਾ ਵਲੋਂ ਇਨ੍ਹਾਂ ਇਲਾਕਿਆਂ ਵਿਚ ਬੰਬਾਰੀ ਨਾਲ ਕਾਫ਼ੀ ਤਬਾਹੀ ਕੀਤੀ ਜਾ ਰਹੀ ਸੀ। ਇਨ੍ਹਾਂ ਹਾਲਤਾਂ ਵਿਚ ਸੈਂਟਰਲ ਏਸ਼ੀਆ ਇੰਸਟੀਚਿਊਟ,



*ਗ੍ਰੇਗ ਮਾਰਟੈਨਸਨ ਦੀ ਕਿਤਾਬ 'ਸਟੋਨਜ਼ ਇਨਟੂ ਸਕੂਲਜ਼' ਦਾ ਮੁਖੜਾ।*

ਇਕ ਗੈਰ ਸਰਕਾਰੀ ਸੰਗਠਨ, ਵਲੋਂ ਇਨ੍ਹਾਂ ਇਲਾਕਿਆਂ ਵਿਚ 131 ਸਕੂਲ ਸਥਾਪਿਤ ਕੀਤੇ ਗਏ ਹਨ। ਇਨ੍ਹਾਂ ਸਕੂਲਾਂ ਵਿਚ ਲੜਕੀਆਂ ਦੇ ਦਾਖਲੇ ਅਤੇ ਪੜ੍ਹਾਈ ਨੂੰ ਯਕੀਨੀ ਬਣਾਇਆ ਗਿਆ ਹੈ। ਸੈਂਟਰਲ ਏਸ਼ੀਆ ਇੰਸਟੀਚਿਊਟ ਦੇ ਸੰਸਥਾਪਕ ਦੀ ਕਹਾਣੀ 1993 ਤੋਂ ਸ਼ੁਰੂ ਹੁੰਦੀ ਹੈ। ਉਸ ਵਲੋਂ ਦੁਨੀਆਂ ਦੇ ਦੂਜੇ ਸਭ ਤੋਂ ਉੱਚੇ ਪਹਾੜ ਦੀ ਚੋਟੀ 'ਤੇ ਚੜ੍ਹਨ ਲਈ ਪਾਕਿਸਤਾਨ ਤੋਂ ਸਫ਼ਰ ਸ਼ੁਰੂ ਕੀਤਾ ਗਿਆ ਪਰ ਉਚਾਈ ਤੋਂ 2000 ਫੁੱਟ ਦੇ ਬੇਸ ਕੈਂਪ ਤੋਂ ਚੜ੍ਹਦੇ ਹੋਏ ਗਲੇਸ਼ੀਅਰ ਵਿਚ 13 ਮੀਲ ਤਾਈਂ ਭਟਕ ਗਿਆ ਅਤੇ ਇਕ ਪਿੰਡ ਜਿਸ ਦਾ ਨਾਮ ਕਾਰਫੇ ਸੀ ਉਸ ਵਿਚ ਪਹੁੰਚ ਗਿਆ। ਇਸ ਪਿੰਡ ਨੇ ਉਸ ਨੂੰ ਪਨਾਹ ਦਿੱਤੀ, ਚਾਹ ਪਿਲਾਈ, ਭੋਜਨ ਨਾਲ ਸੇਵਾ ਕੀਤੀ ਅਤੇ ਬਿਸਤਰੇ ਦਾ ਪ੍ਰਬੰਧ ਕੀਤਾ। ਇਹ ਪਿੰਡ ਬਹੁਤ ਪਛੜਿਆ ਹੋਇਆ ਸੀ ਜਿੱਥੇ ਹਰ ਤੀਸਰਾ ਬੱਚਾ ਇੱਕ ਸਾਲ ਦੀ ਉਮਰ ਤੋਂ ਪਹਿਲਾਂ ਹੀ ਮਰ ਜਾਂਦਾ ਸੀ। ਏਥੇ ਉਸ ਨੇ ਵੇਖਿਆ ਕਿ 82 ਬੱਚੇ ਬਾਹਰ ਬੈਠੇ ਅਧਿਆਪਕ ਤੋਂ ਬਗ਼ੈਰ ਸੋਟੀਆਂ ਨਾਲ ਮਿੱਟੀ 'ਤੇ ਸਬਕ ਸਿੱਖ ਰਹੇ ਸਨ। ਉਨ੍ਹਾਂ ਵਿਚ ਇਕ ਲੜਕੀ ਜਿਸ ਦਾ ਨਾਮ ਚੋਚੋ ਸੀ ਉਸ ਨੇ ਗ੍ਰੇਗ ਮਾਰਟੈਨਸਨ ਨੂੰ ਉਸ ਪਿੰਡ ਤੋਂ ਰੁਖ਼ਸਤ ਹੋਣ ਸਮੇਂ ਪ੍ਰਣ ਲਿਆ ਸੀ ਕਿ ਉਹ ਦੁਬਾਰਾ ਉਸ ਪਿੰਡ ਵਿਚ ਆ ਕੇ ਬੱਚਿਆਂ ਵਾਸਤੇ ਸਕੂਲ ਬਣਾਏਗਾ। ਇਸ ਪ੍ਰਣ ਨੂੰ ਪੂਰਾ ਕਰਨ ਵਾਸਤੇ ਮਾਰਟੈਨਸਨ ਨੇ ਅਮਰੀਕਾ ਦੇ ਬਰਕਲੇ ਸ਼ਹਿਰ ਜਿੱਥੇ ਉਹ ਨਰਸ ਦਾ ਕੰਮ ਕਰਦਾ ਸੀ ਆਪਣੀ ਕਾਰ, ਕਿਤਾਬਾਂ ਅਤੇ ਪਹਾੜਾਂ 'ਤੇ ਚੜ੍ਹਨ ਵਾਲਾ ਗੇਅਰ ਵੇਚ ਕੇ ਫੰਡ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿ ਕਾਰਫੇ ਪਿੰਡ ਵਿਚ ਬੱਚਿਆਂ ਵਾਸਤੇ ਸਕੂਲ ਖੋਲ੍ਹਿਆ ਜਾਵੇ। ਹੋਰ ਸਾਧਾਰਨ ਦਾਨੀ ਵਿਅਕਤੀਆਂ ਤੋਂ ਡਾਲਰ ਇਕੱਠੇ ਕਰ ਕੇ ਉਹ ਕਾਰਫੇ ਪਿੰਡ ਪਹੁੰਚ ਗਿਆ। ਇਸ ਕਾਰਜ ਵਾਸਤੇ ਉਸ ਨੇ ਪਿੰਡ ਦੇ ਸਿਆਣੇ ਬਜ਼ੁਰਗਾਂ ਨਾਲ ਰਾਬਤਾ ਬਣਾਇਆ ਅਤੇ ਉਨ੍ਹਾਂ ਦੀ ਮਦਦ ਨਾਲ ਪਿੰਡ ਦੇ ਮੌਲਵੀ ਦੀ ਇਜਾਜ਼ਤ ਲਈ ਤਾਂ ਕਿ ਸਕੂਲ ਬਣਨ 'ਤੇ ਲੜਕੀਆਂ ਨੂੰ ਇਸ ਵਿਚ ਦਾਖਲ ਕੀਤਾ ਜਾਵੇਗਾ। ਪਿੰਡ ਵਾਲਿਆਂ ਵਲੋਂ ਸਕੂਲ ਦੀ ਇਮਾਰਤ ਵਾਸਤੇ ਮੁਫ਼ਤ ਜ਼ਮੀਨ ਦਿੱਤੀ ਗਈ ਅਤੇ ਉਸਾਰੀ ਵਿਚ ਮੁਫ਼ਤ/ ਸਸਤੀ ਲੇਬਰ ਦਿੱਤੀ, ਪਹਾੜਾਂ ਦੇ ਪੱਥਰ ਇਮਾਰਤ ਵਾਸਤੇ ਕੱਟੇ ਅਤੇ ਸਕੂਲ ਬਣਾਉਣ ਲਈ ਸਾਜ਼ੋ ਸਾਮਾਨ, ਸੀਮੇਂਟ, ਸਰੀਆ ਦਰਵਾਜ਼ੇ, ਖਿੜਕੀਆਂ, ਕਾਪੀਆਂ ਕਿਤਾਬਾਂ ਅਤੇ ਅਧਿਆਪਕਾਂ ਨੂੰ ਤਨਖਾਹ ਦਾ ਇੰਤਜ਼ਾਮ ਸੈਂਟਰਲ ਏਸ਼ੀਆ ਇੰਸਟੀਚਿਊਟ ਵੱਲੋਂ ਕੀਤਾ ਗਿਆ। ਸਕੂਲ ਦੀਆਂ ਇਮਾਰਤਾਂ ਭੂਚਾਲ ਪਰੂਫ ਬਣਾਈਆਂ ਗਈਆਂ ਹਨ। ਅਧਿਆਪਕਾਂ ਦਾ ਪ੍ਰਬੰਧ ਉਨ੍ਹਾਂ ਇਲਾਕਿਆਂ ਵਿਚੋਂ ਹੀ ਕੀਤਾ ਗਿਆ ਸੀ। ਸਕੂਲ ਬਣਨ ਨਾਲ ਲੜਕੀਆਂ ਦੀ ਪੜ੍ਹਾਈ ਦੀ ਖ਼ਬਰ ਲਾਗਲੇ ਪਿੰਡਾਂ ਵਿਚ ਫੈਲ ਗਈ ਅਤੇ ਲੋਕਾਂ ਵਲੋਂ ਉਸ ਨੂੰ ਹੋਰ ਪਿੰਡਾਂ ਵਿਚ ਸਕੂਲ ਖੋਲ੍ਹਣ ਦੀ ਮੰਗ ਕੀਤੀ ਜਾਣ ਲੱਗ ਪਈ। ਇਸ ਲਈ ਸੈਂਟਰਲ ਏਸ਼ੀਆ ਇੰਸਟੀਚਿਊਟ ਵੱਲੋਂ ਫੰਡ ਇਕੱਠੇ ਕਰਨ ਵਾਸਤੇ ਇਸ ਦੇ ਸੰਸਥਾਪਕ ਵਲੋਂ ਅਮਰੀਕਾ ਦੇ ਕਈ ਸ਼ਹਿਰਾਂ ਵਿਚ ਲੋਕਾਂ ਨੂੰ ਅਪੀਲ ਕੀਤੀ ਗਈ ਅਤੇ ਕਈ ਥਾਈਂ ਲੈਕਚਰ ਦੇਣੇ ਪੈਂਦੇ ਸਨ। ਜਦੋਂ ਇਹ ਵਰਤਾਰਾ ਵਧਣਾ ਸ਼ੁਰੂ ਹੋਇਆ ਤਾਂ ਕੁਝ ਪੁਰਾਣੇ ਸਮੇਂ ਦੇ ਲੜਾਕੂ ਮੁਜਾਹਦੀਨ ਵਰਕਰਾਂ ਨੇ ਉਸ ਦੇ ਕੰਮ ਨੂੰ ਸ਼ਲਾਘਾਯੋਗ ਸਮਝਿਆ ਅਤੇ ਇਸ ਕੰਮ ਵਿਚ ਉਸ ਨਾਲ ਸ਼ਾਮਲ ਹੋਣ ਲੱਗ ਪਏ। ਪਰ ਦੂਜੇ ਪਾਸੇ ਕੁਝ ਤਾਲਿਬਾਨ ਹਥਿਆਰਬੰਦ ਲੜਾਕੂਆਂ ਨੂੰ ਇਹ ਗੱਲ ਠੀਕ ਨਹੀਂ ਸੀ ਲੱਗੀ। ਉਨ੍ਹਾਂ ਵਲੋਂ ਇਸ ਦਾ ਵਿਰੋਧ ਕੀਤਾ ਗਿਆ ਸੀ। ਇਸ ਵਿਰੋਧ ਨੂੰ ਪਿੰਡਾਂ ਦੇ ਬਜ਼ੁਰਗਾਂ ਅਤੇ ਸਤਿਕਾਰਯੋਗ ਲੋਕਾਂ ਵਲੋਂ ਸਿਆਣਪ ਨਾਲ ਨਜਿੱਠਿਆ ਗਿਆ ਅਤੇ ਸਕੂਲ ਦੀ ਇਮਾਰਤ ਦੀ ਸੁਰੱਖਿਆ ਦਾ ਇੰਤਜ਼ਾਮ ਕੀਤਾ ਗਿਆ ਅਤੇ ਨਾਲ ਹੀ ਅਧਿਆਪਕਾਂ ਨੂੰ ਕਿਸੇ ਕਿਸਮ ਦੀਆਂ ਧਮਕੀਆਂ ਤੋਂ ਬਚਾਇਆ ਗਿਆ। ਕਿਉਂਕਿ ਉਸ ਸਮੇਂ ਅਮਰੀਕੀ ਸੈਨਿਕਾਂ ਵੱਲੋਂ ਅਫਗਾਨਿਸਤਾਨ ਦੇ ਕਈ ਸ਼ਹਿਰਾਂ ਅਤੇ ਪਿੰਡਾਂ ਵਿਚ ਬੰਬਾਰੀ ਕੀਤੀ ਜਾ ਰਹੀ ਸੀ ਇਕ ਅਮਰੀਕਨ ਸ਼ਹਿਰੀ ਵਲੋਂ ਵਿਦਿਆ ਦੇ ਪਸਾਰ ਅਤੇ ਖਾਸ ਕਰਕੇ ਲੜਕੀਆਂ ਦੀ ਪੜ੍ਹਾਈ ਦੇ ਪਸਾਰੇ ਚਲਾਉਣ ਦੇ ਕੰਮ ਨੂੰ ਸ਼ਲਾਘਾਯੋਗ ਬਣਾਉਣ ਵਿਚ ਪਿੰਡਾਂ ਦੇ ਬਜ਼ੁਰਗਾਂ ਅਤੇ ਸਤਿਕਾਰਯੋਗ ਲੋਕਾਂ ਦਾ ਬਹੁਤ ਮਹੱਤਵਪੂਰਨ ਯੋਗਦਾਨ ਰਿਹਾ ਹੈ।

ਇਸ ਤੋਂ ਇਲਾਵਾ ਗ੍ਰੇਗ ਮਾਰਟੈਨਸਨ ਦਾ ਪਿਛੋਕੜ ਵੀ ਉਸ ਵਾਸਤੇ ਸਹਾਈ ਹੋਇਆ। ਉਸ ਦੇ ਪਿਤਾ ਸਮਾਜ ਸੇਵੀ ਸਨ ਅਤੇ ਉਨ੍ਹਾਂ ਅਫਰੀਕਾ ਵਿਚ ਇਕ ਮੈਡੀਕਲ ਕਾਲਜ ਬਣਾਇਆ ਅਤੇ ਲੋਕਲ ਡਾਕਟਰਾਂ ਦੀ ਟੀਮ ਤਿਆਰ ਕਰ ਕੇ ਕਾਲਜ ਉਨ੍ਹਾਂ ਦੇ ਹਵਾਲੇ ਕੀਤਾ ਸੀ। ਗ੍ਰੇਗ ਨੂੰ ਵਿਰਾਸਤ ਵਿਚ ਸਮਾਜ ਸੇਵਾ ਮਿਲੀ ਸੀ। ਇਸ ਕਰਕੇ ਉਸ 'ਤੇ ਅਮਰੀਕਾ ਦੇ ਏਜੰਟ ਹੋਣ ਦਾ ਲੇਬਲ ਨਹੀਂ ਲੱਗ ਸਕਿਆ। ਇਸ ਕੰਮ ਦੀ ਸਾਰਥਿਕਤਾ ਨੂੰ ਵੇਖਣ ਤੋਂ ਬਾਅਦ 2008 ਦੇ ਆਸਪਾਸ ਅਮਰੀਕਨ ਫੌਜੀ ਅਧਿਕਾਰੀਆਂ ਵੱਲੋਂ ਵੀ ਇਸ ਕਾਰਜ ਦੀ ਸ਼ਲਾਘਾ ਕੀਤੀ ਗਈ ਭਾਵੇਂ ਉਨ੍ਹਾਂ ਵੱਲੋਂ ਕੋਈ ਮਦਦ ਨਹੀਂ ਕੀਤੀ ਗਈ। ਜਿਨ੍ਹਾਂ ਪਿੰਡਾਂ ਵਿਚ ਸਕੂਲ ਖੋਲ੍ਹੇ ਗਏ ਉਨ੍ਹਾਂ ਵਿਚ ਪੜ੍ਹ ਕੇ ਕਈ ਲੜਕੀਆਂ ਪੈਰਾ-ਮੈਡੀਕਲ ਵਰਕਰ ਅਤੇ ਕੁਝ ਅਧਿਆਪਕ ਬਣ ਗਈਆਂ। ਇਨ੍ਹਾਂ ਪਿੰਡਾਂ ਵਿਚ ਬੱਚੇ ਦੇ ਜਣੇਪੇ ਤੇ ਔਰਤਾਂ ਅਤੇ ਛੋਟੇ ਬੱਚਿਆਂ ਦੀਆਂ ਮੌਤਾਂ ਦੀ ਦਰ ਘਟ ਗਈ ਅਤੇ ਜਨਮ ਦਰ ਵੀ ਘਟਣ ਲੱਗ ਪਈ। ਵਿਦਿਆ ਅਤੇ ਖਾਸ ਕਰਕੇ ਲੜਕੀਆਂ ਦੀ ਵਿਦਿਆ ਨੂੰ ਉਤਸ਼ਾਹ ਮਿਲਿਆ ਅਤੇ ਔਰਤਾਂ ਦੇ ਸ਼ਕਤੀਕਰਨ ਨੂੰ ਪ੍ਰੇਰਨਾ ਮਿਲੀ। ਲੋਕਾਂ ਦੇ ਸਹਿਯੋਗ ਨਾਲ ਗੈਰ-ਸਰਕਾਰੀ ਸੰਸਥਾ ਉਨ੍ਹਾਂ ਥਾਵਾਂ 'ਤੇ ਸਕੂਲ ਸਥਾਪਿਤ ਕਰਨ ਅਤੇ ਲੋਕਾਂ ਨੂੰ ਜਾਗਰੂਕ ਕਰਨ ਵਿਚ ਕਾਮਯਾਬ ਹੋ ਗਈ ਜਿੱਥੇ ਸਰਕਾਰਾਂ ਨਹੀਂ ਪਹੁੰਚ ਸਕੀਆਂ ਸਨ।

ਇਹ ਕਿਤਾਬ ਪੜ੍ਹਦਿਆਂ ਖਿਆਲ ਆਉਂਦਾ ਹੈ ਕਿ ਭਾਰਤ ਦੇ ਪੰਜਾਬ ਦੇ ਹਾਲਾਤ ਅਫ਼ਗਾਨਿਸਤਾਨ ਅਤੇ ਕਬਾਇਲੀ ਪਾਕਿਸਤਾਨੀ ਇਲਾਕਿਆਂ ਨਾਲੋਂ ਕਾਫ਼ੀ ਬਿਹਤਰ ਹਨ। ਇਥੇ ਸਮਾਜਿਕ ਲਹਿਰ ਬਹੁਤ ਸਰਗਰਮ ਹੈ। ਕਿਸਾਨ ਲਹਿਰ ਨੇ ਤਾਂ ਦੇਸ਼ ਭਰ ਦੇ ਕਿਸਾਨਾਂ ਨੂੰ ਜਗਾਇਆ ਅਤੇ ਤਿੰਨ ਖੇਤੀ ਕਾਨੂੰਨ ਵਾਪਸ ਕਰਨ ਵਾਸਤੇ ਕੇਂਦਰ ਸਰਕਾਰ ਨੂੰ ਮਜਬੂਰ ਕਰ ਦਿੱਤਾ। ਮੱਧ ਵਰਗ ਦੇ ਮੁਲਾਜ਼ਮ ਵੀ ਕਾਫ਼ੀ ਜਥੇਬੰਦ ਹਨ। ਕੀ ਪੰਜਾਬ ਦੀ ਸਮਾਜਿਕ ਲਹਿਰ ਕੋਈ ਪਹਿਲਕਦਮੀ ਕਰ ਕੇ ਸੂਬੇ ਦੇ ਸਰਕਾਰੀ ਸਕੂਲਾਂ ਅਤੇ ਮੁਢਲੀ ਸਿਹਤ ਨੂੰ ਪਿੰਡਾਂ ਦੇ ਸੂਝਵਾਨ ਅਤੇ ਪ੍ਰਭਾਵਸ਼ਾਲੀ ਵਿਅਕਤੀਆਂ ਨੂੰ ਨਾਲ ਲੈ ਕੇ ਬਿਹਤਰ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਸਕਦੀ ਹੈ? ਕੀ ਪੰਜਾਬ ਦੇ ਖੇਤੀ ਅਰਥਚਾਰੇ ਨੂੰ ਸਹਿਕਾਰੀ ਲੀਹਾਂ 'ਤੇ ਤੋਰਨ ਵਾਸਤੇ ਸਮਾਜਿਕ ਲਹਿਰ ਪਹਿਲਕਦਮੀ ਕਰ ਕੇ ਇਸ ਨੂੰ ਲਾਹੇਵੰਦ ਬਣਾ ਸਕਦੀ ਹੈ? ਕੀ ਕਿਸਾਨ ਅੰਦੋਲਨ ਵਲੋਂ ਪੈਦਾ ਕੀਤੀ ਆਪਸੀ ਸਾਂਝ ਨੂੰ ਇਸ ਤੋਂ ਅਗਲੇ ਪੜਾਅ ਵਲ ਨਹੀਂ ਲਿਜਾਇਆ ਜਾ ਸਕਦਾ? ਸਮਾਜਿਕ ਲਹਿਰ ਵਾਤਾਵਰਨ ਬਚਾਉਣ ਵਿਚ ਕਿਵੇਂ ਮਦਦਗਾਰ ਹੋ ਸਕਦੀ ਹੈ? ਇਹ ਮੁੱਦੇ ਵਿਚਾਰ ਚਰਚਾ ਦੀ ਮੰਗ ਕਰਦੇ ਹਨ। ਇਨ੍ਹਾਂ ਦੇ ਜਵਾਬ ਸਮਾਜਿਕ ਲਹਿਰ ਰਾਹੀਂ ਆਰਥਿਕ ਸੰਕਟ ਅਤੇ ਸਮਾਜਿਕ ਨਿਰਾਸ਼ਾ ਵਿਚੋਂ ਲੋਕਾਂ ਨੂੰ ਬਾਹਰ ਕੱਢਣ ਲਈ ਸਹਾਈ ਹੋ ਸਕਦੇ ਹਨ। ਕਿਉਂਕਿ ਸਿਆਸੀ ਆਗੂਆਂ ਵੱਲੋਂ ਲਗਾਤਾਰ ਸੂਬੇ ਨੂੰ ਕਈ ਦਹਾਕਿਆਂ ਤੋਂ ਦਲਦਲ ਵਿਚ ਫਸਾਇਆ ਗਿਆ ਹੈ ਇਸ ਲਈ ਸਮਾਜਿਕ ਲਹਿਰ ਨੂੰ ਜ਼ਿਆਦਾ ਜ਼ਿੰਮੇਵਾਰੀ ਦਿਖਾਉਂਦੇ ਹੋਏ ਪੰਜਾਬ ਅਤੇ ਲੋਕਾਂ ਦੀ ਬਾਂਹ ਫੜਨੀ ਪਵੇਗੀ। ਇਸ ਮੌਕੇ ਸਮਾਜਿਕ ਲਹਿਰ ਅਤੇ ਖਾਸ ਕਰਕੇ ਕਿਸਾਨੀ ਲਹਿਰ ਨੂੰ ਸੰਭਾਲਣ ਦੀ ਜ਼ਰੂਰਤ ਹੈ। ਇਹੀ ਤਰੀਕਾ ਸਿਆਸੀ ਲੀਡਰਸ਼ਿਪ ਨੂੰ ਉਸਾਰੂ ਕੰਮਾਂ ਵਲ ਮੋੜਨ ਲਈ ਸਹਾਈ ਹੋ ਸਕਦਾ ਹੈ।

# ਹਰਭਜਨ ਸਿੰਘ ਹੁੰਦਲ ਨੂੰ ਯਾਦ ਕਰਦਿਆਂ...


ਵਰਿਆਮ ਸਿੰਘ ਸੰਧੂ

ਹਰਭਜਨ ਸਿੰਘ ਹੁੰਦਲ ਸੱਚੇ-ਸੁੱਚੇ ਪੰਜਾਬੀ ਦਾ ਪ੍ਰਤੀਨਿਧ ਨਮੂਨਾ ਸੀ। ਉਹਦੀ ਆਵਾਜ਼ ਦਾ ਗੜ੍ਹਕਾ ਤੇ ਗੂੰਜ ਮੈਨੂੰ ਆਪਣੇ ਕਿਸੇ ਖ਼ਾਨਦਾਨੀ ਵਡੇਰੇ ਦੀ ਯਾਦ ਦਿਵਾਉਂਦੇ।

ਜਦੋਂ ਉਹ ਬੋਲਦਾ ਤਾਂ ਕਦੀ ਕਦੀ ਮੈਨੂੰ ਲੱਗਦਾ ਜਿਵੇਂ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਉਜਾੜ' ਦਾ ਬਾਬਾ ਆਲਾ ਸਿੰਘ ਬੋਲ ਰਿਹਾ ਹੋਵੇ। ਪਰ ਉਹਦੀ ਇੱਕ ਗੱਲ ਵੱਖਰੀ ਸੀ ਕਿ ਉਹ ਆਲਾ ਸਿੰਘ ਵਾਂਗ ਇਹ ਜਾਨਣ ਦੇ ਬਾਵਜੂਦ ਕਿ 'ਹੁਣ ਤਾਂ ਪਿੰਡ ਖੱਚ ਹੋ ਗਿਆ ਹੈ!'', ਪਿੰਡ ਨਾਲ ਆਪਣੇ ਮੋਹ ਨੂੰ ਤਿਆਗ ਨਾ ਸਕਿਆ।

ਉਹ ਪੰਜਾਬ ਦੇ ਪਿੰਡ ਨੂੰ ਹੀ ਨਹੀਂ ਪੰਜਾਬੀ ਬੰਦੇ ਨੂੰ "ਖੱਚ ਹੋਣੋਂ" ਬਚਾਉਣ ਲਈ ਲਿਖਤ ਅਤੇ ਅਮਲ ਦੇ ਮੈਦਾਨ ਵਿਚ ਉਮਰ ਭਰ ਜੂਝਿਆ। ਉਹਦੀ ਸਵੈ-ਜੀਵਨੀ ਪੜ੍ਹਦਿਆਂ ਪੰਜਾਬ ਦੀ ਸੰਘਰਸ਼ਸ਼ੀਲ ਆਤਮਾ ਦੇ ਸਹਿਜ ਦੀਦਾਰ ਹੋ ਜਾਂਦੇ ਨੇ। ਉਹਦੀ ਕਵਿਤਾ ਲੋਕਾਂ ਦੇ ਸੁਪਨੇ ਤੇ ਸੰਘਰਸ਼ ਦੀ ਤਰਜਮਾਨੀ ਹੈ।

'ਗ਼ਦਰੀ ਬਾਬਿਆਂ ਦੇ ਮੇਲੇ' 'ਤੇ ਕਵੀ ਦਰਬਾਰ ਦਾ ਸੰਚਾਲਨ ਕਰਦਿਆਂ ਮੈਂ ਹਰਭਜਨ ਸਿੰਘ ਹੁੰਦਲ ਨੂੰ ਬੋਲਣ ਲਈ ਮੰਚ 'ਤੇ ਆਉਣ ਦਾ ਸੱਦਾ ਦੇਣ ਸਮੇਂ ਕਿਹਾ, "ਹੁੰਦਲ ਸਾਹਿਬ ਦੀ ਕਮਜ਼ੋਰ ਸਿਹਤ ਤੇ ਝੁਕ ਗਏ ਮੋਢਿਆਂ



ਵੱਲ ਵੇਖ ਕੇ ਦੁਸ਼ਿਅੰਤ ਕੁਮਾਰ ਦਾ ਸ਼ਿਅਰ ਮੇਰੇ ਚੇਤੇ ਵਿਚ ਲਿਸ਼ਕ ਆਇਆ ਹੈ"

"ਯਹ ਜਿਸਮ ਬੋਝ ਸੇ ਝੁਕ ਕਰ ਦੁਹਰਾ ਹੂਆ ਹੋਗਾ!"

"ਮੈਂ ਸਜਦੇ ਮੇਂ ਨਹੀਂ ਥਾ, ਆਪ ਕੋ ਧੋਖਾ ਹੂਆ ਹੋਗਾ!"

ਹੁੰਦਲ ਨੇ ਸਾਰੀ ਉਮਰ ਲੋਕ-ਫ਼ਿਕਰਾਂ ਦੀ ਪੰਡ ਆਪਣੇ ਸਿਰ 'ਤੇ ਚੁੱਕੀ ਰੱਖੀ ਤੇ ਆਪਣੀ ਚਾਲੇ ਹੌਲੀ-ਹੌਲੀ ਅੱਗੇ ਵਧਦਾ ਗਿਆ। ਤੁਰਦਾ ਗਿਆ। ਥੱਕਿਆ ਨਹੀਂ, ਰੁਕਿਆ ਨਹੀਂ। 'ਵਸਲੋਂ ਉਰੇ ਮੁਕਾਮ ਨਾ ਕੋਈ' ਦਾ ਦ੍ਰਿੜ੍ਹ ਸੰਕਲਪ ਕਰ ਕੇ ਲਗਾਤਾਰ ਵਹਿੰਦਾ ਗਿਆ।

ਹੁੰਦਲ ਵਾਂਗ ਆਪਣੇ ਵਿਚਾਰਾਂ 'ਤੇ ਉਮਰ ਭਰ ਸੁਦ੍ਰਿੜ੍ਹ ਰਹਿਣਾ, ਸਥਾਪਤੀ ਦਾ ਜ਼ੁਲਮ ਖਿੜੇ ਮੱਥੇ ਸਹਿਣਾ ਅਤੇ ਆਪਣੀ ਰੀੜ੍ਹ ਦੀ ਹੱਡੀ ਤੇ ਧੌਣ ਸਿੱਧੀ ਰੱਖ ਸਕਣਾ ਕਿੰਨੇ ਕੁ ਲੇਖਕਾਂ ਦਾ ਮਾਣ ਬਣ ਸਕਿਆ ਹੈ!

ਅੱਜ ਜੇ ਉਹ ਉੱਠ ਸਕਦਾ ਹੋਵੇ ਤਾਂ ਆਪਣੇ ਮਖ਼ਸੂਸ ਅੰਦਾਜ਼ ਵਿਚ ਜ਼ਰੂਰ ਆਖੇ, "ਓ ਭਾਈ! ਉਮਰ ਨਾਲ ਸਭ ਨੇ ਜਾਣਾ ਹੀ ਹੁੰਦਾ। ਮੈਂ ਵੀ ਜਾਣਾ ਹੀ ਸੀ। ਏਡੀ ਕੀ ਅਲੋਕਾਰੀ ਗੱਲ ਹੋ ਗਈ। ਠੀਕ ਏ ਤੁਸੀਂ ਸ਼ਰਧਾਂਜਲੀਆਂ ਦੇ ਲਈਆਂ। ਆਪਣਾ ਫ਼ਰਜ਼ ਨਿਭਾਅ ਲਿਆ। ਹੁਣ ਆਪੋ-ਆਪਣੇ ਕੰਮੀ-ਕਾਰੀਂ ਲੱਗੋ। ਅੱਗੇ ਵੇਖੋ। ਅੱਗੇ ਵਧੋ!"

ਜ਼ਿੰਦਾਬਾਦ ਵੱਡੇ ਭਾਊ ਹੁੰਦਲ ਸਾਹਿਬ!

# ਨਵਾਂ ਆਰਥਿਕ ਪ੍ਰਬੰਧ ਅਤੇ ਭਾਰਤ ਦੀ ਮਜ਼ਦੂਰ ਲਹਿਰ

ਭਾਰਤ ਅੰਦਰ ਨੱਬੇਵਿਆਂ ਵਿਚ ਸ਼ੁਰੂ ਹੋਈਆਂ ਨਵੀਆਂ ਆਰਥਿਕ ਨੀਤੀਆਂ ਆਪਣੇ ਤੱਤ ਵਿਚ ਨਵੀਆਂ ਨਹੀਂ ਸਨ, ਸਗੋਂ ਪੂੰਜੀ ਦੇ ਬੱਝਵੇਂ ਹਮਲੇ ਨੂੰ ਪ੍ਰਤੀਬਿੰਬਤ ਕਰਦੀਆਂ ਸਨ। ਸੰਸਾਰੀਕਰਨ ਦਾ ਢੰਭ ਪੂੰਜੀ ਦੇ ਸੁਭਾਅ ਦੀ ਪਰਦਾਪੋਸ਼ੀ ਕਰਨ ਲਈ ਕੀਤਾ ਗਿਆ ਸੀ। ਪੂੰਜੀ ਤਾਂ ਆਪਣੇ ਬੁਨਿਆਦੀ ਚਰਿੱਤਰ ਵਜੋਂ ਹੀ ਸੰਸਾਰੀਕਰਨ ਦੀ ਹਮਾਇਤੀ ਹੁੰਦੀ ਹੈ, ਜਿਹੜੀ ਹਮੇਸ਼ਾ ਹੀ ਨਵੀਆਂ



ਮੰਡੀਆਂ ਦੀ ਤਲਾਸ਼ ਵਿਚ ਇਕ ਤੋਂ ਦੂਜੀ ਥਾਂ ਗੇੜੇ ਕੱਢਦੀ ਰਹਿੰਦੀ ਹੈ। ਫਰਕ ਸਿਰਫ ਇਹ ਪਿਆ ਕਿ ਵਿਕਸਤ ਸਾਮਰਾਜੀ ਦੇਸ਼ਾਂ ਨੇ

**ਕਰਮ ਬਰਸਟ**
**ਫੋਨ: +91-94170-73831**

ਆਪਣੇ ਅੰਦਰੂਨੀ ਵਿਰੋਧਾਂ ਨੂੰ ਵਕਤੀ ਤੌਰ 'ਤੇ ਕੰਟਰੋਲ ਕਰ ਕੇ ਵਿਸ਼ਵ ਵਪਾਰ ਸੰਗਠਨ ਦੇ ਨਵੇਂ ਨਿਜ਼ਾਮ ਤਹਿਤ, ਤੀਜੀ ਦੁਨੀਆਂ ਦੇ ਮੁਲਕਾਂ ਉਪਰ ਇਕ ਜਤੁੱਤ ਹਮਲਾ ਵਿੱਢ ਦਿੱਤਾ ਸੀ। ਭਾਰਤ ਅਜਿਹੇ ਵਿੱਤੀ ਹਮਲੇ ਦੀ ਮਾਰ ਹੇਠਾਂ ਆਇਆ ਦੂਜਾ ਸਭ ਤੋਂ ਵੱਡਾ ਮੁਲਕ ਹੈ। ਸਾਡੇ ਦੇਸ਼ ਦੇ ਹਾਕਮ ਪੂੰਜੀ ਦੇ ਇਸ ਹਮਲੇ ਉਪਰ ਪਰਦਾਪੋਸ਼ੀ ਕਰਦੇ ਰਹਿੰਦੇ ਹਨ। ਪ੍ਰਧਾਨ ਮੰਤਰੀ ਨੇ ਤਾਂ ਬੀਤੇ ਦਿਨਾਂ ਵਿਚ ਹੀ ਵੱਡੇ ਪੂੰਜੀਪਤੀਆਂ ਨੂੰ ਗਰੀਬਾਂ ਦਾ ਖਿਆਲ ਰੱਖਣ ਦੀ ਬੇਨਤੀ ਵੀ ਕਰ ਮਾਰੀ ਹੈ, ਕਿ ਆਪਣੀ ਯੂਨੀਅਨ ਬਣਾ ਕੇ ਜਨਤਾ ਦੀ ਲੁੱਟ ਨਾ ਕੀਤੀ ਜਾਵੇ ਅਤੇ ਸਰਬਪੱਖੀ ਵਿਕਾਸ ਦਾ ਧਿਆਨ ਰੱਖਿਆ ਜਾਵੇ। ਇਹ ਕਿਸੇ ਜੰਗਲੀ ਸ਼ੇਰ ਨੂੰ ਸ਼ਿਕਾਰ ਨਾ ਕਰਨ ਵਰਗੀ ਸਲਾਹ ਹੈ।

ਸਰਮਾਏਦਾਰੀ ਜਮਾਤ ਨੇ ਜਗੀਰਦਾਰੀ ਪ੍ਰਬੰਧ ਨੂੰ ਖਤਮ ਕਰ ਕੇ ਸਤਾਰਵੀਂ ਅਤੇ ਅਠਾਰਵੀਂ ਸਦੀ ਵਿਚ ਪੂੰਜੀਵਾਦੀ ਇਨਕਲਾਬ ਕੀਤਾ ਸੀ ਅਤੇ ਪੈਦਾਵਾਰੀ ਸ਼ਕਤੀਆਂ ਦੀਆਂ ਬੇੜੀਆਂ ਨੂੰ ਖੋਲ੍ਹ ਕੇ, ਵਿਕਾਸ ਦਾ ਕਾਰਜ ਆਰੰਭ ਕੀਤਾ ਸੀ, ਹੁਣ ਅਜਾਰੇਦਾਰਾ ਸਰਮਾਏਦਾਰੀ ਵਿਚ ਪਲਟ ਕੇ ਉਨ੍ਹਾਂ ਹੀ ਮਜ਼ਦੂਰਾਂ ਅਤੇ ਹੋਰ ਮਿਹਨਤਕਸ਼ ਤਬਕਿਆਂ ਦੀ ਲੁੱਟ ਅਤੇ ਜਬਰ ਦਾ ਮੁੱਖ ਸੰਦ ਬਣ ਚੁੱਕੀ ਹੈ। ਮਜ਼ਦੂਰ ਵਰਗ ਨੂੰ ਸਵੈ ਇੱਛਤ ਗੁਲਾਮੀ ਵਿਚ ਧੱਕ ਦਿੱਤਾ ਗਿਆ ਹੈ। ਪੂੰਜੀਪਤੀਆਂ ਕੋਲ ਆਪਣੇ ਮੁਨਾਫੇ ਦੇ ਅੰਬਾਰਾਂ ਨੂੰ ਉੱਚੇ ਕਰਨ ਦਾ ਇਕੋ ਹੀ ਰਾਹ ਹੁੰਦਾ ਹੈ, ਮਜ਼ਦੂਰਾਂ ਕੋਲੋਂ ਵੱਧ ਤੋਂ ਵੱਧ ਘੰਟੇ ਕੰਮ ਲੈਣਾ ਅਤੇ ਘੱਟ ਤੋਂ ਘੱਟ ਉਜਰਤਾਂ ਦੇਣਾ। ਇਸ ਲਈ ਕੰਮ ਦੇ ਘੰਟੇ ਘਟਾਉਣ ਦੀ ਲੜਾਈ, ਜੋ ਸਿੱਧੇ ਤੌਰ 'ਤੇ ਸਰਮਾਏਦਾਰੀ ਵਰਗ ਦੇ ਮੁਨਾਫਿਆਂ ਨੂੰ ਘੱਟ ਕਰਨ ਲਈ ਮੁੱਢਲੀ ਕੜੀ ਹੈ, ਨੂੰ ਜਿੱਤਣਾ, ਮਜ਼ਦੂਰ ਵਰਗ ਵੱਲੋਂ ਲੁੱਟ ਦੇ ਖ਼ਿਲਾਫ ਜਿੱਤੀ ਜਾਣ ਵਾਲੀ ਪਹਿਲੀ ਲੜਾਈ ਹੁੰਦੀ ਹੈ। ਇਹ ਲੜਾਈ ਮਜ਼ਦੂਰ ਜਮਾਤ ਲਈ ਜ਼ਿੰਦਗੀ ਮੌਤ ਦਾ ਸਵਾਲ ਹੈ ਅਤੇ ਇਸ ਵਿਚ ਜਿੱਤ ਹਾਸਲ ਕਰਨਾ ਸਰਮਾਏਦਾਰੀ ਪ੍ਰਬੰਧ 'ਤੇ ਪਹਿਲੀ ਬੱਜਰ ਸੱਟ ਮਾਰਨਾ ਹੁੰਦਾ ਹੈ। ਸਭ ਤੋਂ ਪਹਿਲਾਂ ਇਹ ਲੜਾਈ ਅਮਰੀਕੀ ਮਜ਼ਦੂਰਾਂ ਨੇ ਬੜੀ ਬਹਾਦਰੀ ਨਾਲ ਲੜੀ ਅਤੇ ਇਸ ਵਿਚ ਜਿੱਤ ਪ੍ਰਾਪਤ ਕੀਤੀ ਸੀ।

ਪਰੰਤੂ ਭਾਰਤ ਦੀ ਮਜ਼ਦੂਰ ਜਮਾਤ ਨੇ ਪੂੰਜੀ ਦੇ ਇਸ ਨਵੇਂ ਹਮਲੇ ਨੂੰ ਚੁਣੌਤੀ ਵਜੋਂ ਕਬੂਲਦਿਆਂ ਹੋਇਆਂ ਨਵੀਆਂ ਆਰਥਿਕ ਨੀਤੀਆਂ ਦਾ ਡੱਟ ਕੇ ਵਿਰੋਧ ਕਰਨ ਦਾ ਪੈਂਤੜਾ ਨਹੀਂ ਲਿਆ। ਠੋਸ ਪ੍ਰਤੀਰੋਧ ਦੀ ਅਣਹੋਂਦ ਸਦਕਾ ਹੀ ਭਾਰਤ ਸਰਕਾਰ ਨੇ ਵਿਸ਼ਵ ਵਪਾਰ ਸੰਗਠਨ, ਅੰਤਰਰਾਸ਼ਟਰੀ ਮੁਦਰਾ ਕੋਸ਼ ਅਤੇ ਸੰਸਾਰ ਬੈਂਕ ਵਲੋਂ ਲਾਈਆਂ ਸ਼ਰਤਾਂ ਨੂੰ ਗੋਡੇ ਟੇਕੂ ਢੰਗ ਨਾਲ ਮੰਨ ਕੇ ਮਿਹਨਤਕਸ਼ ਜਮਾਤਾਂ ਨੂੰ ਪਹਿਲਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਸਾਮਰਾਜੀ ਲੁੱਟ ਦਾ ਸ਼ਿਕਾਰ ਬਣਾ ਦਿੱਤਾ ਹੈ। ਹੁਣ ਕਿਸੇ ਵੀ ਸੈਕਟਰ ਵਿਚ ਪੱਕੇ ਰੁਜ਼ਗਾਰ ਦੀ ਬਜਾਏ ਠੇਕੇਦਾਰੀ ਸਿਸਟਮ ਵੱਡੀ ਪੱਧਰ 'ਤੇ ਲਾਗੂ ਹੋ ਚੁੱਕਿਆ ਹੈ। ਇਹ ਸਿਰਫ ਮਜ਼ਦੂਰ ਜਮਾਤ ਤੱਕ ਹੀ ਸੀਮਤ ਨਹੀਂ ਸਗੋਂ ਜੀਵਨ ਦਾ ਹਰ ਖੇਤਰ ਇਸ ਦੀ ਲਪੇਟ ਵਿਚ ਆ ਗਿਆ ਹੈ। ਨਵਾਂ ਰੁਜ਼ਗਾਰ ਪੈਦਾ ਕਰਨ ਦੀ ਥਾਂ ਤੇ ਲੁਭਾਉਣੀਆਂ ਸਕੀਮਾਂ ਤਹਿਤ ਸੇਵਾ ਮੁਕਤੀ ਜਾਂ ਨਵੀਆਂ ਉਤਪਾਦਕ ਤਕਨੀਕਾਂ ਅਪਣਾ ਕੇ ਮੌਜੂਦਾ ਮਜ਼ਦੂਰਾਂ ਦੀ ਛਾਂਟੀ ਕੀਤੀ ਜਾ ਰਹੀ ਹੈ। ਹੁਨਰੀ ਮਜ਼ਦੂਰਾਂ ਨੂੰ ਵੀ ਪੈਕਜਾਂ ਦੇ ਨਾਂ ਹੇਠਾਂ ਕੱਚੇ ਜਾਂ ਠੇਕੇਦਾਰੀ ਸਿਸਟਮ ਅਧੀਨ ਰੱਖਿਆ ਜਾ ਰਿਹਾ ਹੈ, ਜਿੱਥੇ ਸੁਰੱਖਿਆ ਦੀ ਕੋਈ ਗਰੰਟੀ ਨਹੀਂ ਹੈ।

ਬਿਨਾਂ ਕਿਸੇ ਰੋਕ ਟੋਕ ਤੋਂ ਨਵੀਆਂ ਆਰਥਿਕ ਨੀਤੀਆਂ ਦੇ ਲਾਗੂ ਹੋ ਜਾਣ ਨਾਲ ਬੇਰੁਜ਼ਗਾਰ, ਅਰਧ ਬੇਰੁਜ਼ਗਾਰ ਅਤੇ ਗੈਰ ਜਥੇਬੰਦਕ ਤੇ ਠੇਕੇਦਾਰੀ ਸਿਸਟਮ ਦਾ ਪ੍ਰਚਲਣ ਹੋ ਚੁੱਕਿਆ ਹੈ। ਭਾਰਤ ਦੀਆਂ ਹਾਕਮ ਜਮਾਤਾਂ ਕਿਰਤ ਸੁਧਾਰਾਂ ਦੇ ਪਰਦੇ ਹੇਠਾਂ ਮਜ਼ਦੂਰਾਂ ਕੋਲੋਂ ਹਰ ਕਿਸਮ ਦੇ ਜਮਹੂਰੀ ਹੱਕ ਖੋਹਣ ਲਈ ਤਿਆਰ ਬੈਠੀਆਂ ਹਨ। ਦੇਸ਼ ਦੀ ਅਖੌਤੀ ਨਿਰਪੱਖ ਨਿਆਂਪਾਲਿਕਾ ਮਜ਼ਦੂਰਾਂ ਮੁਲਾਜ਼ਮਾਂ ਵਿਰੋਧੀ ਫੈਸਲੇ ਦੇ ਰਹੀ ਹੈ। ਵਿਸ਼ੇਸ਼ ਆਰਥਿਕ ਜ਼ੋਨਾਂ ਦੀ ਸਥਾਪਨਾ ਕਰਕੇ ਦੇਸ਼ ਅੰਦਰ ਅਜਿਹੇ ਖਿੱਤੇ ਬਣਾਏ ਜਾ ਰਹੇ ਹਨ, ਜਿਨ੍ਹਾਂ ਵਿਚ ਮਜ਼ਦੂਰਾਂ ਲਈ ਉੱਕਾ ਹੀ ਕੋਈ ਜਮਹੂਰੀ ਹੱਕ ਨਹੀਂ ਹੋਣਗੇ। ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਵਿਚ ਰੱਖੋ ਅਤੇ ਕੱਢੋ (ਹਾਇਰ ਐਂਡ ਫਾਇਰ) ਦੀ ਨੀਤੀ ਪ੍ਰਵਾਨੀ ਜਾ ਚੁੱਕੀ ਹੈ। ਮਜ਼ਦੂਰ ਜਮਾਤ ਕੋਲੋਂ ਇਕ ਇਕ ਕਰ ਕੇ ਉਹ ਸਾਰੇ ਅਧਿਕਾਰ ਖੋਹੇ ਜਾ ਰਹੇ ਹਨ ਜੋ ਮਜ਼ਦੂਰ ਸੰਘਰਸ਼ਾਂ ਦੀ ਬਦੌਲਤ ਹਾਸਲ ਕੀਤੇ ਗਏ ਸਨ। ਦੁਨੀਆਂ ਦਾ ਇਤਿਹਾਸ ਦੱਸਦਾ ਹੈ ਕਿ ਹਾਕਮਾਂ ਦੀਆਂ ਇਨ੍ਹਾਂ ਲੋਕ ਵਿਰੋਧੀ ਨੀਤੀਆਂ ਦਾ ਮੁਕਾਬਲਾ ਸਿਰਫ ਤੇ ਸਿਰਫ ਮਜ਼ਦੂਰ ਜਮਾਤ ਹੀ ਜਥੇਬੰਦ ਹੋ ਕੇ ਕਰ ਸਕਦੀ ਹੈ।

ਨਿੱਜੀ ਸੰਪਤੀ ਉਪਰ ਉਸਰੇ ਸਮਾਜ ਅੰਦਰ ਅਮੀਰੀ ਅਤੇ ਗਰੀਬੀ ਵਿਚਕਾਰ ਹਮੇਸ਼ਾ ਹੀ ਪਾੜਾ ਰਿਹਾ ਹੈ। ਕਹਾਵਤ ਹੈ ਕਿ ਵੱਡੀ ਮੱਛੀ ਛੋਟੀ ਨੂੰ ਖਾ ਜਾਂਦੀ ਹੈ। ਪਰੰਤੂ ਮੌਜੂਦਾ ਦੌਰ ਵਿਚ ਅਮੀਰਾਂ ਅਤੇ ਗਰੀਬਾਂ ਵਿਚਕਾਰਲੀ ਖਾਈ ਜਿੰਨੀ ਤੇਜ਼ੀ ਨਾਲ



ਚੌੜੀ ਹੋ ਰਹੀ ਹੈ, ਇਸ ਦਾ ਕੋਈ ਹੱਦ ਬੰਨਾ ਨਹੀਂ ਰਿਹਾ। ਗੱਲ ਹੁਣ ਕਿਸੇ ਇਕ ਅਮੀਰ ਜਾਂ ਗਰੀਬ ਵਿਚਕਾਰ ਨਹੀਂ ਰਹੀ, ਬਲਕਿ ਸੂਚਨਾ ਤਕਨਾਲੋਜੀ ਦੇ ਬਾਦਸ਼ਾਹ ਬਿਲ ਗੇਟਸ ਵਰਗੇ ਕਿਸੇ ਇਕੱਲੇ ਅਮੀਰ ਅਤੇ ਪੂਰੇ ਦੇ ਪੂਰੇ ਦੇਸ਼ਾਂ ਵਿਚਕਾਰ ਹੋਣ ਲੱਗ ਪਈ ਹੈ। ਇਕੱਲੇ ਅਮਰੀਕਾ ਦੇ ਹੀ ਦਸ ਵੱਡੇ ਅਮੀਰਾਂ ਨੇ ਪਿਛਲੇ ਸਾਲ ਵਿਚ 318 ਬਿਲੀਅਨ ਡਾਲਰਾਂ ਦਾ ਮੁਨਾਫਾ ਕਮਾਇਆ ਹੈ, ਜਿਹੜਾ ਭਾਰਤ ਦੀ ਕੌਮੀ ਮਾਲੀ ਆਮਦਨ ਦਾ 70 ਫੀਸਦੀ ਬਣਦਾ ਹੈ। ਅਮਰੀਕਾ ਦੇ ਇਨ੍ਹਾਂ ਦਸ ਵੱਡੇ ਅਮੀਰਾਂ ਦੀ ਜੁੜਵੀਂ ਦੌਲਤ 6.95 ਟ੍ਰਿਲੀਅਨ ਡਾਲਰ (ਕਰੀਬ 576 ਲੱਖ ਕਰੋੜ ਰੁਪਏ) ਭਾਰਤ ਦੀ ਕੁੱਲ ਘਰੇਲੂ ਪੈਦਾਵਾਰ 264 ਲੱਖ ਕਰੋੜ ਤੋਂ 46 ਫੀਸਦੀ ਜ਼ਿਆਦਾ ਹੈ। ਇਸੇ ਤਰ੍ਹਾਂ ਸੰਸਾਰ ਦੇ 400 ਅਮੀਰਾਂ ਦੀ ਦੌਲਤ, ਸੱਠ ਦੇ ਕਰੀਬ ਗਰੀਬ ਦੇਸ਼ਾਂ ਦੀ ਸਮੁੱਚੀ ਕੌਮੀ ਦੌਲਤ ਦੇ ਬਰਾਬਰ ਹੈ। ਕਿਹਾ ਜਾਂਦਾ ਹੈ ਕਿ ਪਿਛਲੇ ਸਾਲ ਗੌਤਮ ਅਡਾਨੀ ਨੇ 2473 ਕਰੋੜ ਰੁਪਏ ਦਾ ਸ਼ੁੱਧ ਮੁਨਾਫਾ ਕਮਾਇਆ ਹੈ ਭਾਵ ਉਸ ਦੇ ਇਕ ਸਾਲ ਦੇ ਮੁਨਾਫੇ ਨਾਲ ਭਾਰਤ ਦੇ ਸਮੁੱਚੇ 12 ਕਰੋੜ ਕਿਸਾਨ ਪਰਿਵਾਰਾਂ ਉਪਰੋਂ ਕਰਜ਼ੇ ਦੀ ਪੰਡ ਲਾਹੀ ਜਾ ਸਕਦੀ ਹੈ।

ਆਰਥਿਕ ਮਾਹਿਰਾਂ ਦਾ ਮੰਨਣਾ ਹੈ ਕਿ ਕੌਮਾਂਤਰੀ ਆਰਥਿਕ ਹਾਲਤ ਤੇਜ਼ੀ ਨਾਲ 1929.30 ਦੇ ਵੱਡੇ ਮੰਦਵਾੜੇ ਵੱਲ ਨੂੰ ਵਧ ਰਹੀ ਹੈ। ਇਸ ਦੇ ਉਲਟ ਵਿਸ਼ਵ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਜਿਹੀਆਂ ਵਿੱਤੀ ਸੰਸਥਾਵਾਂ ਉਪਰ ਕਾਬਜ਼ ਸ਼ਕਤੀਆਂ ਅਤੇ ਆਰਥਿਕ ਸੁਧਾਰਾਂ ਦੇ ਦੀਵਾਨੇ ਹੋਏ ਤੀਜੀ ਦੁਨੀਆਂ ਦੇ ਪਿਛਲੱਗ ਹਾਕਮ ਅੰਕੜਿਆਂ ਵਿਚ ਹੇਰ ਫੇਰ ਕਰ ਕੇ ਅਰਥਚਾਰੇ ਦੀ ਝੂਠੀ ਤਸਵੀਰ ਘੜਨ ਵਿਚ ਲੱਗੇ ਹੋਏ ਹਨ। ਜਨਤਾ ਨੂੰ ਫੋਕੇ ਦਿਲਾਸੇ ਦਿੱਤੇ ਜਾ ਰਹੇ ਹਨ ਕਿ ਐਤਕੀਂ ਵਿਕਾਸ ਦਰ ਜ਼ਰੂਰ ਹੀ ਦਸ ਫੀਸਦੀ ਦਾ ਟੀਚਾ ਹਾਸਲ ਕਰ ਲਵੇਗੀ। ਫਲਾਣੇ ਸੰਨ ਤੱਕ ਤਾਂ ਗਰੀਬੀ ਪੂਰੀ ਤਰ੍ਹਾਂ ਖਤਮ ਹੋ ਜਾਵੇਗੀ। ਢਿਮਕੇ ਸੰਨ ਤੱਕ ਬੇਕਾਰੀ ਅਨਪੜ੍ਹਤਾ ਅਤੇ ਬੀਮਾਰੀ ਦਾ ਨਾਂ ਨਿਸ਼ਾਨ ਤੱਕ ਵੀ ਨਹੀਂ ਰਹੇਗਾ। ਭਾਰਤ ਦੇ ਲੋਕ ਪਿਛਲੇ 76 ਸਾਲਾਂ ਤੋਂ ਹੀ ਇਹ ਵਾਅਦੇ, ਦਿਲਾਸੇ ਸੁਣਦੇ ਆ ਰਹੇ ਹਨ।

ਸਮਾਜਿਕ ਕਾਣੀ ਵੰਡ ਦੇ ਇਹ ਫੈਲਦੇ ਦਾਇਰੇ ਪੂਰੀ ਦੁਨੀਆਂ ਵਿਚ ਪਸਰ ਰਹੇ ਆਰਥਿਕ ਸੰਕਟ ਦਾ ਹੀ ਇਜ਼ਹਾਰ ਕਰਦੇ ਹਨ। ਅਜਾਰੇਦਾਰ ਸਰਮਾਏਦਾਰੀ ਦੇ ਦੌਰ ਵਿਚ ਇਹ ਸੰਕਟ ਭਿਆਨਕ ਰੂਪ ਧਾਰਨ ਕਰ ਲੈਂਦਾ ਹੈ। ਵੱਖ ਵੱਖ ਦੇਸ਼ਾਂ ਦੀਆਂ ਸਰਕਾਰਾਂ ਨੂੰ ਸਿਆਸਤਦਾਨ ਨਹੀਂ ਬਲਕਿ ਪਰਦੇ ਪਿੱਛੋਂ ਵੱਡੀਆਂ ਬਹੁਕੌਮੀ /ਪਰਾ ਕੌਮੀ ਕਾਰਪੋਰੇਸ਼ਨਾਂ ਦੇ ਮੁੱਖ ਪ੍ਰਬੰਧਕੀ ਅਫਸਰ ਚਲਾਉਣ ਲੱਗ ਜਾਂਦੇ ਹਨ। ਜੇਕਰ ਯੂਕਰੇਨ ਉਪਰ ਫੌਜੀ ਹਮਲਾ ਹੁੰਦਾ ਹੈ ਤਾਂ ਇਹ ਕਿਸੇ ਵਲਾਦੀਮੀਰ ਪੂਤਿਨ ਦੇ ਮਨ ਦੀ ਮੌਜ ਨਹੀਂ ਰਹਿ ਜਾਂਦੀ, ਸਗੋਂ ਮੁਨਾਫੇਖੋਰ ਤੇਲ ਕੰਪਨੀਆਂ ਦੀ ਲੋੜ ਬਣ ਜਾਂਦੀ ਹੈ। ਕਿਸੇ ਸੂਬੇ ਦਾ ਹਰਾ ਇਨਕਲਾਬ ਕਿਸਾਨਾਂ ਦੀ ਬਿਹਤਰੀ ਲਈ ਨਹੀਂ ਸਗੋਂ ਮੋਨਸੈਂਟੋ, ਕਾਰਗਿਲ, ਸੈਂਡੋਜ਼ ਆਦਿ ਵਰਗੀਆਂ ਐਗਰੋ ਬਿਜ਼ਨਸ ਕੰਪਨੀਆਂ ਦੇ ਸਨਅਤੀ ਮਾਲ ਦੀ ਖਪਤ ਲਈ ਲਿਆਂਦਾ ਜਾਂਦਾ ਹੈ। ਕਿਰਤ ਦੀ ਬੇਰਹਿਮ ਲੁੱਟ ਅਤੇ ਖੇਤੀ ਅਤੇ ਸਨਅਤ ਵਿਚਕਾਰਲੇ ਮਾਲ ਵਟਾਂਦਰੇ ਵਿਚਲੇ ਅਸਾਵੇਂਪਣ ਦਾ ਹੀ ਸਿੱਟਾ ਹੈ, ਕਿ ਖੇਤੀ ਵਿਚ ਲੱਗੀ ਕਿਰਤ ਸ਼ਕਤੀ ਆਪਣੇ ਜੀਵਨ ਨਿਰਵਾਹ ਤੋਂ ਹੀ ਆਤੁਰ ਹੋ ਰਹੀ ਹੈ।

ਸੰਸਾਰੀਕਰਨ ਨੇ ਗਰੀਬਾਂ ਅਤੇ ਅਮੀਰਾਂ ਵਿਚਾਲੇ ਪਾੜੇ ਨੂੰ ਇਸ ਕਦਰ ਵਧਾ ਦਿੱਤਾ ਹੈ ਕਿ ਮੇਲਿਆ ਨਹੀਂ ਜਾ ਸਕਦਾ। ਕੀ ਕੋਈ ਸੋਚ ਸਕਦਾ ਹੈ ਕਿ ਅੰਬਾਨੀ ਭਰਾਵਾਂ ਦਾ ਕਾਰੋਬਾਰ 1986 ਵਿਚ 5000 ਕਰੋੜ ਰੁਪਏ ਤੋਂ ਵਧ ਕੇ ਸਿਰਫ ਪੈਂਤੀ ਸਾਲਾਂ ਅੰਦਰ ਹੀ 8 ਲੱਖ ਨੜਿਨਵੇਂ ਹਜ਼ਾਰ ਕਰੋੜ ਰੁਪਏ (ਵਾਧਾ 5562 ਫੀਸਦੀ) ਕਿਵੇਂ ਹੋ ਸਕਦਾ ਹੈ? ਅਰਥਾਤ ਇਨ੍ਹਾਂ ਦੀ ਪੂੰਜੀ ਪ੍ਰਤੀ ਸਾਲ 159 ਫੀਸਦੀ ਦੀ ਦਰ ਨਾਲ ਵਧ ਰਹੀ ਹੈ। ਪੂੰਜੀਵਾਦ ਹਮੇਸ਼ਾ ਹੀ ਸਮਾਜਿਕ ਪਾੜੇ ਪੈਦਾ ਕਰਦਾ ਰਿਹਾ ਹੈ। ਇਕ ਪਾਸੇ ਘੋਰ ਗਰੀਬੀ, ਦੂਜੇ ਪਾਸੇ ਕਾਲੀ ਕਮਾਈ ਦਾ ਭੱਦੇ ਤੋਂ ਭੱਦਾ ਵਿਖਾਵਾ। ਇਕ ਪਾਸੇ ਗੁਦਾਮਾਂ ਵਿਚ ਗਲ-ਸੜ ਰਿਹਾ ਅਨਾਜ, ਦੂਜੇ ਪਾਸੇ ਭੁੱਖ ਨਾਲ ਵਿਲਕਦੇ, ਮਰਦੇ ਆਮ ਲੋਕ। ਕੀ ਇਹ ਨਰਕ ਭੋਗਦੇ ਲੋਕ ਇਵੇਂ ਹੀ ਸਿਰ ਸੁੱਟ ਕੇ ਹਾਲਾਤ ਨਾਲ ਸਮਝੌਤਾ ਕਰਦੇ ਰਹਿਣਗੇ? ਕੀ ਸਬਰ ਦੀ ਕੋਈ ਸੀਮਾ ਵੀ ਨਹੀਂ ਹੁੰਦੀ? ਸ਼ਾਇਦ ਸੀਮਾ ਹੁੰਦੀ ਹੈ। ਪਿਛੇ ਜਿਹੇ ਕਿਸਾਨੀ ਅੰਦਰ ਉਠਿਆ ਉਬਾਲ ਕਿਸੇ ਹੋਰ ਹੀ ਦਿਸ਼ਾ ਦਾ ਸੂਚਕ ਹੈ। ਇਸ ਦਿਸ਼ਾ ਨੂੰ ਫੇਰ ਸੰਭਾਲਣ ਦੀ ਲੋੜ ਹੈ। ਸਮੇਂ ਦੀ ਧਾਰਾ ਨੂੰ ਹੁਣ ਬਹੁਤੀ ਦੇਰ ਰੋਕ ਕੇ ਨਹੀਂ ਰੱਖਿਆ ਜਾ ਸਕਦਾ।

ਭਾਰਤ ਦੀ ਟਰੇਡ ਯੂਨੀਅਨ ਲਹਿਰ ਆਰਥਿਕਵਾਦ ਅਤੇ ਕਾਨੂੰਨਵਾਦ ਦਾ ਸ਼ਿਕਾਰ ਹੁੰਦੀ ਹੋਈ ਇਸ ਵੇਲੇ ਕਿਤੇ ਵੱਧ ਕਮਜ਼ੋਰ ਹਾਲਤ ਵਿਚ ਪਹੁੰਚ ਚੁੱਕੀ ਹੈ। ਸੋਸ਼ਲ ਡੈਮੋਕਰੇਟਾਂ ਅਤੇ ਵੰਨ ਸੁਵੰਨੀ ਦੇ ਪਿਛਾਖੜੀ ਤੱਤਾਂ ਨੇ ਮਜ਼ਦੂਰ ਜਮਾਤ ਨੂੰ ਇਸ ਹੱਦ ਤੱਕ ਨਿੱਸਲ ਕਰ ਦਿੱਤਾ ਹੈ ਕਿ ਉਹ ਖਾੜਕੂ ਸੰਘਰਸ਼ਾਂ ਵਿਚ ਪੈਣ ਤੋਂ ਹੀ ਡਰਦੀ ਹੈ। ਕਦੀ ਕਦੀ ਉਠਣ ਵਾਲੇ ਖਾੜਕੂ ਸੰਘਰਸ਼ ਬਿਨਾਂ ਕਿਸੇ ਠੋਸ ਅਗਵਾਈ ਤੋਂ ਸਰਕਾਰੀ ਜਬਰ ਦਾ ਸਾਹਮਣਾ ਨਾ ਕਰ ਸਕਣ ਕਾਰਨ ਠੁੱਸ ਹੋ ਕੇ ਰਹਿ ਜਾਂਦੇ ਹਨ। ਮਜ਼ਦੂਰ ਜਮਾਤ ਦੀ ਲਹਿਰ ਖਾਸ ਕਰਕੇ ਇਸ ਦੀਆਂ ਆਗੂ ਸਫਾਂ ਵਿਚ ਰਾਠਸ਼ਾਹੀ ਭਾਰੂ ਹੈ ਜੋ ਹਾਕਮ ਜਮਾਤਾਂ ਦੀ ਦਲਾਲੀ ਕਰਦੀ ਹੈ ਅਤੇ ਲੁਟੇਰੇ ਪ੍ਰਬੰਧ ਨੂੰ ਕਾਇਮ ਰੱਖਣ ਵਿਚ ਸਹਾਈ ਸਾਬਤ ਹੋ ਰਹੀ ਹੈ।


ਅੱਜ ਦੇ ਸਮੇਂ ਵਿਚ ਬੀਤੇ ਦੀਆਂ ਮਜ਼ਦੂਰ ਲਹਿਰਾਂ ਵਲੋਂ ਛੱਡੇ ਪੈਰ ਚਿੰਨ੍ਹਾਂ ਤੋਂ ਅਗਲੇ ਕਦਮ ਚੁੱਕਣ ਦੀ ਜ਼ਰੂਰਤ ਹੈ। ਮਜ਼ਦੂਰਾਂ ਦੇ ਕੰਮ ਦੀਆਂ ਹਾਲਤਾਂ ਅਤੇ ਦਿਹਾੜੀ ਦੇ ਘੰਟੇ ਉਸ ਸਮੇਂ ਨਾਲੋਂ ਵੀ ਬਦਤਰ ਹੁੰਦੇ ਜਾ ਰਹੇ ਹਨ। ਲੇਕਿਨ ਮਜ਼ਦੂਰ ਲਹਿਰ ਦੇ ਇਤਿਹਾਸ ਨੂੰ ਪਿੱਛੇ ਨਹੀਂ ਮੋੜਿਆ ਜਾ ਸਕਦਾ। ਇਸ ਨੂੰ ਅਗਲੇ ਪੜਾਅ ਵਿਚ ਅਰਥਾਤ ਅਜਿਹੇ ਸਮਾਜ ਵਿਚ ਬਦਲਣਾ ਪਵੇਗਾ ਜਿਥੇ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਅਨੁਸਾਰ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨਾ ਹੁੰਦੀ ਹੋਵੇ। ਪਰ ਇਹ ਤਦ ਹੀ ਸੰਭਵ ਹੈ ਜੇਕਰ ਮਜ਼ਦੂਰਾਂ ਦੇ ਘੋਲਾਂ ਨੂੰ ਸਮਾਜ ਅੰਦਰ ਚੱਲ ਰਹੇ ਵਿਆਪਕ ਜਮਾਤੀ ਸੰਘਰਸ਼ ਨਾਲ ਜੋੜਿਆ ਜਾਵੇ। ਇਸ ਵਾਸਤੇ ਮਜ਼ਦੂਰ ਜਮਾਤ ਦੀ ਲਹਿਰ ਵਿਚੋਂ ਸੋਸ਼ਲ ਡੈਮੋਕਰੇਟਾਂ ਅਤੇ ਪਿਛਾਖੜੀ ਅਨਸਰਾਂ ਨੂੰ ਖਦੇੜਨਾ ਅਤੇ ਖਰੀ ਲੋਕ ਪੱਖੀ ਲੀਡਰਸ਼ਿਪ ਸਥਾਪਤ ਕਰਨੀ ਹੋਵੇਗੀ।

# ਕਲਾ ਖੇਤਰ 'ਚ ਪਰਵਾਜ਼ ਭਰ ਰਿਹਾ 'ਕਮਲ ਰਾਜਪਾਲ'

ਨਿੱਕੇ ਸਿਨੇਮੇ ਦੇ ਪਿਤਾਮਾ ਗੁਰਚੇਤ ਚਿੱਤਰਕਾਰ ਨੇ ਆਪਣੀਆਂ ਫੈਮਿਲੀ ਫਿਲਮਾਂ ਰਾਹੀਂ ਅਨੇਕਾਂ ਨਵੇਂ ਕਲਾਕਾਰਾਂ ਨੂੰ ਮੌਕਾ ਦੇ ਕੇ ਅੰਤਰਰਾਸ਼ਟਰੀ ਪਛਾਣ ਦਿਵਾਈ ਹੈ। ਪੰਜਾਬੀ ਪਰਦੇ 'ਤੇ ਵੱਡੀ ਪਛਾਣ ਰੱਖਦੇ ਇਨ੍ਹਾਂ ਕਲਾਕਾਰਾਂ ਵਿਚ ਦਿਲਾਵਰ ਸਿੱਧੂ, ਸਤਿੰਦਰ ਕੌਰ, ਮਲਕੀਤ ਸਿੰਘ ਰੌਣੀ, ਪਰਿਵਾਜ ਕੌਰ, ਰੁਪਿੰਦਰ ਰੂਪੀ,

**ਸੁਰਜੀਤ ਜੱਸਲ**
**ਫੋਨ: 98146-07737**

ਪ੍ਰਕਾਸ਼ ਗਾਦੂ, ਪਰਮਿੰਦਰ ਕੌਰ ਗਿੱਲ ਦੇ ਨਾਂ ਜ਼ਿਕਰਯੋਗ ਹਨ। ਕਿਸੇ ਵੇਲੇ ਇਹ ਕਲਾਕਾਰ ਗੁਰਚੇਤ ਚਿੱਤਰਕਾਰ ਦੀਆਂ ਫਿਲਮਾਂ ਦਾ ਅਹਿਮ ਹਿੱਸਾ ਹੋਇਆ ਕਰਦੇ ਸਨ। ਗੁਰਚੇਤ ਚਿੱਤਰਕਾਰ ਨੇ ਹਮੇਸ਼ਾ ਹੀ ਨਵੇਂ ਕਲਾਕਾਰਾਂ ਨੂੰ ਮੌਕਾ ਦਿੱਤਾ ਹੈ। ਅਜਿਹੇ ਹੀ ਕਲਾਕਾਰਾਂ ਵਿਚੋਂ ਇੱਕ ਹੈ ਕਮਲ ਰਾਜਪਾਲ। ਕਮਲ ਰਾਜਪਾਲ, ਗੁਰਚੇਤ ਚਿੱਤਰਕਾਰ



ਦੀ ਕਲਾ ਫੁਲਵਾੜੀ ਦਾ ਉਹ ਫੁੱਲ ਹੈ ਜੋ ਪਿਛਲੇ ਕੁਝ ਸਾਲਾਂ ਤੋਂ ਆਪਣੀ ਮਹਿਕ ਖਿਲਾਰ ਰਿਹਾ ਹੈ। ਸਿਰਸਾ ਨੇੜਲੇ ਮੰਡੀ ਕਾਲਿਆਂਵਾਲੀ ਦੇ ਜੰਮਪਲ ਰਾਜਪਾਲ ਨੇ ਕਾਲਜ ਪੱਧਰ 'ਤੇ ਥੀਏਟਰ ਕਰਦਿਆਂ ਗੁਰਚੇਤ ਚਿੱਤਰਕਾਰ ਦੀਆਂ ਫਿਲਮਾਂ ਦਾ ਐਨਾ ਪ੍ਰਭਾਵ ਕਬੂਲਿਆ ਕਿ ਉਸਦੇ ਚਰਨੀਂ ਆ ਲੱਗਿਆ।

ਗੁਰਚੇਤ ਨੇ ਉਸਦੇ ਅੰਦਰਲੇ ਕਲਾਕਾਰ ਨੂੰ ਪਛਾਣਦਿਆਂ ਉਸਨੂੰ ਅੱਗੇ ਵਧਣ ਦੇ ਮੌਕੇ ਦਿੱਤੇ। ਕਮਲ ਨੇ ਬੜੀ ਮਿਹਨਤ ਅਤੇ ਲਗਨ ਨਾਲ ਕਲਾ ਦੇ ਇਸ ਖੇਤਰ ਨੂੰ ਆਪਣੀ ਜ਼ਿੰਦਗੀ ਦਾ ਅਹਿਮ ਹਿੱਸਾ ਬਣਾਇਆ।

ਜ਼ਿਕਰਯੋਗ ਹੈ ਕਿ ਰਾਜਪਾਲ ਨੇ 'ਦੋ ਪੋਸਤੀ', 'ਭੋਲੇ ਦਾ ਵਿਆਹ' ਬੋਦੀ ਵਾਲਾ ਤਾਰਾ, ਟੁੱਟ ਪੈਣਾ ਦਰਜੀ, ਪੁਲਸ ਦਾ ਏਲੀਅਨ, ਛੜਾ ਜੇਠ, ਅੜਬ ਪ੍ਰਾਹੁਣਾ,



ਫੈਮਿਲੀ 434, ਬਾਬਲੇ ਦੀ ਪੱਗ, ਮੇਰੀ ਬੇਬੇ, ਵਰਗੀਆਂ ਫਿਲਮਾਂ ਵਿਚ ਅਹਿਮ ਕਿਰਦਾਰ ਨਿਭਾਉਂਦਿਆਂ ਆਪਣੀ ਕਲਾ ਦਾ ਵੱਡਾ ਸਬੂਤ ਪੇਸ਼ ਕੀਤਾ।

ਆਉਣ ਵਾਲੇ ਸਮੇਂ ਵਿਚ ਉਹ ਅਨੇਕਾਂ ਟੈਲੀ ਫਿਲਮਾਂ, ਵੈੱਬ ਸੀਰੀਜ਼ ਸਮੇਤ ਕੁਝ ਫੀਚਰ ਫਿਲਮਾਂ ਵਿਚ ਵੀ ਨਜ਼ਰ ਆਵੇਗਾ। ਰਾਜਪਾਲ ਵਿਚ ਕਲਾ ਹੈ, ਲਗਨ ਹੈ ਅਤੇ ਇਸ ਤੋਂ ਵੱਧ ਕੁਝ ਕਰ ਵਿਖਾਉਣ ਦਾ ਜਜ਼ਬਾ ਵੀ ਹੈ। ਉਸ ਦਾ ਕਹਿਣਾ ਹੈ ਕਿ ਗੁਰਚੇਤ ਚਿੱਤਰਕਾਰ ਨੇ ਉਸਨੂੰ ਉਂਗਲੀ ਫੜ ਕੇ ਕਲਾ ਦੇ ਮਾਰਗ 'ਤੇ ਤੋਰਿਆ ਹੈ, ਉਹੀ ਉਸਦਾ ਉਸਤਾਦ ਹੈ, ਗੁਰੂ ਹੈ, ਅਤੇ ਮਾਰਗ ਦਰਸ਼ਕ ਹੈ। ਅਦਾਕਾਰੀ ਦੇ ਨਾਲ-ਨਾਲ ਕਮਲ ਰਾਜਪਾਲ ਨੂੰ ਕਹਾਣੀ ਲਿਖਣ ਅਤੇ ਨਿਰਦੇਸ਼ਨ-ਕਾਰਜ ਦਾ ਵੀ ਸ਼ੌਕ ਹੈ। ਉਸ ਦੀਆਂ ਫਿਲਮਾਂ ਦੀ ਤਾਰੀਫ ਹੁਣ ਸੱਤ ਸਮੁੰਦਰੋਂ ਪਾਰ ਵੀ ਹੋਣ ਲੱਗੀ ਹੈ। ਆਉਣ ਵਾਲੇ ਦਿਨਾਂ ਵਿਚ ਉਹ ਵਿਦੇਸ਼ਾਂ ਵਿਚ ਵੀ ਆਪਣੀ ਕਲਾ ਦੇ ਪ੍ਰਦਰਸ਼ਨ ਕਰੇਗਾ।

# ਹੱਸਦੀ ਨੇ ਫੁੱਲ ਮੰਗਿਆ..

ਵਿਅੰਗ

ਚਰਨਜੀਤ ਭੁੱਲਰ

ਚੰਡੀਗੜ੍ਹ : ਅੱਸੀਵੇਂ ਦਹਾਕੇ ਵਾਲੀ ਪ੍ਰੈਸ਼ਰ ਕੁੱਕਰ ਦੀ ਟੀਵੀ ਮਸ਼ਹੂਰੀ ਨੂੰ ਕੌਣ ਭੁੱਲਿਐ , 'ਜੋ ਬੀਵੀ ਸੇ ਕਰੇ ਪਿਆਰ, ਵੋਹ ਕੈਸੇ ਕਰੇ ਇਨਕਾਰ'। ਪ੍ਰੇਮੀ ਜਣੋ! ਉਨ੍ਹਾਂ ਦਿਨਾਂ 'ਚ ਅਕਸਰ ਪ੍ਰੈਸ਼ਰ ਕੁੱਕਰ ਫਟ ਜਾਂਦੇ ਸਨ, ਬੀਵੀ ਦੀ ਸੁਰੱਖਿਆ ਦਾ ਖ਼ਿਆਲ ਰੱਖਣ ਵਾਲੇ ਉਸੇ ਕੰਪਨੀ ਦਾ ਕੁੱਕਰ ਖ਼ਰੀਦਦੇ ਸਨ। ਅੱਜ ਦੀ ਬੀਵੀ ਦੀ ਮਸ਼ਰਾ ਜੱਗੋਂ ਨਿਆਰੀ ਹੈ। ਜਦੋਂ ਸਿਰ ਦਾ ਸਾਈਂ ਡੀਸੀ ਹੋਵੇ ਤਾਂ ਫਿਰ ਬੀਵੀ ਨੇ ਕੁੱਕਰ ਕੀ ਸਿਰ 'ਚ ਮਾਰਨੈ, ਪ੍ਰੈਸ਼ਰ ਹੀ ਕਾਫ਼ੀ ਹੈ। 'ਤੈਨੂੰ ਤਾਪ ਚੜ੍ਹੇ, ਮੈਂ ਹੂੰਗਾਂ' ਵਾਲੇ ਜ਼ਮਾਨੇ ਹੁਣ ਕਿੱਥੇ ਰਹੇ ਨੇ। ਹੁਣ ਤਾਂ ਬਾਗ਼ਾਂ 'ਤੇ ਬਹਾਰਾਂ ਦੀ ਰੁੱਤ ਹੈ।

ਆਓ ਪਹਿਲਾਂ ਮਾਜਰਾ ਸਮਝੀਏ। ਗੱਲ ਉਨ੍ਹਾਂ ਦਿਨਾਂ ਦੀ ਹੈ ਜਦੋਂ 'ਮੋਤੀਆਂ ਵਾਲੀ ਸਰਕਾਰ' ਸੀ, ਜੀਹਨੇ ਮੁਹਾਲੀ 'ਚ ਜ਼ਮੀਨ ਐਕੁਆਇਰ ਕਰਨੀ ਸੀ। ਜਿਹੜੇ ਅਫ਼ਸਰ ਭੌਂ ਪ੍ਰਾਪਤੀ ਵਾਲੇ ਫੈਸਲੇ ਦਾ ਹਿੱਸਾ ਬਣੇ, ਉਨ੍ਹਾਂ ਜਨਾਬਾਂ ਨੇ ਪਹਿਲਾਂ ਰਾਤੋ-ਰਾਤ ਬੀਵੀਆਂ ਦੇ ਨਾਮ 'ਤੇ ਜ਼ਮੀਨ ਖ਼ਰੀਦੀ, ਫਿਰ ਲੱਗਦੇ ਹੱਥ ਜ਼ਮੀਨ 'ਤੇ ਅਮਰੂਦਾਂ ਦੇ ਬਾਗ਼ ਵੀ ਲਾ'ਤੇ। ਲਓ ਜੀ, ਸਾਡੇ ਪੰਜਾਬੀ ਅਫ਼ਸਰ ਰੱਬ ਤਾਂ ਨਹੀਂ, ਪਰ ਰੱਬ ਤੋਂ ਘੱਟ ਵੀ ਨਹੀਂ। ਦੇਖੋ ਪ੍ਰਭੂ ਦਾ ਕ੍ਰਿਸ਼ਮਾ! ਜਿੰਨੇ ਪੌਦੇ 20 ਏਕੜ 'ਚ ਲੱਗਦੇ ਨੇ, ਓਨੇ ਪੌਦੇ ਇਨ੍ਹਾਂ ਇੱਕ ਇੱਕ ਏਕੜ 'ਚ ਲਾ ਦਿੱਤੇ। ਜਿੰਨੇ ਪੌਦੇ, ਉਨ੍ਹਾਂ ਮੁਆਵਜ਼ਾ ਤੇ ਰੰਗ ਚੋਖਾ।

ਕਰੂੰਬਲਾਂ ਫੁੱਟਣ ਤੋਂ ਪਹਿਲੋਂ ਹੀ ਬਾਗ਼ ਐਕੁਆਇਰ ਹੋ ਗਏ। ਬੀਵੀਆਂ ਤੋਂ ਚਾਅ ਨਾ ਚੁੱਕਿਆ ਜਾਵੇ, ਜਦੋਂ ਪਤੀ ਦੇਵ ਬਾਗ਼ਾਂ ਦੇ ਮੁਆਵਜ਼ੇ ਦੀਆਂ ਪੰਡਾਂ ਸਿਰ 'ਤੇ ਚੁੱਕੀ ਆਉਣ। ਹੁਣ ਵਿਜੀਲੈਂਸ ਆਖਦੀ ਪਈ ਐ ਕਿ ਚੌਕੀਦਾਰ ਤਾਂ ਚੋਰਾਂ ਨਾਲ ਰਲਿਆ ਸੀ। ਵਰਿੰਦਰ ਕੁਮਾਰ ਜੀ, ਮੰਨਿਆ ਤੁਸੀਂ ਵਿਜੀਲੈਂਸ ਮੁਖੀ ਹੋ, ਪਰ ਬੋਲੋ ਤਾਂ ਸ਼ੁੱਭ-ਸ਼ੁੱਭ, ਅੰਮ੍ਰਿਤਕਾਲ 'ਚ ਕੋਈ ਇੰਜ ਬੋਲਦੈ। ਏਹ ਅਧਿਕਾਰੀ ਜਨ ਵੀ ਆਪਣੇ ਭਰਾ ਨੇ। ਪਤਾ ਨਹੀਂ ਕਿਹੜੀ ਮਜਬੂਰੀ 'ਚ ਬਾਗ਼ ਲਾਏ ਹੋਣਗੇ। ਤੁਸੀਂ ਆਖਦੇ ਪਏ ਹੋ ਕਿ ਬਾਗ਼ ਫ਼ਰਜ਼ੀ ਸੀ। ਗਾਇਕਾ ਪ੍ਰਕਾਸ਼ ਕੌਰ ਤੋਂ ਜਾਣੋ ਬਾਗ਼ਾਂ ਦੀ ਰਮਜ਼, 'ਤੂੰ ਕਾਹਦਾ ਪਟਵਾਰੀ, ਮੁੰਡਾ ਮੇਰਾ ਰੋਵੇ ਅੰਬ ਨੂੰ।'

ਇਨ੍ਹਾਂ ਬੀਵੀਆਂ ਨੇ ਜ਼ਰੂਰ ਮਿਹਣਾ ਮਾਰਿਆ ਹਊ, 'ਮੁੰਡਾ ਮੇਰਾ ਰੋਵੇ ਅੰਬ ਨੂੰ, ਕਿਤੇ ਬਾਗ਼ ਨਜ਼ਰ ਨਾ ਆਵੇ।' ਅੱਗਿਓਂ ਮੀਆਂ ਜੀ ਨੇ ਅਲਾਦੀਨ ਦੇ ਚਿਰਾਗ ਵਾਂਗੂ ਬਾਗ ਪ੍ਰਗਟ ਕਰ ਦਿੱਤੇ। ਸੱਸ-ਜਾਈਆਂ ਬਾਗੋ-ਬਾਗ ਹੋ ਗਈਆਂ! ਸਤੌਜ ਵਾਲਿਓ! ਜੇ ਰਾਂਝਾ 12 ਸਾਲ ਮੱਝੀਆਂ ਚਾਰ ਸਕਦੈ, ਲਾਲਾ ਇੰਦਰ ਮੱਲ ਰਾਵੀ 'ਚ ਛਾਲ ਮਾਰ ਸਕਦੈ, ਮਹੀਂਵਾਲ ਪੱਟ ਚੀਰ ਸਕਦੈ, ਫ਼ਰਹਾਦ ਪਹਾੜ ਚੀਰ ਸਕਦੈ, ਹੁਣ ਦੱਸੋ ਭਲਾ! ਕੀ ਲੋਹੜਾ ਆ ਗਿਆ, ਜੇ ਇਨ੍ਹਾਂ ਅਫ਼ਸਰਾਂ ਨੇ ਬੀਵੀਆਂ ਦੇ ਪਿਆਰ 'ਚ ਚਾਰ ਬੂਟੇ ਲਾ'ਤੇ। ਪੂਰੇ ਪੰਜਾਬ ਨੇ ਅਸਮਾਨ ਸਿਰ 'ਤੇ ਚੁੱਕਿਐ, ਅਖੇ ਬਾਗਾਂ ਦਾ ਘਪਲਾ ਹੋ ਗਿਆ। ਆਖ਼ਰ ਗਿੱਠ ਗਿੱਠ ਦੇ ਬੂਟਿਆਂ ਨੇ ਭਰਵਾਂ ਬਾਗ ਤਾਂ ਇੱਕ ਦਿਨ ਬਣਨਾ ਹੀ ਸੀ। ਇੱਕ ਤਾਂ ਏਹ ਸਰਕਾਰ ਕਾਹਲੀ ਬਹੁਤ ਐ!

ਪ੍ਰੋ. ਪੂਰਨ ਸਿੰਘ ਨੇ ਸੱਚ ਆਖਿਐ, 'ਪਿਆਰ ਨਾਲ ਇਹ ਕਰਨ ਗੁਲਾਮੀ'। ਇਨ੍ਹਾਂ ਅਫ਼ਸਰੀ ਘਰਾਂ 'ਚ ਕੋਈ ਲੱਛਮੀ ਦਾ ਘਾਟੈ, ਬੱਸ ਇਨ੍ਹਾਂ ਨੇ ਤਾਂ ਬੀਵੀਆਂ ਦੀ ਫਰਮਾਇਸ਼ ਪੂਰੀ ਕੀਤੀ ਹੈ। 'ਹੱਸਦੀ ਨੇ ਫੁੱਲ ਮੰਗਿਆ, ਸਾਰਾ ਬਾਗ ਹਵਾਲੇ ਤੇਰੇ'। ਜਨਾਬ ਹੋਰਾਂ ਨੇ ਬਾਗਾਂ ਨੂੰ ਲੈ ਕੇ ਪਤਾ ਨਹੀਂ ਕੀ-ਕੀ ਸੁਪਨੇ ਲਏ ਸਨ। ਔਹ ਦੇਖੋ, ਧਰਮਿੰਦਰ ਵੀ ਇਹੋ ਤਰਜ਼ ਲਾ ਰਿਹੈ, 'ਚੱਲ ਚਮੇਲੀ ਬਾਗ ਮੇਂ, ਮੇਵਾ ਖਿਲਾਊਂਗਾ।' ਸੱਚ ਪੁੱਛੋ ਤਾਂ ਜਦੋਂ ਤੋਂ ਗਲੇਸ਼ੀਅਰ ਪਿਘਲਣੇ ਸ਼ੁਰੂ ਹੋਏ ਨੇ, ਇਨ੍ਹਾਂ ਅਫ਼ਸਰਾਂ ਨੂੰ ਕਦੇ ਨੀਂਦ ਨਹੀਂ ਆਈ। 'ਇੱਕ ਰੁੱਖ ਲਾਓ, ਸੌ ਸੁੱਖ ਪਾਓ' ਦੀ ਸੋਚ 'ਚ ਇਨ੍ਹਾਂ ਬਾਗ ਲਾਏ। ਸਰਕਾਰ ਨੇ ਬਾਗ ਐਕੁਆਇਰ ਕਰਕੇ ਰੰਗ ਵਿਚ ਭੰਗ ਪਾ ਦਿੱਤੀ। ਦੇਰ ਸਵੇਰ ਆਲਮੀ ਤਪਸ਼ ਵਧੀ ਤਾਂ ਫੇਰ ਇਨ੍ਹਾਂ ਨੂੰ ਉਲਾਂਭਾ ਨਾ ਦੇਣਾ।



ਕਿੰਨਾ ਖ਼ੂਨ ਪਸੀਨਾ ਵਹਾ ਕੇ ਇਨ੍ਹਾਂ ਬਾਗ ਚਲਾਏ ਸਨ। ਸਰਕਾਰ ਨੇ ਇਸ ਮੁੜ੍ਹਕੇ ਦਾ ਮੁੱਲ ਵੀ ਨਹੀਂ ਪਾਇਆ। 'ਰੱਬ ਦੇ ਹੁਕਮ ਬਿਨਾ ਪੱਤਾ ਨਹੀਂ ਹਿੱਲਦਾ', ਜਨਾਬ ਬਾਗ ਲਾਉਣ ਦੀ ਭੁੱਲ ਕਰ ਬੈਠੇ। ਕਿਸੇ ਸੱਚ ਆਖਿਐ, 'ਰੱਬ ਨੇੜੇ ਕਿ ਘਸੁੰਨ'। ਬੀਵੀਆਂ ਨੂੰ ਤਾਂ ਇਨ੍ਹਾਂ ਸਾਹਿਬਾਂ ਨੇ ਖ਼ੁਸ਼ ਕਰ'ਤਾ, ਰੱਬ ਰੁੱਸ ਗਿਆ ਹੋਣੈ। ਐਸੀ ਰੱਬ ਦੀ ਕਰਨੀ, ਵਿਜੀਲੈਂਸ ਨੇ ਦੱਬੇ ਮੁਰਦੇ ਕੱਢ ਮਾਰੇ। ਹੁਣ ਸਾਰਾ ਕੱਠ ਹੀ ਸਾਧ ਦੀ ਭੂਰੀ 'ਤੇ ਲੱਗਦੈ। ਕਿਸੇ ਡੇਰਿਓਂ ਬੋਲ ਗੂੰਜੇ ਨੇ, 'ਮਿੱਠੇ ਬੇਰ ਨੇ ਬੇਰੀਏ ਤੇਰੇ, ਸੰਗਤਾਂ ਨੇ ਇੱਟ ਮਾਰਨੀ'। ਹਰੇ ਭਰੇ ਬਾਗਾਂ ਨੂੰ ਰੋੜੇ ਮਾਰਨ ਵਾਲਿਆਂ ਦਾ ਕੱਖ ਨਾ ਰਹੇ।

ਬੀਵੀਆਂ ਦੇ ਬੋਲ ਪੁਗਾਉਣ ਵਾਲੇ ਹੁਣ ਡੀਸੀ ਤੇ ਕਮਿਸ਼ਨਰ ਲੱਗੇ ਹੋਏ ਨੇ। ਇਨ੍ਹਾਂ ਭਲੇ ਪੁਰਸ਼ਾਂ ਨੇ ਤਾਂ ਕਰਵਾ ਚੌਥ ਦਾ ਹੀ ਮੁੱਲ ਮੋੜਿਆ ਸੀ, ਵਿਜੀਲੈਂਸ ਤੋਂ ਜਰ ਨਾ ਹੋਇਆ। 'ਸਬਰ ਦੀ ਜੜ੍ਹ ਕੌੜੀ, ਫਲ ਮਿੱਠਾ ਹੁੰਦਾ ਹੈ।' ਪਿਆਰਿਓ! ਘਬਰਾਉਣਾ ਨਹੀਂ, ਸਿਸਟਮ ਵਿਚ ਬੈਠੇ ਸਭ ਥੋਡੇ ਆਪਣੇ ਹੀ ਤਾਂ ਹਨ, ਮੁਖੌਟਿਆਂ 'ਤੇ ਨਾ ਜਾਓ। ਐਥੇ ਸੌਖੇ ਚਾਰ ਦਿਨ ਕੱਢ ਲੈਣਾ, ਫ਼ੁਰਸਤ ਮਿਲੇ ਤਾਂ ਰੇਡੀਓ ਵਜਾ ਲੈਣਾ, 'ਜਬ ਕੋਈ ਬਾਤ ਬਿਗੜ ਜਾਏ, ਜਬ ਕੋਈ ਮੁਸ਼ਕਲ ਪੜ ਜਾਏ, ਤੁਮ ਦੇਨਾ ਸਾਥ ਮੇਰਾ'। ਔਹ ਦੇਖੋ, ਰੱਬ ਹਾਲੇ ਵੀ ਬੰਦੇ ਦੀਆਂ ਸਕੀਮਾਂ 'ਤੇ ਹੱਸਦਾ ਪਿਆ ਏ। ਦੁਨੀਆ ਸਾਜਣ ਵਾਲੇ ਨੂੰ ਇਹ ਨਹੀਂ ਪਤਾ ਕਿ ਜੇ ਉਹ ਰੱਬ ਹੈ ਤਾਂ ਧਰਤੀ 'ਤੇ ਇਹ ਰੱਬ ਨੇ। ਅਰਥਾਤ ਧਰਤੀ 'ਤੇ ਇਨ੍ਹਾਂ ਦਾ ਰਾਜ ਐ।

ਜੇ ਸਰਕਾਰ ਦੇ ਘਰੋਂ ਮੁਫ਼ਤ 'ਚ ਤੇਲ ਮਿਲਦਾ ਹੋਵੇ ਤਾਂ ਜੁੱਤੀ 'ਚ ਪਵਾ ਲੈਣਾ ਚਾਹੀਦਾ ਹੈ। ਇਨ੍ਹਾਂ ਅਫ਼ਸਰਾਂ ਨੇ ਚਾਰ ਛਿੱਲੜ ਕੀ ਲੈ ਲਏ, ਰੱਬ ਦਾ ਢਿੱਡ ਦੁੱਖਣ ਲੱਗ ਗਿਆ। ਕਦੇ ਰੱਬ ਇਨ੍ਹਾਂ ਦੇ ਅੜਿੱਕੇ ਆਇਆ, ਫੇਰ ਕੱਢਣਗੇ ਰੱਬਗਿਰੀ। ਲੱਗਦੈ ਰੱਬ ਨੇ ਉਹ ਮਸ਼ਹੂਰੀ ਨਹੀਂ ਦੇਖੀ ਹੋਣੀ, 'ਖ਼ੂਬ ਜੰਮੇਗਾ ਰੰਗ, ਜਬ ਮਿਲ ਬੈਠੇਂਗੇ ਤੀਨ ਯਾਰ'। ਵਿਜੀਲੈਂਸ ਦੀ ਐਫਆਈਆਰ 'ਚ ਤਿੱਕੜੀ ਦਾ ਸਿੱਧਾ ਅਸਿੱਧਾ ਨਾਮ ਬੋਲਦੈ। ਸਾਡੇ ਤਾਂ 'ਕੱਲਾ ਪਟਵਾਰੀ ਮਾਣ ਨਹੀਂ ਹੁੰਦਾ, ਸੁੱਖ ਨਾਲ ਇਸ ਮਾਮਲੇ 'ਚ ਤਾਂ ਪਟਵਾਰੀ ਦੇ ਨਾਲ ਡੀਸੀ ਵੀ ਹੈ ਤੇ ਕਮਿਸ਼ਨਰ ਵੀ। ਅਮਰੂਦਾਂ ਨੇ ਐਵੇਂ ਥੋੜ੍ਹਾ ਮਹਿਕਾਂ ਛੱਡੀਆਂ ਨੇ।

ਸਿਆਣੇ ਆਖਦੇ ਨੇ ਕਿ ਜਦੋਂ ਚੂਹੇ ਤੇ ਬਿੱਲੀ 'ਚ ਸਮਝੌਤਾ ਹੋ ਜਾਵੇ ਤਾਂ ਸਮਝੋ ਹੱਟੀ ਵਾਲੇ ਦੀ ਸ਼ਾਮਤ ਆ ਗਈ। ਹਜ਼ੂਰ ਏ ਆਲਾ! ਭਲੇ ਦਿਨ ਆਉਣਗੇ ਨਹੀਂ, ਆ ਗਏ ਨੇ। ਆਰਾਮ ਨਾਲ ਕੁਰਸੀਆਂ ਮਾਣੋ, ਤੱਤੀ ਵਾਅ ਨਹੀਂ ਲੱਗੇਗੀ। ਸੱਚੇ ਪ੍ਰੇਮੀਆਂ ਦੇ ਘਰਾਂ ਤੋਂ ਵਿਜੀਲੈਂਸ ਦਾ ਪਰਛਾਵਾਂ ਵੀ ਡਰਦੈ। ਜੇਲ੍ਹ ਭੇਜਣ ਵਾਸਤੇ ਹੋਰ ਬਹੁਤ ਨੇ। ਇਸੇ ਘਪਲੇ ਵਿਚ ਇੱਕ ਬਿਰਧ ਮਾਈ ਵੀ ਜੇਲ੍ਹ ਜਾ ਆਈ। ਘਰੇ ਜਾ ਕੇ ਉਹ ਜ਼ਰੂਰ ਪਤੀ ਪਰਮੇਸ਼ਰ ਨਾਲ ਲੜੀ ਹੋਵੇਗੀ ਕਿ 'ਢਹਿ ਜਾਣਿਆ, ਤੂੰ ਵੀ ਚਾਰ ਜਮਾਤਾਂ ਪੜ੍ਹ ਕੇ ਡੀਸੀ ਲੱਗ ਜਾਂਦਾ, ਮੈਂ ਤਾਂ ਜੇਲ੍ਹ ਤੋਂ ਬਚਦੀ।'

ਮੁਆਫ਼ ਕਰਨਾ, ਅਸਾਂ ਐਵੇਂ ਸਰਕਾਰੀ ਕੰਮ ਵਿਚ ਦਖ਼ਲ ਦੇ ਦਿੱਤਾ। ਬਾਤ ਦਾ ਬਤੰਗੜ ਬਣਦਿਆਂ ਦੇਰ ਨਹੀਂਓਂ ਲੱਗਦੀ। ਨਾਲੇ ਹੁਣ ਰੱਬ ਵੀ ਤਾਂ ਬੰਦਿਆਂ ਵਰਗਾ ਹੋ ਗਿਐ, ਕੀ ਪਤੈ ਕੱਲ੍ਹ ਨੂੰ ਉਹ ਵੀ ਸਰਕਾਰ ਨਾਲ ਜਾ ਖੜ੍ਹੇ। ਸਾਨੂੰ ਤਾਂ ਭਗਤ ਕਬੀਰ ਦੇ ਲੜ ਹੀ ਲੱਗਣਾ ਪੈਣੈ, 'ਕਬੀਰਾ ਤੇਰੀ ਝੌਂਪੜੀ ਗਲ ਕਟਿਅਨ ਕੇ ਪਾਸ, ਕਰਨਗੇ ਸੋ ਭਰਨਗੇ, ਤੁਮ ਕਿਉਂ ਭਏ ਉਦਾਸ।'

# ਜਥੇਦਾਰ-ਪ੍ਰਧਾਨ, ਕਿਉਂ ਨਾ ਪੁੱਜਦੇ ਮਿੱਥੇ ਮੁਕਾਮ?

ਕਹਿੰਦੇ ਇੱਕ ਅਮਲੀ ਮੀਰਜ਼ਾਦੇ ਨੂੰ ਕਿਸੇ ਪਰਿਵਾਰਕ ਕੰਮ ਲਈ ਆਪਣੇ ਰਿਸ਼ਤੇਦਾਰਾਂ ਦੇ ਜਾਣਾ ਪਿਆ। ਸ਼ਾਮ ਦਾ ਝੁਸਮੁਸਾ ਜਿਹਾ ਹੁੰਦਿਆਂ ਉਸਨੇ ਰੋਜ਼ ਵਾਂਗ ਡੱਡੇ ਮਲ਼ ਕੇ ਪੀ ਲਏ। ਆਪਣੇ ਰਿਸ਼ਤੇਦਾਰਾਂ ਦੇ ਘਰੇ ਸੌਣ-ਪੈਣ ਦੇ ਸਮੇਂ ਤੱਕ ਪਹੁੰਚ ਜਾਣਾ ਮਿੱਥ ਕੇ ਉਹ



ਤਰਲੋਚਨ ਸਿੰਘ 'ਦੁਪਾਲ ਪੁਰ'
ਫੋਨ: 1-408-915-1268

ਪਸ਼ੂਆਂ ਦੇ ਵਾੜੇ ਖੜ੍ਹੀ ਆਪਣੀ ਘੋੜੀ 'ਤੇ ਜਾ ਸਵਾਰ ਹੋਇਆ।

ਜਿਉਂ ਹੀ ਉਸਨੇ ਘੋੜੀ ਨੂੰ ਅੱਡੀ ਲਾਈ ਤਾਂ ਉਹ 'ਦੁੜਕੂੰ ਦੁੜਕੂੰ' ਕਰਨ ਲੱਗ ਪਈ। ਨਸ਼ੇ ਦੀ ਪੂਰੀ ਲੋਰ ਵਿਚ ਉਹ ਜਦ ਵੀ ਘੋੜੀ ਦੇ ਅੱਡੀ ਮਾਰਦਾ ਉਹ ਹਿਣਕਦੀ ਹੋਈ ਫੁੰਕਾਰੇ ਜਿਹੇ ਮਾਰ ਕੇ ਤੇਜ਼ ਦੁੜਕੀਆਂ ਮਾਰਨ ਲੱਗਦੀ। ਅੱਧ-ਮੁੰਦੀਆਂ ਜਿਹੀਆਂ ਅੱਖਾਂ ਨਾਲ ਮੀਰਜ਼ਾਦਾ ਘੋੜੀ 'ਤੇ ਸਵਾਰ ਹੋਇਆ ਰਿਹਾ।

ਉਸਨੂੰ 'ਸਫ਼ਰ ਕਰਦਿਆਂ' ਲਆਲਾ ਜਿਹਾ ਹੋ ਗਿਆ। ਉਸ ਵੇਲੇ ਤੱਕ ਨਸ਼ਾ ਵੀ ਕਾਫ਼ੀ ਉੱਤਰ ਗਿਆ ਸੀ! ਸਾਝਰੇ ਸੁਵਖਤੇ ਬਾਹਰ-ਅੰਦਰ ਜਾ ਰਹੇ ਲੋਕਾਂ ਦੀ ਘੁਸਰ-ਮੁਸਰ ਸੁਣ ਕੇ ਉਹ ਉੱਚੀ 'ਵਾਜ਼ ਵਿੱਚ ਬੋਲਿਆ-

'ਓ ਬਈ ਭਾਈ ਬੀਰੋ, ਆਹ ਕਿਹੜਾ ਪਿੰਡ ਆ ਗਿਆ ਭਲਾ?'

ਉਸਦਾ ਇਹ ਸਵਾਲ ਸੁਣ ਕੇ ਕੋਈ ਜਣਾ ਘੋੜੀ ਚੜ੍ਹੇ ਮੀਰਜ਼ਾਦੇ ਦੇ ਨੇੜੇ ਜਿਹੇ ਹੋ ਕੇ ਦੇਖਣ ਲੱਗਾ ਤਾਂ ਉਹਦੇ 'ਤੇ ਠਹਾਕਾ ਮਾਰ ਕੇ ਹੱਸਿਆ-

"ਮਾਮਾ, ਤੂੰ ਤਾਂ ਆਪਣੇ ਹੀ ਵਾੜੇ ਵਿਚ ਖੜ੍ਹਾ ਪੁੱਛੀ ਜਾਨਾ ਐਂ? ਕਿਸੇ 'ਹੋਰ ਪਿੰਡ' ਤਾਂ ਤੂੰ ਤਦ ਪਹੁੰਚਿਆ ਹੁੰਦਾ ਜੇ ਘੋੜੀ 'ਤੇ ਸਵਾਰ ਹੋਣ ਤੋਂ ਪਹਿਲਾਂ ਇਹਦਾ ਖੁੰਡੇ ਨਾਲ਼ੋਂ ਪੈਖੜ ਖੋਲ੍ਹਿਆ ਹੁੰਦਾ?"

ਜਦ ਵੀ ਪਹਿਲੇ 'ਸਰਬਉੱਚ' ਜਥੇਦਾਰ ਨੂੰ ਘਰੇ ਤੋਰ ਕੇ ਉਹਦੀ ਜਗਾਹ ਕੋਈ ਹੋਰ ਨਵਾਂ ਥਾਪਿਆ ਜਾਂਦਾ ਅਤੇ ਇਸੇ ਤਰ੍ਹਾਂ ਜਦ ਸ਼੍ਰੋਮਣੀ ਕਮੇਟੀ ਦਾ ਨਵਾਂ ਪ੍ਰਧਾਨ ਥਾਪਿਆ (ਅਸਲ 'ਚ ਥੋਪਿਆ ਸ਼ਬਦ ਜ਼ਿਆਦਾ ਢੁਕਦਾ) ਜਾਂਦਾ ਐ, ਤਦ ਮੈਨੂੰ ਉਨ੍ਹਾਂ ਦੋਹਾਂ ਵਲੋਂ ਮਾਰੇ ਜਾਂਦੇ 'ਤੱਤੇ ਤੱਤੇ ਦਮਗਜੇ' ਸੁਣ ਕੇ, ਆਪਣੇ ਪਿਤਾ ਜੀ ਪਾਸੋਂ ਸੁਣੀ ਹੋਈ ਉਕਤ ਕਹਾਣੀ ਵਾਲਾ ਮੀਰਜ਼ਾਦਾ ਚੇਤੇ ਆ ਜਾਂਦਾ ਹੈ!

ਸਾਰੇ ਸਿੱਖ ਜਗਤ ਨੂੰ ਪਤਾ ਹੁੰਦਾ ਹੈ ਕਿ ਨਵੇਂ ਬਣੇ ਅਹੁਦੇਦਾਰ ਜਿਨ੍ਹਾਂ 'ਘੋੜੀਆਂ ਦੇ ਸਵਾਰ' ਬਣਾਏ ਗਏ ਹਨ ਉਨ੍ਹਾਂ ਦੇ ਪੈਖੜ ਤਾਂ 'ਬਾਦਲੀ-ਕਿੱਲੇ' ਨਾਲ ਬੰਨ੍ਹੇ ਹੋਏ ਹਨ ਪਰ ਉਹ 'ਸ੍ਰੀ ਮਾਨ' ਕਿੱਲੇ ਨਾਲ ਬੱਝੀਆਂ ਘੋੜੀਆਂ ਦੇ ਹੀ ਅੱਡੀਆਂ ਮਾਰਨ ਵਾਂਗ ਦਾਅਵੇ ਤੇ ਵਾਅਦੇ, ਲੰਬੀਆਂ ਮੰਜ਼ਲਾਂ ਮਾਰਨ ਦੇ ਕਰਦੇ ਰਹਿੰਦੇ ਹਨ- 'ਹੁਣ ਅਸੀਂ ਆਹ ਕਰ ਦਿਆਂਗੇ, ਔਹ ਕਰ ਦਿਆਂਗੇ!'

ਜਦੋਂ ਤੱਕ ਸਿੱਖਾਂ ਵਲੋਂ ਉਹ ਬਾਦਲੀ-ਕਿੱਲਾ ਨਹੀਂ ਪੁੱਟਿਆ ਜਾਂਦਾ ਉਦੋਂ ਤੱਕ ਕੌਮ ਦੀ ਜੱਗ-ਹਸਾਈ ਹੁੰਦੀ ਹੀ ਰਹਿਣੀ ਹੈ !

# ਕਾਵਿ ਕਿਆਰੀ

## ਵੀਰ ਅਮੋਲਕ ਸਿੰਘ ਨੂੰ ਯਾਦ ਕਰਦਿਆਂ

ਵੀਰ ਤੈਨੂੰ ਗਏ ਨੂੰ ਹਨ ਹੋ ਗਏ ਦੋ ਸਾਲ ਵੇ
ਜ਼ਿੰਦਗੀ ਬੇਰੰਗ ਹੋਈ ਮੁੱਕ ਗਏ ਸੁਰ ਤਾਲ ਵੇ।

ਨਾਮ ਸੀ ਤੇਰਾ ਅਮੋਲਕ, ਹੀਰਾ ਤੂੰ ਅਨਮੋਲ ਸੀ
ਜਿਸ ਦਾ ਮੁੱਲ ਨਾ ਪੈ ਸਕੇ ਅਨਮੋਲ ਸੀ ਤੂੰ ਲਾਲ ਵੇ।

ਪਿਆਰ ਤੇਰਾ ਸੀ ਮੁਕੱਦਸ ਤੂੰ ਫ਼ਰਿਸ਼ਤਾ ਸੀ ਕੋਈ
ਮਿਲਿਆ ਨਾ ਤੇਰਾ ਪਤਾ ਕੀਤੀ ਬਥੇਰੀ ਭਾਲ ਵੇ।

ਜ਼ਿੰਦਗੀ ਦਾ ਜੋ ਸਮਾਂ ਵੀਰੇ ਤੇਰੇ ਨਾਲ ਬੀਤਿਆ
ਉਹ ਖਜ਼ਾਨਾ ਕੀਮਤੀ ਰੱਖਾਂ ਸਦਾ ਮੈਂ ਨਾਲ ਵੇ।

ਹੋਇਆ ਸੀ ਰੁਖ਼ਸਤ ਜਦੋਂ ਤੂੰ ਟੁੱਟਿਆ ਕੋਈ ਕਹਿਰ ਸੀ
ਧਰਤ ਸਾਰੀ ਤਿੜਕ ਗਈ ਐਸਾ ਸੀ ਉਹ ਭੂਚਾਲ ਵੇ।

ਸ਼ਬਦ ਵੀ ਗੁੰਮ ਹੋ ਗਏ ਹੁਣ ਕਲਮ ਵੀ ਲਿਖਦੀ ਨਹੀਂ
ਵੀਰ ਬਿਨ ਇਸ ਭੈਣ ਦਾ ਹੋਇਆ ਏ ਮੰਦੜਾ ਹਾਲ ਵੇ।

ਬੂਟਾ ਤੇਰੇ ਨਾਮ ਦਾ ਲਾਇਆ ਮੈਂ ਜੋ ਘਰ ਆਪਣੇ
ਕਰਦੀ ਹਾਂ ਗੱਲਾਂ ਤੇਰੀਆਂ ਨਿੱਤ ਬੈਠ ਉਸਦੇ ਨਾਲ ਵੇ।

ਸੂਰਜ ਬਣ ਕੇ ਚਮਕੇਗਾ 'ਪੰਜਾਬ ਟਾਈਮਜ਼' ਸਦਾ ਹੀ
ਰੱਖਾਂ ਰੱਬ ਦੀਆਂ ਓਸਨੂੰ ਹੋਵੇ ਨਾ ਵਿੰਗਾ ਵਾਲ ਵੇ।

ਬੇ-ਧੜਕ ਬੇ-ਬਾਕ ਤੇ ਬੇ-ਖ਼ੌਫ਼ ਪੁਤਲਾ ਅਣਖ ਦਾ
ਡਿਗਿਆ ਨਾ ਡੋਲਿਆ ਸ਼ੇਰਾਂ ਦੀ ਚਲਿਆ ਚਾਲ ਵੇ।

ਜ਼ਿੰਦਗੀ ਹੈ ਝੂਠ ਜਗ ਵਿਚ ਮੌਤ ਹੀ ਇਕ ਸੱਚ ਹੈ
ਇਸ ਸੱਚ ਨੂੰ ਕਦੀ ਵੀ ਸਕਿਆ ਨਾ ਕੋਈ ਟਾਲ ਵੇ।

ਯਾਦ ਤੇਰੀ ਢਾਲ ਬਣ 'ਸੁਰਜੀਤ' ਦੇ ਹੁਣ ਨਾਲ ਹੈ
ਅਣਖ ਤੇ ਗ਼ੈਰਤ ਵੀਰੇ ਰੱਖਾਂਗੀ ਮੈਂ ਸੰਭਾਲ ਵੇ।

-ਬੀਬੀ ਸੁਰਜੀਤ ਕੌਰ 'ਸੈਕਰਾਮੈਂਟੋ'

## ਅੰਤ ਤੋਂ ਅਨੰਤ ਤੱਕ

ਜਿੰਦੇ ਨੀਂ ਤੇਰਾ ਸਫ਼ਰ ਸੁਹਾਣਾ,
ਮੁੱਕ ਹੀ ਜਾਣਾ ਇੱਕ ਦਿਨ,
ਆ ਜਾਣਾ ਨੀਂ ਜਦੋਂ ਬੁਲਾਵਾ,
ਲੱਗਣਾ ਨਾ ਪਲ ਇੱਕ ਛਿਨ।
ਕੰਮ ਧਰੇ-ਧਰਾਏ ਰਹਿ ਜਾਣੇ,
ਉਮਰ ਬਿਤਾਣੀ ਦਿਨ ਦਿਨ,
ਤੇਰੇ ਬਿਨ ਵੀ ਨ ਸੁੰਨਾ ਰਹਿਣੈ,
ਜੱਗ ਬਿਨਸੇ ਖਿਨ ਖਿਨ।


ਹਉਮੈਂ ਭਰਿਆ ਬੰਦਾ ਫਿਰਦਾ,
ਭੁੱਲ ਚੁੱਕੈ ਆਪਣੀ ਔਕਾਤ,
ਜਿੰਦੜੀ ਬੁਲਬੁਲਾ ਪਾਣੀ ਦਾ,
ਕਾਦਰ ਨੇ ਬਖ਼ਸ਼ੀ ਸੌਗਾਤ।
ਦਮ ਤੱਕ ਦਾ ਹੈ ਵਾਹ-ਵਸਤਾ,
ਪੁੱਛਦੈ ਨ ਫਿਰ ਕੋਈ ਬਾਤ,
ਚੁੱਕ ਲਓ ਚੁੱਕ ਲਓ ਹੋ ਜਾਏ,
ਰੱਖਦੈ ਨ ਕੋਈ ਇੱਕ ਰਾਤ।

ਚੜ੍ਹ ਕੇ ਸਾਗਰ ਦੀ ਹਿੱਕ ਉੱਤੇ,
ਠੇਲ੍ਹੇ ਫੈਰੀ 'ਚ ਬਹਿਕੇ ਸਾਰੇ,
ਤੱਕਿਆ ਖ਼ੁਦ ਨੈਣਾਂ ਦੇ ਨਾਲੇ,
ਜਦੋਂ ਫੁੱਲ ਸਾਗਰ ਵਿਚ ਤਾਰੇ।
ਜਦੋਂ ਮੌਤ ਬੰਦੇ ਦੀ ਹੁੰਦੀ ਹੈ,
ਕਹਿੰਦੇ ਹੁੰਦਾ ਹੈ ਦੁੱਖਾਂ ਦਾ ਅੰਤ,
ਚੁਰਾਸੀ ਦੀ ਜੂਨ ਕੱਟ ਜਾਵੇ,
ਪਰ 'ਗੁਰਬਾਣੀ' ਕਹੇ ਅਨੰਤ।

ਮਿੱਟੀ 'ਚੋਂ ਮਿੱਟੀ ਪੈਦਾ ਹੋ ਹੋ ਕੇ,
ਮਿੱਟੀ ਵਿੱਚ ਹੀ ਸਮਾਣਾ ਹੈ,
ਪੰਜ ਵੈਰੀਆਂ ਸੰਗ ਲੜ ਲੜ ਕੇ,
ਪਤਾਲ 'ਚ ਲਹਿ ਜਾਣਾ ਹੈ।
ਉਮਰ ਭਰ ਦਾ ਹੈ ਇਹ ਤਮਾਸ਼ਾ,
ਅੰਤ ਤੋਂ ਅਨੰਤ 'ਤੇ ਜਾਣਾ ਹੈ,
ਚੱਲੋ ਜੋ ਪੱਬਾਂ ਭਾਰ ਭੱਜ ਭੱਜ ਕੇ,
ਵਸਲ ਤਾਈਂ ਪਹੁੰਚਾਣਾ ਹੈ।

-ਸੇਵਾ ਸਿੰਘ "ਨੂਰਪੁਰੀ"

# ਕਰੀਨਾ ਕਪੂਰ ਖਾਨ ਦੀ ਅਦਾ ਦੇ 23 ਸਾਲ



ਅਦਾਕਾਰਾ ਕਰੀਨਾ ਕਪੂਰ ਖ਼ਾਨ ਨੇ ਫਿਲਮ ਜਗਤ ਵਿਚ ਆਪਣੇ ਸਫ਼ਰ ਦੇ 23 ਵਰ੍ਹੇ ਮੁਕੰਮਲ ਕਰ ਲਏ ਹਨ। ਅਦਾਕਾਰਾ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਤੋਂ ਆਪਣੀ ਨਵੀਂ ਫਿਲਮ ਦੀ ਸ਼ੂਟਿੰਗ ਮੌਕੇ ਦੀ ਤਸਵੀਰ ਸਾਂਝੀ ਕਰਦਿਆਂ ਲਿਖਿਆ ਹੈ, "ਕੈਮਰੇ ਸਾਹਮਣੇ ਮੇਰੇ ਜਨਮ ਨੂੰ ਅੱਜ 23 ਵਰ੍ਹੇ ਹੋ ਗਏ ਅਤੇ ਹੋਰ 23 ਆਉਣੇ ਹਾਲੇ ਬਾਕੀ ਹਨ।" ਇਸ ਤਸਵੀਰ ਵਿਚ ਕਰੀਨਾ ਦਾ ਅੱਧਾ ਚਿਹਰਾ ਕਲੈਪਬੋਰਡ ਦੇ ਪਿੱਛਿਓਂ ਦਿਖਾਈ ਦੇ ਰਿਹਾ ਹੈ।

ਜ਼ਿਕਰਯੋਗ ਹੈ ਕਿ ਕਰੀਨਾ ਕਪੂਰ ਨੇ ਫਿਲਮ 'ਰਿਫਊਜੀ' ਰਾਹੀਂ ਸਾਲ 2000 ਵਿਚ ਅਦਾਕਾਰੀ ਦੀ ਸ਼ੁਰੂਆਤ ਕੀਤੀ ਸੀ। ਕਰੀਨਾ ਵੱਲੋਂ ਸਾਂਝੀ ਕੀਤੀ ਤਸਵੀਰ 'ਤੇ ਉਸ ਦੇ ਸਾਥੀ ਕਲਾਕਾਰਾਂ ਅਤੇ ਪ੍ਰਸ਼ੰਸਕਾਂ ਨੇ ਵੀ ਖ਼ੂਬ ਸ਼ੁਭ ਕਾਮਨਾਵਾਂ ਦਿੱਤੀਆਂ ਹਨ। ਅਦਾਕਾਰ ਰਾਜੇਸ਼ ਖੱਟੜ ਨੇ ਕਿਹਾ, "ਸਿਰਫ਼ 23 ਹੀ ਕਿਉਂ? ਪਿਆਰ ਅਤੇ ਆਪਣਿਆਂ ਦੀ ਅਪਣੱਤ ਭਰੇ ਹਾਲੇ ਹੋਰ ਵੀ ਕਈ ਸਾਲ ਆਉਣੇ ਹਨ।" ਅਦਾਕਾਰ ਵਿਜੈ ਵਰਮਾ ਨੇ ਵੀ ਵਧਾਈ ਦਿੱਤੀ।

# 'ਬਲਾਈਂਡ' ਨਾਲ ਫਿਰ ਹਾਜ਼ਰ ਹੋਈ ਸੋਨਮ ਕਪੂਰ

ਅਦਾਕਾਰਾ ਸੋਨਮ ਕਪੂਰ ਨੇ ਲੰਮੇ ਵਕਫੇ ਬਾਅਦ ਸਿਨੇ ਜਗਤ ਵਿਚ ਵਾਪਸੀ ਕੀਤੀ ਹੈ। ਕੁਝ ਸਾਲਾਂ ਤੋਂ 'ਲਾਈਟ, ਕੈਮਰਾ, ਐਕਸ਼ਨ' ਦੀ ਦੁਨੀਆ ਤੋਂ ਦੂਰ ਰਹਿਣ ਵਾਲੀ 'ਨੀਰਜਾ' ਸਟਾਰ ਹੁਣ ਇਕ ਵਾਰ ਫਿਰ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਦੇ ਰੂ-ਬ-ਰੂ ਹੋਈ ਹੈ। ਉਸ ਦੀ ਫਿਲਮ 'ਬਲਾਈਂਡ' ਹਾਲ ਹੀ ਵਿਚ ਰਿਲੀਜ਼ ਹੋਈ ਹੈ। ਇਹ ਫਿਲਮ ਓ.ਟੀ.ਟੀ. ਪਲੈਟਫਾਰਮ 'ਤੇ ਸੱਤ ਜੁਲਾਈ ਨੂੰ ਰਿਲੀਜ਼ ਕੀਤੀ ਗਈ। ਫਿਲਮ ਵਿਚ ਸੋਨਮ ਨੇ ਨੇਤਰਹੀਣ ਲੜਕੀ ਦਾ ਕਿਰਦਾਰ ਨਿਭਾਇਆ ਹੈ ਜੋ ਸੀਰੀਅਲ ਕਿੱਲਰ ਨੂੰ ਗ੍ਰਿਫ਼ਤਾਰ ਕਰਵਾਉਣ ਲਈ ਆਪਣੀ ਪੂਰੀ ਵਾਹ ਲਾ ਦਿੰਦੀ ਹੈ। ਉਹ ਇਸ ਕੇਸ ਦੀ ਜਾਂਚ ਕਰ ਰਹੇ ਪੁਲਿਸ ਅਧਿਕਾਰੀਆਂ ਨੂੰ ਆਪਣੀ ਸੁਣਨ ਅਤੇ ਮਹਿਸੂਸ ਕਰਨ ਦੀ ਸ਼ਕਤੀ ਨਾਲ ਹੈਰਾਨੀ ਵਿਚ ਪਾ ਦਿੰਦੀ ਹੈ। ਇਸ ਫਿਲਮ ਦੀ ਸ਼ੂਟਿੰਗ ਸੋਨਮ ਨੇ ਮਾਂ ਬਣਨ ਤੋਂ ਪਹਿਲਾਂ ਕੀਤੀ ਸੀ।



ਸੋਨਮ ਕਪੂਰ ਨੇ ਕਿਹਾ, "ਮੈਂ ਗਰਭਵਤੀ ਹੋਣ ਕਾਰਨ ਦੋ ਸਾਲ ਵੱਡੇ ਪਰਦੇ ਤੋਂ ਦੂਰ ਰਹੀ ਅਤੇ ਫਿਰ ਮੈਂ ਆਪਣੇ ਪੁੱਤਰ ਨਾਲ ਕੁਝ ਸਮਾਂ ਗੁਜ਼ਾਰਨਾ ਚਾਹੁੰਦੀ ਸੀ। ਇਹ ਦੋ ਸਾਲ ਅਜੇ ਪੂਰੇ ਨਹੀਂ ਹੋਏ ਤੇ ਮੈਂ ਦੋ ਨਵੇਂ ਪ੍ਰੋਜੈਕਟ ਸਹੀਬੰਦ ਕੀਤੇ ਹਨ।" ਇਸ ਤੋਂ ਪਹਿਲਾਂ ਸੋਨਮ ਦੀ ਕਪੂਰ ਫਿਲਮ 'ਬਲਾਈਂਡ' ਦਾ ਟਰੇਲਰ ਰਿਲੀਜ਼ ਹੋਇਆ ਜਿਸ ਨੂੰ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ।

ਸ਼ੋਮ ਮਖੀਜਾ ਵੱਲੋਂ ਨਿਰਦੇਸ਼ਿਤ ਇਸ ਫਿਲਮ ਵਿਚ ਸੋਨਮ ਕਪੂਰ ਤੋਂ ਇਲਾਵਾ ਪੂਰਬ ਕੋਹਲੀ, ਵਿਨੈ ਪਾਠਕ, ਲਿਲਟ ਦੂਬੇ ਤੇ ਸ਼ੁਭਮ ਸਰਾਫ਼ ਨੇ ਵੀ ਅਹਿਮ ਭੂਮਿਕਾਵਾਂ ਨਿਭਾਈਆਂ ਹਨ। ਇਹ ਫਿਲਮ ਜੀਓ ਸਟੂਡੀਓਜ਼ ਵੱਲੋਂ ਆਰ.ਵੀ. ਮੋਸ਼ਨ ਪਿਕਚਰਜ਼, ਲੀਡ ਫਿਲਮਜ਼ ਅਤੇ ਕ੍ਰੌਸ ਪਿਕਚਰਜ਼ ਪ੍ਰੋਡਕਸ਼ਨ ਨਾਲ ਰਲ ਕੇ ਤਿਆਰ ਕੀਤੀ ਗਈ ਹੈ।

ਸੋਨਮ ਕਪੂਰ ਦਾ ਜਨਮ 9 ਜੂਨ 1985 ਦਾ ਹੈ ਅਤੇ ਉਸ ਦਾ ਪਿਤਾ ਅਨਿਲ ਕਪੂਰ ਫਿਲਮ ਸਨਅਤ ਦਾ ਕਹਿੰਦਾ-ਕਹਾਉਂਦਾ ਅਦਾਕਾਰ ਹੈ। ਬਾਅਦ ਵਿਚ ਉਹ ਨਿਰਮਾਤਾ ਵੀ ਬਣ ਗਿਆ। ਸੋਨਮ ਕਪੂਰ ਦੀ ਮਾਂ ਸੁਨੀਤਾ ਕਪੂਰ ਸਾਬਕਾ ਮਾਡਲ ਹੈ ਅਤੇ ਅੱਜ ਕੱਲ੍ਹ ਡਿਜ਼ਾਈਨਰ ਵਜੋਂ ਕੰਮ ਕਰ ਰਹੀ ਹੈ। ਸੋਨਮ ਕਪੂਰ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਫਿਲਮ 'ਬਲੈਕ' ਨਾਲ ਬਤੌਰ ਅਸਿਸਟੈਂਟ ਡਾਇਰੈਕਟਰ ਕੀਤੀ ਸੀ। ਇਹ ਫਿਲਮ ਸੰਜੇ ਲੀਲਾ ਭੰਸਾਲੀ ਨੇ ਬਣਾਈ ਸੀ। ਇਹ ਸਾਲ 2005 ਦੀ ਗੱਲ ਹੈ।


ਫਿਰ ਜਦੋਂ ਸੰਜੇ ਲੀਲਾ ਭੰਸਾਲੀ ਨੇ ਸਾਲ 2007 ਵਿਚ ਫਿਲਮ 'ਸਾਂਵਰੀਆ' ਬਣਾਈ ਤਾਂ ਸੋਨਮ ਕਪੂਰ ਨੂੰ ਬਤੌਰ ਹੀਰੋਇਨ ਲਿਆ ਗਿਆ। ਬਤੌਰ ਅਦਾਕਾਰਾ ਇਹ ਸੋਨਮ ਕਪੂਰ ਦੀ ਪਲੇਠੀ ਫਿਲਮ ਸੀ। ਇਹ ਫਿਲਮ ਬਾਕਸਆਫਿਸ 'ਤੇ ਬਹੁਤਾ ਨਹੀਂ ਚੱਲ ਸਕੀ। ਇਸ ਤੋਂ ਬਾਅਦ ਉਸ ਦੀ ਰੋਮਾਂਟਿਕ-ਕਾਮੇਡੀ ਫਿਲਮ 'ਆਈ ਹੇਟ ਲਵ ਸਟੋਰੀਜ਼' ਸਾਲ 2010 ਵਿਚ ਰਿਲੀਜ਼ ਹੋਈ। ਇਹ ਫਿਲਮ ਖ਼ੂਬ ਚੱਲੀ ਅਤੇ ਨਾਲ ਹੀ ਸੋਨਮ ਕਪੂਰ ਅਦਾਕਾਰਾ ਵਜੋਂ ਸਥਾਪਤ ਹੋ ਗਈ।

# 'ਦਿ ਕੇਰਲਾ ਸਟੋਰੀ' ਵਾਲੇ ਹੁਣ 'ਬਸਤਰ' ਬਣਾਉਣਗੇ

ਫਿਲਮ 'ਦਿ ਕੇਰਲਾ ਸਟੋਰੀ' ਦੇ ਨਿਰਮਾਤਾ ਵਿਪੁਲ ਸ਼ਾਹ ਅਤੇ ਸੁਦੀਪਤੋ ਸੇਨ ਦਾ ਅਗਲਾ ਪ੍ਰੋਜੈਕਟ ਫਿਲਮ 'ਬਸਤਰ' ਦਾ ਹੋਵੇਗਾ। ਵਿਪੁਲ ਸ਼ਾਹ ਦੇ ਸਨਸ਼ਾਈਨ ਪਿਕਚਰਜ਼ ਦੇ ਬੈਨਰ ਹੇਠ ਤਿਆਰ ਹੋ ਰਹੀ ਇਹ ਫਿਲਮ ਅਗਲੇ ਸਾਲ 5 ਅਪਰੈਲ ਨੂੰ ਰਿਲੀਜ਼ ਕੀਤੀ ਜਾਵੇਗੀ। ਵਿਪੁਲ ਅਤੇ ਸੁਦੀਪਤੋ ਨੇ ਸੋਸ਼ਲ ਮੀਡੀਆ 'ਤੇ ਇਸ ਫਿਲਮ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ, "ਸਾਡਾ ਅਗਲਾ ਪ੍ਰੋਜੈਕਟ 'ਬਸਤਰ'। ਅਸਲ ਘਟਨਾ 'ਤੇ ਆਧਾਰਿਤ ਅਤੇ ਬੋਲਤੀ ਬੰਦ ਕਰ ਦੇਣ ਵਾਲੀ ਇੱਕ ਹੋਰ ਪੇਸ਼ਕਾਰੀ। ਆਪਣੇ ਕੈਲੰਡਰਾਂ 'ਤੇ 5 ਅਪਰੈਲ ਦੀ ਤਰੀਕ 'ਤੇ ਨਿਸ਼ਾਨੀ ਲਾ ਲਓ।"

ਫਿਲਮ ਨਿਰਮਾਤਾਵਾਂ ਅਨੁਸਾਰ ਇਹ ਫਿਲਮ ਸੱਚੀ ਘਟਨਾ 'ਤੇ ਆਧਾਰਿਤ ਹੈ। ਇਸ ਦੇ ਨਾਲ ਹੀ ਫਿਲਮ ਦਾ ਪੋਸਟਰ ਵੀ ਜਾਰੀ ਕੀਤਾ ਗਿਆ ਹੈ। ਪੋਸਟਰ 'ਤੇ ਲਿਖਿਆ ਹੈ: 'ਇੱਕ ਲੁਕਿਆ ਹੋਇਆ ਸੱਚ ਜੋ ਤੂਫ਼ਾਨ ਲਿਆ ਦੇਵੇਗਾ।' ਫਿਲਹਾਲ ਇਸ ਫਿਲਮ ਸਬੰਧੀ ਕੋਈ ਹੋਰ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ। ਜ਼ਿਕਰਯੋਗ ਹੈ ਕਿ ਵਿਪੁਲ ਸ਼ਾਹ ਅਤੇ ਸੁਦੀਪਤੋ ਸੇਨ ਦੀ ਭਾਈਵਾਲੀ ਹੇਠ ਬਣੀ ਪਹਿਲੀ ਫਿਲਮ 'ਦਿ ਕੇਰਲ ਸਟੋਰੀ' 2023 ਦੀਆਂ ਸਭ ਤੋਂ ਸਫਲ ਫਿਲਮਾਂ ਵਿਚੋਂ ਇੱਕ ਰਹੀ ਹੈ।

ਯਾਦ ਰਹੇ ਕਿ ਫਿਲਮ 'ਦਿ ਕੇਰਲ ਸਟੋਰੀ' ਉਤੇ ਇਹ ਦੋਸ਼ ਲੱਗਿਆ ਸੀ ਕਿ ਇਹ ਫਿਲਮ








*ਬਣਾਈ ਜਾ ਰਹੀ ਫਿਲਮ 'ਬਸਤਰ' ਅਤੇ 'ਦਿ ਕੇਰਲਾ ਸਟੋਰੀ' ਦੇ ਪੋਸਟਰ।*


ਭਾਰਤੀ ਜਨਤਾ ਪਾਰਟੀ ਅਤੇ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਫਿਰਕੂ ਅਤੇ ਜ਼ਹਿਰੀਲੇ ਏਜੰਡੇ ਤਹਿਤ ਬਣਾਈ ਗਈ ਹੈ। ਇਸ ਵਿਚ ਦਿਖਾਇਆ ਗਿਆ ਹੈ ਕਿ ਕਿਸ ਤਰ੍ਹਾਂ ਕੇਰਲ ਦੀਆ ਕੁੜੀਆਂ ਮੁਸਲਮਾਨ ਬਣ ਕੇ ਅਤਿਵਾਦੀ ਜਥੇਬੰਦੀ 'ਇਸਲਾਮਿਕ ਸਟੇਟ' ਦੀਆਂ ਮੈਂਬਰ ਬਣ ਰਹੀਆਂ ਹਨ। ਅਸਲ ਵਿਚ ਅਜਿਹੀਆਂ ਫਿਲਮਾਂ ਵਿਚ ਲਗਾਤਾਰ ਇਹ ਦਿਖਾਇਆ ਜਾ ਰਿਹਾ ਹੈ ਕਿ ਮੁਸਲਮਾਨ ਤਾਂ ਹੁੰਦੇ ਹੀ ਅਤਿਵਾਦੀ ਹਨ। ਇਸ ਪੱਖ ਤੋਂ ਇਸ ਫਿਲਮ ਦੀ ਬਹੁਤ ਆਲੋਚਨਾ ਹੋਈ ਸੀ। ਹੁਣ ਲੋਕਾਂ ਨੂੰ ਸ਼ੱਕ ਹੈ ਕਿ ਫਿਲਮ 'ਬਸਤਰ' ਉਸ ਇਲਾਕੇ ਵਿਚ ਆਪਣੇ ਹੱਕਾਂ ਲਈ ਜੂਝ ਰਹੇ ਕਬਾਇਲੀਆਂ ਨੂੰ ਬਦਨਾਮ ਕਰਨ ਲਈ ਬਣਾਈ ਜਾ ਰਹੀ ਹੈ।

# ਫਿਲਮਸਾਜ਼ ਹੰਸਲ ਮਹਿਤਾ ਅਤੇ ਉਸ ਦਾ 'ਸਕੂਪ'

ਫਿਲਮਸਾਜ਼ ਹੰਸਲ ਮਹਿਤਾ ਦੀ ਵੈੱਬ ਸੀਰੀਜ਼ 'ਸਕੂਪ' ਲਈ ਖ਼ੂਬ ਸ਼ਲਾਘਾ ਹੋ ਰਹੀ ਹੈ ਜਿਸ 'ਚ ਕ੍ਰਿਸ਼ਮਾ ਤੰਨਾ ਮੁੱਖ ਭੂਮਿਕਾ 'ਚ ਹੈ। ਹੰਸਲ ਮਹਿਤਾ ਨੇ ਨੈੱਟਫਲਿਕਸ ਨਾਲ ਲੰਮੇ ਸਮੇਂ ਦਾ ਕਰਾਰ ਕੀਤਾ ਹੈ ਜਿਸ ਤਹਿਤ ਉਹ ਨੈੱਟਫਲਿਕਸ ਲਈ ਸੀਰੀਜ਼ ਦਾ ਨਿਰਮਾਣ ਕਰਨਗੇ। 'ਸਕੂਪ' ਇੱਕ ਪਾਤਰ 'ਤੇ ਆਧਾਰਿਤ ਡਰਾਮਾ ਹੈ ਜੋ ਜਿਗਨਾ ਵੋਰਾ ਦੀ ਕਿਤਾਬ 'ਬਿਹਾਈਂਡ ਬਾਰਜ਼ ਇਨ ਬਾਇਕੁਲਾ: ਮਾਈ ਡੇਜ਼ ਇਨ ਪ੍ਰਿਜ਼ਨ' ਤੋਂ ਪ੍ਰੇਰਿਤ ਹੈ।

ਇਸ ਵੈਬ ਸੀਰੀਜ਼ ਵਿਚ ਪੱਤਰਕਾਰ ਜਾਗ੍ਰਿਤੀ ਪਾਠਕ ਅੱਗੇ ਵਧਣ ਦੀ ਚਾਹਵਾਨ ਹੈ ਪਰ ਉਸ ਦੀ ਜ਼ਿੰਦਗੀ ਉਸ ਵਕਤ ਨਾਟਕੀ ਮੋੜ ਲੈਂਦੀ ਹੈ ਜਦੋਂ ਉਸ 'ਤੇ ਸਾਥੀ ਪੱਤਰਕਾਰ ਜੈਦੇਵ ਸੇਨ ਦੇ ਕਤਲ ਦਾ ਦੋਸ਼ ਲਗਦਾ ਹੈ ਤੇ ਉਸ ਨੂੰ ਜੇਲ੍ਹ ਵਿਚ ਭੇਜ ਦਿੱਤਾ ਜਾਂਦਾ ਹੈ। ਜਾਗ੍ਰਿਤੀ ਜੇਲ੍ਹ ਦੇ ਉਸ ਸੈੱਲ ਵਿਚ ਹੁੰਦੀ ਹੈ ਜਿਸ ਵਿਚਲੇ ਕਈ ਅਪਰਾਧੀਆਂ ਬਾਰੇ ਜਾਗ੍ਰਿਤੀ ਨੇ ਖਬਰਾਂ ਨਸ਼ਰ ਕੀਤੀਆਂ ਹੁੰਦੀਆਂ ਹਨ। ਹੰਸਲ ਮਹਿਤਾ ਨੇ ਆਪਣੇ ਪ੍ਰੋਜੈਕਟਾਂ ਬਾਰੇ ਕਿਹਾ ਹੈ ਕਿ ਫਿਲਮ ਨਿਰਮਾਤਾ ਦੇ ਤੌਰ 'ਤੇ ਮੈਂ ਵੱਖ-ਵੱਖ ਕਹਾਣੀਆਂ ਬਣਾਉਣ ਲਈ ਤਿਆਰ ਰਹਿੰਦਾ ਹੈ। ਉਨ੍ਹਾਂ ਕਿਹਾ, "ਸਕੂਪ ਦੇ ਪ੍ਰੋਜੈਕਟ ਬਾਰੇ ਮੈਂ ਉਤਸ਼ਾਹਿਤ ਸੀ ਕਿਉਂਕਿ ਨੈੱਟਫਲਿਕਸ ਜ਼ਰੀਏ ਮੇਰਾ ਕੰਮ ਸੰਸਾਰ ਭਰ ਦੇ ਦਰਸ਼ਕਾਂ ਤੱਕ ਪੁੱਜਿਆ ਹੈ। ਹੁਣ ਹੋਰ ਪ੍ਰੋਗਰਾਮ ਉਲੀਕੇ ਜਾ ਰਹੇ ਹਨ।"






*ਫਿਲਮਸਾਜ਼ ਹੰਸਲ ਮਹਿਤਾ ਅਤੇ ਉਸ ਦੀ ਵੈੱਬ ਸੀਰੀਜ਼ 'ਸਕੂਪ' ਦਾ ਪੋਸਟਰ।*

# Noblesville

## *Trucks & Trailer Repair Shop*

**15203 Stony Creek Way,**
**Noblesville, IN 46060**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Sam Bhullar: 317-995-2020
Gurbaksh S Randhawa
Call: 317-800-2976

# Reliable

## *Trucks & Trailer Repair Shop*

**7401 Brookville Road**
**Indianapolis, IN 46239**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Gurbaksh S Randhawa:
317-800-2976
Sam Bhullar: 317-995-2020

# Reliable



## *Semi Trucks & Trailer Repair Shop*

**5520S Harding St., Suite : C,**
**Indianapolis, IN 46217**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Jasbir Singh: 317-702-6302
Gurbaksh S Randhawa:
317-800-2976

# TRUCK PARTS KING USA

**Heavy duty Trucks & Trailer Parts**

## 7401 Brookville Road
## Indianapolis, IN 46239

**We will sell Trucks & Trailers tires as well.**

*COMING SOON...*

Gurbaksh S Randhawa
Call: 317-800-2976
Sam Bhullar: 317-995-2020